ਗੁਰੂ ਦੀ ਕਲਾ

ਸੰਤਰੇਨ ਗਿਆਨੀ ਸੁਖਬੀਰ ਸਿੰਘ

ਫੋਨ : (0181)-273174

GURU DI KALA *by Santrain Giani Sukhbir Singh*

ISBN : 81-7601-191-6

ਦੂਜੀ ਐਡੀਸ਼ਨ : ਜਨਵਰੀ 2000
ਤੀਸਰੀਂ ਐਡੀਸ਼ਨ : ਮਾਰਚ 2005

ਭੇਟਾ : 100-00

An I.S.O. 9001:2000 Certified Publishing House

ਪ੍ਰਕਾਸ਼ਕ -

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)
ਟੈਲੀ-ਫੈਕਸ : (0183) 2542346, 2547974, 2557973
E-mail : csjs@vsnl.com, csjsexport@vsnl.com
Website : www.csjs.com

(1000) (Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 0183-2705003, 3094012

ਸੰਦੇਸ਼

ਕਿਸੇ ਵੀ ਮਹਾਨ ਹਸਤੀ ਦੀ ਪਰਖ ਦੀ ਕਸਵੱਟੀ "ਕਲਾ" ਹੈ। ਪ੍ਰਾਚੀਨ ਸਮੇਂ ਤੋਂ ਅਵਤਾਰਾਂ ਨੂੰ ਵੀ ਨਾਪਣ ਤੋਲਣ ਦਾ ਪੈਮਾਨਾ ਏਹੀ ਹੈ। ਜਿਵੇਂ ਕਿ ਚੋਦਾਂ ਕਲਾ ਸ੍ਰੀ ਰਾਮ ਵਿੱਚ ਅਤੇ ਸੋਲ੍ਹਾਂ ਕਲਾ ਸ੍ਰੀ ਕ੍ਰਿਸ਼ਨ ਵਿੱਚ ਸਨਾਤਨ ਧਰਮ ਮੰਨਦਾ ਹੈ। ਕਲਾ ਦੇ ਆਧਾਰ ਤੇ ਹੀ ਉਹਨਾਂ ਨੂੰ ਪੁਰਾਣੇ ਜ਼ਮਾਨੇ ਵਿੱਚ ਅਵਤਾਰ ਜਾਣ ਕੇ ਪੂਜਿਆ ਜਾਂਦਾ ਸੀ। ਪਰਸ਼ੀਅਨ ਦਾ ਸ਼ਬਦ ਹੈ, ਕੁਦਰਤ ! ਕੁਦਰਤ ਕਲਾ ਕਰਕੇ ਹੀ ਆਤਮ ਦਰਸ਼ੀਆਂ ਨੇ ਪ੍ਰਮਾਤਮਾ ਨੂੰ ਸਮਝਣ ਦਾ ਜਤਨ ਕੀਤਾ ਹੈ। ਕਾਦਿਰ ਦੀ ਬਹੁ ਪ੍ਰਕਾਰ ਦੀ ਕੁਦਰਤ ਹੈ। ਯਾਨੀ ਕਿ ਕਲਾ ਹੈ। ਇਸ ਕਲਾ ਰਾਹੀਂ ਹੀ ਪ੍ਰਮਾਤਮਾ ਦਾ ਅਨੁਭਵ ਕੀਤਾ ਜਾ ਸਕਦਾ ਹੈ।

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥

ਇਹ ਦਿਸਣਾ, ਇਹ ਬੋਲਣਾ, ਇਹ ਵਗਦੀ ਪਾਉਣ, ਇਹ ਸੂਰਜ, ਇਹ ਚਾਨਣ, ਇਹ ਵਰਖਾ, ਫੁੱਲਾਂ ਦਾ ਸੁਹੱਪਣ ਤੇ ਮਹਿਕ। ਸਾਗਰ ਦੀਆਂ ਲਹਿਰਾਂ ਦੀ ਗਰਜਨ। ਸਭ ਕੁਦਰਤ ਦੀ ਕਲਾ ਹੈ। ਪ੍ਰਮਾਤਮਾ ਹਰੇਕ ਕਲਾ ਦਾ ਗਿਆਤਾ ਹੈ।

ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ॥੧॥

ਕਲਾ ਦੀ ਸੂਝ ਬੂਝ ਕਲਾਕਾਰ ਦੀ ਮਹਾਨਤਾ ਨੂੰ ਪ੍ਰਗਟ ਕਰਦੀ ਹੈ। ਕਾਦਿਰ ਦੀ ਕੁਦਰਤ ਨੂੰ ਦੇਖ ਕੇ ਹੀ ਗੁਰੂ ਨਾਨਕ ਦੇਵ ਜੀ ਵਿਸਮਾਦੀ ਹੋ ਕੇ ਕਾਦਿਰ ਦੀ ਉਪਮਾ ਕਰਦੇ ਹਨ। ਉਸ ਦੀ ਕੁਦਰਤ ਤੋਂ ਬਲਿਹਾਰ ਜਾਂਦੇ ਹਨ।

ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥

ਜੋ ਕੁਝ ਉਸ ਕੁਦਰਤ ਦੀ ਕਲਾ ਨੂੰ ਦੇਖ ਕੇ ਅਨੁਭਵ ਹੁੰਦਾ ਹੈ। ਉਸ ਨੂੰ ਬ੍ਰਹਮ ਗਿਆਨੀ ਆਪ ਮੁਹਾਰਾ ਗਾਉਂਦਾ ਹੈ। ਗੀਤ ਹੀ ਰੱਬੀ ਬੋਲ ਹੋ ਜਾਂਦੇ ਹਨ, ਬੋਲ ਹੀ ਗੁਰਬਾਣੀ ਹੋ ਜਾਂਦੇ ਹਨ। ਸਿੱਖ ਮੱਤ ਅਨੁਸਾਰ ਗੁਰੂ ਹੀ ਗੁਰਬਾਣੀ ਹੈ। ਗੁਰਬਾਣੀ ਦੇ ਆਧਾਰ ਤੇ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਨੇ ਗੁਰੂ ਦੀ ਮਹਤੱਤਾ ਨੂੰ ਦਰਸਾਇਆ ਹੈ। ਗੁਰੂ ਦੀ ਕੀ ਕਲਾ ਹੈ। ਗੁਰੂ ਕਿਵੇਂ ਕੁਦਰਤ ਨਾਲ ਜੋੜਦਾ ਹੈ। ਇਹ ਬਾਖੂਬੀ ਵਰਨਣ ਕੀਤਾ ਹੈ। ਸੋ ਕੁਦਰਤ ਤੇ ਕਾਦਿਰ ਨੂੰ ਸਮਝਣ ਵਾਸਤੇ ਗੁਰੂ ਨੂੰ ਸਮਝਣਾ ਲਾਜ਼ਮੀ ਹੈ। ਮੇਰੀ ਦਿਲੀ ਪ੍ਰਾਰਥਨਾ ਹੈ ਕਿ ਗੁਰੂ ਬਾਬਾ ਸੰਤਰੇਨ ਗਿ: ਸੁਖਬੀਰ ਸਿੰਘ ਜੀ ਨੂੰ ਹੋਰ ਸਮਰੱਥਾ ਪ੍ਰਦਾਨ ਕਰਨ ਕਿ ਆਪਣੀ ਸਾਫ਼ ਸੁਥਰੀ ਲੇਖਣੀ ਦੁਆਰਾ ਸੰਗਤਾਂ ਦੀ ਸੇਵਾ ਕਰਨ ਤੇ ਪਾਠਕ ਜਨ ਲਾਭ ਪ੍ਰਾਪਤ ਕਰਦੇ ਰਹਿਣ।

ਗਿ: ਸੰਤ ਸਿੰਘ "ਮਸਕੀਨ"
ਸੀਸ ਗਰਾਂ (ਅਲਵਰ)

ਦੋ ਸ਼ਬਦ - ਲੇਖਕ ਵਲੋਂ

ਜਿਸ ਕਲਾ ਨਾਲ ਕੁਦਰਤ ਨੇ ਸੰਸਾਰ ਦੀ ਰਚਨਾ ਕੀਤੀ ਹੈ। ਉਸ ਸਾਰੀ ਕਲਾ
ਦੀ ਸਮਝ, ਬਿਨਾਂ ਗੁਰੂ ਤੋਂ ਨਹੀਂ ਆਉਂਦੀ। ਜਿੱਥੇ ਕਰਤਾ ਪੁਰਖ ਦੀ ਕੁਦਰਤ ਦੀ ਬੜੀ
ਮਹਿਮਾ ਹੈ, ਉਥੇ ਕੁਦਰਤ ਦੇ ਨਿਯਮ ਨੂੰ ਸਮਝਾਉਣ ਵਾਲੇ ਗੁਰੂ ਦੀ ਵੀ ਬੜੀ ਮਹਿਮਾ
ਹੈ। ਜੋ ਕੁਝ ਇਸ ਸੰਸਾਰ ਵਿਚ ਸੈਭੰ ਚਲ ਰਿਹਾ ਹੈ। ਉਸ ਬਾਰੇ ਗਿਆਨ ਗੁਰੂ ਦੁਆਰਾ
ਹੀ ਪ੍ਰਾਪਤ ਹੁੰਦਾ ਹੈ। ਇਸ ਸੰਸਾਰ ਵਿੱਚ ਆ ਕੇ ਮਨੁੱਖ ਨੂੰ ਆਪਣਾ ਜੀਵਨ ਕਾਲ ਕਿਸ
ਢੰਗ ਸੰਪੂਰਨ ਕਰਨਾ ਚਾਹੀਦਾ ਹੈ? ਇਹ ਸਾਰਾ ਗਿਆਨ ਗੁਰੂ ਦੁਆਰਾ ਹੀ ਪ੍ਰਾਪਤ ਹੋ
ਸਕਦਾ ਹੈ। ਕਰਤਾਰ ਤੋਂ ਸੰਸਾਰ ਤੱਕ ਦੀ ਯਾਤਰਾ ਤਾਂ ਜੀਵ ਦੀ ਸੈਭੰ ਹੀ ਹੁੰਦੀ ਹੈ ਪਰ
ਸੰਸਾਰ ਤੋਂ ਕਰਤਾਰ ਨਾਲ ਸਬੰਧ ਕਿਵੇਂ ਬਨਾਉਣੇ ਹਨ। ਇਹ ਸਾਰਾ ਗਿਆਨ ਗੁਰੂ ਤੋਂ
ਹੀ ਪ੍ਰਾਪਤ ਹੋ ਸਕਦਾ ਹੈ।

ਸੰਸਾਰੀ ਜੀਵਨ ਇਕ ਪਹੇਲੀ ਦੀ ਤਰ੍ਹਾਂ ਹੈ। ਪਹੇਲੀ ਵੀ ਬੜੀ ਉਲਝਣਦਾਰ ਹੈ। ਇਸ
ਉਲਝਣ ਨੂੰ ਮਨੁੱਖ ਆਪ ਨਹੀਂ ਸੁਲਝਾ ਸਕਦਾ।

ਅਖ਼ਬਾਰ ਵਿੱਚ ਕਈ ਵਾਰ ਬੱਚਿਆਂ ਦੇ ਕਾਲਮ ਵਿੱਚ ਪਹੇਲੀਆਂ ਦਿੱਤੀਆਂ
ਜਾਂਦੀਆਂ ਹਨ। ਅਖ਼ਬਾਰ ਤੇ ਇਕ ਘਰ ਦੀ ਤਸਵੀਰ ਬਣਾਈ ਜਾਂਦੀ ਹੈ। ਉਸ ਘਰ ਤੋਂ
ਦੂਰ ਇਕ ਛੋਟੇ ਬੱਚੇ ਦੀ ਤਸਵੀਰ ਬਣਾਈ ਜਾਂਦੀ ਹੈ। ਉਸ ਘਰ ਵਲ ਨੂੰ ਕਈ ਰਸਤੇ
ਬਣਾਏ ਹੁੰਦੇ ਹਨ। ਹੇਠ ਲਿਖਿਆ ਜਾਂਦਾ ਹੈ ਕਿ ਇਹ ਬੱਚਾ ਆਪਣੇ ਘਰ ਦਾ ਰਸਤਾ
ਭੁਲ ਗਿਆ ਹੈ। ਬੱਚੇ ਨੂੰ ਦਸੋ, ਕਿ ਕਿਸ ਰਸਤੇ ਆਪਣੇ ਘਰ ਤੱਕ ਜਾਵੇ। ਫਿਰ ਜੋ
ਰਸਤਾ ਸਿੱਧਾ ਜਾਂਦਾ ਜਾਪਦਾ ਹੈ। ਉਸ ਰਸਤੇ ਪੈਨਸਲ ਫੇਰੀ ਜਾਂਦੀ ਹੈ। ਪਰ ਉਹ
ਰਸਤਾ ਅੱਗੇ ਜਾ ਕੇ ਬੰਦ ਹੋ ਜਾਂਦਾ ਹੈ। ਘਰ ਤੱਕ ਸਿਰਫ਼ ਇਕ ਰਸਤਾ ਹੁੰਦਾ ਹੈ। ਪਰ
ਘਰ ਤੋਂ ਭਟਕਾਉਣ ਲਈ ਕਈ ਰਸਤੇ ਹੁੰਦੇ ਹਨ।

ਠੀਕ ਸੰਸਾਰ ਦਾ ਸਾਰਾ ਜੀਵਨ ਇਕ ਪਹੇਲੀ ਦੀ ਤਰ੍ਹਾਂ ਹੈ। ਬੜਾ ਉਲਝਣਦਾਰ
ਜੀਵਨ ਹੈ। ਆਪਣੇ ਆਪ ਬੰਦਾ ਸੁਲਝਾਉਣ ਦਾ ਯਤਨ ਕਰਦਾ ਹੈ, ਤਾਂ ਹੋਰ ਉਲਝ
ਜਾਂਦਾ ਹੈ। ਮਨੁੱਖ ਦਾ ਮਨ ਜਿਸ ਰਸਤੇ ਨੂੰ ਆਤਮ ਮਾਰਗ ਸਮਝਦਾ ਹੈ। ਉਹੀ ਅੱਗੇ
ਜਾ ਕੇ ਬੰਦ ਹੋ ਜਾਂਦਾ ਹੈ। ਮਨ, ਬਿਨਾਂ ਗੁਰੂ ਤੋਂ ਹਜ਼ਾਰਾਂ ਦਫ਼ਾ ਭਟਕਦਾ ਹੈ। ਜਿਸ
ਮਾਰਗ ਤੇ ਆਪਣੇ ਘਰ ਦਾ ਮਾਰਗ ਸਮਝ ਕੇ ਚਲਦਾ ਹੈ। ਉਸੇ ਤੇ ਭਟਕ ਜਾਂਦਾ ਹੈ।
ਆਪਣੇ ਆਪ ਤਾਂ ਮਨ ਹਜ਼ਾਰਾਂ ਦਫ਼ਾ ਭਟਕੇਗਾ। ਫਿਰ ਗੁਰੂ ਦਾ ਮਤਲਬ ਸਿਰਫ਼ ਏਨਾ
ਹੀ ਹੈ ਜੋ ਸਾਨੂੰ ਭਟਕਣ ਤੋਂ ਬਚਾਉਂਦਾ ਹੈ। ਮਨ ਨੂੰ ਟਿਕਾਉਣ ਦੀ ਵਿਧੀ ਸਿਰਫ ਗੁਰੂ
ਦੇ ਦਰ ਤੋਂ ਪ੍ਰਾਪਤ ਹੁੰਦੀ ਹੈ। ਪ੍ਰਮਾਤਮਾ ਦੇ ਘਰ ਦਾ ਜੋ ਦਰ ਹੈ। ਉਸ ਦਾ ਨਾਮ ਗੁਰੂ

ਹੈ। ਦਰ, ਘਰ ਤੋਂ ਅਲੱਗ ਨਹੀਂ ਹੁੰਦਾ। ਦਰ ਕਰਕੇ ਹੀ, ਘਰ ਦਾ ਮੁੱਲ ਹੈ ਅਤੇ ਘਰ ਕਰਕੇ ਹੀ ਦਰ ਦਾ ਮੁੱਲ ਹੈ। ਦਰ ਤੇ ਘਰ ਵਿੱਚ ਕੋਈ ਭੇਦ ਨਹੀਂ ਹੁੰਦਾ ਏਸੇ ਵਾਸਤੇ ਹੀ ਇਹ ਗੁਰਬਾਣੀ ਦਾ ਕਥਨ ਹੈ ਕਿ,

ਪਾਰਬ੍ਰਹਮ ਗੁਰ ਨਾਹੀ ਭੇਦ॥ *(ਪੰਨਾ ੧੧੪੨)*

ਗੁਰੂ ਤੋਂ ਬਿਨਾਂ ਪ੍ਰਮਾਤਮਾ ਦੇ ਭੇਦ ਦਾ ਪਤਾ ਨਹੀਂ ਚਲ ਸਕਦਾ। ਜੋ ਗੁਰੂ ਨੂੰ ਸਮਝ ਸਕਦਾ ਹੈ। ਓਹੀ ਪ੍ਰਮਾਤਮਾ ਨੂੰ ਸਮਝਣ ਦੇ ਕਾਬਲ ਹੁੰਦਾ ਹੈ। "ਗੁਰਦੁਆਰਾ" ਸ਼ਬਦ ਬੜਾ ਮਹੱਤਵਪੂਰਨ ਸ਼ਬਦ ਹੈ। ਗੁਰਦੁਆਰੇ ਦਾ ਏਨਾ ਹੀ ਮਤਲਬ ਕਿ "ਗੁਰੂ ਰਾਹੀਂ!! ਜੋ ਗੁਰੂ ਦੁਆਰਾ ਜੀਵਨ ਯਾਤਰਾ ਕਰੇਗਾ, ਉਹ ਆਪਣੇ ਘਰ ਤੱਕ ਪਹੁੰਚ ਜਾਏਗਾ।

ਗੁਰੂ ਦੁਆਰੈ ਹੋਇ ਸੋਝੀ ਪਾਇਸੀ॥ *(ਪੰਨਾ ੭੩੦)*

ਗੁਰੂ ਤੋਂ ਬਿਨਾਂ ਤਾਂ ਭਟਕਣਾ ਹੀ ਭਟਕਣਾ ਹੈ।

ਸੋ ਇਸ ਹੱਥਲੀ ਪੁਸਤਕ ਦਾ ਨਾਮ ਹੈ।

"ਗੁਰੂ ਦੀ ਕਲਾ"॥

ਵੈਸੇ ਤਾਂ ਮੈਂ ਲਿਖਾਰੀ ਨਹੀਂ ਸੀ। ਪਰ ਸੁਹਿਰਦ ਪਾਠਕਾਂ ਦੇ ਪ੍ਰੇਮ ਨੇ ਮੈਨੂੰ ਲਿਖਾਰੀ ਬਣਾ ਦਿੱਤਾ ਹੈ। ਅਕਸਰ ਮੈਂ ਗੁਰੂ ਦਰਬਾਰ ਵਿੱਚ ਗੁਰਬਾਣੀ ਦੀ ਵਿਆਖਿਆ ਕਰਦਾ ਹਾਂ। ਮੈਨੂੰ ਵਿਆਖਿਆ ਕਰਨ ਦਾ ਸਾਫ ਸੁਥਰਾ ਤਜ਼ਰਬਾ ਵੀ ਗੁਰੂ ਕ੍ਰਿਪਾ ਦੁਆਰਾ ਪ੍ਰਾਪਤ ਹੋਇਆ ਹੈ। ਗੁਰਬਾਣੀ ਵਿਆਖਿਆ ਦੇ ਸਬੰਧ ਵਿਚ ਅਕਸਰ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਿਚ ਵਿਚਰਨ ਦਾ ਬੜਾ ਮੌਕਾ ਮਿਲਿਆ ਹੈ। ਜਿਸ ਢੰਗ ਨਾਲ ਵਿਚਾਰ ਕਥਾ ਗੁਰੂ ਦਰਬਾਰ ਵਿੱਚ ਸਰੋਤਿਆਂ ਨੂੰ ਸੁਣਾਉਂਦਾ ਰਿਹਾ ਹਾਂ। ਉਸ ਨੂੰ ਸੁਣ ਕੇ ਮੇਰੇ ਬਹੁਤ ਸਾਰੇ ਮਿੱਤਰਾਂ ਅਤੇ ਸੁਹਿਰਦ ਗੁਰਮਤਿ ਪ੍ਰੇਮੀਆਂ ਨੇ ਮੈਨੂੰ ਜ਼ੋਰ ਪਾਇਆ ਕਿ ਜੋ ਵਿਚਾਰ ਕਥਾ ਦਰਬਾਰ ਵਿੱਚ ਸੁਣਾਉਂਦੇ ਹੋ, ਉਸ ਕਥਾ ਨੂੰ ਲਿਖਤੀ ਰੂਪ ਦਿਓ। ਭਾਵੇਂ ਮੈਨੂੰ ਲਿਖਣ ਦਾ ਕੋਈ ਤਜ਼ਰਬਾ ਨਹੀਂ ਸੀ। ਨਾਲ ਗ੍ਰਿਹਸਥ ਜੀਵਨ ਦੇ ਕਈ ਝਮੇਲੇ ਵੀ ਸਨ। ਗੁਰੂ ਕ੍ਰਿਪਾ ਦੁਆਰਾ ਇਕ **ਆਰਫ਼ਨ ਸੈਂਟਰ** ਚਲਾਉਣ ਦੀ ਜ਼ਿੰਮੇਂਵਾਰੀ ਵੀ ਸੀ। ਪਰ ਗੁਰੂ ਨੇ ਹਿੰਮਤ ਬਖਸ਼ੀ ਤੇ ੧੯੯੪ ਵਿੱਚ ਓ।'ਾਂ। ਇੰਗਲੈਂਡ ਫੇਰੀ ਦੌਰਾਨ ਕੁਝ ਵਿਹਲਾ ਸਮਾਂ ਵੀ ਪ੍ਰਾਪਤ ਹੋ ਗਿਆ। ਸੋ ਅਕਤੂਬਰ ੧੯੯੪ ਨੂੰ "**ਇਕ ਸੌ ਅੱਠ ਮਣਕੇ**" ਨਾਮੀ ਇਕ ਪੁਸਤਕ ਲਿਖ ਕੇ ਗੁਰਮਤਿ ਪ੍ਰੇਮੀਆਂ ਤੱਕ ਪਹੁੰਚਾਉਣ ਦਾ ਨਿਮਾਣਾ ਜਿਹਾ ਯਤਨ ਕੀਤਾ। ਉਸ ਪੁਸਤਕ ਨੂੰ ਏਨਾ ਜ਼ਿਆਦਾ ਮਾਣ ਮਿਲਿਆ ਕਿ ਮੈਂ ਸੁਪਨਾ ਵੀ ਨਹੀਂ ਲੈ ਸਕਦਾ ਸਾਂ। ਮੇਰੀ ਲਿਖਤ ਨੂੰ ਵੀ ਏਨਾ ਮਾਣ ਮਿਲ ਜਾਏਗਾ।

ਭਾਵੇਂ ਮੈਂ ਉਸ ਪਹਿਲੀ ਪੁਸਤਕ ਨੂੰ ਸਰੋਤਿਆਂ ਦੀ ਤਸੱਲੀ ਮੁਤਾਬਕ ਨਹੀਂ ਸਾਂ ਲਿਖ ਸਕਿਆ। ਪਰ ਪਾਠਕਾਂ ਦੇ ਪ੍ਰੇਮ ਨੇ ਮੈਨੂੰ ਬੜਾ ਹੌਸਲਾ ਬਖਸ਼ਿਆ। ਏਸੇ ਹੀ ਹੌਸਲਾ ਅਫ਼ਜਾਈ ਨਾਲ ਮੈਂ ਦੋ ਭਾਗ ਪੁਸਤਕ ਦੇ ਹੋਰ ਲਿਖ ਕੇ ਪਾਠਕਾਂ ਦੀ ਸੇਵਾ ਵਿਚ ਅਰਪਣ ਕੀਤੇ। ਇਹ ਪੁਸਤਕ ਦੋਵੇਂ ਭਾਗ "**ਕੁਦਰਤ ਦੀ ਕਲਾ**" ਗੁਰਮਤਿ ਦੇ ਪਾਠਕਾਂ ਨੇ ਏਨੀ ਪਸੰਦ ਕੀਤੀ ਹੈ ਕਿ ਮੈਨੂੰ ਲਿਖਾਰੀ ਹੋਣ ਦਾ ਮਾਣ ਵੀ ਬਖਸ਼ਿਆ ਹੈ। ਏਸੇ ਹੀ ਹੌਸਲਾ ਅਫ਼ਜਾਈ ਤੇ ਮਾਣ ਦਾ ਸਦਕਾ ਦੋ ਪੁਸਤਕਾਂ ਹੋਰ "ਗੁਰੂ ਦੀ ਕਲਾ" ਅਤੇ "ਸ਼ਬਦ ਦੀ ਕਲਾ" ਗੁਰਮਤਿ ਪ੍ਰੇਮੀਆਂ ਦੀ ਸੇਵਾ ਵਿੱਚ ਭੇਟ ਕਰਨ ਦਾ ਮਾਣ ਹਾਸਲ ਕਰ ਰਿਹਾ ਹਾਂ। ਬਹੁਤ ਵੱਡੀ ਆਸ ਕਰਦਾ ਹਾਂ ਕਿ ਆਪ ਆਪਣੇ ਸੇਵਕ ਦੀਆਂ ਭੁੱਲਾਂ ਨੂੰ ਨਜ਼ਰ-ਅੰਦਾਜ਼ ਕਰਕੇ ਇਸ ਤੁੱਛ ਸੇਵਾ ਨੂੰ ਕਬੂਲ ਕਰੋਗੇ।

ਮੇਰੀ ਦਿਲੀ ਪ੍ਰਾਰਥਨਾ ਹੈ ਕਿ ਇਹ ਹੱਥਲੀ ਪੁਸਤਕ "***ਗੁਰੂ ਦੀ ਕਲਾ***" ਗੁਰੂ ਨੂੰ ਸਮਝਣ ਲਈ ਪਾਠਕਾਂ ਲਈ ਵਸੀਲਾ ਬਣੇ।

ਆਪ ਦਾ ਚਰਨ ਸੇਵਕ

ਸੰਤਰੇਨ ਗਿਆਨੀ ਸੁਖਬੀਰ ਸਿੰਘ

ਲਿੰਕ ਰੋਡ ਮਿਠਾਪੁਰ ਤੋਂ ਖੁਰਲਾ ਕਿੰਗਰਾ

ਡਾਕਖਾਨਾ ਖੁਰਲਾ ਕਿੰਗਰਾ (ਜਲੰਧਰ) (ਪੰਜਾਬ)

ਟੈਲੀਫੋਨ- (0181)- 273174

ਸੰਤਰੇਨ ਗਿ: ਸੁਖਬੀਰ ਸਿੰਘ ਜੀ
53, ਪ੍ਰਿੰਸੇ[illegible]ਟ; ਡਰਬੀ
ਡੀ.ਈ.23; 8 ਅ[illegible]. ਇੰਗਲੈਂਡ
ਟੈਲੀਫੂਨ 0044-1332-296070

ਤਤਕਰਾ

ਸੇਵਾ ਤੇ ਗੁਰੂ ਦੀ ਕਲਾ

ਆਪਣੇ ਤੋਂ ਵੱਡਿਆਂ ਦੀ ਆਗਿਆ ਦਾ ਪਾਲਨ ਕਰਨਾ। ਹੱਥਾਂ ਪੈਰਾਂ ਕਰਕੇ ਉਨ੍ਹਾਂ ਨੂੰ ਇਸ਼ਨਾਨ ਕਰਾਉਣਾ। ਚਰਣ ਧੋਣੇ। ਪੱਖਾ ਝਲਣਾ। ਝਾੜੂ ਬਹਾਰੀ ਕਰਨਾ ਇਤਿਆਦਿਕ, ਜਾਂ ਲੋੜਵੰਦ, ਅਨਾਥਾਂ ਉਪਰ ਦਇਆ ਕਰਨੀ। ਉਨ੍ਹਾਂ ਦੀ ਸਹਾਇਤਾ ਕਰਨੀ। ਸਭ ਸੇਵਾ ਵਿੱਚ ਸ਼ਾਮਲ ਹੈ।

ਸੇਵਾ ਦਾ ਫਲ ਬੜਾ ਵੱਡਾ ਹੈ, ਜੋ ਸੇਵਾ ਕਰਦਾ ਹੈ, ਸੋ ਫਲ ਪਾਉਂਦਾ ਹੈ। ਜੀਵ, ਸੇਵਾ ਕਰਕੇ, ਸੇਵਕ ਤੋਂ ਸੁਆਮੀ ਬਣ ਜਾਂਦਾ ਹੈ।

ਪਰ ਹਉਮੈ ਵੱਸ ਕੀਤੀ ਸੇਵਾ ਫਲਦਾਇਕ ਨਹੀਂ ਹੁੰਦੀ ਹੈ। ਜਿਸਨੇ ਸੇਵਾ ਕੀਤੀ, ਉਹ ਕਿਸੇ ਦਿਨ ਅਜਿਹੀ ਪਦਵੀ ਪਾਉਂਦਾ ਹੈ ਕਿ ਦੁਨੀਆਂ ਉਸਦੀ ਸੇਵਾ ਕਰਦੀ ਹੈ। ਲੋਕ ਉਸ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ ਹਨ। ਗੁਰੂ ਨਾਨਕ ਸਾਹਿਬ ਜੀ ਤਾਂ ਦੁਨੀਆਂ ਵਿੱਚ ਆ ਕੇ ਸੇਵਾ ਕਰਨ ਨੂੰ ਮਾਲਕ ਦੇ ਦਰ 'ਤੇ ਸੋਭਾ ਪਾਉਣ ਦਾ ਵਸੀਲਾ ਦਸਦੇ ਹਨ-

ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥

(ਸਿਰੀਰਾਗੁ ਮਹਲਾ ੧ ਘਰੁ ੫, ਪੰਨਾ ੨੬)

ਸੇਵਾ ਕਰਨ ਵਾਲੇ ਨੂੰ ਹਮੇਸ਼ਾ ਮਾਨ ਮਿਲਦਾ ਹੈ।

ਜਿਨਿ ਸੇਵਿਆ ਤਿਨਿ ਪਾਇਆ ਮਾਨੁ॥ (ਜਪੁਜੀ-੨)

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਬਿਨਾ ਸੇਵਾ ਦੇ ਹੱਥ ਪੈਰ ਧ੍ਰਿਗ ਹਨ।

ਬਿਨ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ॥

(ਭਾਈ ਗੁਰਦਾਸ ਜੀ)

ਸੇਵਾ ਕਰਨੀ ਸਭ ਕਰਨੀਆਂ ਦਾ ਸਾਰ ਹੈ। ਜੋ ਸੇਵਾ ਨਹੀਂ ਕਰਦੇ, ਉਨ੍ਹਾਂ ਨੂੰ ਕਦਾਚਿੱਤ ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਸਭ ਭੇਖ, ਸੇਵਾ ਤੋਂ ਰਹਿਤ, ਕਿਸੇ ਕੰਮ ਦੇ ਨਹੀਂ।

ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ॥
ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ॥

(ਮਾਰੂ ਮਹਲਾ ੧, ਪੰਨਾ ੯੯੨)

ਸੇਵਾ ਕਰਨ ਵਾਲਾ ਬੰਦਾ ਹਮੇਸ਼ਾਂ ਨਿਰਮਾਣ ਬਣਿਆ ਰਹਿੰਦਾ ਹੈ। ਨਹੀਂ ਤਾਂ ਗੁਣਾਂ ਦਾ ਵੀ ਅਹੰਕਾਰ ਹੋ ਜਾਂਦਾ ਹੈ। ਸੇਵਾ! ਇਨਸਾਨ ਵਿੱਚੋਂ ਆਉਗੁਣ ਖ਼ਤਮ ਕਰਦੀ ਹੈ ਤੇ ਗੁਣਾਂ ਵਿੱਚ ਵਾਧਾ ਕਰਦੀ ਹੈ। ਸੇਵਾ ਮਾਰਗ, ਬਿਖਮ ਮਾਰਗ ਜ਼ਰੂਰ ਹੈ। ਪਰ ਨਿਪੁੰਨ ਸੇਵਕ! ਇਸ ਗਾਖੜੇ ਮਾਰਗ ਨੂੰ ਤਹਿ ਕਰਦੇ ਹਨ। ਸੇਵਾ ਤੇ ਸਿਮਰਨ, ਦੋ ਐਸੇ ਪੈਰ ਹਨ, ਜਿੰਨ੍ਹਾਂ ਦੇ ਆਸਰੇ ਧਰਮ ਮਾਰਗ 'ਤੇ ਤੁਰਿਆ ਜਾ ਸਕਦਾ ਹੈ। ਗੁਰੂ ਅਮਰ ਦਾਸ ਜੀ ਦਾ ਕਹਿਣਾ ਹੈ ਕਿ ਜਿਵੇਂ ਹਾਥੀਵਾਨ ਹਾਥੀ ਦੇ ਸਿਰ ਵਿੱਚ ਕੁੰਡਾ ਮਾਰਦਾ ਹੈ ਤੇ ਅਗੇ ਤੋਰਦਾ ਹੈ। ਪਰ ਹਾਥੀ ਆਪਣਾ ਸਿਰ ਅੱਗੇ ਰੱਖ ਕੇ ਹੀ ਸੇਵਾ ਕਰਦਾ ਹੈ। ਜਾਂ ਜਿਵੇਂ ਲੋਹੇ ਦੀ ਅਹਿਰਨ ਲੁਹਾਰ ਦੇ ਵਦਾਨ ਦੀਆਂ ਸੱਟਾਂ ਸਹਾਰਦੀ ਹੈ। ਪੁਰਾਣਾ ਜ਼ਮਾਨਾ ਸੀ। ਜਦੋਂ ਲੁਹਾਰ ਲੋਕ ਇਕ ਲੋਹੇ ਦੇ ਟੁਕੜੇ ਉਪਰ ਲੋਹੇ ਨੂੰ ਹਥੌੜਿਆਂ ਨਾਲ ਚੰਡਦੇ ਸਨ। ਜਿਉਂ-ਜਿਉਂ ਸੱਟਾਂ ਪੈਂਦੀਆਂ ਸਨ। ਉਸ ਅਹਿਰਨ 'ਤੇ ਬਹੁਤੀ ਚਮਕ ਆਉਂਦੀ ਸੀ। ਗੁਰੂ ਅਮਰਦਾਸ ਜੀ ਦਾ ਕਹਿਣਾ ਹੈ ਕਿ ਉਸੇ ਅਹਿਰਨ ਦੀ ਤਰ੍ਹਾਂ, ਆਪਣਾ ਸਿਰ ਗੁਰੂ ਅਗੇ ਰਖ ਕੇ ਸੇਵਾ ਕਰਨੀ ਚਾਹੀਦੀ ਹੈ।

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥
(ਪੰਨਾ ੬੪੭)

ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥
ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ॥
(ਰਾਗੁ ਸੋਰਠਿ ਵਾਰ ਮਹਲੇ ੪ ਕੀ ਪੰਨਾ ੬੪੯)

ਸੇਵਾ ਕੀ ਹੈ ?

ਹਉਮੈ ਦਾ ਪੂਰਨ ਤਿਆਗ ਕਰਕੇ, ਆਪਣੇ ਆਪ ਨੂੰ ਸਤਿਗੁਰੂ ਦੇ ਸਨਮੁਖ ਸਮਰਪਣ ਕਰਨਾ, ਇਹ ਸੇਵਾ ਹੈ।

ਪੂਰਨ ਤੌਰ 'ਤੇ ਸਾਵਧਾਨ ਤੇ ਸੁਚੇਤ ਹੋ ਕੇ ਸੇਵਾ ਨਿਭਾਉਣੀ, ਖ਼ਾਸ ਤੌਰ 'ਤੇ ਗੁਰੂ ਅਮਰ ਦਾਸ ਦੇ ਹਿੱਸੇ ਆਇਆ ਹੈ। ਸੇਵਾ ਨੂੰ ਹਰ ਮਜ਼ਬ ਜਾਂ ਮੱਤ ਨੇ ਕਿਸੇ ਨ ਕਿਸੇ ਰੂਪ ਵਿਚ ਸਵਿਕਾਰਿਆ ਹੈ। ਪ੍ਰਭੂ ਪ੍ਰਾਪਤੀ ਦੇ ਮਾਰਗ ਲਈ ਸੇਵਾ ਜ਼ਰੂਰੀ ਹੈ।

ਸੰਸਾਰ ਤੇ ਸੇਵਾ

ਸੇਵਾ ਉਸ ਦੀ ਕਰਨੀ ਹੈ, ਜੋ ਪਿਛੇ ਰਹਿ ਗਿਆ ਹੈ। ਇਸ ਵਾਸਤੇ ਕਰਨੀ ਹੈ ਕਿ ਉਹ ਅੱਗੇ ਆ ਸਕੇ। ਸੇਵਾ ਸੰਸਾਰ ਦੀ ਕਰਨੀ ਹੈ। ਸਿਮਰਨ ਕਰਤਾਰ ਦਾ ਕਰਨਾ ਹੈ।

ਕਰਤਾਰ ਦੀ ਅਸੀਂ ਸੇਵਾ ਕਰ ਵੀ ਨਹੀਂ ਸਕਦੇ। ਬਲਕਿ ਕਰਤਾਰ ਹੀ ਸਾਡੀ ਸੇਵਾ ਕਰ ਰਿਹਾ ਹੈ। ਸੇਵਾ, ਮੁਹਤਾਜ ਤੇ ਬੇ-ਆਸਰਾ ਦੀ ਕਰੀ ਦੀ ਹੈ। ਸੇਵਾ ਆਦਮੀ ਨੂੰ ਨਿਰਮਾਣ ਬਣਾਉਂਦੀ ਹੈ।

ਪਰ ਪ੍ਰਮਾਤਮਾ ਹਰ ਹਾਲਤ ਵਿੱਚ ਅੱਗੇ ਹੈ। ਪ੍ਰਮਾਤਮਾ ਸਾਡੀ ਸੇਵਾ ਕਰ ਰਿਹਾ ਹੈ। ਸੂਰਜ ਬਣਕੇ ਰੋਸ਼ਨੀ ਦੇ ਰਿਹਾ ਹੈ। ਬੱਦਲ ਬਣ ਕੇ ਜਲ ਬਰਸਾਉਂਦਾ ਹੈ। ਚੰਦਰਮਾ ਬਣਕੇ ਰਸ ਪ੍ਰਦਾਨ ਕਰਦਾ ਹੈ। ਧਰਤੀ ਅੰਨ ਧਨ ਦੇ ਰਹੀ ਹੈ। ਕਰਤਾਰ ਸਾਡੀ ਸੇਵਾ ਵਿੱਚ ਲੀਨ ਹੈ। ਉਹ ਤਾਂ ਮਾਤਾ ਦੇ ਗਰਭ ਵਿੱਚ ਵੀ ਸਾਡੀ ਸੇਵਾ ਕਰ ਰਿਹਾ ਹੈ।

ਔਰ ਕੀ ਬਾਤ ਕਹਾ ਕਹ ਤੋ ਸੌ, ਸੁ ਪੇਟ ਹੀ ਕੇ ਪਟ ਬੀਚ ਬਚਾਵੈ॥ *(ਸੱਵਯੇ ਪਾ: ੧੦)*

ਸੋ ਸੇਵਾ ਸੰਸਾਰ ਦੀ ਕਰਨੀ ਹੈ। ਉਸ ਦੀ ਸੇਵਾ ਕਰਨੀ ਹੈ, ਜੋ ਗੁਣ, ਕਲਾ, ਧਰਮ, ਧਨ, ਰੁਤਬੇ ਕਰਕੇ ਪਿਛੇ ਰਹਿ ਗਿਆ ਹੈ, ਤਾਂਕਿ ਸੇਵਾ ਦੇ ਆਸਰੇ ਤੇ ਉਸ ਦੀਆਂ ਲੋੜਾਂ ਪੂਰੀਆਂ ਹੋਣ ਤੇ ਉਹ ਅਗੇ ਵਧੇ। ਸੇਵਾ ਉਹੀ ਕਰ ਸਕਦਾ ਹੈ, ਜਿਸ ਨੂੰ ਦੂਜਿਆਂ ਪ੍ਰਤੀ ਦਇਆ ਹੋਵੇ। ਪਰ ਸਹੀ ਦਇਆ ਉਸ ਕੋਲ ਹੋਏਗੀ, ਜਿਸ ਕੋਲ ਸਿਮਰਨ ਹੈ। ਸਿਮਰਨ ਤੋਂ ਬਿਨਾਂ ਹਿਰਦਾ ਸ਼ੁਧ ਨਹੀਂ ਹੁੰਦਾ। ਸ਼ੁਧ ਹਿਰਦੇ ਤੋਂ ਬਿਨਾ ਕੀਤੀ ਹੋਈ ਸੇਵਾ ਦਰਅਸਲ ਸੇਵਾ ਨਹੀਂ ਵਿਉਪਾਰ ਹੈ:-

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥
(ਗੂਜਰੀ ਮਹਲਾ ੫, ਪੰਨਾ ੪੯੫)

2. ਸੌਦਾ ਅਤੇ ਸੇਵਾ

ਦਇਆ ਵਿੱਚੋਂ ਧਰਮ ਪੈਦਾ ਹੁੰਦਾ ਹੈ। ਧਰਮ ਵਿੱਚੋਂ ਸੰਤੋਖ ਪੈਦਾ ਹੁੰਦਾ ਹੈ। ਸੰਤੋਖ ਤੋਂ ਸਿਮਰਨ ਪੈਦਾ ਹੁੰਦਾ ਹੈ ਤੇ ਦਇਆ ਤੋਂ ਸੇਵਾ। ਜਿਵੇਂ ਜਿਵੇਂ ਸੇਵਾ ਵਿੱਚ ਲੀਨ ਹੋ ਕੇ, ਮਨੁੱਖ ਨਾਲ ਨਾਲ ਸਿਮਰਨ ਵੀ ਕਰਦਾ ਹੈ ਤਾਂ ਧਰਮ ਨੂੰ ਸ਼ਿੰਗਾਰ ਮਿਲਦਾ ਹੈ। ਧਰਮ ਵਿੱਚੋਂ ਦਇਆ ਤੇ ਸਿਮਰਨ ਕੱਢ ਦਈਏ ਤਾਂ ਧਰਮ ਸਿਰਫ਼ ਇਕ ਲਾਸ਼ ਦੀ ਤਰ੍ਹਾਂ ਮੁਰਦਾ ਹੋ ਜਾਂਦਾ ਹੈ। ਇਸ ਤਰ੍ਹਾਂ ਮੁਰਦਾ ਧਰਮੀ ਲੋਕਾਂ ਕੋਲੋਂ ਵੈਰ ਵਿਰੋਧ ਤੇ ਭੇਦ ਭਾਵ ਦੀ ਸੜ੍ਹਾਂਦ ਆਉਂਦੀ ਹੈ। ਅਜਿਹੇ ਲੋਕਾਂ ਕੋਲ ਬੈਠਣਾ ਔਖਾ ਹੋ ਜਾਂਦਾ ਹੈ ਜਿਹੜੇ ਦਇਆ ਤੇ ਸੰਤੋਖ ਤੋਂ ਕੋਰੇ ਹਨ। ਦਇਆਲੂ ਮਨੁੱਖ ਦੇ ਦਰਸ਼ਨ ਤਾਂ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ:-

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥
(ਬਾਰਹ ਮਾਹਾ ਮਾਂਝ ਮਹਲਾ ੫, ਪੰਨਾ ੧੩੬)

ਦਇਆ ਤੋਂ ਬਿਨਾਂ ਕੀਤੀ ਗਈ ਸੇਵਾ ਵਪਾਰ ਹੈ। ਇਕ ਰਾਜਨੀਤੀ ਹੈ। ਰਾਜਨੀਤਕ ਵੀ ਲੋਕਾਂ ਨੂੰ ਇਹ ਆਖ ਕੇ ਲੁੱਟਦਾ ਹੈ ਕਿ ਮੈਂ ਦੇਸ਼ ਕੌਮ ਦੀ ਸੇਵਾ ਕਰਨੀ

ਹੈ। ਰਾਜਨੀਤਕ ਦੀ ਸੇਵਾ ਵਿੱਚ ਸੁਆਰਥ ਹੈ। ਦਇਆਲੂ ਦੀ ਸੇਵਾ ਵਿੱਚ ਅਨੰਦ ਹੈ। ਦਇਆ ਤੋਂ ਜੋ ਸੇਵਾ ਨਿਕਲਦੀ ਹੈ ਉਹ ਅਨੰਦ ਨੂੰ ਜਨਮ ਦੇਂਦੀ ਹੈ। ਸੰਤੋਖ ਤੋਂ ਹੀਣਾ ਸਿਮਰਨ, ਇਕ ਪਖੰਡ ਹੈ। ਤੇ ਪਖੰਡ ਹੰਕਾਰ ਨੂੰ ਜਨਮ ਦੇਂਦਾ ਹੈ।

ਜੇ ਕੁਝ ਪ੍ਰਾਪਤੀ ਦੀ ਖ਼ਾਤਰ ਸੇਵਾ ਕਰੀ ਦੀ ਹੈ, ਤਾਂ ਇਹ ਸੇਵਾ ਨਹੀਂ ਵਿਉਪਾਰ ਹੈ। ਰਾਜਨੀਤਕ ਵੋਟ ਮੰਗਦਾ ਹੈ ਕਿ ਮੈਂ ਦੇਸ਼ ਦੀ ਸੇਵਾ ਕਰਾਂਗਾ। ਸੇਵਾ ਕਰਕੇ ਫਿਰ ਸਿੰਘਾਸਨ ਚਾਹੁੰਦਾ ਹੈ। ਉਹ ਪੈਰਾਂ 'ਤੇ ਮੱਥਾ ਇਸ ਲਈ ਰੱਖਦਾ ਹੈ ਕਿ ਕਲ੍ਹ ਸਿਰ 'ਤੇ ਪੈਰ ਰੱਖ ਸਕੇ। ਜਿਥੇ ਸੇਵਾ ਵਿੱਚ ਸੁਆਰਥ ਆ ਗਿਆ, ਉਹ ਵਿਉਪਾਰ ਬਣ ਗਿਆ ਹੈ।

ਸੋ ਸੇਵਾ ਉਸ ਦੀ ਕਰਨੀ ਹੈ ਜੋ ਸਾਡੇ ਤੋਂ ਪਿਛੇ ਖੜਾ ਹੈ। ਤਾਂਕਿ ਅਗੇ ਵਧ ਸਕੇ। ਸਾਡੀ ਬਰਾਬਰੀ ਤੇ ਆਵੇ। ਰਾਜਨੀਤਕ ਨੂੰ ਤਾਂ ਹਮੇਸ਼ਾਂ ਉਸ ਤੋਂ ਡਰ ਰਹਿੰਦਾ ਹੈ ਜੋ ਉਸ ਦੇ ਪਿੱਛੇ ਖੜਾ ਹੈ। ਅਗਰ ਉਸ ਦੀ ਹੌਸਲਾ ਅਫ਼ਜਾਈ ਹੋ ਗਈ ਤਾਂ ਉਹ ਬਰਾਬਰ ਤੇ ਆਵੇਗਾ। ਰਾਜਨੀਤਕ ਇਹ ਬਰਦਾਸ਼ਤ ਨਹੀਂ ਕਰ ਸਕਦਾ। ਸੰਸਾਰ ਵਿੱਚ ਅਨੇਕਾਂ ਪ੍ਰਕਾਰ ਨਾਲ ਸੇਵਾ ਕੀਤੀ ਜਾ ਸਕਦੀ ਹੈ। ਇਨਸਾਨ ਜਿਸ ਪਹਿਲੂ ਵਿੱਚ ਵੀ ਜੀਵਨ ਜਿਉ ਰਿਹਾ ਹੋਵੇ, ਉਸੇ ਢੰਗ ਨਾਲ ਸੇਵਾ ਕਰ ਸਕਦਾ ਹੈ।

ਜਿਵੇਂ ਹਰੇਕ ਮਨੁੱਖ ਦਾ ਧਨ ਕਮਾਉਣ ਦਾ ਅਲੱਗ ਅਲੱਗ ਤਰੀਕਾ ਹੈ, ਉਸੇ ਢੰਗ ਨਾਲ ਸੇਵਾ ਵੀ ਅਲੱਗ ਅਲੱਗ ਤਰ੍ਹਾਂ ਨਾਲ ਕਰ ਸਕਦਾ ਹੈ। ਮਿਸਾਲ ਦੇ ਤੌਰ ਤੇ ਇਕ ਵਿਉਪਾਰੀ ਹੈ। ਵਪਾਰ ਕਰਦਾ ਹੈ ਧਨ ਕਮਾਉਣ ਵਾਸਤੇ। ਇਕ ਕਿਸਾਨ ਹੈ ਖੇਤੀ ਕਰਨਾ ਉਸ ਦਾ ਕਰਮ ਹੈ। ਪਰ ਮਨੋਰਥ ਸਾਫ਼ ਹੈ, ਉਸ ਕੋਲ ਧਨ ਆਵੇ। ਇਕ ਵਪਾਰੀ ਜਿਥੇ ਆਪਣੇ ਪਰਵਾਰ ਵਾਸਤੇ ਵਪਾਰ ਕਰਦਾ ਹੈ। ਉਥੇ ਆਪਣੇ ਵਪਾਰਕ ਦਾਇਰੇ ਵਿੱਚੋਂ ਕੁਝ ਐਸੇ ਲੋਕਾਂ ਦਾ ਵੀ ਧਿਆਨ ਰੱਖੇ ਕਿ ਜਿਹੜੇ ਉਸ ਨਾਲੋਂ ਵਪਾਰ ਦੀ ਦੁਨੀਆਂ ਵਿੱਚ ਪਛੜ ਗਏ ਹਨ। ਉਨ੍ਹਾਂ ਦੇ ਵੀ ਪਰਵਾਰ ਹਨ। ਅਨੇਕਾਂ ਪ੍ਰਕਾਰ ਨਾਲ ਸੇਵਾ ਕੀਤੀ ਜਾ ਸਕਦੀ ਹੈ। ਤਨ ਕਰਕੇ, ਮਨ ਕਰਕੇ, ਧਨ ਕਰਕੇ, ਵਿਦਿਆ ਕਰਕੇ ਅਤੇ ਹਮਦਰਦ ਹੋ ਕੇ।

ਅਨਿਕ ਭਾਂਤਿ ਕਰਿ ਸੇਵਾ ਕਰੀਐ॥ ਜੀਉ ਪ੍ਰਾਨ ਧਨੁ ਆਗੈ ਧਰੀਐ॥

(ਆਸਾ ਮਹਲਾ ੫, ਪੰਨਾ ੩੯੧)

ਗੁਰੂ ਜੀ ਇਹ ਜ਼ਬਾਨੀ ਕਲਾਮੀ ਨਹੀਂ ਕਹਿ ਰਹੇ। ਗੁਰੂ ਸਾਹਿਬਾਂ ਨੇ ਗੁਰਿਆਈ ਨੂੰ ਸੇਵਾਦਾਰੀ ਕਰਕੇ ਜਾਣਿਆ ਹੈ; ਮਲਕੀਅਤ ਕਰਕੇ ਨਹੀਂ। ਇਤਿਹਾਸ ਦੀ ਇਕ ਸਾਖੀ ਹੈ।

3. ਸਤਿਗੁਰ ਅਤੇ ਸੇਵਾ

ਸਾਖੀ

ਗੁਰੂ ਅਰਜਨ ਦੇਵ ਜੀ ਆਪ ਗੁਰੂ ਹੁੰਦਿਆਂ ਹੋਇਆਂ ਵੀ ਭੇਸ ਬਦਲ ਕੇ (ਸਿੱਖਾਂ ਦੇ ਭੇਸ ਵਿੱਚ) ਸੇਵਾ ਕਰਦੇ ਹੁੰਦੇ ਸਨ। ਭੇਸ ਬਦਲ ਕੇ ਦੇਖਣਾ ਕਿ ਕਿਸ ਤਰ੍ਹਾਂ ਦੀ ਸੇਵਾ ਦੀ ਜ਼ਰੂਰਤ ਹੈ। ਉਸੇ ਤਰ੍ਹਾਂ ਹੀ ਸੇਵਾ ਨਿਭਾ ਦੇਂਦੇ ਸਨ।

ਇਕ ਦਿਨ ਦੀ ਗੱਲ ਹੈ ਕਿ ਗੁਰੂ ਅਰਜਨ ਸਾਹਿਬ ਜੀ ਭੇਸ ਬਦਲ ਕੇ ਅੰਮ੍ਰਿਤਸਰ ਸਾਹਿਬ ਤੋਂ ਥੋੜੀ ਦੂਰ ਗਏ। ਸ਼ਾਮ ਦਾ ਵੇਲਾ ਸੀ। ਇਕ ਬਜ਼ੁਰਗ ਬਾਬਾ ਬੈਠਾ ਹੋਇਆ, ਬੜੀ ਦੂਰੋਂ ਚਲਕੇ ਆਇਆ ਸੀ। ਥਕਿਆ ਜਾਪਦਾ ਸੀ। ਉਸ ਦੇ ਕੋਲ ਇਕ ਗੱਠੜੀ ਜ਼ਰਾ ਭਾਰੀ ਸੀ। ਗੱਠੜੀ ਚੁੱਕੀ ਨਹੀਂ ਸੀ ਜਾਂਦੀ। ਮਜ਼ਦੂਰ ਦੀ ਉਡੀਕ ਵਿੱਚ ਸੀ।

ਇਸ ਬਾਬੇ ਦੇ ਕੋਲ ਆਕੇ ਅਚਾਨਕ ਸਤਿਗੁਰੂ ਕਹਿਣ ਲੱਗੇ। ਕਿਸੇ ਨੂੰ ਪਾਂਡੀ (ਕੁੱਲੀ) ਚਾਹੀਦਾ ਹੋਵੇ ਤਾਂ ਦੱਸੋ? ਬਾਬੇ ਨੇ ਕਹਿ ਦਿੱਤਾ "ਨੌਜਵਾਨਾ ! ਮੈਨੂੰ ਚਾਹੀਦੈ, ਪਾਂਡੀ! ਐ ਗੱਠੜੀ ਚੁੱਕ ਲੈ ਤੇ ਪਹਿਲਾਂ ਦੱਸ ਪੈਸੇ ਕਿੰਨੇ ਲਵੇਂਗਾ? ਬਾਅਦ ਵਿੱਚ ਤੇਰੇ ਵਰਗੇ ਰੌਲਾ ਬਹੁਤ ਪਾਉਂਦੇ ਹਨ, ਫਿਰ ਝਗੜਾ ਹੁੰਦਾ ਹੈ, ਦੱਸ ਮਜ਼ਦੂਰੀ ਕੀ ਲਵੇਂਗਾ।" "ਗੁਰਦੇਵ ਕਹਿਣ ਲੱਗੇ, ਮੈਂ ਨਹੀਂ ਲੜਦਾ, ਬਾਬਾ! ਜੋ ਮੈਨੂੰ ਦਿਓਗੇ ਮੈਂ ਲੈ ਲਵਾਂਗਾ, ਤੁਹਾਡੀ ਗੱਠੜੀ ਮੈਂ ਪਹੁੰਚਾ ਦਿਆਂਗਾ।" ਗੁਰਦੇਵ ਨੇ ਉਹ ਗੱਠੜੀ ਚੁੱਕ ਲਈ। ਅੱਗੇ-ਅੱਗੇ ਸਤਿਗੁਰੂ ਤੇ ਪਿੱਛੇ-ਪਿੱਛੇ ਬਾਬਾ, ਅੰਮ੍ਰਿਤਸਰ ਪਹੁੰਚ ਗਏ। ਗੱਠੜੀ ਥੱਲੇ ਰੱਖੀ ਤੇ ਗੁਰਦੇਵ ਕਹਿਣ ਲੱਗੇ। "ਬਾਬਾ ਜੀ ! ਉਹ ਦਰਬਾਰ ਸਾਹਿਬ ਹੈ, ਤੇ ਉੱਧਰ ਗੁਰੂ ਦਾ ਲੰਗਰ ਹੈ।" ਫਿਰ ਬਾਬੇ ਦੇ ਦੇਖਦਿਆਂ-ਦੇਖਦਿਆਂ ਹੀ ਗੁਰਦੇਵ ਕੋਲੋਂ ਨਿਕਲ ਗਏ। ਬਾਬਾ ਅਵਾਜ਼ਾਂ ਹੀ ਮਾਰਦਾ ਰਹਿ ਗਿਆ ਤੇ ਪਾਤਸ਼ਾਹ ਕੋਲੋਂ ਹੀ ਨਿਕਲ ਗਏ। ਹੁਣ ਰਾਤ ਤਾਂ ਦਰਸ਼ਨ ਹੋ ਨਾ ਸਕੇ। ਜਦੋਂ ਸਵੇਰੇ ਦਰਸ਼ਨ ਕਰਨ ਲੱਗਾ ਤਾਂ ਉਹ ਬਾਬਾ ਮਨ ਹੀ ਮਨ ਵਿਚ ਕਹਿਣ ਲੱਗਾ, ਕਿ ਜੇਕਰ ਮੈਂ ਭੁਲਦਾ ਨਹੀਂ ਤਾਂ ਰਾਤ ਵਾਲੇ ਪਾਂਡੀ (ਮਜ਼ਦੂਰ) ਦਾ ਚਿਹਰਾ ਗੁਰਦੇਵ ਨਾਲ ਮਿਲਦਾ ਸੀ। ਨੈਣ ਨਕਸ਼ ਇਸੇ ਤਰ੍ਹਾਂ ਦੇ ਸਨ। ਹੌਸਲਾ ਕਰਕੇ ਬਜ਼ੁਰਗ ਨੇ ਅੱਗੇ ਹੋ ਕੇ ਪੁੱਛ ਹੀ ਲਿਆ। ਕਹਿਣ ਲੱਗਾ, ਪਾਤਸ਼ਾਹ! ਤੁਹਾਡਾ ਹਮਸ਼ਕਲ ਵੀ ਕੋਈ ਬੰਦਾ ਹੈ। ਪਾਤਸ਼ਾਹ ਕਹਿਣ ਲੱਗੇ ਬਾਬਾ ਰਾਤੀਂ ਤੇਰੀ ਗੱਠੜੀ ਮੈਂ ਹੀ ਚੁੱਕ ਕੇ ਲਿਆਇਆ ਹਾਂ। ਚਰਨ ਪਕੜ ਲਏ ਬਾਬੇ ਨੇ। ਪਾਤਸ਼ਾਹ! ਏਨਾ ਭਾਰ ਮੇਰੇ ਸਿਰ ਚਾੜਿਆ ਹੈ। ਸੇਵਾ ਸਿੱਖ ਨੂੰ ਕਰਨੀ ਚਾਹੀਦੀ ਹੈ ਤੇ ਉਲਟਾ ਤੁਸੀਂ

ਮੇਰੀ ਗੱਠੜੀ ਚੁੱਕ ਕੇ ਲਿਆਏ? ਗੁਰਦੇਵ ਕਹਿਣ ਲੱਗੇ। ਬਾਬਾ ਜੀ! ਜੇਕਰ ਗੁਰੂ ਨਾ ਸੇਵਾ ਕਰੇਗਾ ਤਾਂ ਸਿੱਖ ਕਿਵੇਂ ਸੇਵਾ ਕਰਨਗੇ? ਸੋ ਗੁਰੂ ਸਾਹਿਬਾਂ ਨੇ ਆਪ ਆਪਣੇ ਹੱਥੀ ਸੇਵਾ ਕੀਤੀ ਤੇ ਸਿੱਖਾਂ ਨੂੰ ਸੇਵਾ ਕਰਨੀ ਸਿਖਾਈ। ਕਿਹੜੀ ਸੇਵਾ ਹੈ ਜੋ ਗੁਰੂ ਸਾਹਿਬਾਂ ਨੇ ਆਪ ਨਹੀਂ ਕੀਤੀ? ਨਿਰਾ ਕਹਿ ਹੀ ਨਹੀਂ ਛਡਿਆ ਕਿ:-

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥ ੪॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥ ੫ ॥
(ਰਾਗੁ ਸੂਹੀ ਅਸਟਪਦੀਆ ਮਹਲਾ ੪, ਪੰਨਾ ੭੫੭)

ਪੱਖਾਂ ਫੇਰਿਆ ਹੈ, ਪਾਣੀ ਢੋਇਆ ਹੈ। ਗੁਰੂ ਅਮਰਦਾਸ ਦੀ ਗਾਗਰ ਸਾਨੂੰ ਹਮੇਸ਼ਾਂ ਵਾਸਤੇ ਯਾਦ ਰਹੇ। ੧੨ ਸਾਲ ਤਕ ਗੁਰੂ ਅਮਰਦਾਸ ਜੀ ਨੇ ਸੇਵਾ ਕੀਤੀ। ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਵਾਸਤੇ ਪਾਣੀ ਸਵੇਰੇ ਚਾਰ ਵਜੇ ਹੀ ਬਿਆਸ ਨਦੀ ਤੋਂ ਲੈ ਕੇ ਆਉਂਦੇ ਸਨ। ਫਿਰ ਸੰਗਤ ਦੇ ਲੰਗਰ ਵਾਸਤੇ ਸੇਵਾ ਕਰਦੇ ਸਨ। ਗੱਲ ਕੀ ਸੇਵਾ ਰਾਹੀਂ ਸੁਆਮੀ ਪਦਵੀ (ਗੁਰੂ ਪਦਵੀ) ਤੱਕ ਪਹੁੰਚੇ।

ਗੁਰੂ ਅਮਰਦਾਸ ਜੀ ਨੂੰ ੭੨ ਸਾਲ ਦੀ ਬਜ਼ੁਰਗ ਅਵਸਥਾ ਵਿੱਚ ਪਹੁੰਚ ਕੇ ਪਤਾ ਲੱਗਾ ਕਿ ਸੇਵਾ ਤੋਂ ਬਿਨਾਂ ਹਉਮੈ ਦਾ ਗਿਰਨਾ ਬਹੁਤ ਔਖਾ ਹੈ। ਸੇਵਾ ਨਿਰਮਾਣ ਹੋ ਕੇ ਕੀਤੀ ਜਾਵੇ ਤਾਂ ਹਉਮੈ ਦਾ ਅਭਾਵ ਹੁੰਦਾ ਹੈ।

ਹਉਮੈ ਮਰ ਜਾਏ ਤਾਂ ਹੀ ਅੰਤਸ਼ ਵਿੱਚ ਸਹਜ ਪੈਦਾ ਹੁੰਦਾ ਹੈ ਅਤੇ ਸਰੀਰ ਦੀ ਹਰ ਇਕ ਇੰਦਰੀ ਨੂੰ ਸਹਿਜ ਮਿਲਦਾ ਹੈ। ਸਹਜ ਪ੍ਰਾਪਤੀ ਵਾਸਤੇ, ਨਿਸ਼ਕਾਮ ਸੇਵਾ ਦਾ ਹੋਣਾ ਬਹੁਤ ਜ਼ਰੂਰੀ ਹੈ।

4. ਸਹਿਜ ਅਤੇ ਸੇਵਾ

ਗੁਰੂ ਅਮਰਦਾਸ ਜੀ ਮਹਾਰਾਜ ਦੇ ਜੀਵਨ ਦੀ ਇਹ ਪ੍ਰਸਿੱਧ ਘਟਨਾ ਹੈ, ਕਿ ਗੁਰੂ ਜੀ ਰਾਤ ਦੇ ਪਿਛਲੇ ਪਹਿਰ, ਰੋਜ਼ ਹੀ, ਪਾਣੀ ਲਈ, ਬਿਆਸ ਨਦੀ 'ਤੇ ਜਾਂਦੇ ਸਨ। ਇਕ ਦਿਨ ਰਾਤ ਨੂੰ ਮੀਂਹ ਪੈ ਗਿਆ। ਆਪਣੇ ਨਿਯਮ ਅਨੁਸਾਰ ਗੁਰੂ ਅਮਰਦਾਸ ਜੀ ਪਾਣੀ ਵਾਸਤੇ ਗਏ। ਨਾਲ ਹੀ ਕੁਝ ਜੁਲਾਹਿਆਂ ਦੇ (ਕਪੜਾ ਬੁਣਨ ਵਾਲਿਆਂ) ਦੇ ਘਰ ਸਨ। ਉਨ੍ਹਾਂ ਦੀਆਂ ਖੱਡੀਆਂ ਵਿੱਚ ਪਾਣੀ ਭਰਿਆ ਸੀ। ਹਨੇਰਾ ਕਾਫੀ ਸੀ। ਗੁਰੂ ਜੀ ਪਾਣੀ ਲੈ ਕੇ ਆਏ। ਇਕ ਕਿੱਲੀ ਦਾ ਪੈਰ ਨਾਲ ਠੇਡਾ ਲੱਗ ਗਿਆ। ਸਤਿਗੁਰ ਜੀ ਦਾ ਪੈਰ ਫਿਸਲ ਗਿਆ। ਮੋਢੇ ਤੇ ਪਾਣੀ ਵਾਲੀ ਗਾਗਰ ਨੂੰ ਬਚਾਉਂਦੇ ਹੋਏ, ਖੱਡੀ ਵਿੱਚ ਡਿੱਗ ਗਏ। ਡਿਗਣ ਦਾ ਕਾਫੀ ਖੜਾਕ ਹੋਇਆ। ਨੇੜੇ ਘਰ ਦਾ ਮਾਲਕ, ਜੁਲਾਹਾ ਜਾਗਿਆ ਤੇ ਆਪਣੀ ਧਰਮ ਪਤਨੀ ਨੂੰ ਕਹਿਣ ਲਗਾ। "ਕੁਝ ਖੜਕਾ ਹੋਇਆ ਹੈ, ਕੋਈ ਚੋਰ

ਉਚੱਕਾ ਹੀ ਨਾ ਹੋਵੇ?'' ਉਸ ਦੀ ਪਤਨੀ ਨੇ ਕਿਹਾ, ''ਨਹੀਂ! ਚੁੱਪ ਕਰਕੇ ਸੌਂ ਜਾਉ! ਕੋਈ ਨਹੀਂ, ਇਹ ਤਾਂ ਅਮਰੂ ਨਿਥਾਵਾਂ ਹੈ। ਕੁੜਮਾਂ ਦੇ ਬੂਹੇ ਤੇ ਰੋਟੀ ਖ਼ਾਤਰ ਭਟਕਦਾ ਫਿਰਦਾ ਹੈ, ਨਾ ਉਸ ਨੂੰ ਰਾਤ ਚੈਨ ਨਾ ਦਿਨ।''

ਸਤਿਗੁਰੂ ਮਹਿਮਾਂ ਦੇ ਕਰਤਾ ਨੇ ਇਸ ਘਟਨਾ ਦਾ ਜ਼ਿਕਰ ਬੜੇ ਸੁੰਦਰ ਲਫ਼ਜ਼ਾਂ ਵਿੱਚ ਕੀਤਾ ਹੈ ਕਿ:-

ਜੁਲਾਹੀ- ਯੇ ਅਮਰੂ ਬੇ ਨਵਾ (ਬੇਸਹਾਰਾ ਤੇ ਬੇਘਰ) ਹੋਗਾ,
ਸਦਾ ਹੈ ਭਟਕਦਾ ਫਿਰਤਾ
ਨ ਕਬਹੂੰ ਚੈਨ ਕਰਤਾ ਹੈ, ਬਕਾਰਾ ਹੋ ਤੋ ਐਸਾ ਹੋ॥

ਗੁਰੂ ਜੀ — ਦੀਵਾਨੀ ਕਿਆ ਤੂੰ ਬਕਤੀ ਹੈਂ?
ਗੁਰੂ ਕੀ ਸ਼ਾਨ ਮੇਂ ਚੁਪ ਰਹਿ ਉਸੀ ਦਮ ਹੋ ਗਈ ਪਾਗ਼ਲ,
ਇਸ਼ਾਰਾ ਹੋ ਤੋ ਐਸਾ ਹੋ॥

ਸੇਵਕ ਦੇ ਸਹਿਜ ਬਚਨਾ ਨੇ ਜੁਲਾਹੀ ਨੂੰ ਝੱਲੀ ਕਰ ਦਿੱਤਾ। ਸੋ ਕਹਿਣ ਤੋਂ ਮੁਰਾਦ ਹੈ ਕਿ ਨਿਸ਼ਕਾਮ ਸੇਵਾ, ਹਉਮੈ ਨੂੰ ਖਤਮ ਕਰਦੀ ਹੈ। ਸਤ ਦੀ ਸ਼ਕਤੀ ਨੂੰ ਜਨਮ ਦੇਂਦੀ ਹੈ। ਆਪਣੇ ਵਿੱਚੋਂ ਸਹਿਜ ਪ੍ਰਗਟ ਕਰਦੀ ਹੈ। ਗੁਰੂ ਅਮਰਦਾਸ ਜੀ ਦਾ ਕਹਿਣਾ ਹੈ ਕਿ ਆਪਣੇ ਸਤਿਗੁਰੂ ਦੀ ਸੇਵਾ ਸਫ਼ਲ ਹੈ। ਜੇਕਰ ਮਨ ਕਰਕੇ ਕੀਤੀ ਜਾਇ।

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥
ਨਾਮੁ ਪਦਾਰਥੁ ਪਾਈਐ ਅਚਿੰਤੁ ਵਸੈ ਮਨਿ ਆਇ॥

(ਬਿਹਾਗੜੇ ਮਹਲਾ ੩, ਪੰਨਾ ੫੫੨)

ਇਤਿਹਾਸ ਜ਼ਿਕਰ ਕਰਦਾ ਹੈ ਕਿ ਜਦੋਂ ਦਿਨੇ, ਗੁਰੂ ਅੰਗਦ ਦੇਵ ਜੀ ਦਾ ਦਰਬਾਰ ਲਗਿਆ, ਤਾਂ ਗੁਰ ਅਮਰਦਾਸ ਨੇ, ਗੁਰੂ ਅੰਗਦ ਦੇਵ ਜੀ ਦੇ ਅੱਗੇ ਹੱਥ ਜੋੜ ਕੇ ਆਖਿਆ, ਪਾਤਸ਼ਾਹ! ਅੱਜ ਤਾਂ ਮੈਂ ਡਿੱਗ ਗਿਆ ਹਾਂ। ਗੁਰੂ ਅੰਗਦ ਦੇਵ ਜੀ ਨੇ ਦੁਬਾਰਾ ਪੁਛਿਆ ਕਿ ਅਮਰਦਾਸ ਜੀ! ਤੁਸੀਂ ਅੱਜ ਡਿਗ ਗਏ ਹੋ? ਹਾਂ ਪਾਤਸ਼ਾਹ! ਅੱਜ ਮੈਂ ਡਿਗ ਗਿਆ ਹਾਂ। ਫਿਰ ਸਤਿਗੁਰੂ ਕਹਿਣ ਲੱਗੇ- ''ਅਮਰਦਾਸ ਜੀ! ਮੈਂ ਤਾਂ ਕਦੋਂ ਦਾ ਇਸ ਉਡੀਕ ਵਿੱਚ ਹਾਂ ਕਿ ਤੁਸੀਂ ਡਿੱਗੋ, ਤੇ ਮੈਂ ਤੁਹਾਨੂੰ ਉਠਾਵਾਂ। ਆਪਣੇ ਕੋਲ ਬਿਠਾਵਾਂ। ਤੁਸੀਂ ਡਿਗਦੇ ਹੀ ਨਹੀਂ ਸੀ। ਜੇਕਰ ਡਿਗ ਗਏ ਹੋ ਤਾਂ ਤੁਹਾਡੀ ਸੇਵਾ ਸਫਲ ਹੋ ਗਈ।'' ਸੇਵਾ ਦਾ ਭਾਵ ਹੀ ਇਹ ਹੈ ਕਿ ਬੰਦੇ ਦੇ ਅੰਦਰੋਂ ਹਉਮੈ ਡਿਗ ਜਾਵੇ। ਹਉਮੈ ਡਿਗ ਗਈ ਤਾਂ ਸੇਵਕ, ਸੇਵਕ ਨਹੀਂ। ਫਿਰ ਉਹ ਸੁਆਮੀ ਹੈ। ਸੇਵਾ ਦਾ ਫਲ ਹੀ ਇਹ ਹੈ ਕਿ:-

ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥

(ਸਲੋਕੁ ਮ: ੩, ਪੰਨਾ ੬੪੪)

ਸੇਵਾ ਦੇ ਅਨੇਕਾਂ ਫਲ ਪ੍ਰਾਪਤ ਹੁੰਦੇ ਹਨ। ਮੁੱਖ ਫਲ ਇਹ ਹੈ ਕਿ ਇਨਸਾਨ, ਜਿਸ ਦੀ ਸੇਵਾ ਕਰਦਾ ਹੈ, ਉਸਦਾ ਰੂਪ ਹੀ ਬਣ ਜਾਂਦਾ ਹੈ। ਜੇਕਰ ਗੁਰੂ ਦੀ ਸੇਵਾ ਕਰੇਗਾ ਤਾਂ ਇਕ ਦਿਨ ਸਤਿਗੁਰੂ ਜਿੰਨਾ ਮਾਣ ਪ੍ਰਾਪਤ ਹੋਵੇਗਾ। ਬਸ਼ਰਤਿ ਕਿ ਸੇਵਾ ਭੈ ਤੇ ਭਾਉ ਕਰਕੇ ਹੋਵੇ। ਜਦੋਂ ਦਿਲੋਂ ਪਿਆਰ ਹੋਵੇ ਅਤੇ ਅੱਖਾਂ ਵਿੱਚ ਭੈ ਦੀ ਰੰਗਤ ਹੋਵੇ, ਤਾਂ ਮਾਲਕ ਦੀ ਪ੍ਰਾਪਤੀ ਹੋ ਹੀ ਜਾਂਦੀ ਹੈ। ਗੁਰੂ ਦੀ ਸੇਵਾ ਗੁਲਾਮ (ਬੈਖ਼ਰੀਦ ਗੋਲਾ) ਬਣ ਕੇ ਕਰੇ।

ਗੁਰ ਦੀ ਸੇਵਾ ਚਾਕਰੀ ਭੈ ਰਚਿ ਕਾਰ ਕਮਾਇ॥
ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ॥

(ਬਿਹਾਗੜੇ ਮ: ੩, ਪੰਨਾ ੫੪੯)

ਨਿਸ਼ਕਾਮ ਸੇਵਾ ਗੁਰਮਤਿ ਅਨੁਸਾਰ ਤਪਾਂ ਸਿਰ ਤਪ ਸਾਰ ਹੈ। ਸੱਚਾ ਤੀਰਥ ਹੈ। ਜਿਸ ਦਾ ਸਫਲ ਇਸ਼ਨਾਨ ਹੀ ਮਨੁੱਖ ਨੂੰ ਪਵਿੱਤਰ ਕਰਦਾ ਹੈ।

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥
ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ॥

(ਆਸਾ ਮਹਲਾ ੩, ਪੰਨਾ ੪੨੩)

ਕਬੀਰ ਸਾਹਿਬ ਦਾ ਕਥਨ ਹੈ, ਕਿ ਜਪਨ ਲਈ ਨਾਮ, ਤੇ ਨਹਾਉਣ ਲਈ ਕੋਈ ਤੀਰਥ ਨਹੀਂ, ਬਲਕਿ ਗੁਰੂ ਦੀ ਸੇਵਾ ਹੀ ਸਚਾ ਇਸ਼ਨਾਨ ਹੈ:-

ਪੂਜਹੁ ਰਾਮੁ ਏਕੁ ਹੀ ਦੇਵਾ॥ ਸਾਚਾ ਨਾਵਣੁ ਗੁਰ ਕੀ ਸੇਵਾ॥

(ਆਸਾ ਕਬੀਰ, ਪੰਨਾ ੪੮੪)

ਗੁਰੂ ਅਮਰਦਾਸ ਦਾ ਕਹਿਣਾ ਹੈ ਕਿ ਮਨੁੱਖ ਨੂੰ ਸੇਵਾ ਬੈਖ੍ਰੀਦ ਗੁਲਾਮ ਵਾਂਗ ਕਰਨੀ ਚਾਹੀਦੀ ਹੈ। ਜੇਕਰ ਗੁਲਾਮ ਦੀ ਹੈਸੀਅਤ ਨੂੰ (ਨੌਕਰ ਜਾ ਚਾਕਰ) ਸਮਝ ਕੇ ਸੇਵਾ ਕਰੇ, ਤਾਂ ਨੌਕਰ ਕੋਲ ਮਾਨ ਜਾਂ ਹਉਮੈ ਨਹੀਂ ਹੁੰਦੀ। ਇਨ੍ਹਾਂ ਹਉਮੈ ਹੋਵੇ ਤਾਂ ਸੇਵਕ, ਸੁਆਮੀ ਨੂੰ ਕਦੇ ਨਹੀਂ ਪਾ ਸਕਦਾ।

ਗੁਰੂ ਪਾਤਸ਼ਾਹ ਦਾ ਕਹਿਣਾ ਹੈ:-

ਸੇਵਾ ਕਰੇ ਸੁ ਚਾਕਰੁ ਹੋਇ॥ (ਸੂਹੀ ਮਹਲਾ ੧, ਪੰਨਾ ੭੨੮)

ਮਨੁੱਖ ਚਾਕਰ (ਗੁਲਾਮ) ਨਹੀਂ ਬਣਨਾ ਚਾਹੁੰਦਾ। ਮਨੁੱਖ ਦੇ ਅੰਦਰ ਮਲਕੀਅਤ ਸਮਾਈ ਹੋਈ ਹੈ। ਜੇਕਰ ਨੌਕਰੀ ਵੀ ਕਰਦਾ ਹੈ (ਗੁਲਾਮੀ) ਤਾਂ ਇਸ ਵਾਸਤੇ ਕਰਦਾ ਹੈ ਕਿ ਮੈਂ ਮਾਲਕ ਹੋ ਜਾਵਾਂ। ਘੱਟੋ ਘੱਟ ਇਕ ਮਕਾਨ ਦਾ ਹੀ ਮਾਲਕ ਹੋਵਾਂ। ਜੋ ਚਾਕਰ

ਹੈ ਉਸ ਅੰਦਰ ਵੀ ਲਾਲਸਾ ਮਾਲਕੀ ਦੀ ਹੈ। ਲਾਲਸਾ ਮਜ਼ਦੂਰ ਦੀ ਵੀ ਇਹ ਹੈ ਕਿ ਕਿਸੇ ਇੰਡਸਟ੍ਰੀ ਦਾ ਮਾਲਕ ਮੈਂ ਵੀ ਬਣ ਜਾਵਾਂ। ਅੰਤ ਤਕ ਆਦਮੀ ਇਹੋ ਚਾਹੁੰਦਾ ਹੈ ਕਿ ਮੈਂ ਮਾਲਕ ਬਣ ਜਾਵਾਂ। ਬਹੁਤ ਦੁਨੀਆਂ ਮਾਲਕ ਨਹੀਂ ਬਣ ਰਹੀ। ਕਿਉਂਕਿ ਸੇਵਾ, ਸੇਵਕ ਬਣ ਕੇ ਨਹੀਂ ਹੁੰਦੀ। ਸੇਵਾ, ਸੁਆਰਥ ਸਿੱਧੀ ਵਾਸਤੇ ਹੁੰਦੀ ਹੈ।

ਇਤਿਹਾਸ ਗਵਾਹ ਹੈ, ਕਿ ਭਾਈ ਲਹਿਣੇ ਨੇ ਪੂਰਨ ਸਫਲ ਸੇਵਾ ਹੀ ਕੀਤੀ। ਜਿਸ ਸਦਕਾ, ਲਹਿਣੇ ਤੋਂ ਗੁਰੂ ਅੰਗਦ ਹੋ ਗਏ। ਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਵਿੱਚ ਸਫ਼ਲ ਸੇਵਾ ਹੀ ਸੁਆਮੀ ਦੀ ਪਦਵੀ ਤਕ ਪਹੁੰਚਾ ਸਕਦੀ ਹੈ।

ਗੁਰੂ ਅਮਰਦਾਸ ਜੀ ਦੀ ਨਿਯਮ ਬਧ ਸੇਵਾ ਹੀ ਸਫ਼ਲ ਹੋਈ। ਇਕ ਦਿਨ ਅਮਰੂ ਨਿਥਾਵਾਂ, ਸੇਵਾ ਦਾ ਸਦਕਾ ਸਹਿਜ ਪਦ ਨੂੰ ਪ੍ਰਾਪਤ ਹੋਇਆ। ਅਮਰੂ ਨਿਥਾਵਾਂ ਕਹਿਣ ਵਾਲੇ ਸਤਿਕਾਰ ਨਾਲ ਕਹਿਣ ਲੱਗੇ-

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥

(ਸਵਈਏ ੩ (ਭਲੂ)ਪੰਨਾ ੧੩੯੬)

ਹਉਮੈ ਰਹਿਤ ਹੋ ਕੇ ਕੀਤੀ ਸੇਵਾ ਦਾ ਹੀ ਕ੍ਰਿਸ਼ਮਾ ਸੀ ਕਿ ਜੇਠਾ ਯਤੀਮ:- (ਗੁਰੂ ਰਾਮਦਾਸ) ਇਕ ਦਿਨ ਬੜੇ ਸਨਮਾਨ ਦੀ ਪਦਵੀ ਨੂੰ ਪ੍ਰਾਪਤ ਹੋਏ।

ਧੰਨੁ ਧੰਨੁ ਰਾਮਦਾਸ ਗੁਰ ਜਿਨਿ ਸਿਰਿਆ ਤਿਨੈ ਸਵਾਰਿਆ॥

(ਰਾਮਕਲੀ ਵਾਰ, ਪੰਨਾ ੯੬੮)

ਗੁਰੂ ਅੰਗਦ ਦੇਵ ਜੀ ਦਾ ਆਪਣਾ ਤਜ਼ਰਬਾ ਹੈ ਕਿ ਸੇਵਕ ਤੋਂ ਸਤਿਗੁਰੂ ਤਕ ਦੀ ਯਾਤਰਾ ਤੈਅ ਕਰਨ ਵਾਸਤੇ, ਹਉਮੈ ਰਹਿਤ ਸੇਵਾ ਦੇ ਸਹਾਰੇ ਦੀ ਲੋੜ ਹੈ:-

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥ ੧॥

(ਸਲੋਕ ਮਹਲਾ ੨, ਪੰਨਾ ੪੭੪)

ਗੁਰੂ ਨੂੰ ਉਹੀ ਪਰਵਾਨ ਹੋ ਸਕਦਾ ਹੈ, ਜਿਸ ਦੀ ਸੇਵਾ ਕੀਤੀ ਸਫ਼ਲ ਹੈ। ਸਫ਼ਲ ਸੇਵਾ ਉਹ ਹੈ ਜਿਹੜੀ ਸੇਵਾ ਨਾਲ ਸਤਿਗੁਰ ਪ੍ਰਸੰਨ ਹੋਵੇ। ਸਤਿਗੁਰੂ ਦੀ ਪ੍ਰਸੰਨਤਾ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗਿਆਨ ਦੀ ਪ੍ਰਾਪਤੀ ਨਾਲ ਪਾਪ ਤੇ ਸੰਸਕਾਰ ਧੁਪਦੇ ਹਨ। ਪਾਵਨ ਕਥਨ:-

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥

(ਗਉੜੀ ਵਾਰ ਮਹਲਾ ੪, ਪੰਨਾ ੩੧੪)

ਦੁਨੀਆਂ ਵਿਚ ਬਹੁਤ ਵਾਰੀ, ਸੇਵਾ ਦੇ ਨਾਮ 'ਤੇ ਵਪਾਰ ਹੁੰਦਾ ਹੈ। ਸੇਵਾ ਯੋਗ ਥਾਂਵਾਂ ਤੇ ਸੇਵਾਦਾਰਾਂ ਦੇ ਰੂਪ ਵਿੱਚ ਵਪਾਰੀ ਲੋਕ ਮਿਲਦੇ ਹਨ। ਇਸ ਤਰ੍ਹਾਂ ਦੇ ਸੇਵਾਦਾਰ ਜੋ ਸੁਆਰਥੀ ਹੁੰਦੇ ਹਨ, ਉਹ ਫਿਰ ਸੇਵਾ ਯੋਗ ਥਾਵਾਂ ਨੂੰ ਵੀ ਦੁਕਾਨ ਹੀ ਬਣਾ ਛੱਡਦੇ ਹਨ। ਆਮ ਦੁਨੀਆਂ ਨੂੰ ਉਨ੍ਹਾਂ ਬਾਰੇ ਇਹ ਭੁਲੇਖਾ ਹੁੰਦਾ ਹੈ ਕਿ ਇਹ ਬਹੁਤ ਵੱਡੇ ਸੇਵਕ ਹਨ। ਉਨ੍ਹਾਂ ਨੂੰ ਦਿੱਤੀ ਹੋਈ ਸੇਵਾ ਹੀ ਯੋਗ ਹੈ। ਪਰ ਹੁੰਦਾ ਇਸ ਤੋਂ ਉਲਟ ਹੈ। ਨਤੀਜਾ ਇਹ ਹੁੰਦਾ ਹੈ, ਸੇਵਕਾਂ ਦੇ ਮਹਿਲ ਬਣ ਜਾਂਦੇ ਹਨ ਤੇ ਸੇਵਾ ਬਦਨਾਮ ਹੋ ਜਾਂਦੀ ਹੈ। ਇਸ ਤਰ੍ਹਾਂ ਦੇ ਸੇਵਕ ਗੱਲਾਂ ਦੇ ਗਿਆਨ ਵਿੱਚ ਬਹੁਤ ਮਾਹਰ ਤੇ ਝਗੜਾਲੂ ਹੁੰਦੇ ਹਨ। ਲੋਕਾਂ ਦੀ ਨਜ਼ਰ ਵਿੱਚ ਤਾਂ ਸੇਵਕ ਜਾਪਦੇ ਹਨ, ਪਰ ਗੁਰੂ ਨੂੰ ਨਹੀਂ ਭਾਉਂਦੇ। ਗੁਰੂ ਅੰਗਦ ਦੇਵ ਦਾ ਪਾਵਨ ਕਥਨ ਹੈ:--

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥

(ਆਸਾ ਦੀ ਵਾਰ, ਪੰਨਾ ੪੭੪)

ਸਾਖੀ —

ਗੁਰੂ ਨਾਨਕ ਦੇਵ ਜੀ ਦਾ ਮੋਦੀਖਾਨਾ ਸਦਾ ਯਾਦ ਰਹਿਣਾ ਚਾਹੀਦਾ ਹੈ। ਇਤਿਹਾਸਕ ਕਥਾ ਇਹ ਹੈ ਕਿ ਗੁਰੂ ਨਾਨਕ ਜਦੋਂ ਮੋਦੀਖਾਨੇ ਵਿੱਚ ਲੋਕਾਂ ਨੂੰ ਅਨਾਜ ਵੰਡਦੇ ਸਨ, ਤਾਂ ਤੇਰਾ ਤੇਰਾ, ਨਾਮ ਦੀ ਧੁਨ ਬਣਾ ਦੇਂਦੇ ਸਨ। ਫਿਰ ਉਸ ਤੇਰਾ ਤੇਰਾ, ਧੁਨ ਦੀ ਮਸਤੀ 'ਚ ਹੀ ਤਕੜੀ ਨੂੰ ਤੋਲਦੇ ਸਨ। ਹੁਣ ਇਕ ਸਵਾਲ ਸਪਸ਼ਟ ਹੋਇਆ ਹੈ ਕਿ ਗੁਰੂ ਨਾਨਕ ਦੇਵ ਜੀ, ਦੁਕਾਨ 'ਤੇ ਤੱਕੜੀ ਤੋਲਦੇ ਵੀ ਤੇਰਾ ਹੀ ਤੇਰਾ ਕਹਿੰਦੇ ਹਨ। ਤੇਰਾ ਤੇਰਾ ਵਿੱਚ ਸੇਵਾ ਦੀ ਭਾਵਨਾ (ਜਜ਼ਬਾ) ਹੈ।

ਪਰ ਐਨ ਇਸ ਤੋਂ ਉਲਟ ਅੱਜ ਦਾ ਅਖੌਤੀ ਸੇਵਕ ਜੋ ਸੇਵਾਦਾਰ ਹੈ, ਉਸ ਦੇ ਹੱਥ ਵਿੱਚ ਮਾਲਾ ਹੈ। ਬੈਠਾ ਵੀ ਸੇਵਾ ਯੋਗ ਥਾਂ 'ਤੇ ਹੈ। ਪਰ ਮਾਲਾ ਦੇ ਮਣਕੇ ਨਾਲ ਵੀ ਅੰਦਰੋਂ ਤੇਰਾ ਹੀ ਤੇਰਾ ਦੀ ਭਾਵਨਾ ਨਹੀਂ ਪੈਦਾ ਹੁੰਦੀ। ਭਾਵਨਾ ਅੰਦਰ ਇਹ ਹੈ ਕਿ ਕੁਝ ਮੇਰਾ ਹੀ ਮੇਰਾ ਹੋ ਜਾਵੇ ਤਾਂ ਚੰਗਾ ਹੈ। ਗੁਰੂ ਅੰਗਦ ਦੇਵ ਜੀ ਦਾ ਕਹਿਣਾ ਹੈ, ਕਿ ਇਹ ਕਿਹੋ ਜਿਹੀ ਸੇਵਾ ਹੈ, ਜਿਸ ਨਾਲ ਮਾਲਕ ਦਾ ਡਰ ਹੀ ਨਹੀਂ ਹੈ। ਮਾਲਕ ਦੇ ਭਉ ਵਿੱਚ ਰਹਿ ਕੇ ਕੀਤੀ ਹੋਈ ਸੇਵਾ ਹੀ ਸੇਵਕ ਨੂੰ ਸੁਆਮੀ ਨਾਲ ਮਿਲਾਉਣ ਵਿੱਚ ਸਹਾਇਕ ਹੁੰਦੀ ਹੈ।

ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ॥

ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ॥ ੨ ॥

(ਆਸਾ ਦੀ ਵਾਰ, ਪੰਨਾ ੪੭੫)

ਬਿਨਾ ਗਰੀਬੀ ਭਗਤ ਨਹਿ, ਜਿਸ ਤੇ ਕਲਿ ਮਹਿ ਸੂਜ॥
ਟਿਬਹਿ ਊਚ ਨਾ ਜਾਮਈ, ਕ੍ਰਿਸ਼ੀ ਬੀਜ ਜੋ ਦੇਯ॥

(ਸ੍ਰੀ ਗ੍ਰ. ਪ੍ਰ. ਸੂ. ੨੦੨੭)

ਸਿਆਣਿਆ ਦਾ ਕਥਨ ਹੈ ਕਿ:-

ਹਰਕਿ ਖਿਦਮੱਤ ਕਰਦ, ਓ ਮਖਦੂਮ ਸ਼ੁੱਦ॥
ਹਰਕਿ ਖ਼ੁਦ ਰਾਦੀਦ, ਓ ਮਹਰੂਮ ਸ਼ੁੱਦ॥

(ਇਕ ਵਿਦਵਾਨ)

ਭਾਵ-ਕਿ ਜਿਸਨੇ ਮਨ, ਬਚਨ ਤੇ ਕਰਮ ਕਰਕੇ ਨਿਸ਼ਕਾਮ ਸੇਵਾ ਕੀਤੀ। ਉਹ ਮਾਲਕ ਹੋ ਗਿਆ ਅਤੇ ਬਜ਼ੁਰਗੀ ਵੀ ਉਸੇ ਨੂੰ ਪ੍ਰਾਪਤ ਹੋਈ। ਪਰ ਜੋ ਮਾਨ ਤੇ ਅਭਿਮਾਨ ਵਿੱਚ ਗ੍ਰਸਿਆ ਹੋਇਆ ਸੇਵਾ ਕਰਦਾ ਹੈ, ਉਹ ਇਸ ਤਰ੍ਹਾਂ ਖਾਲੀ ਰਹਿੰਦਾ ਹੈ ਜਿਵੇਂ ਉੱਚੀ ਥਾਂ (ਟਿੱਬੇ) ਤੇ ਮੀਂਹ ਪੈਣ ਨਾਲ ਵੀ ਪਾਣੀ ਨਹੀਂ ਰੁਕਦਾ। ਟਿੱਬਾ ਖਾਲੀ ਰਹਿੰਦਾ ਹੈ।

ਸੇਵਾ ਹੈ ਕੀ? ਕਿਸੇ ਨੂੰ ਸਰੀਰਕ ਤੌਰ ਤੇ ਸੁਖ ਦੇਣਾ ਤਨ ਦੀ ਸੇਵਾ ਹੈ। ਕਿਸੇ ਦੇ ਮਾਨਸਿਕ ਦੁਖ ਵਿੱਚ ਹਮਦਰਦ ਹੋਣਾ ਮਨ ਦੀ ਸੇਵਾ ਹੈ। ਕਿਸੇ ਦੀ ਆਰਥਿਕ ਤੌਰ ਤੇ ਧਨ ਨਾਲ ਸੇਵਾ ਕਰਨੀ ਇਹ ਧਨ ਦੀ ਸੇਵਾ ਹੈ। ਆਪਣਾ ਕੰਮ ਵਿਗਾੜ ਕੇ ਵੀ ਦੂਜੇ ਦਾ ਸਵਾਰਨਾ, ਇਹ ਪਰਉਪਕਾਰ ਹੈ। ਕਿਸੇ ਰੂਪ ਵਿੱਚ ਕੁਝ ਹਰਜ ਕੀਤੇ ਤੋਂ ਬਿਨਾਂ ਦੂਜੇ ਦੀ ਸਹਾਇਤਾ ਨਹੀਂ ਕੀਤੀ ਜਾ ਸਕਦੀ। ਕਿਸੇ ਨੂੰ ਅੱਗ ਵਿੱਚੋਂ ਕਢੱਣਾ ਹੋਵੇ ਤਾਂ ਆਪ ਅੱਗ ਵਿਚ ਵੜਨਾ ਪੈਂਦਾ ਹੈ। ਵਰਨਾਂ ਬਚਾਇਆ ਨਹੀਂ ਜਾ ਸਕਦਾ ਹੈ।

5. ਸੁਆਰਥ ਤੇ ਸੇਵਾ

ਸੇਵਾ ਕੁਰਬਾਨੀ ਮੰਗਦੀ ਹੈ। ਸੇਵਾ ਤਿਆਗ ਵੀ ਮੰਗਦੀ ਹੈ। ਲੋਭੀ ਤੇ ਸੁਆਰਥੀ ਲੋਕ ਸੇਵਾ ਨਹੀਂ ਕਰ ਸਕਦੇ। ਜੇਕਰ ਲੋਭੀ ਤੇ ਸੁਆਰਥੀ ਬੰਦਾ ਸੇਵਾ ਕਰਦਾ ਵੀ ਹੈ, ਤਾਂ ਸੇਵਾ ਵਿੱਚੋਂ ਉਹ ਲੋਭ ਪੂਰਤੀ ਕਰੇਗਾ ਤੇ ਸੁਆਰਥ ਕਢੇਗਾ। ਫਿਰ ਸੇਵਾ ਤੋਂ ਹਟ ਜਾਵੇਗਾ। ਕੰਜੂਸ ਤੇ ਨਿਰਧਨ ਲੋਕ ਸੇਵਾ ਨਹੀਂ ਕਰ ਸਕਦੇ। ਜਿਨ੍ਹਾਂ ਹਿਰਦਿਆਂ ਵਿੱਚ ਪ੍ਰੇਮ ਤੇ ਪ੍ਰਾਰਥਨਾ ਹੁੰਦੀ ਹੈ, ਉਨ੍ਹਾਂ ਹਿਰਦਿਆਂ ਤੋਂ ਸੇਵਾ ਸੁਭਾਵਕ ਹੀ ਪੈਦਾ ਹੁੰਦੀ ਹੈ। ਜਿਵੇਂ ਪ੍ਰੇਮ ਦੀ ਕੋਈ ਸ਼ਰਤ ਨਹੀਂ ਹੁੰਦੀ। ਇਵੇਂ ਹੀ ਸੇਵਕ ਵੀ ਬੇ ਗਰਜ ਤੇ

ਇਨਸਾਨੀਅਤ ਨੂੰ ਮੁੱਖ ਰੱਖਕੇ ਸੇਵਾ ਕਰਦਾ ਹੈ। ਜੇਕਰ ਪ੍ਰੇਮ ਨੂੰ ਵਲਗਣ ਵਿੱਚ ਘੇਰਨ ਦਾ ਯਤਨ ਕੀਤਾ ਜਾਵੇ, ਤਾਂ ਉਹ ਪ੍ਰੇਮ ਮੋਹ ਦਾ ਬੰਧਨ ਹੋ ਜਾਏਗਾ। ਜੇਕਰ ਸੇਵਾ ਦੀ ਵੀ ਸੀਮਿਤ ਹੱਦ ਬੰਨ੍ਹੀ ਜਾਵੇ ਤਾਂ ਸੇਵਾ ਵਿੱਚ ਅਹੰਕਾਰ ਤੇ ਲੋਭ ਆ ਜਾਵੇਗਾ ਸੇਵਾ ਦਾ ਸਰੂਪ ਵਿਗੜ ਕੇ ਕਰੂਪ ਹੋਏਗਾ। ਸੋ ਸਾਰੇ ਜੀਵ ਤਾਂ ਪ੍ਰਮਾਤਮਾ ਦੇ ਹਨ। ਪਰ ਸੇਵਾ ਉਸੇ ਸੇਵਕ ਦੀ ਫਲ ਪਰਦਾਤੀ ਹੈ। ਜੋ ਨਿਮਰ ਤੇ ਨਿਸ਼ਕਾਮ ਸੇਵਾ ਕਰਦਾ ਹੈ।

ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ॥

(ਆਸਾ ਮਹਲਾ ੧, ਪੰਨਾ ੩੫੪)

ਨਿਹਕਪਟ ਸੇਵਾ ਕੀਜੈ ਹਰਿ ਕੇਰੀ
ਤਾਂ ਮੇਰੇ ਮਨ ਸਰਬ ਸੁਖ ਪਈਐ॥

(ਗੋਂਡ ਮਹਲਾ ੪, ਪੰਨਾ ੮੬੧)

ਅੰਗਰੇਜ਼ੀ ਦੇ ਮਾਹਿਰਾਂ ਨੇ ਸੇਵਾ ਦੇ ਅਰਥ ਇਸ ਤਰ੍ਹਾਂ ਬਿਆਨ ਕੀਤੇ ਨੇ ਕਿ:-

ਸਰਵਿਸ ਆਫ ਹਿਊਮੈਨਿਟੀ ਇਜ਼ ਸਰਵਿਸ ਆਫ਼ ਗਾਡ.

ਭਾਵ ਕਿ- ਸੰਸਾਰ ਦੀ ਸੇਵਾ ਹੀ ਕਰਤਾਰ ਦੀ ਸੇਵਾ ਹੈ। ਇਨ੍ਹਾਂ ਹੀ ਅਰਥਾਂ ਵਿੱਚ ਇਕ ਫ਼ਾਰਸੀ ਦੇ ਆਲਮ ਨੇ ਕਿਹਾ ਹੈ ਕਿ:-

"ਖਿਦਮਤਿ ਖਾਲਿਕ, ਬਜ਼ੁਜ ਖਿਦਮਤਿ ਖਲਕ, ਨੇਸ਼ਤ"

(ਇਕ ਵਿਦਵਾਨ)

ਸੇਵਾ ਹਮੇਸ਼ਾਂ ਨੇਕ ਪੁਰਸ਼ਾਂ ਦੇ ਹਿੱਸੇ ਹੀ ਆਈ ਹੈ। ਨੇਕੀ ਦਾ ਮੁਢ ਕਦੀਮਾਂ ਤੋਂ ਇਹ ਅਸੂਲ ਰਿਹਾ ਹੈ ਕਿ ਇਸ ਸੰਸਾਰ ਨੂੰ ਜਿੰਨਾ ਸੋਹਣਾ ਬਣਾਇਆ ਜਾਵੇ ਬਣਾਵੋ। ਉਂਞ ਇਹ ਸੰਸਾਰ ਇਕ ਰੈਣ ਬਸੇਰੇ ਦੀ ਤਰ੍ਹਾਂ ਹੈ। ਚਲੇ ਇਥੋਂ ਸਭ ਨੇ ਜਾਣਾ ਹੈ। ਜੋ ਇਸ ਸੰਸਾਰ ਦੇ ਸੁਖਾਂ ਲਈ ਕੁਝ ਕਰ ਜਾਂਦਾ ਹੈ, ਉਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਇੱਜ਼ਤ ਪਿਆਰ ਨਾਲ ਯਾਦ ਕਰਦੀਆਂ ਹਨ। ਪਰ ਕਈ ਇਸ ਤਰ੍ਹਾਂ ਦੇ ਲੋਕ ਵੀ ਸੰਸਾਰ ਵਿੱਚ ਆਉਂਦੇ ਹਨ, ਕਿ ਉਨ੍ਹਾਂ ਕੋਲ ਬਹੁਤ ਚੰਗੇ ਵਸੀਲੇ ਤੇ ਮੌਕੇ ਹੁੰਦੇ ਹਨ। ਚਾਹੁਣ ਤੇ ਉਹ ਇਸ ਦੁਨੀਆਂ ਨੂੰ ਸਵਰਗ ਬਣਾ ਸਕਦੇ ਹਨ। ਪਰ ਦੁਰਭਾਗ ਵਸ ਉਹ ਆਪਣੀ ਵੀ ਸੇਵਾ ਨਾ ਕਰ ਸਕੇ, ਦੂਜਿਆਂ ਲਈ ਉਨ੍ਹਾਂ ਨੇ ਕਰਨਾ ਹੀ ਕੀ ਸੀ? ਇਸ ਤਰ੍ਹਾਂ ਦੇ ਲੋਕਾਂ ਨੂੰ ਆਉਣ ਵਾਲੀਆਂ ਨਸਲਾਂ ਮੁਆਫ਼ ਨਹੀਂ ਕਰਦੀਆਂ।

ਸਾਖੀ—

ਇਕ ਲੋਕ ਕਥਾ ਹੈ ਇਕ ਮੁਸਾਫ਼ਰਖ਼ਾਨੇ ਵਿੱਚ ਰਾਤ ਵੇਲੇ ਕੁਝ ਮੁਸਾਫ਼ਰ ਰਾਤ ਕੱਟਣ ਵਾਸਤੇ ਠਹਿਰੇ। ਉਹ ਮੁਸਾਫ਼ਰਖ਼ਾਨਾ ਬੜਾ ਸੋਹਣਾ ਸੀ। ਕਮਰੇ ਸਾਫ਼ ਤੇ

ਰੰਗਦਾਰ ਸਨ। ਫਰਸ਼ ਬਹੁਤ ਵਧੀਆ ਲੱਗੇ ਸਨ, ਬਿਜਲੀ ਪਾਣੀ ਦਾ ਚੰਗਾ ਪ੍ਰਬੰਧ ਸੀ। ਇਸ ਤਰ੍ਹਾਂ ਦਾ ਸੁੰਦਰ ਅਸਥਾਨ ਕਈ ਮੁਸਾਫਰਾਂ ਨੂੰ ਆਪਣੇ ਘਰ ਵੀ ਪ੍ਰਾਪਤ ਨਹੀਂ ਸੀ।

ਆਪੋ ਆਪਣੇ ਕਮਰੇ ਵਿੱਚ ਮੁਸਾਫਰ ਟਿਕ ਗਏ। ਇਕ ਮੁਸਾਫਰ ਨੇ ਆਪਣੀ ਧਰਮ ਪਤਨੀ ਨੂੰ ਕਿਹਾ ਕਿ ਭਾਵੇਂ ਕਮਰੇ ਸਾਫ ਹੀ ਹਨ, ਪਰ ਫਿਰ ਵੀ ਸਾਨੂੰ ਹੋਰ ਸਫਾਈ ਲਈ ਝਾੜੂ ਫੇਰ ਲੈਣਾ ਚਾਹੀਦਾ ਹੈ। ਪਤਨੀ ਬੋਲੀ ਚਲੋ ਛਡੋ ਜੀ! ਇਹ ਕਿਹੜਾ ਸਾਡਾ ਆਪਣਾ ਘਰ ਹੈ, ਜੋ ਐਵੇਂ ਖੱਪਦੇ ਰਹੀਏ। ਅਖੀਰ ਤਾਂ ਮੁਸਾਫਰਖਾਨਾ ਹੀ ਹੈ ਨਾ? ਰਾਤ ਕੱਟ ਕੇ ਸਵੇਰੇ ਚਲੇ ਜਾਣਾ ਹੈ। ਪਤੀ ਚੁੱਪ ਹੀ ਰਿਹਾ 'ਤੇ ਉਨ੍ਹਾਂ ਨੇ ਉਸੇ ਤਰ੍ਹਾਂ ਹੀ ਬਿਸਤਰੇ ਵਿੱਛਾ ਲਏ। ਜਦੋਂ ਖਾਣ ਪੀਣ ਦਾ ਸਮਾਨ ਆਇਆ ਤਾਂ ਵੀ ਛਿਲਕੇ ਉਥੇ ਹੀ ਸੁੱਟ ਦਿਤੇ ਗਏ। ਹੋਰ ਵੀ ਜੂਠ ਆਦਿ ਖਿਲਾਰ ਦਿੱਤੀ ਗਈ। ਹੋਰ ਵੀ ਸਰੀਰ ਦੀਆਂ ਮਮੂਲੀ ਲੋੜਾਂ ਅੰਦਰੇ ਹੀ ਪੂਰੀਆਂ ਕੀਤੀਆਂ ਗਈਆਂ। ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਸਮਾਨ ਬੰਨ ਕੇ ਮੁਸਾਫਰ ਚਲਦੇ ਬਣੇ। ਦਰਵਾਜ਼ੇ ਬੰਦ ਕਰ ਗਏ।

ਨਾਲਦੇ ਕਮਰੇ ਵਿੱਚ ਵੀ ਇਕ ਮੁਸਾਫਰ ਜੋੜਾ ਠਹਿਰਿਆ ਹੋਇਆ ਸੀ। ਉਨ੍ਹਾਂ ਦੀ ਬਿਰਤੀ ਇਨ੍ਹਾਂ ਮੁਸਾਫਰਾਂ ਤੋਂ ਵਖਰੀ ਸੀ। ਇਸ ਮੁਸਾਫਰ ਜੋੜੀ ਨੇ ਪਹਿਲਾਂ ਉਸ ਮੁਸਾਫਰਖਾਨੇ ਦੀ ਖੂਬਸੂਰਤੀ ਦੀ ਉਸਤਤ ਕੀਤੀ। ਫਿਰ ਉਨ੍ਹਾਂ ਮੁਸਾਫਰਖਾਨਾ ਬਨਾਉਣ ਵਾਲੇ ਦੀ ਵਡਿਆਈ ਕੀਤੀ। ਸਾਫ ਥਾਂ ਨੂੰ ਹੋਰ ਸਾਫ ਕਰਨ ਵਾਸਤੇ ਝਾੜੂ ਫੇਰਿਆ। ਖਾਣ ਪੀਣ ਸਮੇਂ ਵੀ ਜੂਠੇ ਛਿੱਲਕੇ ਤੇ ਹੋਰ ਫੋਕਟ ਬਾਹਰ ਸੁਟਿਆ ਗਿਆ। ਹੋਰ ਸਰੀਰਕ ਲੋੜਾਂ ਵੀ ਨੀਯਤ ਥਾਂ ਤੇ ਪੂਰੀਆਂ ਕੀਤੀਆਂ। ਸੌਣ ਤੋਂ ਪਹਿਲਾਂ ਰਲਕੇ ਵਿਚਾਰ ਕਰਨ ਲੱਗੇ, ਕਿ ਮੁਸਾਫਰਖਾਨਾ ਸੁੰਦਰ ਤੇ ਸਾਫ਼ ਹੈ। ਕਿਸੇ ਪਰਉਪਕਾਰੀ ਨੇ ਮੁਸਾਫਰਾਂ ਦੇ ਸੁਖ ਲਈ ਇਹ ਬਣਾਇਆ ਹੈ। "ਕੇਹਾ ਚੰਗਾ ਹੁੰਦਾ ਜੇ ਸਾਡੀ ਵੀ ਪਹੁੰਚ (ਤੌਫ਼ੀਕ) ਹੁੰਦੀ। ਅਸੀਂ ਉਸ ਤਰ੍ਹਾਂ ਦੀ ਲੋਕ ਸੇਵਾ ਕਰ ਸਕਦੇ।" ਪਤਨੀ ਨੇ ਕਿਹਾ ਕਿ ਏਡਾ ਵੱਡਾ ਉਪਕਾਰ ਕਰਨਾ ਸਾਡੀ ਸਮਰੱਥਾ ਤੋਂ ਪਰ੍ਹੇ ਹੈ। ਪਰ ਇਸ ਮਹਾਨ ਉਪਕਾਰ ਵਿਚ ਵਿਤ ਅਨੁਸਾਰ ਹਿੱਸਾ ਪਾ ਜਾਣਾ ਇਨਸਾਨੀਅਤ ਫਰਜ਼ ਹੈ। ਇਹ ਸੋਚ ਕੇ ਉਨ੍ਹਾਂ ਨੇ ਜੋ ਵੀ ਸੇਵਾ ਮੁਸਾਫਰਖ਼ਾਨੇ ਦੀ ਸਫਾਈ ਤੇ ਸ਼ੋਭਾ ਵਧਾਉਣ ਲਈ ਕਰ ਸਕਦੇ ਸਨ ਕੀਤੀ। ਜਾਣ ਲਗੇ ਕੁਝ ਸੋਹਣੀਆਂ ਤਸਵੀਰਾਂ ਜੋ ਉਨ੍ਹਾਂ ਦੇ ਬਕਸੇ ਵਿੱਚ ਸਨ। ਕਮਰੇ ਦੀ ਸੁੰਦਰਤਾ ਨੂੰ ਵਧਾਉਣ ਹਿੱਤ ਦੀਵਾਰਾਂ ਤੇ ਲਟਕਾ ਗਏ।

ਸੂਰਜ ਚੜ੍ਹੇ ਨਾਲ ਮੁਸਾਫਰਖ਼ਾਨੇ ਦੇ ਮਾਲਕ ਨੇ ਸਦਾ ਵਾਂਗ ਬੰਦ ਦਰਵਾਜ਼ਿਆਂ ਦੇ ਬੂਹੇ ਖੋਲੇ। ਜਦ ਉਸ ਦੀ ਨਿਗਾਹ ਉਸ ਕਮਰੇ ਤੇ ਪਈ, ਜੋ ਉਨ੍ਹਾਂ ਆਲਸੀਆਂ ਦਾ ਸੀ, ਜਿਸ ਨੂੰ ਉਹ ਮੈਲਾ ਕਰਕੇ ਤੁਰ ਗਏ ਸਨ। ਤਾਂ ਉਸਨੇ ਕਿਹਾ ਦੁਰਭਾਗ ਵੱਸ ਕਿਹੋ

ਜੇਹੇ ਆਲਸ ਦੇ ਮਾਰੇ ਮੁਸਾਫਰ ਆ ਜਾਂਦੇ ਹਨ। ਜਾਣ ਲਗੇ ਕਮਰਾ ਸਾਫ਼ ਤੇ ਕੀ ਕਰਨਾ ਹੈ, ਆਪਣੀ ਜੂਠ ਵੀ ਖਲਾਰ ਕੇ ਚਲੇ ਜਾਂਦੇ ਹਨ। ਮੁਸਾਫਰਖ਼ਾਨੇ ਦੀ ਸੂਰਤ ਹੀ ਵਿਗਾੜ ਜਾਂਦੇ ਹਨ। ਇਸ ਤਰ੍ਹਾਂ ਦੇ ਮੁਸਾਫਰ ਤਾਂ ਨਿਜ ਆਉਣ।

ਪਰ ਜਦੋਂ ਉਸਨੇ ਅਗਲਾ ਕਮਰਾ ਖੋਲ੍ਹ ਕੇ ਵੇਖਿਆ ਤਾਂ ਬੜਾ ਹੈਰਾਨ ਹੋਇਆ। ਇਸ ਤਰ੍ਹਾਂ ਸਜਿਆ ਸੰਵਾਰਿਆ ਸੀ, ਉਹ ਕਮਰਾ ਜਿਵੇਂ ਕਿਸੇ ਦਾ ਨਿਜੀ ਮਕਾਨ ਹੋਵੇ। ਤਾਂ ਉਹ ਸੁਭਾਵਕ ਕਹਿ ਉਠਿਆ, ਹੇ ਪ੍ਰਭੂ! ਇਸ ਤਰ੍ਹਾਂ ਦੇ ਮੁਸਾਫਰ ਰੋਜ਼ ਭੇਜਿਆ ਕਰੋ। ਜੋ ਰਾਤ ਕੱਟ ਜਾਣ ਤੇ ਇਸ ਮੁਸਾਫਰਖ਼ਾਨੇ ਨੂੰ ਸਜਾ ਜਾਣ। ਇਹੋ ਜਿਹੇ ਭਲੇ ਲੋਕਾਂ ਦੇ ਆਉਣ ਨਾਲ ਸ਼ੋਭਾ ਵਧਦੀ ਹੈ। ਅਤੇ ਦੁਨੀਆਂ ਨੂੰ ਸੁੱਖ ਮਿਲਦਾ ਹੈ।

ਦੁਨੀਆਂ ਇਕ ਮੁਸਾਫਰਖ਼ਾਨਾ ਹੈ ਜਿਸ ਵਿੱਚ ਮਨੁੱਖ ਜੀਵਨ ਦੀ ਰਾਤ ਕੱਟਣ ਲਈ ਆਉਂਦਾ ਹੈ। ਅਖੀਰ ਇਥੋਂ ਚਲਿਆ ਹਰੇਕ ਕੋਈ ਜਾਂਦਾ ਹੈ:-

ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ॥

(ਸਿਰੀਰਾਗੁ ਮਹਲਾ ੫, ਪੰਨਾ ੫੦)

6. ਸੱਚੀ ਤੇ ਸੁੱਚੀ ਸੇਵਾ

ਜੋ ਇਸ ਦੁਨੀਆਂ ਦੇ ਮੁਸਾਫਰਖ਼ਾਨੇ ਨੂੰ ਆਲਸੀ ਤੇ ਸੁਸਤ ਲੋਕ ਮੈਲਿਆਂ ਕਰ ਛੱਡਦੇ ਹਨ, ਉਨ੍ਹਾਂ ਦੇ ਸੁਆਰਥ ਤੇ ਦਲਿੱਦਰ ਕਰਕੇ ਇਸ ਦੁਨੀਆਂ ਦੀ ਸੂਰਤ ਵਿਗੜ ਜਾਂਦੀ ਹੈ। ਐਸੇ ਲੋਕ ਕੂੜਾ ਕਰਕਟ ਤੇ ਗੰਦ ਮੰਦ ਸੁੱਟ ਕੇ ਚੱਲੇ ਜਾਂਦੇ ਹਨ। ਆਉਣ ਵਾਲੀਆਂ ਨਸਲਾਂ ਉਨ੍ਹਾਂ ਨੂੰ ਨਫ਼ਰਤ ਨਾਲ ਯਾਦ ਕਰਦੀਆਂ ਹਨ। ਇਸ ਤਰ੍ਹਾਂ ਦੇ ਮੁਸਾਫ਼ਰਾਂ ਦਾ ਨਿਜ ਆਉਣਾ ਹੀ ਚੰਗਾ ਹੈ। ਆਉਣ ਵਾਲੀ ਪੀੜ੍ਹੀ ਕਹੇਗੀ ਕਿ "ਕਿਹਾ ਚੰਗਾ ਹੁੰਦਾ ਜੇ ਉਹ ਕਦੀ ਵੀ ਨਾ ਆਉਂਦੇ।"

ਪਰ ਜੋ ਇਸ ਸੰਸਾਰ ਨੂੰ ਵਧੇਰੇ ਸੁਥਰਾ ਬਣਾਉਂਦੇ ਤੇ ਸੁੱਖਾਂ ਦੇ ਸਾਧਨ ਪੈਦਾ ਕਰਦੇ ਹਨ। ਉਹ ਆਪਣੇ ਪਿੱਛੇ ਮਿੱਠੀਆਂ ਯਾਦਾਂ ਛੱਡ ਜਾਂਦੇ ਹਨ। ਮਨੁੱਖ ਉਨ੍ਹਾਂ ਨੂੰ ਸਦਾ ਚੇਤੇ ਕਰਦਾ ਹੈ। ਸਦਾ ਵਡਿਆਈ ਕਰਦਾ ਹੈ। ਉਨ੍ਹਾਂ ਲਈ ਰੱਬ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹੋ ਜਿਹੇ ਭਲੇ ਲੋਕ ਮੁੜ ਮੁੜ ਸੰਸਾਰ ਤੇ ਆਉਣ ਤਾਂ ਕਿ ਇਹ ਦੁਨੀਆਂ ਦਾ ਮੁਸਾਫਰਖ਼ਾਨਾ ਸਾਫ਼ ਸੁਥਰਾ ਤੇ ਸੁੰਦਰ ਬਣਿਆ ਰਹੇ। ਅਧਿਆਤਮਵਾਦੀ ਲੋਕ, ਸੇਵਾ ਕਰਨ ਨੂੰ ਤੱਪ ਦਾ ਦਰਜਾ ਦੇਂਦੇ ਹਨ। ਉਨ੍ਹਾਂ ਦਾ ਖਿਆਲ ਹੈ ਕਿ ਸੇਵਾ ਕਰਨ ਨਾਲ ਮਨ ਵਿੱਚੋਂ ਹਉਮੈ ਕਮਜ਼ੋਰ ਹੁੰਦੀ ਹੈ।

ਸਾਖੀ—

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਕ ਦਿਨ ਸਿੱਖਾਂ ਨੂੰ ਕਿਹਾ ਕਿ "ਜਿਹੜਾ ਸਿੱਖ ਆਪਣੇ ਅੰਦਰੋਂ ਬਾਹਰੋਂ ਇਕ ਹੈ। ਮੁੱਖੋਂ ਕੁਝ ਹੋਰ ਨਾ ਆਖੇ ਅਤੇ ਮਨ ਵਿੱਚ ਕੁਝ ਹੋਰ ਨਾ ਰੱਖੇ। ਜੋ ਮੂੰਹੋਂ ਆਖੇ, ਉਹੀ ਮਨ ਵਿੱਚ ਹੋਵੇ। ਤਾਂ ਉਹ ਸਿੱਖ ਜੀਵਨ ਕਰਕੇ ਸੁੱਚੇ ਕਿਰਦਾਰ ਦਾ ਹੋਵੇਗਾ। ਜਿਹੜਾ ਸਿੱਖ ਆਤਮਾ ਕਰਕੇ ਨਾਮ ਸਿਮਰਨ ਕਰਦਾ ਹੈ ਅਤੇ ਹੱਥਾਂ ਪੈਰਾਂ ਕਰਕੇ ਸੇਵਾ ਕਰਦਾ ਹੈ, ਉਹ ਸਿੱਖ ਸੰਸਾਰ ਵਿੱਚ ਮਨਿਯੋਗ ਹੋਵੇਗਾ। ਮੈਨੂੰ ਵੀ ਉਹੀ ਸਿੱਖ ਬਹੁਤਾ ਪਿਆਰਾ ਲੱਗਦਾ ਹੈ, ਜਿਹੜਾ ਕਰਣੀ ਕਰਕੇ ਉੱਚਾ ਹੋਵੇ ਅਤੇ ਮਨ ਕਰਕੇ ਨੀਵਾਂ ਹੋਵੇ।

ਸਿਖਾਂ ਦਾ ਮਨ ਨੀਵਾਂ ਤੇ ਮੱਤ ਉੱਚੀ ਹੋਣੀ ਚਾਹੀਦੀ ਹੈ। ਦਸ਼ਮੇਸ਼ ਦੇ ਇਸ ਉਪਦੇਸ਼ ਨੂੰ ਭਾਈ ਸਾਹਿਬ ਭਾ: ਸੰਤੋਖ ਸਿੰਘ ਮਹਾਰਾਜ ਚੂੜਾਮਣੀ ਨੇ ਆਪਣੀ ਰਚਨਾ ਵਿਚ ਬਹੁਤ ਸੁੰਦਰ ਜ਼ਿਕਰ ਕੀਤਾ ਹੈ।

ਮੁਖ ਤੇ ਅਰੁ ਮਨ ਤੇ ਸਦਾ, ਲਿਵ ਨਾਮ ਲਗਾਵੈ॥
ਹਾਥ ਤੇ ਕਰ ਟਹਿਲ, ਕੋ ਸਿਖ ਸੰਤ ਰੀਝਾਵੈ॥
ਸੋ ਮਮ ਪਿਆਰੋ ਅਧਿਕ ਹੈ, ਬਸਿ ਰਹੌਂ ਸਦੀਵਾਂ॥
ਕਰਣੀ ਊਚੀ ਨਿਤ ਕਰਹਿ, ਰਾਖਹਿ ਮਨ ਨੀਵਾਂ॥
(ਗ:ਪ੍ਰ: ਸੂਰਜ ਰੁਤ ੩ ਅਧਿ ੪੩)

ਸਾਖੀ—

ਹੱਥੀਂ ਸੇਵਾ ਕਰਨੀ ਸਿੱਖੀ ਵਿੱਚ ਸਰਬੋਤਮ ਕਰਮ ਹੈ। ਸਤਸੰਗੀਆਂ ਦੇ ਬੈਠਣ ਵਾਸਤੇ ਜਗ੍ਹਾਂ ਬਣਾਉਣੀ। ਤਪੜ (ਦਰੀਆਂ ਆਦਿ ਵਿਛਾਉਣੀਆਂ। ਪਿਆਸਿਆਂ ਦੀ ਪਿਆਸ ਦੂਰ ਕਰਨ ਵਾਸਤੇ ਲੋੜਵੰਦ ਅਤੇ ਯੋਗ ਥਾਂ ਤੇ ਪਾਣੀ ਦਾ ਪ੍ਰਬੰਧ ਕਰਨਾ) ਘਰੋਂ ਲੰਗਰ ਤਿਆਰ ਕਰਕੇ ਲੋੜਵੰਦਾਂ ਨੂੰ ਛਕਾਉਣਾ। ਅਜਿਹੀ ਸੇਵਾ ਕਰਨੀ ਸਿੱਖਾਂ ਦਾ ਮੂਲ ਕਰਮ ਰਿਹੈ। ਭਾਈ ਗੁਰਦਾਸ ਜੀ ਮਹਾਰਾਜ ਇਸ ਪ੍ਰਥਾਇ ਜ਼ਿਕਰ ਕਰਦੇ ਹਨ:-

ਗੁਰ ਸਿੱਖਾਂ ਗੁਰ ਸਿੱਖ ਸੇਵਾ ਲਾਇਆ॥
ਸਾਧਸੰਗਤਿ ਕਰਿ ਸੇਵ ਸੁਖ ਫਲ ਪਾਇਆ॥
ਤੱਪੜ ਝਾੜ ਵਛਾਇ ਧੂੜੀ ਨ੍ਹਾਇਆ॥
ਕੋਰੇ ਮੱਟ ਅਣਾਇ ਨੀਰ ਭਰਾਇਆ॥

ਆਣਿ ਮਹਾਂ ਪਰਸਾਦ ਵੰਡਿ ਖੁਆਇਆ॥ ੧੦॥

(ਭਾਈ ਗੁਰਦਾਸ ਜੀ ਵਾਰ ੧੦)

ਗੁਰੂ ਰਾਮਦਾਸ ਜੀ ਮਹਾਰਾਜ ਨੇ ਆਪਣੇ ਸਿੱਖਾਂ ਨੂੰ ਉਪਦੇਸ਼ ਕੀਤਾ ਕਿ ਸਿੱਖਾਂ ਨੂੰ ਧਰਮਸ਼ਾਲਾ ਬਣਾਉਣੀ ਚਾਹੀਦੀ ਹੈ। ਉਸ ਧਰਮਸ਼ਾਲਾ ਵਿੱਚ ਹਮੇਸ਼ਾਂ ਇਕ ਸਿੱਖ ਟਿਕਿਆ ਰਹੇ। ਤਾਂਕਿ ਆਏ ਗਏ ਮੁਸਾਫਰ ਨੂੰ ਪ੍ਰਸ਼ਾਦਾ ਜ਼ਰੂਰ ਮਿਲੇ। ਇਕ ਸਿੱਖ ਕੋਲ ਇਨੀ ਸਮਰਥਾ ਹੈ ਤਾਂ ਉਹ ਇਕੱਲਾ ਸੇਵਾ ਕਰੇ। ਨਹੀਂ ਤਾਂ ਸਾਰੇ ਰਲ ਕੇ ਸੇਵਾ ਕਰਨ। ਇਸ ਉਪਦੇਸ਼ ਨੂੰ ਭਾਈ ਸੰਤੋਖ ਸਿੰਘ ਨੇ ਆਪਣੀ ਰਚਨਾ ਵਿੱਚ ਇਸ ਤਰ੍ਹਾਂ ਅੰਕਤ ਕੀਤਾ ਹੈ:-

ਜਿਸ ਮੈਂ ਯਥਾ ਸ਼ਕਤ ਹੋ ਆਵੈ॥
ਧਰਮ ਸ਼ਾਲ ਸੁੰਦਰ ਬਨਵਾਵੈ॥
ਤਿਸ ਮਹਿ ਰਾਖੇ ਸਿੱਖ ਟਿਕਾਇ॥
ਪੰਥੀ ਕੋ ਭੋਜਨ ਮਿਲ ਜਾਇ॥
ਇਕ ਸਿੱਖ ਦੇ ਕਿ ਸਭ ਮਿਲ ਦੇਵੈ॥
ਸਿਮਰੇ ਨਾਮ ਸੁਜਨ ਕੋ ਸੇਵੈ॥

(ਗੁ.ਪ੍ਰ. ਸੂ ਰਾਗ ਗ੍ਰੰਥ ਧਿਆਇ ੬੪)

ੴ

ਸੰਗਤ ਤੇ ਗੁਰੂ ਦੀ ਕਲਾ

1. ਸਤਸੰਗਤ ਤੇ ਸੰਗਤ

ਸਧਾਰਨ ਬੋਲੀ ਵਿੱਚ ਸਤਿਸੰਗ ਉਸਨੂੰ ਕਹਿੰਦੇ ਹਨ, ਜਿਥੋਂ ਸੱਚੇ ਜੀਵਨ ਦੀ ਪ੍ਰਾਪਤੀ ਹੋਵੇ। ਮਹਾਂਪੁਰਖਾਂ ਦੀ ਨਜ਼ਰ ਵਿੱਚ ਸਤਸੰਗ ਦਾ ਆਦਰਸ਼ ਬਹੁਤ ਉੱਚਾ ਹੁੰਦਾ ਹੈ। ਸਤਿ ਸੱਚ ਦਾ ਨਾਮ ਹੈ, ਤੇ ਸੰਗ ਨਾਮ ਹੈ ਸਾਥ ਦਾ। ਜਿਸ ਸਾਥ ਤੋਂ ਸਾਨੂੰ ਸੱਚਾਈ ਪ੍ਰਾਪਤ ਹੁੰਦੀ ਹੋਵੇ ਉਹ ਸੰਗਤ, ਸਤਿ ਸੰਗਤ ਹੈ।

ਸੰਗਤ ਦਾ ਅਸਰ ਹਰ ਚੀਜ਼ ਤੇ ਪੈਂਦਾ ਹੈ। ਪਰ ਮਨੁੱਖੀ ਮਨ, ਸੰਗਤ ਦਾ ਅਸਰ ਬਹੁਤ ਛੇਤੀ ਕਬੂਲਦਾ ਹੈ। ਮਨੁੱਖ ਦਾ ਮਨ ਜਿਸ ਦੀ ਸੰਗਤ ਵਿੱਚ ਤੇ ਸਾਹਮਣੇ ਰਹੇ, ਉਸ ਦੇ ਰੰਗ ਨੂੰ ਪਕੜਦਾ ਹੈ। ਓਸੇ ਦਾ ਨਕਸ਼ਾ ਤੇ ਸੂਰਤ ਬਣ ਜਾਂਦਾ ਹੈ।

2. ਬਨਸਪਤੀ ਤੇ ਸੰਗਤ

ਬਨਸਪਤੀ ਦੀ ਦੁਨੀਆਂ ਵਿੱਚ ਇਕ ਮਸ਼ਹੂਰ ਪ੍ਰਮਾਣ ਹੈ। ਜੰਗਲ ਦੇ ਉਹ ਦੱਰਖਤ ਜੋ ਚੰਦਨ ਦੇ ਬ੍ਰਿਖਸ਼ ਦੇ ਨੇੜੇ ਹਨ, ਉਹ ਵੀ ਚੰਦਨ ਵਾਲੀ ਹੀ ਖੁਸ਼ਬੂ ਦੇਣ ਲਗ ਪੈਂਦੇ ਹਨ। ਬਹੁਤ ਸਾਰੇ ਜੰਗਲਾਂ ਵਿੱਚ ਤਾਂ ਚੰਦਨ ਮਿਲਦਾ ਹੀ ਨਹੀਂ। ਪਰ ਜਿਥੇ ਮਿਲਦਾ ਹੈ, ਉਹ ਸਾਰਾ ਜੰਗਲ ਹੀ ਚੰਦਨ ਜਾਪਦਾ ਹੈ। ਕਿਉਂਕਿ ਚੰਦਨ ਵਿੱਚ ਇਹ ਖ਼ਾਸੀਅਤ ਹੈ, ਕਿ ਨਾਲ ਦੇ ਬੂਟਿਆਂ ਨੂੰ ਵੀ ਆਪਣੀ ਖੁਸ਼ਬੋ ਨਾਲ ਭਰ ਦੇਂਦਾ ਹੈ, ਕਬੀਰ ਸਾਹਿਬ ਦਾ ਕਥਨ ਹੈ:-

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥
(ਸਲੋਕ ਕਬੀਰ ਪੰਨਾ, ੧੩੬੫)

ਇਰਾਨ ਦੇ ਪ੍ਰਸਿਧ ਸੰਤ, ਹਜ਼ਰਤ ਸ਼ੇਖ ਸ਼ਾਅਦੀ ਦਾ ਕਹਿਣਾ ਹੈ ਕਿ ਮੈਂ ਇਕ ਦਿਨ ਸਵੇਰੇ ਸਵੇਰੇ ਆਪਣੀ ਪਤਨੀ ਨੂੰ ਕਿਹਾ ਕਿ "ਮੈਨੂੰ ਹੱਥ ਧੋਣ ਵਾਸਤੇ ਥੋੜੀ ਮਿੱਟੀ ਦੇ"। ਜਦ ਉਹ ਮਿਟੀ ਲੈ ਕੇ ਆਈ ਤਾਂ ਹੱਥਾਂ ਤੇ ਮਲਣ ਲੱਗਿਆਂ ਉਸ ਮਿੱਟੀ ਵਿੱਚੋਂ ਸੁਗੰਧੀ ਆਈ, ਤਾਂ ਹਜ਼ਰਤ ਸ਼ਾਅਦੀ ਕਹਿੰਦੇ ਹਨ, ਮੈਂ ਸਮਝਿਆ ਕਿ ਸਵੇਰੇ ਸਵੇਰੇ ਅੰਧੇਰਾ ਹੋਣ ਕਰਕੇ ਪਤਨੀ ਨੇ ਮਿਟੀ ਦੀ ਥਾਂ ਕਸਤੂਰੀ ਜਾਂ ਅੰਬਰ ਲੈ ਆਂਦਾ ਹੈ। ਪਰ

ਪਤਨੀ ਨੇ ਦਸਿਆ ਕਿ ਨਹੀਂ, ਇਹ ਮਿੱਟੀ ਹੀ ਹੈ। ਪਰ ਖੁਸ਼ਬੂਦਾਰ ਫੁੱਲਾਂ ਦੇ ਪੌਦਿਆਂ ਕੋਲ ਪਈ ਹੋਣ ਕਰਕੇ ਇਸ ਮਿੱਟੀ ਵਿੱਚੋਂ ਵੀ ਖੁਸ਼ਬੂ ਹੀ ਆਉਣ ਲਗੀ ਹੈ। ਆਪਣੇ ਸ਼ਾਇਰਾਂ ਵਾਲੇ ਅੰਦਾਜ਼ ਵਿਚ ਹਜ਼ਰਤ ਸ਼ਅਦੀ ਨੇ ਬਿਆਨ ਕੀਤਾ ਹੈ:-

ਗਿਲੇ ਖੁਸ਼ਬੂ ਦਰ ਹੁਮਾਮ ਰੋਜੇ ਰਸੀਦ ਅਜ ਦਸਤੇ ਮਾਹਬੂਟੇ ਬ-ਦਸਤਮ।
ਬਾਉ ਗੁਫਤਮ ਕਿ ਮੁਸਕੀ ਯਾ ਅਬੀਰੀ, ਕਿ ਅਜ ਖੁਸ਼ਬੂ ਦਿਲ ਵਜੇ ਤੋ ਮਸਤਮ।
ਬਿ ਗੁਫਤਾ ਮਨ ਗਿਲੇ ਨਾ ਚੀਜ਼ ਬੁਦਮੀ ਵਲੈਕਨ ਮੁਕਤੇ ਬਾਗੁਲ ਨਿਸ਼ਤਮ।
ਜ਼ਮਾਲੇ ਹਮ ਨਸ਼ੀ ਦਰ ਮਨ ਅਸਰ ਕਰਦੇ। (ਸ਼ੇਖ ਸ਼ਾਅਦੀ)

ਮੇਰੀ ਪਤਨੀ ਨੇ ਮੈਨੂੰ ਮਿੱਟੀ ਦਿੱਤੀ। ਉਸਨੂੰ ਖੁਸ਼ਬੂ ਸਮਝ ਕੇ ਮੈ ਸੋਚਿਆ ਕਸਤੂਰੀ ਹੈ, ਜਾਂ ਅੰਬਰ ਹੈ। ਉਸ ਮਿੱਟੀ ਨੇ ਉੱਤਰ ਦਿੱਤਾ, ਨਹੀਂ ਮੈਂ ਨਾਚੀਜ਼ ਮਿੱਟੀ ਹੀ ਹਾਂ। ਪਰ ਫੁੱਲਾਂ ਦੀ ਸੁਗੰਧ ਨੇ ਮੈਨੂੰ ਵੀ ਸੁਗੰਧਦਾਇਕ ਬਣਾ ਦਿੱਤਾ ਹੈ।

ਵਰਗਨਾ ਮਨ ਹਮਾ ਖਾਕਮ ਕਿ ਹਸਤਮ।

ਨੇਕ ਤੇ ਚੰਗੇ ਪੁਰਖਾਂ ਦੀ ਸੰਗਤ ਮਨੁੱਖ ਨੂੰ ਨੇਕ ਅਤੇ ਚੰਗਾ ਬਣਾਉਂਦੀ ਹੈ।

3. ਕੁਸੰਗਤ ਤੇ ਸੰਗਤ

ਮੂੜ੍ਹਾਂ ਦੀ ਸੰਗਤ ਨੂੰ ਕੁਸੰਗਤ ਕਿਹਾ ਜਾਂਦਾ ਹੈ। ਕੁਸੰਗਤ ਦਾ ਅਸਰ ਵੀ ਬਹੁਤ ਹੁੰਦਾ ਹੈ। ਕੁਸੰਗਤ ਵਿੱਚ ਬੰਦਾ ਕੂੜਿਆਰ ਬਣ ਜਾਂਦਾ ਹੈ। ਉਸਦੇ ਪੱਲੇ ਸਿਵਾਇ ਕੂੜ ਤੋਂ ਕੁਝ ਨਹੀਂ ਪੈਂਦਾ। ਕੁਸੰਗੀਆਂ ਦਾ ਜੀਵਨ ਖਰਾਬ ਹੋ ਜਾਂਦਾ ਹੈ ਅਤੇ ਉਹ ਆਪਣੇ ਮਨੁੱਖੀ ਜੀਵਨ ਦੀ ਬਾਜ਼ੀ ਹਾਰ ਜਾਂਦੇ ਹਨ।

ਨੇਕਾਂ ਦੀ ਸੁਹਬੱਤ ਮਨੁੱਖ ਨੂੰ ਨੇਕ ਬਣਾਉਂਦੀ ਹੈ। ਅਤੇ ਬਦਾਂ ਦੀ ਸੁਹਬੱਤ ਬਦ ਕਰ ਦੇਵੇਗੀ। ਇਸ ਕਰਕੇ, ਐ ਇਨਸਾਨ! ਤੂੰ ਕਿਸੇ ਸਿਆਣੇ ਅਤੇ ਬਜ਼ੁਰਗ ਦੀ ਸੰਗਤ (ਸੁਹਬਤ) ਵਿੱਚ ਸਿਦਕ ਅਤੇ ਮਾਨਸਿਕ ਸਫ਼ਾਈ ਨਾਲ ਬੈਠ। ਕੋਈ ਰੂਹਾਨੀਅਤ ਨਾਲ ਭਰਪੂਰ ਸੰਤਾਂ ਦੀ ਸੰਗਤ ਵਿੱਚ ਨਿਮਰਤਾ ਅਤੇ ਇੱਜ਼ਤ ਨਾਲ ਬੈਠ। ਜੇਕਰ ਇਸ ਤਰ੍ਹਾਂ ਦੇ ਚੰਗੇ ਤੇ ਨੇਕ ਲੋਕਾਂ ਦੀ ਸੰਗਤ ਨਾ ਮਿਲ ਸਕੇ ਤਾਂ ਵਕਤ ਨੂੰ ਬਰਬਾਦ ਨਹੀਂ ਕਰਨਾ ਚਾਹੀਦਾ। ਬਲਕਿ ਇਕੱਲੇ ਹੋ ਕੇ, ਰੱਬ ਦੀ ਯਾਦ ਵਿੱਚ ਬੈਠ ਜਾਣਾ ਚਾਹੀਦਾ ਹੈ। ਹਰ ਆਦਮੀ ਨੂੰ ਆਪਣਾ, ਦੇਖਣਾ, ਸੁਣਨਾ, ਬੋਲਣਾ, ਖਾਣਾ, ਪੀਣਾ, ਲਿਖਣਾ ਅਤੇ ਕੰਮ ਕਾਜ ਦਾ ਪ੍ਰਬੰਧ ਇਸ ਤਰ੍ਹਾਂ ਦੇ ਲੋਕਾਂ ਦੇ ਮੇਲ ਜੋਲ ਵਿੱਚ ਅਖਤਿਆਰ ਕਰਨਾ ਚਾਹੀਦਾ ਹੈ। ਜਿੰਨ੍ਹਾਂ ਦੀ ਸੰਗਤ ਵਿੱਚ ਸਾਡੀ ਮਿਹਨਤ ਸਫ਼ਲ ਤੇ ਸੁੱਚੀ ਹੋਵੇ। ਜਿਹੜੇ ਸਾਡੀ ਉੱਨਤੀ ਦਾ ਕਾਰਨ ਬਣ ਸਕਣ। ਸੁਮਤਵਾਨਾਂ ਦੀ ਦ੍ਰਿਸ਼ਟੀ ਵਿੱਚ ਅਸੀਂ ਨੇਕ ਹੋ

ਸਕੀਏ। ਇੰਨ੍ਹਾਂ ਗਿਆਨ ਧਰਮ ਪੁਸਤਕਾਂ ਦੇ ਪੜ੍ਹਨ ਨਾਲ ਨਸੀਬ ਨਹੀਂ ਹੁੰਦਾ ਜਿੰਨਾ ਸਤਪੁਰਸ਼ਾਂ ਦੀ ਸੰਗਤ ਵਿੱਚੋਂ ਪ੍ਰਾਪਤ ਹੋ ਜਾਂਦਾ ਹੈ। ਜਪੁ ਨਾਲ, ਤਪ ਨਾਲ, ਪੂਜਾ ਪਾਠ ਨਾਲ ਤੇ ਵੇਦਾਂ ਦੇ ਰਟਨ ਨਾਲ, ਏਨੀ ਆਸਾਨੀ ਨਾਲ ਗਿਆਨ ਪ੍ਰਾਪਤ ਨਹੀਂ ਹੁੰਦਾ, ਜਿੰਨਾ ਕਿ ਸਾਧ ਸੰਗਤ ਵਿੱਚ ਪ੍ਰਾਪਤ ਹੁੰਦਾ ਹੈ। ਸਤਸੰਗਤ ਵਿੱਚ ਭੈੜੇ ਤੋਂ ਭੈੜੇ ਤੇ ਪਾਪੀ ਤੋਂ ਪਾਪੀ ਲੋਕ ਨੇਕ ਤੇ ਪਵਿੱਤਰ ਬਣ ਜਾਂਦੇ ਹਨ।

ਜਿਸ ਮਿੱਟੀ ਵਿੱਚ ਗੁਲਾਬ ਦਾ ਬੂਟਾ ਉੱਗਦਾ ਹੈ। ਉਸ ਮਿੱਟੀ ਵਿੱਚੋਂ ਗੁਲਾਬ ਦੀ ਸੁਗੰਧ ਆਉਂਦੀ ਹੈ। ਗੁਣਵਾਨਾਂ ਦੀ ਸੰਗਤ ਵਿੱਚ ਨਿਰਗੁਣ ਵੀ ਗੁਣਵਾਨ ਹੋ ਜਾਂਦਾ ਹੈ। ਜੇਕਰ ਗੁਣਵਾਨਾਂ ਦੀ ਸੰਗਤ ਨਾ ਪ੍ਰਾਪਤ ਹੋਵੇ, ਤਾਂ ਅਵਗੁਣਆਰਿਆਂ ਦੀ ਸੰਗਤ ਨੂੰ ਸੰਗਤ ਨਹੀਂ ਕਹਿਣਾ ਚਾਹੀਦਾ ਹੈ। ਉਹ ਕੁਸੰਗਤ ਹੈ। ਜੇਕਰ ਹੰਸ ਨਾ ਮਿਲੇ ਤਾਂ ਬਗਲੇ ਨੂੰ ਹੰਸ ਨਹੀਂ ਸਮਝਣਾ ਚਾਹੀਦਾ। ਰਸ ਗੰਨਿਆਂ ਵਿੱਚ ਹੀ ਹੁੰਦਾ ਹੈ। ਕਾਨਿਆਂ ਵਿੱਚ ਨਹੀਂ। ਸੱਤ, ਸੱਚੇ ਲੋਕਾਂ ਕੋਲ ਹੀ ਹੁੰਦਾ ਹੈ ਭੇਖੀਆਂ ਕੋਲ ਨਹੀਂ। ਦੇਖਣ ਨੂੰ ਭੇਖੀ ਵੀ ਸੰਤ ਲੱਗਦਾ ਹੈ। ਸ਼ਕਲ ਕਾਨੇ ਦੀ ਵੀ ਗੰਨੇ ਵਰਗੀ ਹੁੰਦੀ ਹੈ। ਕਾਨਿਆਂ ਨੂੰ ਗੰਨੇ ਸਮਝ ਕੇ ਗੁੜ ਨ ਬਣਾ, ਇਨ੍ਹਾਂ ਵਿੱਚੋਂ ਕੁਝ ਨਹੀਂ ਮਿਲਣ ਵਾਲਾ, ਕੁਸੰਗੀਆਂ ਦਾ ਜੋੜ ਅੱਗ ਵਰਗਾ ਹੈ। ਅੱਗ ਦੀ ਪੂਜਾ ਸੌ ਸਾਲ ਵੀ ਕੀਤੀ ਜਾਵੇ। ਪਰ ਅੱਗ ਵਿੱਚ ਇਕ ਵਾਰ ਵੀ ਡਿੱਗਿਆ ਬੰਦਾ ਬੱਚ ਨਹੀਂ ਸਕਦਾ। ਕੁਸੰਗਤ! ਬੰਦਾ, ਕਿੰਨੀ ਛੁਪਾ ਕੇ ਕਰਦਾ ਰਹੇ, ਪਰ ਕੁਸੰਗਤ ਦਾ (ਰੰਗ) ਇਕ ਵਾਰ ਜਿਸ ਦਿਨ ਵੀ ਪ੍ਰਗਟ ਹੋਇਆ, ਸਾਰੀ ਜ਼ਿੰਦਗੀ ਬਰਬਾਦ ਹੋ ਸਕਦੀ ਹੈ। ਕਿਉਂਕਿ ਦੁਨੀਆਂ ਦਾ ਦਸਤੂਰ ਹੈ, ਕਿ ਦੁਨੀਆਂ ਵਿੱਚ ਗੁਣਵਾਨ ਦੀ ਉਨ੍ਹੀ ਇੱਜ਼ਤ ਨਹੀਂ ਹੁੰਦੀ, ਜਿੰਨੀ ਕਿ ਅਵਗੁਣਆਰਿਆਂ ਦੀ ਬੇ-ਇੱਜ਼ਤੀ ਹੁੰਦੀ ਹੈ। ਜਿਹੜਾ ਬੰਦਾ ਦੂਜਿਆਂ ਦੇ ਔਗੁਣ ਤੈਨੂੰ ਦੱਸਦਾ ਹੈ, ਤੂੰ ਉਸ ਦੀ ਸੰਗਤ ਨਾ ਕਰ। ਕਿਉਂਕਿ ਉਹ ਤੇਰੇ ਜੀਵਨ ਵਿੱਚੋਂ ਵੀ ਔਗੁਣ ਲੱਭੇਗਾ ਤੇ ਦੂਜਿਆਂ ਨੂੰ ਦੱਸੇਗਾ। ਪਰ ਜੇਕਰ ਤੇਰੀ ਨਜ਼ਰ ਵਿੱਚ ਤੇਰੇ ਆਪਣੇ ਆਪ ਵਿੱਚ ਕੋਈ ਕਮਜ਼ੋਰੀ ਹੈ, ਤਾਂ ਤੂੰ ਸਤਸੰਗਤ ਕਰ। ਤਾਂਕਿ ਤੇਰੀ ਕਮਜ਼ੋਰੀ ਦਾ ਹੱਲ ਲਭ ਸਕੇ। ਰੋਗੀ ਨੂੰ ਆਪਣੇ ਰੋਗ ਨਾਲ ਸਹਿਮਤ ਨਹੀਂ ਹੋਣਾ ਚਾਹੀਦਾ। ਕਿਉਂਕਿ ਜਿਹੜਾ ਰੋਗੀ ਆਪਣੇ ਰੋਗ ਨਾਲ ਸਹਿਮਤ ਹੋ ਜਾਏ, ਉਸ ਦਾ ਇਲਾਜ ਕਿਸੇ ਹਕੀਮ ਕੋਲ ਨਹੀਂ ਹੁੰਦਾ। ਜਿਹੜਾ ਬੰਦਾ ਆਪਣੇ ਅਵਗੁਣਾਂ ਨਾਲ ਸਹਿਮਤ ਹੋ ਜਾਏ, ਉਸ ਨੂੰ ਕੋਈ ਗੁਰੂ ਪੀਰ ਵੀ ਸੰਤ ਨਹੀਂ ਬਣਾ ਸਕਦਾ। ਆਪਣੇ ਅਵਗੁਣਾਂ ਨੂੰ ਜਾਨਣ ਵਾਸਤੇ ਸਤਸੰਗਤ ਬਹੁਤ ਵਧੀਆ ਸਾਧਨ ਹੈ। ਕਿਉਂਕਿ ਸਤਸੰਗਤ ਵਿੱਚ ਕਿਸੇ ਦੇ ਗੁਨਾਹਾਂ ਦੀ ਨਿੰਦਾ ਨਹੀਂ ਕੀਤੀ ਜਾਂਦੀ। ਨਾਹੀਂ ਕਿਸੇ ਦੇ ਗੁਨਾਹ ਦੂਸਰਿਆਂ ਦੇ ਸਾਹਮਣੇ ਜ਼ਾਹਰ ਕੀਤੇ ਜਾਂਦੇ ਹਨ।

ਸਤਸੰਗਤ ਇਕ ਐਸਾ ਸ਼ੀਸ਼ਾ ਹੈ। ਜੋ ਇਨਸਾਨ ਦੇ ਸਾਮਹਣੇ ਹੁੰਦਾ ਹੈ। ਇਸ ਸ਼ੀਸ਼ੇ ਵਿੱਚ ਬੰਦਾ ਆਪਣਾ ਚਿਹਰਾ ਆਪ ਹੀ ਵੇਖਦਾ ਹੈ। ਜੇਕਰ ਉਸ ਦੇ ਚਿਹਰੇ ਤੇ ਕੋਈ ਕਾਲਾ ਦਾਗ ਹੈ, ਤਾਂ ਉਹ ਦੂਜਿਆਂ ਨੂੰ ਪਤਾ ਵੀ ਨਹੀਂ ਲਗਦਾ ਤੇ ਬੰਦਾ ਆਪਣਾ ਦਾਗ ਧੋਣ ਵਾਸਤੇ ਪ੍ਰੇਰਤ ਹੋ ਜਾਂਦਾ ਹੈ। ਸੰਗਤ ਦਾ ਅਸਰ ਸਭ ਉਪਰ ਹੁੰਦਾ ਹੈ ਸ਼ਾਇਦ ਕੋਈ ਬਹੁਤ ਹੀ ਕਠੋਰ ਤੇ ਪੱਥਰ ਦਿਲ ਹੋਵੇ, ਜਿਸ 'ਤੇ ਸੰਗਤ ਦਾ ਅਸਰ ਨ ਹੋਵੇ। ਕਿਉਂਕਿ ਲੋਹੇ ਦੀ ਮੇਖ ਵੀ, ਪੱਥਰ ਵਿੱਚ ਨਹੀਂ ਖੁਭਦੀ। ਪੱਥਰ ਦਿਲ ਬੰਦੇ ਉਤੇ ਉਪਦੇਸ਼ ਦਾ ਕੋਈ ਅਸਰ ਨਹੀਂ ਹੁੰਦਾ।

ਗੁਨਾਹਗਾਰ ਲੋਕਾਂ ਨੂੰ ਪ੍ਰਮਾਤਮਾ ਤਾਂ ਮੁਆਫ਼ ਕਰ ਦੇਂਦਾ ਹੈ, ਪਰ ਲੋਕ ਮੁਆਫ਼ ਨਹੀਂ ਕਰਦੇ। ਜੇਕਰ ਤੂੰ ਦੁਨੀਆਂ ਅਤੇ ਗੁਨਾਹਾਂ ਤੋਂ ਬੱਚਣਾ ਚਾਹੁੰਦਾ ਹੈਂ ਤਾਂ ਸਤਸੰਗਤ ਕਰ। ਚੰਗੇ ਤੇ ਨੇਕ ਲੋਕਾਂ ਦੇ ਇਕੱਠ ਵਿੱਚ ਆ। ਤਾਂਕਿ ਤੂੰ ਆਪਣੇ ਗੁਨਾਹਾਂ ਤੋਂ ਤੋਬਾ ਕਰ ਸਕੇਂ। ਸੱਚ ਦੀ ਸ਼ਨਾਖਤ ਕਰਨ ਵਾਲੇ ਇੱਕ ਨੇਕ ਪੁਰਸ਼ ਮਿਤਰ ਲਈ, ਆਪਣੇ ਸੌ ਬੇਈਮਾਨ ਮਿੱਤਰਾਂ ਦੀ ਸੰਗਤ ਵੀ ਛੱਡ ਦੇਣੀ ਚੰਗੀ ਹੈ।

ਸੰਗਤ ਦੇ ਅਸਰ ਦਾ ਪ੍ਰਭਾਵ ਕਿਸੇ ਸਿਆਣੇ ਕਵੀ ਨੇ ਆਪਣੇ ਸ਼ਬਦਾਂ ਵਿੱਚ ਇੱਕ ਵੇਲ ਵਾਂਗ ਬਿਆਨਿਆ ਹੈ। ਦਰੱਖਤ ਦੀ ਉਚਾਈ ਧਰਤੀ ਤੋਂ ਬਹੁਤ ਉੱਚੀ ਹੁੰਦੀ ਹੈ। ਪਰ ਜਿਹੜੀਆਂ ਵੇਲਾਂ ਹਨ, ਉਹ ਵੀ ਇਸੇ ਧਰਤੀ ਤੇ ਪੈਦਾ ਹੁੰਦੀਆਂ ਹਨ। ਪਰ ਉਚਿਆਂ ਨਹੀਂ ਉਠਦੀਆਂ। ਪਰ ਕਿਸੇ ਦਰੱਖਤ ਦੇ ਨੇੜੇ ਕੱਦੂ ਦੀਆਂ ਵੇਲਾਂ ਹੋਣ ਤਾਂ ਉਹ ਵੇਲਾਂ ਵੀ ਓਨੀਆਂ ਉੱਚੀਆਂ ਚੜ੍ਹ ਜਾਂਦੀਆਂ ਹਨ ਜਿੰਨਾਂ ਕਿ ਦਰੱਖਤ ਉੱਚਾ ਹੈ:-

ਬੈਠੀਏ ਪਾਸ ਬਡਨ ਕੇ ਹੋਤ ਬਡਨ ਸਿਉ ਮੇਲ॥
ਸਭੀ ਜਾਣਤ ਕਿ ਬੜ੍ਹਤ ਹੈ, ਬ੍ਰਿਖਸ਼ ਬ੍ਰਾਬਰ ਬੇਲ॥

(ਇਕ ਵਿਦਵਾਨ)

ਭਾਂਵ ਕਿ ਚੰਗੇ ਤੇ ਸੁੱਚੇ ਆਚਰਣ ਵਾਲੇ ਨੇਕ ਇਨਸਾਨਾਂ ਕੋਲ ਬੈਠਣ ਨਾਲ ਚੰਗੇ ਤੇ ਉੱਚੇ ਆਚਰਣ ਵਾਲੇ ਬਣ ਜਾਈਦਾ ਹੈ। ਇਸ ਵਿੱਚ ਕੋਈ ਸ਼ਕ ਨਹੀਂ, ਸਭ ਜਾਣਦੇ ਹਨ ਕਿ ਵੇਲ ਵੀ ਦਰੱਖਤ ਜਿੰਨੀ ਉੱਚੀ ਚੜ੍ਹ ਜਾਂਦੀ ਹੈ। ਜਿੰਨਾਂ ਉੱਚਾ ਦਰੱਖਤ ਹੋਵੇ।

4. ਪਸ਼ੂ ਤੇ ਸੰਗਤ

ਸੰਗਤ ਦਾ ਅਸਰ ਹਰੇਕ ਤੇ ਹੁੰਦਾ ਹੈ। ਚੰਗੀ ਸੰਗਤ ਦਾ ਚੰਗਾ ਅਤੇ ਮਾੜੀ ਸੰਗਤ ਦਾ ਮਾੜਾ। ਇਕ ਵਾਰ ਇਕ ਕਹਾਣੀ ਅਖ਼ਬਾਰ ਵਿੱਚ ਛਪੀ ਸੀ। ਕਿ ਇਕ ਚੰਗੇ ਅਮੀਰ ਸ਼ਾਹੂਕਾਰ ਦੇ ਘਰ ਇਕ ਬੱਚਾ ਜਨਮਿਆ। ਜਨਮ ਦਿਨ ਤੇ ਹੀ ਉਸ ਸ਼ਾਹੂਕਾਰ ਨੇ ਕਿਸੇ ਸੁਨਿਆਰੇ ਤੋਂ ਇਕ ਸੁੰਦਰ ਕੰਗਣ ਬਣਵਾ ਕੇ, ਉਸ ਬੱਚੇ ਨੂੰ ਪਹਿਨਾਇਆ। ਅਜੇ ਉਹ

ਬੱਚਾ ਸਾਲ ਡੇਢ ਦਾ ਹੀ ਹੋਇਆ ਸੀ ਕਿ ਉਸ ਨੂੰ ਕਿਸੇ ਥਾਂ ਤੋਂ ਭੇੜੀਆਂ ਚੁੱਕ ਕੇ ਲੈ ਗਿਆ। ਉਹ ਬੱਚਾ ਉਸ ਭੇੜੀਆਂ ਨੇ ਪਾਲ ਲਿਆ।

ਇਕ ਦਿਨ ਇਨ੍ਹਾਂ ਭੇੜੀਆਂ ਦਾ ਝੁੰਡ (ਗਰੁਪ) ਕਿਸੇ ਜੰਗਲ ਚੋਂ ਨਿਕਲ ਕੇ ਕਿਸੇ ਪਗਡੰਡੀ ਉਪਰ ਆ ਗਿਆ। ਕਿਸੇ ਆਦਮੀ ਨੇ ਜੋ ਉਸ ਜੰਗਲ ਦੇ ਹੀ ਇਲਾਕੇ ਦਾ ਰਹਿਣ ਵਾਲਾ ਸੀ, ਉਸ ਝੁੰਡ ਨੂੰ ਵੇਖਿਆ। ਭੇੜੀਆਂ ਦੇ ਗਰੁਪ ਵਿੱਚ ਉਸਨੂੰ ਇਕ ਮਨੁੱਖ ਸਰੀਰ ਵਰਗਾ ਜਾਨਵਰ ਦਿਸਿਆ। ਜੋ ਪਸ਼ੂਆਂ ਵਾਂਗ ਚੋਹਾਂ ਹੀ ਹੱਥਾਂ ਪੈਰਾਂ ਉਪਰ ਚੱਲਦਾ ਸੀ। ਉਸ ਨਵੇਂ ਜਾਨਵਰ ਨੂੰ ਵੇਖ ਕੇ ਉਸ ਆਦਮੀ ਦੀ ਉਤਸੁਕਤਾ ਓਹਨੂੰ ਹੋਰ ਵੇਖਣ ਲਈ ਵੱਧ ਗਈ। ਉਸ ਆਦਮੀ ਦੀ ਕਈ ਦਿਨਾਂ ਦੀ ਮਿਹਨਤ ਤੋਂ ਬਾਅਦ ਉਹ ਜਾਨਵਰ ਨੂੰ ਕਾਬੂ ਕਰ ਲਿਆ ਗਿਆ। ਜਾਨਵਰ ਤਾਂ ਨਹੀਂ ਸੀ। ਪਰ ਪਸ਼ੂਆਂ ਦੀ ਸੰਗਤ ਕਰਕੇ ਉਹ ਪਸ਼ੂਆਂ ਵਾਂਗ ਹੀ ਚੀਕਦਾ ਸੀ। ਪਸ਼ੂਆਂ ਵਾਂਗ ਹੀ ਚਲਦਾ ਸੀ ਤੇ ਪਸ਼ੂਆਂ ਵਾਂਗ ਹੀ ਵਿਵਹਾਰ ਕਰਦਾ ਸੀ। ਸ਼ਕਲ ਸੂਰਤ ਕਰਕੇ ਉਹ ਆਦਮੀ ਸੀ।

ਕਹਿੰਦੇ ਨੇ ਉਸ ਦੇ ਹੱਥ ਦੀ ਕਲਾਈ ਵਿੱਚ ਫਸੇ ਹੋਏ ਕੰਗਣ ਉਪਰ ਕਿਸੇ ਦੀ ਨਿਗਾਹ ਪੈ ਗਈ। ਹੈਰਾਨੀ ਨਾਲ ਉਸ ਦੇ ਕੰਗਣ ਨੂੰ ਵੇਖਿਆ ਗਿਆ ਪਹਿਲਾਂ ਤਾਂ ਇਸ ਹੈਰਾਨਗੀ ਦੀ ਹੱਦ ਨਹੀਂ ਸੀ ਕਿ ਇਹ ਆਦਮੀ ਦੀ ਸ਼ਕਲ ਦਾ ਪਸ਼ੂ ਹੈ ਜਾਂ ਜਾਨਵਰ। ਇਹ ਭੇੜੀਆਂ ਦੀ ਸੰਤਾਨ ਕਿਵੇਂ ਹੋ ਗਿਆ। ਪਰ ਜਦੋਂ ਉਸ ਦੀ ਕਲਾਈ ਵਿਚ ਇਕ ਕੀਮਤੀ ਕੰਗਣ ਵੇਖਿਆ ਗਿਆ ਉਸ ਕੰਗਣ ਨੂੰ ਉਤਾਰ ਕੇ ਕਿਸੇ ਸੁਨਿਆਰੇ ਤੋਂ ਪਰਖ ਕਰਾਈ ਗਈ ਤਾਂ ਉਸ ਕੰਗਣ ਉਪਰ ਕਿਸੇ ਸ਼ਹਿਰ ਦੇ ਸੁਨਿਆਰੇ ਦਾ ਨਾਮ ਉਕਰਿਆ ਹੋਇਆ ਸੀ। ਜਦੋਂ ਉਸ ਸੁਨਿਆਰੇ ਕੋਲ ਪਹੁੰਚ ਕੀਤੀ ਗਈ ਤਾਂ ਸਾਰੇ ਭੇਦ ਦਾ ਪਤਾ ਲੱਗ ਗਿਆ ਕਿ ਕਿਵੇਂ ਇਹ ਕੰਗਣ ਬਣਿਆ ਅਤੇ ਕਿਵੇਂ ਇਹ ਆਦਮ ਜ਼ਾਤ ਪਸ਼ੂ ਬਣਿਆ। ਸੋ ਸੰਗਤ ਦਾ ਅਸਰ ਬਹੁਤ ਹੈ।

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ॥

(ਪੰਨਾ ੯੮੧)

ਮਾੜੀ ਸੰਗਤ ਮਾੜਾ ਕਰ ਦੇਂਦੀ ਹੈ। ਚੰਗੀ ਸੰਗਤ ਚੰਗਾ ਕਰ ਦੇਂਦੀ ਹੈ। ਇਹ ਤਾਂ ਸੰਗਤ ਦਾ ਫਲ ਹੈ ਫਿਰ ਮਨੁੱਖੀ ਮਨ ਹੈ ਪੰਛੀ ਦੀ ਤਰ੍ਹਾਂ ਇਧਰ ਉਧਰ ਉੱਡਦਾ ਹੈ। ਸੰਗਤ ਦੇ ਅਸਰ ਨੂੰ ਕਬੂਲਦਾ ਹੈ। ਕਬੀਰ ਸਾਹਿਬ ਦਾ ਕਥਨ ਹੈ:-

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹਦਿਸ ਜਾਇ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥ (ਕਬੀਰ ਸਲੋਕ)

5. ਪੰਛੀ ਤੇ ਸੰਗਤ

ਜਿਥੇ ਪਸ਼ੂਆਂ ਦੀ ਸੰਗਤ ਪਸ਼ੂ ਬਣਾ ਦਿੰਦੀ ਹੈ। ਉਥੇ ਜਿਨ੍ਹਾਂ ਪਸ਼ੂ ਪੰਛੀਆਂ ਨੂੰ ਮਨੁੱਖੀ ਸੰਗਤ ਮਿਲਦੀ ਹੈ, ਉਨ੍ਹਾਂ ਨੂੰ ਉਹ ਮਨੁੱਖ ਵੀ ਬਣਾ ਦਿੰਦੀ ਹੈ। ਇਕ ਨਿਕੀ ਜਿਹੀ ਕਹਾਣੀ ਹੈ ਕਿ:-

ਇਕ ਸਾਧੂ ਨੇ ਕਿਸੇ ਸ਼ਰਧਾਲੂ ਦੇ ਘਰ ਮਹਿਮਾਨ ਜਾਣਾ ਸੀ। ਉਹ ਸਾਧੂ ਜਦੋਂ ਆਪਣੇ ਸ਼ਰਧਾਲੂ ਦੇ ਘਰ ਵਿੱਚ ਪ੍ਰਵੇਸ਼ ਹੋਇਆ ਤਾਂ ਕਿਸੇ ਨੇ "ਜੀ ਆਇਆਂ! ਆਖਿਆ। ਜੀ ਆਇਆਂ! ਦੀ ਅਵਾਜ਼ ਉਸ ਸਾਧੂ ਨੇ ਸੁਣੀ! ਪਰ ਕਹਿਣ ਵਾਲਾ ਕੋਈ ਨਜ਼ਰ ਨਾ ਆਇਆ। ਉਸ ਸਾਧੂ ਨੇ ਹੈਰਾਨ ਹੋ ਕੇ ਇਧਰ ਉੱਧਰ ਦੇਖਿਆ। ਪਰ ਜਦੋਂ ਡਿਉੜੀ ਦੀ ਛੱਤ ਵੱਲ ਉੱਪਰ ਵੇਖਿਆ ਤਾਂ ਛੱਤ ਨਾਲ ਇਕ ਪਿੰਜਰਾ ਲਟਕਦਾ ਸੀ। ਤੇ ਪਿੰਜਰੇ ਵਿੱਚ ਇੱਕ ਤੋਤਾ ਜੀ ਆਇਆਂ! ਕਹਿ ਰਿਹਾ ਸੀ।

ਇਹ ਮਹਿਮਾਨ ਦੇ ਸੁਆਗਤਮ! ਦਾ ਮਨੁੱਖੀ ਫਰਜ਼ ਨਿਭਾਉਣ ਵਾਲਾ ਪੰਛੀ ਕਿਵੇਂ ਸਿਖ ਗਿਆ? "ਸੰਗਤ ਕਰਕੇ!" ਜੋ ਪੰਛੀ ਚਿਰ ਤੱਕ ਮਨੁੱਖੀ ਸੰਗਤ ਵਿਚ ਰਹੇਗਾ। ਉਸ ਵਿਚ ਮਨੁੱਖੀ ਗੁਣ ਆ ਜਾਣਗੇ। ਜੋ ਮਨੁਖ ਚਿਰ ਤਕ ਪਸ਼ੂਆਂ ਵਿਚ ਰਹੇਗਾ, ਉਸ ਵਿਚ ਪਸ਼ੂਆਂ ਦੇ ਲੱਛਣ ਆ ਜਾਣਗੇ। ਜਿਹੜੇ ਪਸ਼ੂ ਪੰਛੀ ਮਨੁੱਖੀ ਸੰਗਤ ਵਿੱਚ ਰਹਿੰਦੇ ਹਨ। ਉਨ੍ਹਾਂ ਦੇ ਸੁਭਾਅ ਦਾ, ਜੰਗਲੀ ਜਾਨਵਰਾਂ ਨਾਲੋਂ ਬਹੁਤ ਫਰਕ ਹੁੰਦਾ ਹੈ। ਜੰਗਲੀ ਬੜੇ ਖੂੰਖਾਰ, ਮਤਾਣੇ, ਜ਼ਹਿਰੀਲੇ ਹੁੰਦੇ ਹਨ। ਪਾਲਤੂ ਜਾਨਵਰ ਬੜੇ ਨਰਮ, ਹਲੀਮ ਤੇ ਆਗਿਆਕਾਰ ਹੁੰਦੇ ਹਨ। ਇਹ ਗਊਆਂ, ਮੱਝਾਂ ਜੋ ਸਾਰੀ ਉਮਰ ਦੁੱਧ ਦਹੀਂ ਤੇ ਮੱਖਣ ਵਰਗੀਆਂ ਨਿਆਮਤਾਂ ਬਖਸ਼ਦੀਆਂ ਹਨ, ਉਹ ਮਾਰ-ਖੋਰੇ ਬਲਦਾ ਦੀ ਹੀ ਸੰਤਾਨ ਹਨ। ਮਨੁੱਖੀ ਸੰਗਤ ਦਾ ਸਦਕਾ ਹੀ ਇਨ੍ਹਾਂ ਦੇ ਸੁਭਾਅ ਵਿਚ ਫਰਕ ਆਇਆ ਹੈ। ਸਿਖਾਏ ਹੋਏ ਹਾਥੀ ਅਤੇ ਘੋੜੇ ਮਨੁੱਖ ਦੇ ਕਿੰਨੇ ਹੀ ਕਾਰਜ ਸੰਵਾਰਦੇ ਹਨ। ਅਤਿ ਖਤਰਨਾਕ ਚੀਤੇ ਅਤੇ ਸ਼ੇਰ ਸਰਕਸ ਵਿੱਚ ਲੋਕਾਂ ਦਾ ਮਨੋਰੰਜਨ ਕਰਦੇ ਹਨ। ਸਭ ਸੰਗਤ ਦੀ ਕਰਾਮਾਤ ਹੈ। ਇਹ ਸੰਗਤ ਦਾ ਫਲ ਹੈ। ਜਿਹੋ ਜਿਹੀ ਸੰਗਤ ਮਿਲ ਗਈ, ਉਹੋ ਜਿਹਾ ਹੀ ਜੀਵਨ ਬਣੇਗਾ। ਖੋਟੀ ਸੰਗਤ ਵਿੱਚ ਬੈਠ ਕੇ ਇਨਸਾਨ ਦੀ ਜੀਵਨ ਰਾਸ ਬਰਬਾਦ ਹੋ ਜਾਂਦੀ ਹੈ। ਕਬੀਰ ਸਾਹਿਬ ਜੀ, ਆਪਣੀ ਰਚਨਾ ਦੁਆਰਾ ਚੰਗੀ ਬੁਰੀ ਦਾ ਵਰਨਣ ਕਰਦੇ ਹਨ।

ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ॥

ਇਕ ਨੇਕ ਸੰਤ ਪੁਰਸ਼ ਦੇ ਘਰ ਦੀ ਰਖਵਾਲੀ ਕਰਨ ਵਾਲੀ ਕੁੱਤੀ ਚੰਗੀ ਹੈ। ਪਰ ਸਾਕਤ (ਬੁਰੇ) ਆਦਮੀ ਦੀ ਮਾਂ ਵੀ ਨਹੀਂ ਚੰਗੀ। ਕਿਉਂ?:-

ਓਹ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ ਬਿਸਾਹਨ ਜਾਇ॥

(ਗੁਰੂ ਗ੍ਰ: ਪੰਨਾ ੧੩੬੭)

ਕੁੱਤੀ ਸੰਤਾਂ ਦੇ ਸਤਸੰਗੀਆਂ ਰਾਹੀਂ ਪ੍ਰਭੂ ਨਾਮ ਸੁਣਦੀ ਹੈ। ਪਰ ਸਾਕਤ ਦੀ ਮਾਂ ਵਿਸ਼ਿਆਂ ਅਤੇ ਪਾਪਾਂ ਦਾ ਵਪਾਰ ਕਰਦੀ ਹੈ। ਖੋਟਾ ਪੁਰਸ਼ ਇਸ ਤਰ੍ਹਾਂ ਦਾ ਹੈ, ਜਿਵੇਂ ਲਸਣ ਦਾ ਭਰਿਆ ਸਟੋਰ। ਲਸ਼ਣ ਦੀ ਇਕ ਤੁਰੀ ਲੁਕ ਕੇ ਵੀ ਖਾਧੀ ਜਾਵੇ, ਤਾਂ ਵੀ ਖਾਣ ਵਾਲੇ ਦੇ ਮੂੰਹ ਵਿੱਚੋਂ ਉਸ ਦੀ ਬਾਸ ਆ ਜਾਂਦੀ ਹੈ। ਭਾਵ ਕਿ ਸਾਕਤ ਬੰਦਾ ਤਾਂ ਗੁਨਾਹਾਂ ਦੀ ਖਾਣ ਹੈ। ਉਸ ਦੇ ਭੈੜੇ ਜੀਵਨ ਦਾ ਵੀ ਲੋਕਾਂ ਵਿੱਚ ਪਤਾ ਲਗ ਹੀ ਜਾਂਦਾ ਹੈ। ਇਸ ਕਰਕੇ ਹੀ ਕਬੀਰ ਸਾਹਿਬ ਕਹਿੰਦੇ ਹਨ:-

ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥
ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ॥

(ਸਲੋਕ ਕਬੀਰ, ਪੰਨਾ ੧੩੬੫)

ਕੁਸੰਗਤ ਦੀ ਮਾਰ ਇਸ ਤਰ੍ਹਾਂ ਦੀ ਹੁੰਦੀ ਹੈ, ਕਿ ਜਿਵੇਂ ਕਿਸੇ ਕੇਲੇ ਦੇ ਬੂਟੇ ਨੇੜੇ ਕੰਡਿਆਲੀ, ਬੇਰੀ ਦਾ ਬੂਟਾ। ਕਬੀਰ ਸਾਹਿਬ ਕਹਿੰਦੇ ਹਨ—

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥

(ਸਲੋਕ ਕਬੀਰ, ਪੰਨਾ ੧੩੬੯)

5. ਸੰਗਤ ਦਾ ਅਸਰ ਤੇ ਸੰਗਤ

ਚੰਗ ਬੰਦੇ ਬੁਰਿਆਂ ਦੀ ਸੰਗਤ ਵਿੱਚ ਇਸ ਤਰ੍ਹਾਂ ਮਾਰੇ ਜਾਂਦੇ ਹਨ, ਜਿਵੇਂ ਬੇਰੀ ਦੇ ਦਰੱਖਤ ਨਾਲ ਕੋਈ ਕੇਲੇ ਦਾ ਬੂਟਾ ਹੋਵੇ। ਹਵਾ ਦੇ ਝੋਕਿਆਂ ਨਾਲ ਬੇਰੀ ਝੂਲਦੀ ਹੈ। ਪਰ ਕੇਲੇ ਦੇ ਪੱਤੇ ਬੇਰੀ ਦੇ ਕੰਡਿਆਂ ਨਾਲ ਸਾਰੇ ਹੀ ਚੀਰੇ ਜਾਂਦੇ ਹਨ। ਬਸ! ਇਹੀ ਗੱਲ ਹੈ, ਕਿ ਸਾਕਤ ਤਾਂ ਬੁਰੇ ਕੰਮ ਵਿੱਚ ਹੀ ਮਸਤ ਹੈ। ਪਰ ਉਸ ਦੀ ਸੰਗਤ ਵਿੱਚ ਕੋਈ ਇਮਾਨਦਾਰ ਆ ਜਾਏ ਤਾਂ ਉਸ ਦਾ ਸਾਰਾ ਜੀਵਨ ਹੀ ਬਰਬਾਦ ਹੋ ਜਾਂਦਾ ਹੈ। ਕਬੀਰ ਸਾਹਿਬ ਦਾ ਕਥਨ ਹੈ:-

ਕਬੀਰ ਪਾਰਸ ਚੰਦਨੈ ਤਿਨ੍ ਹੈ ਏਕ ਸੁਗੰਧ॥
ਤਿਹ ਮਿਲਿ ਤੇਊ ਊਤਮ ਭਏ ਲੋਹ ਕਾਠ ਨਿਰਗੰਧ॥

(ਸਲੋਕ ਕਬੀਰ, ਪੰਨਾ ੧੩੬੮)

ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ
ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ॥

ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ
ਤਿਉ ਸੰਤਸੰਗਤਿ ਮਿਲਿ ਪਤਿਤ ਪਰਵਾਣੁ ॥ ੩ ॥
(ਗੌਡ ਮ: ੪ ਪੰਨਾ ੮੬੧)

ਗੁਰਦੇਵ ਦੇ ਇਨ੍ਹਾਂ ਵੀਚਾਰਾਂ ਨਾਲ ਮਿਲਦੇ ਵਿਚਾਰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਵੀ ਦਰਸਾਏ ਹਨ:

ਚੰਦਨ ਵਾਸ ਵਣਾਸਪਤਿ, ਸਭ ਚੰਦਨ ਹੋਵੇ।
ਅਸ਼ਟ ਧਾਤ ਇਕ ਧਾਤ ਹੋਇ, ਸੰਗ ਪਾਰਸ ਢੋਵੈ।
ਨਦੀਆਂ ਨਾਲੇ ਵਾਹੜੇ ਮਿਲ ਗੰਗ ਗੰਗੋਵੈ।
ਪਤਿਤ ਉਧਾਰਣ ਸਾਧਸੰਗ ਪਾਪਾਂ ਮਲ ਧੋਵੈ।
(ਭਾਈ ਗੁਰਦਾਸ ਜੀ)

ਪਾਰਸ ਵਿੱਚ ਇਹ ਵਡਿਆਈ ਹੈ, ਕਿ ਉਸ ਨਾਲ ਅੱਠਾਂ ਧਾਤਾਂ 'ਚੋਂ ਕੋਈ ਧਾਤ ਛੂਹ ਗਈ, ਤਾਂ ਉਹ ਸੋਨਾ ਬਣ ਜਾਏਗੀ। ਚੰਦਨ ਵਿੱਚ ਇਹ ਵਡਿਆਈ ਹੈ ਕਿ ਕੋਈ ਵੀ ਲੱਕੜ ਚੰਦਨ ਦੇ ਨੇੜੇ ਹੋ ਗਈ ਤਾਂ ਉਹ ਵੀ ਚੰਦਨ ਹੋ ਜਾਏਗੀ। ਉਸ ਵਿੱਚੋਂ ਵੀ ਚੰਦਨ ਦੀ ਸੁੰਗਧ ਆਉਣ ਲੱਗੇਗੀ। ਨੇਕ ਸੁਹਬਤ ਵਾਲੇ ਪੁਰਸ਼ਾਂ ਦੀ ਵੀ ਇਹੋ ਪਹਿਚਾਨ ਹੈ, ਕਿ ਜਿਹੜਾ ਵੀ ਉਨ੍ਹਾਂ ਦੀ ਸੰਗਤ ਵਿੱਚ ਆਵੇਗਾ ਉਹ ਨੇਕ ਸੁਹਬਤ ਵਾਲਾ ਬਣ ਜਾਏਗਾ। ਇਸ ਵਾਸਤੇ ਕਬੀਰ ਸਾਹਿਬ ਜੀ ਫੁਰਮਾਣ ਕਰਦੇ ਹਨ ਕਿ:-

6. ਸੰਤ ਤੇ ਸੰਗਤ

ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥
ਸਾਕਤ ਸੰਗੁ ਨ ਕੀਜੀਐ ਜਾਤੇ ਹੋਇ ਬਿਨਾਹੁ ॥
(ਸਲੋਕ ਕਬੀਰ , ਪੰਨਾ ੧੩੬੯)

ਸੰਗਤ ਸਾਧੂ ਦੀ ਕਰਨੀ ਚਾਹੀਦੀ ਹੈ, ਤਾਂਕਿ ਅੰਤ ਤਕ ਨੇਕ ਜੀਵਨ ਬਣਿਆ ਰਹੇ। ਸਾਕਤ ਦੀ ਕੁਸੰਗਤ ਨਹੀਂ ਕਰਨੀ ਚਾਹੀਦੀ। ਤਾਂਕਿ ਜੀਵਨ ਬੁਰਾ ਨਾ ਬਣ ਜਾਏ। ਕਬੀਰ ਸਾਹਿਬ ਦਾ ਕਥਨ ਹੈ ਕਿ:-

ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ ॥
ਹੋਨਹਾਰੁ ਸੋ ਹੋਇਹੈ ਸਾਕਤ ਸੰਗਿ ਨ ਜਾਉ ॥
(ਸਲੋਕ ਕਬੀਰ, ਪੰਨਾ ੧੩੬੯)

ਚੰਗੇ ਨੇਕ ਸਾਧੂ ਦੀ ਸੰਗਤ ਵਿੱਚ ਰਹਿਣਾ ਚਾਹੀਦਾ ਹੈ ਸਾਕਤ ਵਲੋਂ ਸਾਨੂੰ ਸੋਨੇ

ਦਾ ਲਾਲਚ ਵੀ ਦਿੱਤਾ ਜਾਵੇ, ਤਾਂ ਵੀ ਸੱਚੇ ਤੇ ਨੇਕ ਪੁਰਸ਼ਾਂ ਦੀ ਸੰਗਤ ਵਿੱਚ ਰਹੋ। ਭਾਵੇਂ ਜੌਵਾਂ ਦੀ ਰੋਟੀ ਖਾ ਕੇ ਹੀ ਗੁਜ਼ਾਰਾ ਕਰਨਾ ਪਵੇ। ਪਰ ਸਾਕਤ ਦੇ ਛੱਤੀ ਪਦਾਰਥ ਪਰਵਾਨ ਨਾ ਕਰੋ। ਜੋ ਹੋਨਹਾਰ ਹੈ! ਉਹ ਤਾਂ ਹੋ ਕੇ ਹੀ ਰਹਿੰਦੀ ਹੈ। ਮਗਰ ਆਪਣਾ ਜੀਵਨ ਨੇਕ ਸੁਹਬਤ ਵਾਲਿਆਂ ਦੀ ਸੰਗਤ ਵਿੱਚ ਹੀ ਰੱਖੋ।

ਨੀਤੀ ਵਿੱਚ ਲਿਖਿਆ ਹੈ, ਕਿ ਸ਼ੇਰਾਂ ਨਾਲ ਭਰੇ ਹੋਏ ਜੰਗਲ ਵਿੱਚ ਭਾਵੇਂ ਵਾਸਾ ਕਰ ਲਵੋ। ਡੂੰਘੇ ਪਾਣੀ ਵਿੱਚ ਵੜ ਜਾਵੋ। ਬਿੱਛੂ ਹੱਥ ਵਿੱਚ ਫੜ ਲਵੋ। ਕੰਨ ਵਿੱਚ ਖਜੂਰਾ ਭਾਵੇਂ ਪਵਾ ਲਵੋ। ਸੱਪ ਦੇ ਮੂੰਹ ਵਿੱਚ ਉਂਗਲੀ ਦੇ ਦਿਉ। ਪਹਾੜ ਤੋਂ ਗਿਰ ਜਾਉ। ਆਰੇ ਨਾਲ ਚਿਰ ਜਾਉ। ਇੰਨੇ ਕਸ਼ਟ ਭਾਵੇਂ ਸਹਿ ਲਵੋ। ਪਰ ਮੂਰਖ ਤੇ ਸਾਕਤ ਦੀ ਸੰਗਤ ਨਾ ਕਰੋ। ਨੀਤੀਵਾਨ ਦਾ ਕਥਨ ਹੈ:-

ਸਿੰਘਨ ਕੇ ਬਨ ਮੈ ਬਸੀਏ ਘਸੀਏ, ਜਲ ਮੇ ਬਿਛੂਵਾ ਗਹਿ ਲੀਜੈ।
ਕਾਨ ਖਜੂਰਾ ਭਰਾਇ ਕਿ, ਸਾਪ ਕੇ ਮੁਖ ਮੇਂ ਉਗਰੀ ਦੀਜੈ।
ਗਿਰ ਤੇ ਗਿਰੀਏ ਅਗ ਮੈਂ ਜਰੀਏ, ਔਰ ਆਰੀ ਤੇ ਘਾਵ ਅਨੇਕ ਸਹੀਜੈ।
ਏਤੇ ਤੋਂ ਕਸ਼ਟ ਅਨੰਤ ਸਹੋ, ਪਰ ਮੂਰਖ ਮੀਤ ਕੇ ਸੰਗ ਨ ਕੀਜੈ।

(ਨੀਤੀ)

ਸਿਆਣਿਆਂ ਦਾ ਮੁਹਾਵਰਾ ਹੈ, ਕਿ ਕਿਧਰੇ ਐਸੇ ਰਸਤੇ ਤੁਸੀਂ ਜਾਂਦੇ ਹੋਵੋ, ਜਿਥੇ ਇਕ ਪਾਸੇ ਤੋਂ ਪਾਗਲ ਹਾਥੀ ਆਉਂਦਾ ਹੋਵੇ। ਦੂਜੇ ਪਾਸਿਉਂ ਸਾਕਤ ਆਉਂਦਾ ਹੋਵੇ। ਤੁਸੀਂ ਉਹ ਪਾਸਾ ਚੁਣ ਲਉ, ਜਿਧਰ ਪਾਗਲ ਹਾਥੀ ਹੈ। ਪਰ ਭੁੱਲ ਕੇ ਸਾਕਤ ਵਾਲੇ ਪਾਸੇ ਨ ਜਾਉ। ਕੁਸੰਗਤ ਇਨਸਾਨ ਨੂੰ ਮਾਰਦੀ ਹੈ। ਸਤਸੰਗਤ ਜੀਵਨ ਬਖਸ਼ਦੀ ਹੈ। ਇਨ੍ਹਾਂ ਗਿਆਨ ਕਿਤਾਬਾਂ ਤੇ ਗ੍ਰੰਥ ਪੜ੍ਹਿਆਂ ਵੀ ਨਹੀਂ ਮਿਲਦਾ। ਜਿੰਨਾ ਕਿ ਚੰਗੇ ਤੇ ਵੱਡੇ ਜੀਵਨ ਵਾਲੇ ਇਸਤਰੀ ਪੁਰਸ਼ਾਂ ਦੀ ਸੰਗਤ ਤੋਂ ਪ੍ਰਾਪਤ ਹੁੰਦਾ ਹੈ। ਇਕ ਕਵੀ ਦਾ ਕਹਿਣਾ ਹੈ ਕਿ :-

ਜਿਉਂ ਜਿਉਂ ਮੈਂ ਵਡੇਰਾ ਹੋਵਾਂ ਨਿ੍ਸ਼ਚਾ ਹੁੰਦਾ ਜਾਵੇ।
ਪੋਥੇ ਫੋਲੇ ਇਲਮ ਨਹੀਂ ਲੱਭਦਾ ਜੇ ਸਉ ਜਤਨ ਕਰਾਵੇ।
ਵਡੇ ਨਰ ਨਾਰਾਂ ਦੀ ਸੰਗਤ ਇਲਮ ਖਜ਼ਾਨੇ ਦੱਬੇ।
ਵਾਜ਼ਬ ਹੈ ਪੋਥੀ ਦੀ ਥਾਂ ਜਾ ਬੰਦਾ ਉਥੋ ਲੱਭੇ।
ਸਾਡੇ ਕਾਲਜ ਮਦਰਸਿਆਂ ਨੂੰ ਮੈਂ ਚਾਹਵਾਂ ਢੱਬ ਆਵੇ।
ਪੁਸਤਕ ਦੀ ਥਾਂ ਬੰਦੇ ਵਾਚਣ ਤਾਂ ਬਿਗੜੀ ਬਣ ਜਾਵੇ।

(ਇਕ ਵਿਦਵਾਨ)

ਲੋਕ ਵਿਖਾਵੇ ਦੀਆਂ ਸੌ ਪੋਥੀਆਂ ਸੌ ਦਾ ਪਾਠ ਕਰਨ ਨਾਲੋਂ, ਇਕ ਮਹਾਂਪੁਰਖ ਦੀ

ਸੰਗਤ ਵਿੱਚ ਇਕ ਘੜੀ ਬੈਠਣਾ ਚੰਗਾ ਹੈ। ਕਿਉਂਕਿ ਇਹ ਤਰ੍ਹਾਂ ਹੈ, ਜਿਵੇਂ ਇਕ ਅੱਗ ਬਾਲਣ ਵਾਸਤੇ ਬਾਲਣ ਆਦਿ ਸਾਮਾਨ ਇਕੱਠਾ ਕਰਦਾ ਹੈ ਅਤੇ ਦੂਸਰਾ ਬਲਦੀ ਅੱਗ ਦੇ ਕੋਲ ਬੈਠ ਕੇ ਠੰਡਕ ਦੂਰ ਕਰ ਲੈਂਦਾ ਹੈ। ਹੋਰ ਕਈ ਕਾਰਜ ਸਾਰ ਲੈਂਦਾ ਹੈ। ਮਹਾਤਮਾ ਪੁਰਸ਼ਾਂ ਕੋਲ ਬੈਠਣ ਵਾਲੇ ਮਨੁੱਖਾਂ ਨੂੰ ਮਹਾਪੁਰਖਾਂ ਦੇ ਜੀਵਨ ਤਜ਼ਰਬੇ ਦਾ ਗਿਆਨ ਮਿਲੇਗਾ। ਇਸੇ ਵਾਸਤੇ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੇ ਸ੍ਰੀ ਸੁਖਮਨੀ ਸਾਹਿਬ ਵਿੱਚ ਫੁਰਮਾਇਆ ਹੈ ਕਿ:-

ਸਾਧ ਕੈ ਸੰਗਿ ਨਹੀ ਕਛੁ ਘਾਲ॥ ਦਰਸਨੁ ਭੇਟਤ ਹੋਤ ਨਿਹਾਲ॥

(ਸੁਖਮਨੀ ਪੰਨਾ ੨੭੨)

ਸਾਧਸੰਗਤ ਇਕ ਐਸਾ ਤੀਰਥ ਹੈ ਜਿਥੇ ਪਾਣੀ ਨਾਲ ਨਹੀਂ ਬਾਣੀ ਨਾਲ ਇਸ਼ਨਾਨ ਹੁੰਦਾ ਹੈ। ਸਾਧਸੰਗ ਵਿੱਚ ਸਰੀਰ ਨਹੀਂ, ਬਲਕਿ ਸੁਰਤ ਪਵਿੱਤਰ ਹੁੰਦੀ ਹੈ। ਜ਼ਮੀਰ ਪਵਿੱਤਰ ਹੁੰਦੀ ਹੈ।

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥

(ਬਿਲਾਵਲੁ ਮਹਲਾ ੫, ਪੰਨਾ ੮੦੯)

ਸਤਿਗੁਰੂ ਦੀ ਹਜ਼ੂਰੀ ਵਿੱਚ ਇਕੱਠੇ ਹੋ ਕੇ ਪ੍ਰਮਾਰਥ ਦੀ ਗੱਲ ਕਰਨ ਤੇ ਸੁਣਨ ਵਾਲਿਆਂ ਦੇ ਇਕੱਠ ਦਾ ਨਾਮ ਸਤਿਸੰਗਤ ਹੁੰਦਾ ਹੈ। ਸਤਿਸੰਗਤ ਦੇ ਅੱਖਰੀ ਅਰਥ ਵੀ ਇਹੋ ਹਨ। ਜਿਥੋਂ ਸੱਚ ਦੀ ਪ੍ਰਾਪਤੀ ਹੋਵੇ ਅਤੇ ਸਚਾਈ ਨੂੰ ਪਹਿਚਾਨਣ ਦੀ ਸਿਖਿਆ ਮਿਲੇ ਉਹ ਸਤਸੰਗਤ ਹੈ। ਸਤਿਗੁਰੂ ਦੀ ਹਜ਼ੂਰੀ ਵਿੱਚ ਬੈਠ ਕੇ ਗੁਰ ਉਪਦੇਸ਼ ਸੁਣਦਿਆਂ ਮਨ ਦੀ ਸਾਧਨਾ ਵੀ ਹੋ ਜਾਂਦੀ ਹੈ। ਇਨਸਾਨ ਸਾਧੂ ਬਣਦਾ ਹੈ। "ਸਤਿ" ਨਾਮ ਹੈ ਪ੍ਰਮਾਤਮਾ ਦਾ। ਸੱਚ ਦੀ ਪ੍ਰਾਪਤੀ ਪ੍ਰਮਾਤਮਾ ਦੀ ਪਰਾਪਤੀ ਹੈ। ਇਹ ਆਦਿ ਸੱਚ ਜੋ ਪ੍ਰਮਾਤਮਾ ਹੈ। ਸਾਧ ਸੰਗਤ ਵਿੱਚੋਂ ਹੀ ਮਿਲਦਾ ਹੈ। ਜਿਸ ਨੂੰ ਇਹ ਸਮਝ ਆ ਗਈ ਉਹੀ ਸਾਧੂ ਹੋਵੇਗਾ। ਭਾਵ ਕਿ ਸਤਿਸੰਗਤ ਹੀ ਸਾਧੂ ਦੀ ਮਾਂ ਹੈ ਜੋ ਮਾਤਾ ਸਾਡੇ ਸਰੀਰ ਨੂੰ ਜਨਮ ਦੇਂਦੀ ਹੈ ਉਹ ਸਾਡੇ ਸਰੀਰ ਨੂੰ ਪਾਲ ਦੀ ਹੈ। ਸਾਧੂ ਤੇ ਸੰਤਾਂ ਦੀ ਮਾਤਾ ਸਤਿਸੰਗਤ ਹੈ। ਸਾਧ ਸੰਗਤ ਆਤਮਿਕ ਮਾਂ ਹੈ। ਅਤੇ ਜੋ ਮਾਵਾਂ ਸਾਡੇ ਸਰੀਰਾਂ ਨੂੰ ਗਰਭ ਜੋ ਜਨਮ ਦੇਂਦੀਆਂ ਹਨ ਉਹ ਸਰੀਰਕ ਮਾਵਾਂ ਹਨ। ਗੁਰੂ ਪਾਤਸ਼ਾਹ ਕਹਿੰਦੇ ਹਨ ਕਿ ਮਨੁੱਖ ਨੂੰ ਇਸ ਤਰ੍ਹਾਂ ਦੇ ਸਤਿਸੰਗਤ ਵਿੱਚ ਦੋ ਵੇਲੇ ਜਾਣਾ ਚਾਹੀਦਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ:-

ਗੁਰੁ ਸਿਖ ਭਲਕੇ ਉੱਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ।

ਗੁਰ ਕੇ ਬਚਨ ਉਚਾਰਿਕੈ ਧਰਮਸਾਲ ਦੀ ਸੁਰਤਿ ਕਰੰਦਾ।
ਸਾਧ ਸੰਗਤਿ ਵਿਚਿ ਜਾਇਕੈ ਗੁਰ ਬਾਣੀ ਦੇ ਪ੍ਰੀਤਿ ਸੁਣੰਦਾ।

(ਭਾਈ ਗੁਰਦਾਸ ਜੀ)

ਸਤਪੁਰਸ਼ਾਂ ਨੇ ਸਤਸੰਗਤ, ਸਤਿ ਦੀ ਵਿਚਾਰ ਦੇ ਆਸਰੇ ਖੜੀ ਕੀਤੀ ਹੈ। ਉਨ੍ਹਾਂ ਦੇ ਖਿਆਲ ਵਿੱਚ ਸਤਿ ਪ੍ਰਭੂ ਦਾ ਨਾਮ ਹੈ। ਇਸ ਲਈ ਸਤਸੰਗਤ ਸਹੀ ਅਰਥਾਂ ਵਿੱਚ ਉਸ ਨੂੰ ਹੀ ਕਹਿੰਦੇ ਹਨ ਜਿਥੇ ਨਾਮ ਦਾ ਵਿਖਿਆਨ (ਪ੍ਰਚਾਰ) ਕੀਤਾ ਜਾਏ।

ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥

(ਸਿਰੀਰਾਗੁ ਮਹਲਾ ੧, ਪੰਨਾ ੭੨)

ਭਾਈ ਸਾਹਿਬ ਭਾਈ ਨੰਦ ਲਾਲ ਜੀ ਫੁਰਮਾਉਂਦੇ ਹਨ:-

ਆ ਹਜ਼ੂਰੇ ਖੁਸ਼ ਕਿ ਬਹਰੇ ਯਾਦ ਓਸਤ।
ਆ ਹਜੂਮੇ ਖੁਸ਼ ਕਿ ਹਕ ਬੁਨਿਆਦ ਓਸਤ।

ਉਹ ਇਕੱਠ ਹੀ ਸਤਸੰਗ (ਚੰਗਾ) ਹੈ, ਜੋ ਪ੍ਰਭੂ ਦੀ ਯਾਦ ਵਿੱਚ ਹੋਵੇ। ਅਤੇ ਜਿਸ ਦੀ ਬੁਨਿਆਦ ਸੱਚ (ਹੱਕ) ਉੱਪਰ ਰੱਖੀ ਜਾਵੇ।

ਆ ਹਜੂਮੇ ਖੁਸ਼ਕਿ ਬਹਿਰੇ ਬੰਦਗੀ ਅਸਤ।

ਭਾਵ- ਉਹ ਇਕੱਠ ਸਿਰਫ਼ ਬੰਦਗੀ ਲਈ ਹੀ ਹੋਵੇ।

ਆ ਹਜੂਮੇ ਖੁਸ਼ਕਿ ਮਹਿੰਜੋ ਜ਼ਿੰਦਗੀ ਅਸਤ।

ਭਾਵ- ਉਸੇ ਇਕੱਠ (ਸਤਸੰਗ) ਤੋਂ ਜ਼ਿੰਦਗੀ ਨੂੰ ਜੀਵਨ ਮਿਲਦਾ ਹੈ।

ਭਾਈ ਸਾਹਿਬ ਗੁਰਦਾਸ ਜੀ ਨੇ ਆਪਣੀ ਬਾਣੀ ਵਿੱਚ ਇਕ ਪੁਰਾਣਕ ਕਥਾ ਦਾ ਹਵਾਲਾ ਦਿੱਤਾ ਹੈ। ਜਿਸ ਤੋਂ ਸਾਧ ਸੰਗਤ ਦਾ ਸਾਧੂ ਸੰਤ ਦੀ ਮਾਤਾ ਹੋਣ ਦਾ ਪ੍ਰਮਾਣ ਮਿਲਦਾ ਹੈ। ਭਾਈ ਸਾਹਿਬ ਜੀ ਜ਼ਿਕਰ ਕਰਦੇ ਹਨ:-

ਬਾਰਹ ਵਰ੍ਹੇ ਗਰਭਾਸ ਵੱਸ ਜੰਮਦੇ ਹੀ ਸੁਕ ਲਈ ਉਦਾਸੀ।

ਕਥਾ ਇਸ ਤਰ੍ਹਾਂ ਹੈ ਕਿ ਭਾਰਤ ਦਾ ਇਕ ਮੁਨੀਸ਼ਵਰ ਹੋਇਆ ਹੈ। ਜਿਸ ਦਾ ਨਾਮ ਸੀ, "ਸ਼ੁਕਦੇਵ ਮੁਨੀ" ਸੰਸਕ੍ਰਿਤ ਵਿੱਚ ਤੋਤੇ ਨੂੰ ਸ਼ੁੱਕ ਆਖਿਆ ਜਾਂਦਾ ਹੈ। 'ਦੇਵ' ਨਾਮ ਹੈ ਦੈਵੀ ਬਿਰਤੀ ਰੱਖਣ ਵਾਲਾ। ਭਾਵ ਦੇਵਤਾ। (ਸ਼ੁਕ+ਦੇਵ) ਕਿ ਤੋਤਾ ਦੇਵਤਾ। ਭਾਵ ਸਪੱਸ਼ਟ ਹੈ ਕਿ ਸੁਕਦੇਵ ਮੁਨੀ ਭਾਵ ਕਿ ਤੋਤਾ ਮੁਨੀ। ਇਕ ਤੋਤਾ ਜਿਸ ਨੇ ਆਪਣਾ ਜੀਵਨ ਇਕ ਮੁਨੀਸ਼ਵਰ ਜੀਵਨ ਬਣਾਇਆ। ਕੋਈ ਤੋਤਾ ਵੀ ਇਸ ਮੰਜ਼ਲ ਤਕ ਪਹੁੰਚ ਸਕਦਾ ਹੈ। ਪਈ ਉਹ ਮੁਨੀਸ਼ਵਰ ਬਣ ਜਾਵੇ? ਇਹ ਕੁਦਰਤ ਦੇ ਕਾਨੂੰਨ ਅਨੁਸਾਰ ਤਾਂ ਬੰਦਾ ਮੰਨ ਨਹੀਂ ਸਕਦਾ। ਪਰ ਭਾਈ ਗੁਰਦਾਸ ਜੀ ਦਾ ਇਹ ਹਵਾਲਾ

ਹੈ। ਜੇਕਰ ਆਮ ਹੋਰ ਸਧਾਰਨ ਮਨੁੱਖ ਦੀ ਗੱਲ ਹੋਵੇ ਤਾਂ ਰੱਦ ਕੀਤੀ ਜਾ ਸਕਦੀ ਹੈ। ਪਰ ਆਪ ਜੀ ਗੁਰਮੱਤ ਦੇ ਵੇਦ ਬਿਆਸ ਹਨ। ਭਾਈ ਸਾਹਿਬ ਭਾਈ ਗੁਰਦਾਸ ਜੀ ਮਹਾਰਾਜ ਕਹਿ ਰਹੇ ਹਨ ਕਿ:-

(ਬਾਰਹ ਬਰਸ ਗਰਭਾਸ ਵਿੱਚ)

7. ਮਾਂ ਤੇ ਸੰਗਤ

ਗਰਭ ਦਾ ਸਮਾਂ ਹਰ ਜੀਵ ਲਈ ਕਰਤਾ ਪੁਰਖ ਦੀ ਕੁਦਰਤ ਅਨੁਸਾਰ ਨਿਯਤ ਹੈ ਪੰਛੀ ਤਿੰਨ ਹਫ਼ਤੇ ਤੋਂ ਲੈ ਕੇ ਚਾਰ ਹਫ਼ਤੇ ਦੇ ਅੰਦਰ ਅੰਦਰ ਅੰਡਿਆਂ 'ਚੋਂ ਆਪਣੇ ਬੱਚਿਆਂ ਨੂੰ ਜਨਮ ਦਿੰਦੇ ਹਨ, ਕੁਝ ਚੁਪਾਹੇ ਪਸ਼ੂਆਂ ਦਾ ਗਰਭ ਕਾਲ ਤਿੰਨ ਮਹੀਨੇ ਤੇ ਛੇ ਮਹੀਨੇ ਹੈ। ਗਊ, ਮੱਝ ਅਤੇ ਹਾਥੀ ਆਦਿ ਨੌ ਜਾਂ ਦਸ ਮਹੀਨੇ ਦੇ ਅੰਦਰ ਆਪਣੇ ਬੱਚੇ ਨੂੰ ਜਨਮ ਦੇਂਦੇ ਹਨ। ਪਰ ਸੁਕਦੇਵ ਮੁਨੀ ਬਾਰੇ ਕਥਾ ਹੈ ਕਿ ਉਹ ਬਾਰਾਂ ਸਾਲ ਮਾਤਾ ਦੇ ਗਰਭ ਵਿੱਚ ਰਿਹਾ। ਭਾਈ ਗੁਰਦਾਸ ਨੇ ਵੀ ਇਹ ਜ਼ਿਕਰ ਕੀਤਾ ਹੈ। ਇਹ ਪ੍ਰਕ੍ਰਿਤੀ ਦੇ ਨਿਯਮ ਦੇ ਉਲਟ ਹੈ, ਦਰਅਸਲ ਇਸ ਕਥਾ ਵਿੱਚ ਗਰਭ ਕਾਲ ਨੂੰ ਪ੍ਰਤੀਕ (ਪ੍ਰਮਾਣ) ਲਿਆ ਗਿਆ ਜਾਪਦਾ ਹੈ। ਜੋ ਸੁਕਦੇਵ ਮੁਨੀ ਦੀ ਜਨਨੀ ਹੈ ਧਾਰਮਿਕ ਪੁਰਖਾਂ ਅਨੁਸਾਰ ਉਹ ਸਾਧ ਸੰਗਤ ਹੈ। ਸਾਧ ਸੰਗਤ ਵਿੱਚ ਬੈਠਾ ਮਨੁੱਖ, ਜੋ ਅਜੇ ਸਤਸੰਗਤ ਕਰਨੀ ਅਰੰਭ ਹੀ ਹੋਇਆ ਹੈ, ਸਮਝੋ ਉਸਦਾ ਗਰਭ ਕਾਲ ਸ਼ੁਰੂ ਹੀ ਹੋਇਆ ਹੈ। ਧਾਰਮਿਕ ਲੋਕਾਂ ਅਨੁਸਾਰ ਸਾਧੂ ਦਾ ਜਨਮ ਉਸ ਦਿਨ ਹੁੰਦਾ ਹੈ, ਜਿਸ ਦਿਨ ਆਪਣੇ ਮਨ ਦੀ ਪੂਰੀ ਸਮਝ ਪੈ ਜਾਵੇ। ਜਿਸ ਦਿਨ ਬ੍ਰਹਮ ਚਿੰਤਨ ਵਿੱਚ ਸੁਰਤ ਇਕਾਗਰ ਹੋਣ ਲਗ ਪਵੇ। ਮਨ ਦੀ ਸਮਝ ਸੰਗਤ ਕਰਨ ਤੋਂ ਬਿਨਾਂ ਲਗ ਹੀ ਨਹੀਂ ਸਕਦੀ। ਹੁਣ ਇਹ ਸਮਝ ਲਗ ਜਾਣ ਦਾ ਤਾਂ ਕੋਈ ਸਮਾਂ ਨਿਯਤ ਹੀ ਨਹੀਂ। ਲੱਗ ਜਾਵੇ ਤਾਂ ਕਿਸੇ ਨੂੰ ਇਕ ਦਿਨ ਵਿਚ ਹੀ ਇਹ ਸਮਝ ਲਗ ਜਾਵੇ, ਨਾ ਲੱਗੇ ਤਾਂ ਸਾਲਾਂ ਬੱਧੀ ਵੀ ਨਾ ਲੱਗੇ। ਕਿਸੇ ਨੂੰ ਇਸ ਸਮਝ ਲਗਣ ਵਿੱਚ ਦਸ ਬਾਰਾਂ ਸਾਲ ਵੀ ਲੱਗ ਸਕਦੇ ਹਨ। ਪਰ ਕਈ ਇਸ ਤਰ੍ਹਾਂ ਦੇ ਹਨ ਕਿ ਸਾਰੀ ਜ਼ਿੰਦਗੀ ਲਗ ਗਈ ਹੈ। ਪਰ ਕੱਖ ਸਮਝ ਨਹੀਂ ਲੱਗੀ। ਉਨ੍ਹਾਂ ਦਾ ਜਨਮ ਹੋ ਹੀ ਨਹੀਂ ਸਕਿਆ। ਕਬੀਰ ਜੀ ਦਾ ਕਥਨ ਹੈ:-

ਕੇਤੇ ਗਰਭ ਗਲੇ (ਕਬੀਰ)

ਕਈ ਹਨ, ਇਸ ਤਰ੍ਹਾਂ ਦੇ ਜੋ ਸਤਸੰਗਤ ਵਿੱਚ ਵੀ ਬੈਠ ਕੇ ਕ੍ਰੋਧ ਤੋਂ ਸ਼ਾਂਤ ਨਹੀਂ ਹੋ ਸਕੇ। ਕਾਮ, ਤ੍ਰਿਸਨਾਂ, ਹਉਮੈ ਤੇ ਦਾਵੇ ਦੀ ਅਗਨੀ ਵਿੱਚ ਸੜ ਗਲ ਰਹੇ ਹਨ। ਦਾਵੇ ਦੀ ਅੱਗ ਨੇ ਤਾਂ ਬਹੁਤੇ ਬੂਟਿਆਂ ਨੂੰ ਸਾੜਿਆ ਹੈ।

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ॥

(ਆਸਾ ਮਹਲਾ ੫, ਪੰਨਾ ੩੮੪)

ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿੱਚ ਇਕ ਕਥਾ ਹੈ। ਗੁਰੂ ਨਾਨਕ ਦੇਵ ਜੀ ਇਕ ਉਦਾਸੀ ਸਮੇਂ (ਪ੍ਰਚਾਰਕ ਫੇਰੀ) ਦੌਰਾਨ ਇਕ ਕਬਰਿਸਤਾਨ ਵਿੱਚ ਬੈਠ ਗਏ। ਮਰਦਾਨਾ ਨਾਲ ਸੀ। ਮਰਦਾਨੇ ਦੀ ਨਿਗਾਹ ਸੁਭਾਵਕ ਹੀ ਸਾਹਮਣੇ ਕਬਰ ਤੇ ਲਿਖੇ ਹੋਏ ਪੱਥਰ 'ਤੇ ਪਈ। ਉਸ ਪੱਥਰ ਤੇ ਲਿਖਿਆ ਸੀ, ਇਹ ਬੰਦਾ ਦੋ ਸਾਲ ਜੀਵਿਆ ਹੈ। ਦੂਜੀ ਕਬਰ ਤੇ ਲਿਖਿਆ ਸੀ, ਕਿ ਇਹ ਦੋ ਮਹੀਨੇ ਜੀਵਿਆ ਹੈ। ਇਸ ਤਰ੍ਹਾਂ ਹਰੇਕ ਪੱਥਰ ਤੇ ਲਿਖਿਆ ਸੀ, ਪਰ ਬਹੁਤ ਉਮਰ ਕਿਸੇ ਵੀ ਪੱਥਰ ਤੇ ਨਹੀਂ ਸੀ ਲਿਖੀ ਹੋਈ। ਮਰਦਾਨਾ ਬਹੁਤ ਹੈਰਾਨ ਹੋਇਆ! ਪੁਛਣ ਲੱਗਾ, "ਪਾਤਸ਼ਾਹ! ਇਹ ਲੋਕ ਇੰਨੀ ਛੋਟੀ ਉਮਰਾਂ ਦੇ ਹੀ ਸਾਰੇ ਚਲੇ ਗਏ ਹਨ?।" ਗੁਰਦੇਵ ਕਹਿਣ ਲੱਗੇ "ਨਹੀਂ! ਇਹ ਸਾਰੇ ਇੰਨੀ ਛੋਟੀ ਉਮਰ ਦੇ ਤਾਂ ਨਹੀ ਗਏ। ਪਰ ਇਹ ਜ਼ਰਾ ਸਮਝ ਯੋਗ ਵਿਚਾਰ ਹੈ। ਇਹ ਉਹ ਉਮਰ ਹੈ ਜੋ ਲੇਖੇ ਵਿੱਚ ਆਈ ਹੈ। ਇਹ ਉਹ ਉਮਰ ਹੈ ਜੋ ਸੁਰਤ ਦੇ ਪੈਦਾ ਹੋਣ ਤੋਂ ਬਾਅਦ ਜੀਵੀ ਹੈ। ਧਰਮ ਦੇ ਪੈਦਾ ਹੋਣ ਤੋਂ ਬਾਅਦ ਜੀਵੀ ਹੈ। ਅਕਸਰ ਧਰਮੀ ਬੰਦੇ ਬਹੁਤ ਘੱਟ ਤੋਂ ਘੱਟ ਉਮਰ ਹੀ ਭੋਗਦੇ ਹਨ। ਹੁਣ ਕਈ ਵਾਰੀ ਮਨੁੱਖ ਦੀ ਸਰੀਰ ਕਰਕੇ ਤਾਂ ਉਮਰ ੮੦ ਸਾਲ ਹੁੰਦੀ ਹੈ, ਪਰ ਸੁਰਤੀ ਉਸ ਦੀ ਬੱਚਿਆਂ ਵਰਗੀ ਹੁੰਦੀ ਹੈ। ਕਈ ਦਫਾ ਕਹਿਣਾ ਪੈਂਦਾ ਹੈ, "ਕਿ ਛੱਡ ਬਾਪੂ ਬੱਚਿਆਂ ਵਾਲੀਆਂ ਗੱਲਾਂ ਨਾ ਕਰ।" ਸਰੀਰ, ਸਰੀਰ ਦੇ ਸੰਗ ਤੋਂ ਪੈਦਾ ਹੁੰਦਾ ਹੈ। ਪਰ ਸੁਰਤ ਸ਼ਬਦ ਦੇ ਸੰਗ ਤੋਂ ਪੈਦਾ ਹੁੰਦੀ ਹੈ ਅਤੇ ਇਹ ਸਮਝ ਸਾਧ ਸੰਗਤ ਵਿੱਚੋਂ ਹੀ ਆਉਂਦੀ ਹੈ। ਇਸ ਕਰਕੇ ਚੰਗੇ ਤੇ ਅਧਿਆਤਮਕ ਬੰਦਿਆਂ ਦਾ ਜਨਮ ਸਾਧ ਸੰਗਤ ਤੋਂ ਹੀ ਹੁੰਦਾ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਮਹਾਰਾਜ ਨੇ ਸਾਨੂੰ ਇਕ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਜੇਕਰ ਇਕ ਤੋਤਾ ਵੀ, ਪੂਰੀ ਲਗਨ ਨਾਲ, ਸਤਸੰਗਤ ਵਿੱਚ ਬੈਠ ਕੇ, ਗੁਰ ਉਪਦੇਸ਼ ਦ੍ਰਿੜ ਕਰਦਾ ਰਹੇ ਤਾਂ ਉਹ ਵੀ ਬਾਰਾਂ ਸਾਲਾਂ ਵਿਚ ਸ਼ਕਤੀਵਾਨ ਮੁਨੀਸ਼ਵਰ ਹੋ ਸਕਦਾ ਹੈ। ਜਿਸ ਨੂੰ ਸੁਕਦੇਵ ਕਹਿੰਦੇ ਹਨ। ਇਹ ਬਾਰਾਂ ਸਾਲ ਤੱਕ ਸਾਧ ਸੰਗਤ ਵਿੱਚ ਬੈਠ ਕੇ ਗਿਆਨ ਪ੍ਰਾਪਤ ਕਰਦਾ ਹੈ।

ਕਹਾਣੀ ਤਾਂ ਬੜੀ ਲੰਬੀ ਚੌੜੀ ਹੈ ਕਿ ਇਕ ਅਮਰ ਨਾਥ ਨਾਂ ਦੀ ਪਹਾੜੀ ਉੱਪਰ, ਇਕ ਦਰੱਖਤ ਦੇ ਥੱਲੇ ਸ਼ਿਵਜੀ ਮਹਾਰਾਜ, ਪਰਮਾਤਮਾ ਦੇ ਨਾਮ ਦੀ ਅਮਰ ਕਥਾ, ਆਪਣੀ ਧਰਮ ਪਤਨੀ ਨੂੰ ਸੁਣਾ ਰਹੇ ਸਨ। ਤਾਂਕਿ ਉਹ ਵੀ ਉਸ ਪ੍ਰਮਾਤਮਾ ਨੂੰ ਆਪਣੇ ਆਪ ਤੋਂ ਉਜਾਗਰ ਕਰ ਸਕੇ। ਕਹਿੰਦੇ ਹਨ, ਪਾਰਬਤੀ ਤਾਂ ਇਹ ਗਿਆਨ ਸੁਣਦਿਆਂ ਸੁਣਦਿਆਂ ਸੋ ਗਈ। ਪਰ ਉੱਪਰ ਦੱਰਖਤ ਉੱਪਰ ਇਕ ਤੋਤਾ ਬੈਠਾ ਸੀ।

ਉਹ ਵੀ ਗਿਆਨ ਕਥਾ ਨੂੰ ਸੁਣਦਾ ਰਿਹਾ। ਜਦੋਂ ਸ਼ਿਵਜੀ ਮਹਾਰਾਜ! ਸਾਰੀ ਅਮਰ ਗਿਆਨ ਕਥਾ ਸੁਣਾ ਹਟੇ, ਤਾਂ ਵੇਖਿਆ ਕਿ ਪਾਰਬਤੀ ਸੁੱਤੀ ਪਈ ਹੈ। ਕਥਾ ਤੋਤਾ ਹੀ ਸੁਣਦਾ ਰਿਹਾ ਹੈ। ਤਾਂ ਸ਼ਿਵਜੀ ਨੇ ਉਸ ਤੋਤੇ ਨੂੰ ਮਾਰ ਦੇਣਾ ਚਾਹਿਆ। ਪਰ ਉਹ ਤੋਤਾ ਉੱਡ ਕੇ ਬਿਆਸ ਨਾਮ ਦੇ ਰਿਸ਼ੀ ਦੀ ਸ਼ਰਨ ਵਿੱਚ ਆ ਗਿਆ। ਕਹਾਣੀ ਤਾਂ ਇਸ ਤਰ੍ਹਾਂ ਜੋੜੀ ਗਈ ਹੈ, ਕਿ ਉਸ ਸਮੇਂ ਬਿਆਸ ਰਿਸ਼ੀ ਦੀ ਧਰਮ ਪਤਨੀ ਨੇ ਉਬਾਸੀ ਲੈਣ ਹਿਤ ਆਪਣਾ ਮੂੰਹ ਖੋਲ੍ਹਿਆ। ਤੋਤਾ ਉਸ ਦੇ ਅੰਦਰ ਪ੍ਰਵੇਸ਼ ਕਰ ਗਿਆ ਅਤੇ ਬਾਰਾਂ ਸਾਲ ਤੱਕ ਉਥੇ ਹੀ ਰਿਹਾ। ਪਰ ਪ੍ਰਕ੍ਰਿਤੀ ਦਾ ਨਿਯਮ ਨਹੀਂ ਮੰਨਦਾ। ਹਾਂ ਇਸ ਤਰ੍ਹਾਂ ਹੋਵੇਗਾ ਬਿਆਸ ਦੇ ਘਰ ਦਾ ਦਰਵਾਜ਼ਾ ਖੁਲ੍ਹਿਆ ਅਤੇ ਤੋਤਾ ਬਿਆਸ ਦੇ ਘਰ ਵਿੱਚ ਦਾਖਲ ਹੋ ਗਿਆ। ਫਿਰ ਉਸੇ ਅਮਰ ਗਿਆਨ ਦਾ ਅਭਿਆਸ ਉਸੇ ਬਿਆਸ ਰਿਸ਼ੀ ਦੀ ਸੰਗਤ ਵਿੱਚ ਬਾਰਾਂ ਸਾਲ ਤਕ ਕਰਦਾ ਰਿਹਾ। ਬਾਰਾਂ ਸਾਲਾਂ ਦੀ ਕਠਨ ਤਪੱਸਿਆ (ਅਭਿਆਸ) ਤੋਂ ਬਾਅਦ ਤੋਤਾ ਸੁਕਦੇਵ ਮੁਨੀ ਹੋ ਗਿਆ। ਉਸ ਦਾ ਨਾਮ ਸੁਕਦੇਵ ਮੁਨੀ ਪ੍ਰਸਿਧ ਹੋ ਗਿਆ। ਜਿਹੜਾ ਜੀਵਨ ਉਸ ਨੂੰ ਬਾਰਾਂ ਸਾਲ ਬਾਅਦ ਮਿਲਿਆ। ਉਹ ਇਕ ਅਮਰ ਜੀਵਨ ਸੀ। ਦੂਜਾ ਜਨਮ ਸੀ। ਇਹ ਜਨਮ ਗੁਰੂ ਦੇ ਘਰ ਹੀ ਹੋ ਸਕਦਾ ਹੈ। ਇਸ ਜਨਮ ਤੋਂ ਬਿਨਾਂ ਆਵਾਗਵਨ ਨਹੀਂ ਮਿਟ ਸਕਦਾ। ਗੁਰਬਾਣੀ ਦਾ ਫ਼ਰਮਾਣ ਹੈ:-

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥

(ਰਾਮਕਲੀ ਮਹਲਾ ੧, ਪੰਨਾ ੯੪੦)

ਭਾਰਤ ਵਿੱਚ ਉਸ ਆਦਮੀ ਨੂੰ ਦਿਵਜ (ਬ੍ਰਹਮਣ) ਆਖਿਆ ਜਾਂਦਾ ਹੈ। ਜੋ ਬ੍ਰਹਮ ਵਿਦਿਆ ਜਾਣਦਾ ਹੋਵੇ। ਦਿਵਜ ਭਾਵ ਦੂਜੀ ਵਾਰੀ ਜਨਮਿਆ ਹੋਇਆ (ਓਮਜਫਕ ਲਰਗਅ) ਮਤਲਬ ਸਪਸ਼ਟ ਹੈ ਕਿ ਮਨਮੱਤ ਮਰਦੀ ਹੈ ਅਤੇ ਗੁਰਮਤ ਜਨਮਦੀ ਹੈ। ਗੁਰਮਤ ਨੂੰ ਪ੍ਰਾਪਤ ਹੋਣਾ ਹੀ ਦੂਜਾ ਜੀਵਨ ਹੈ। ਜਿਸ ਦਿਨ ਇਹ ਜਨਮ ਮਿਲਦਾ ਹੈ ਤਾਂ ਫਿਰ ਬੰਦਾ! ਉਹ ਬੰਦਾ! ਨਹੀਂ ਰਹਿੰਦਾ। ਨਵਾਂ ਜੀਵਨ ਅਰੰਭ ਹੁੰਦਾ ਹੈ।

8. ਸਤਿਗੁਰ ਤੇ ਸੰਗਤ

ਗੁਰੂ ਨਾਨਕ ਦੇਵ ਜੀ ਨੂੰ ਸਿੱਖਾਂ ਨੇ ਅੰਤਮ ਸਮੇਂ ਪੁਛਿਆ, ਪਾਤਸ਼ਾਹ! ਤੁਸੀਂ ਜਦੋਂ ਆਪਣਾ ਸਰੀਰ ਤਿਆਗ ਦਿਉਗੇ, ਤਾਂ ਅਸੀਂ ਆਪਦਾ ਇਕ ਦਿਹੁਰਾ ਬਣਾ ਲਵਾਂਗੇ। ਤਾਂਕਿ ਆਪ ਨੂੰ ਯਾਦ ਕੀਤਾ ਜਾ ਸਕੇ। ਗੁਰੂ ਦੇਵ, ਕਹਿਣ ਲਗੇ! ਮੇਰੀ ਯਾਦ ਤੁਹਾਨੂੰ ਦਿਹੁਰਿਆਂ, ਮੜ੍ਹੀਆਂ ਗੋਰਾਂ 'ਚੋਂ ਨਹੀਂ ਮਿਲੇਗੀ। ਕਿਉਂਕਿ ਸਾਰੀ ਉਮਰ ਮੈਂ ਇਨ੍ਹਾਂ

ਦਿਹੁਰਿਆਂ, ਮੜੀਆਂ ਤੇ ਗੋਰਾਂ ਦਾ ਵਿਰੋਧ ਕੀਤਾ ਹੈ। ਫਿਰ ਮੇਰਾ ਦਿਹੁਰਾ ਮੇਰੀ ਯਾਦ ਕਿਵੇਂ ਹੋ ਸਕਦਾ ਹੈ? ਮੈਂ ਆਪਣੇ ਆਪ ਨੂੰ ਲਹਿਣੇ ਦੇ ਹਿਰਦੇ ਵਿੱਚ ਟਿੱਕਾ ਲਿਆ ਹੈ। ਅਤੇ ਲਹਿਣਾ ਅੰਗਦ ਹੋ ਗਿਆ ਹੈ। ਅੰਗਦ ਹੋ ਜਾਣ ਦੀ ਗੱਲ ਦੇ ਹਿੱਸੇ ਨਹੀਂ ਆਈ। ਇਹ ਲਹਿਣੇ ਦੇ ਹਿੱਸੇ ਹੀ ਆਈ ਹੈ।

ਪੁੜੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ॥

(ਪੰਨਾ ੯੬੭)

ਕੌਣ ਨਹੀਂ ਜਾਣਦਾ, ਕਿ ਬਾਬਾ ਸ੍ਰੀ ਚੰਦ ਜੀ ਮਹਾਨ ਤਪੱਸਵੀ ਸਨ। ਪਰ ਤਪੱਸਵੀ ਸਨ। ਅੰਗਦ ਨਹੀਂ ਬਣ ਸੱਕੇ। ਸ੍ਰੀ ਗੁਰੂ ਅੰਗਦ ਲਹਿਣਾ ਹੀ ਬਣਿਆ। ਯੋਗੀ. ਰਾਜ! ਸ੍ਰੀ ਚੰਦ ਜੀ ਦੀ ਤਪੱਸਿਆ ਕੁਝ ਘੱਟ ਨਹੀਂ ਸੀ। ਪਰ ਤਪੱਸਿਆ ਹੋਰ ਸ਼ੈਅ ਹੈ। ਤੇ ਸੰਗ ਵਿੱਚ ਰਹਿ, ਪਰੇਮ ਪਾਉਣਾ, ਹੋਰ ਸ਼ੈਅ। ਕੀ ਇਹ ਠੀਕ ਨਹੀਂ, ਕਿ ਜਿਸ ਦਿਨ ਰਾਤ ਨੂੰ ਬਾਬੇ ਨਾਨਕ ਨੇ ਕੱਪੜੇ ਧੋਣ ਵਾਸਤੇ ਕਿਹਾ ਤਾਂ ਬਾਬਾ ਸ੍ਰੀ ਚੰਦ ਜੀ, ਤੇ ਲਖਮੀ ਦਾਸ ਨੇ ਅਗੋਂ ਉੱਤਰ ਦਿੱਤਾ। ਪਿਤਾ ਜੀ! ਦਿਨ ਚੜ੍ਹ ਲੈਣ ਦਿਉ।

ਪੁੜੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ॥

(ਮਾਰੂ ਮਹਲਾ ੫, ਪੰਨਾ ੯੬੭)

ਪਰ ਲਹਿਣੇ ਨੂੰ ਰਾਤ ਦਿਨ ਨਾਲ ਕੀ ਗਰਜ। ਉਸਨੂੰ ਤੇ ਗੁਰੂ ਪ੍ਰੇਮ ਦੀ ਲੋੜ ਸੀ। ਪ੍ਰੇਮ! ਕਾਲ ਦੀਆਂ ਹੱਦਾਂ ਵਿੱਚ ਨਹੀਂ ਹੁੰਦਾ। ਦਿਨ ਤੇ ਰਾਤ ਨਾਲ ਪ੍ਰੇਮ ਦਾ ਕੋਈ ਵਾਸਤਾ ਨਹੀਂ। ਹਨੇਰੇ ਤੇ ਚਾਨਣ ਦੇ ਸਵਾਲ ਪ੍ਰੇਮ ਦੀ ਦੁਨੀਆਂ ਵਿੱਚ ਨਹੀਂ ਉਠਦੇ। ਪ੍ਰੇਮੀ ਮਸਤ ਚਾਲ ਤੁਰਿਆ ਜਾਂਦਾ ਹੈ। ਲਹਿਣਾ ਉੱਠ ਕੇ ਕੱਪੜੇ ਧੋਣ ਲਗ ਗਿਆ। ਕਪੜੇ ਕੀ ਧੋਣੇ ਸੀ, ਨਿੱਜੀ ਆਪਾ ਧੋਣਾ ਸੀ। ਪ੍ਰੀਤਮ ਦੇ ਕੱਪੜੇ ਧੋਤੇ, ਪ੍ਰੇਮੀ ਦਾ ਦਿਲ ਨਿੱਖਰ ਗਿਆ। ਬਸ ਇਹੀ ਰਾਹ ਜੀਵਨ ਦੀ ਸਿਖਰ ਵੱਲ ਜਾਂਦਾ ਹੈ। ਇਸੇ ਰਾਹ ਦੀ ਮੰਜਲ 'ਤੇ ਗੁਰੂ ਨਾਨਕ ਮਿਲਦੇ ਹਨ। ਜਦੋਂ ਹੀ ਗੁਰੂ ਨਾਨਕ ਆਪਣੇ ਅੰਗਾਂ ਦੇ ਕਲਾਵੇ ਵਿੱਚ ਲੈ ਲੈਣ। ਉਦੋਂ ਹੀ ਲਹਿਣਾ ਅੰਗਦ ਹੋ ਜਾਂਦਾ ਹੈ। ਬਸ ਗਲਵਕੜੀ ਪਾਈ ਤੇ ਲਹਿਣਾ ਅੰਗਦ ਹੋ ਗਿਆ। ਸ੍ਰੀ ਚੰਦ ਫ਼ਕੀਰ ਤੇ ਅੰਗਦ ਪੀਰ ਹੋਇਆ। ਫ਼ਕੀਰੀ ਤਪੱਸਿਆ ਵਿਚ, ਤੇ ਪੀਰੀ ਪ੍ਰੇਮ ਵਿੱਚ ਹੁੰਦੀ ਹੈ। ਜੋ ਪਰੇਮ ਤੋਂ ਭੁੱਲਿਆ ਪੀਰੀ ਤੋਂ ਰਹਿ ਗਿਆ।

ਇਸ਼ਕ ਕੀ ਭਠੀ ਮੇਂ ਜਿਸ ਦਮ ਢਾਲ ਕਰ ਕੁੰਦਨ ਕੀਆ॥
ਲਹਿਣੇ ਸੇ ਅੰਗਦ ਬਣਾ ਅੰਗਦ ਸੇਤ ਅਲਾਹ ਕਰ ਦੀਆ॥

ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਕਿਹਾ "ਕਿ ਮੈਂ ਤੁਹਾਨੂੰ ਮੜੀਆਂ ਗੋਰ ਤੇ

ਦਿਹੁਰਿਆਂ ਦੇ ਬਣਾਇਆਂ ਨਹੀਂ ਯਾਦ ਆਵਾਂਗਾ। ਮੈਂ ਗੁਰੂ ਅੰਗਦ ਵਿੱਚ ਹਾਂ ਤੇ ਉਨ੍ਹਾਂ ਰਾਹੀਂ ਯਾਦ ਆਵਾਂਗਾ। ਗੁਰੂ ਅੰਗਦ ਸਤਸੰਗ ਵਿੱਚ ਜੋ ਉਪਦੇਸ਼ ਦੇਣਗੇ, ਉਹ ਉਪਦੇਸ਼ ਨਿੱਜ ਕਰਕੇ ਮੇਰਾ ਹੀ ਹੋਵੇਗਾ। ਮੈਂ ਸਤਸੰਗਤਿ ਵਿੱਚ ਵਾਸਾ ਕਰਾਂਗਾ।

ਬਾਬਾ ਮੜ੍ਹੀ ਨ ਗੋਰ, ਬਾਬਾ ਗੁਰ ਅੰਗਦ ਕੇ ਹੀਏ ਮੇਂ,
ਪੁਨ ਸਤਸੰਗਤ ਹੋਰ, ਨਿਸ ਦਿਨ ਬਸਿਬੋ ਮੈ ਕਰੋਂ।

9. ਸਿੱਖ ਤੇ ਸੰਗਤ

ਸੋ ਜੇਕਰ ਗੁਰੂ ਦੇ ਗਿਆਨ ਨੂੰ ਪਾਉਣਾ ਹੈ, ਤਾਂ ਸਾਧ ਸੰਗਤ ਜ਼ਰੂਰ ਕਰਨੀ ਚਾਹੀਦੀ ਹੈ। ਭਾਈ ਗੁਰਦਾਸ ਜੀ ਮਹਾਰਾਜ ਕਹਿੰਦੇ ਹਨ ਕਿ ਸਾਧ ਸੰਗਤ ਤੇ ਗੁਰ ਸ਼ਬਦ ਤੋਂ ਬਿਨਾਂ ਭਲੇ ਤੋਂ ਭਲੇਰੇ ਪੁਰਸ਼ ਵੀ ਸਫ਼ਲ ਨਹੀਂ ਹੋ ਸਕਦੇ। ਇਕ ਮਾਤਰ ਸਾਧ ਸੰਗਤ ਹੀ ਪ੍ਰਮਾਰਥ ਦਾ ਸੋਮਾ ਹੈ। ਭਾ. ਸਾਹਿਬ ਦਾ ਪਾਵਨ ਕਥਨ ਹੈ:-

ਸਾਧ ਸੰਗਤ ਗੁਰ ਸ਼ਬਦ ਬਿਨ, ਥਾਉ ਨ ਪਾਇਨ ਭਲੇ ਭਲੇਰੇ।

ਉਹ ਲੋਕ ਗੁਰਮੁਖ ਹਨ ਤੇ ਉਨ੍ਹਾਂ ਦੇ ਪੈਰ ਸਕਾਰਥ ਹਨ। ਜਿਨ੍ਹਾਂ ਪੈਰਾਂ ਨਾਲ ਚੱਲ ਕੇ ਗੁਰਦੁਆਰੇ ਜਾਂਦੇ ਹਨ।

ਸਾਧ ਸੰਗਤ ਵਿਚ ਬੈਠਕੇ ਸ਼ੁਭ ਗੁਣਾਂ ਦਾ ਵਣਜ ਕਰਦੇ ਹਨ।

ਗੁਰਮੁਖ ਪੈਰ ਸਕਾਰਥੇ ਗੁਰਮੁਖ ਮਾਰਗ ਚਾਲ ਚਲੰਦੇ।
ਗੁਰਦੁਆਰੇ ਜਾਣ ਚੱਲ, ਸਾਧਸੰਗਤਿ ਚੱਲ ਜਾਇ ਬਹੰਦੇ।

(ਭਾਈ ਗੁਰਦਾਸ ਜੀ ੨੩)

ਸਿਰਮੌਰ ਭਗਤ ਕਬੀਰ ਸਾਹਿਬ ਦਾ ਕਹਿਣਾ ਹੈ, ਕਿ ਕਿਸੇ ਅਰਸ਼ਾਂ ਵਿੱਚ (ਖਿਆਲੀ) ਸਵਰਗ ਦੀ ਆਸ ਰੱਖਣੀ, ਇਹ ਭੁੱਲ ਹੈ। ਜੇ ਕੋਈ ਸਵਰਗੀ ਜੀਵਨ ਹੈ, ਤਾਂ ਉਹ ਸਤਸੰਗਤ ਤੋਂ ਬਣਦਾ ਹੈ। ਸਾਧ ਸੰਗਤਿ ਬੈਕੁੰਠ ਧਾਮ ਹੈ। ਜੋ ਕੋਈ ਸਾਧ ਸੰਗਤ ਕਰਦਾ ਹੈ, ਤਾਂ ਉਸੇ ਦਾ ਜੀਵਨ ਸਚਖੰਡ ਬਣਦਾ ਹੈ। ਸਾਹਿਬ ਫੁਰਮਾਨ ਕਰਦੇ ਹਨ:-

ਜਬ ਲਗੁ ਮਨਿ ਬੈਕੁੰਠ ਕੀ ਆਸ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ॥
ਕਹੁ ਕਬੀਰ ਇਹ ਕਹੀਐ ਕਾਹਿ॥ ਸਾਧਸੰਗਤਿ ਬੈਕੁੰਠੈ ਆਹਿ॥

(ਗਉੜੀ ਕਬੀਰ ਜੀ, ਪੰਨਾ ੩੨੫)

ਸਾਧ ਸੰਗਤ ਇਕ ਮਾਤਰ ਐਸਾ ਘਰ ਹੈ, ਜਿਥੋਂ ਹਰੇਕ ਬੇਚੈਨ ਬੰਦਾ ਸ਼ਾਂਤੀ ਪ੍ਰਾਪਤ ਕਰ ਸਕਦਾ ਹੈ। ਸਾਰਾ ਸੰਸਾਰ ਬਹੁਤ ਬੇਚੈਨ ਹੋ ਰਿਹਾ ਹੈ। ਸਭ ਦੁੱਖੀ ਹਨ। ਗੁਰੂ ਅਰਜਨ ਦੇਵ ਜੀ ਦਾ ਕਹਿਣਾ ਹੈ, ਕਿ ਸੁੱਖੀ ਉਹੋ ਹੈ, ਜਿਸ ਨੂੰ ਸਤਸੰਗਤ ਪ੍ਰਾਪਤ ਹੈ:-

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸਿ ਤਰਿਆ॥
ਗੁਰ ਪਰਸਾਦਿ ਪਰਮ ਪਦ ਪਾਇਆ ਸੂਕੇ ਕਾਸਟ ਹਰਿਆ॥ ੧॥

(ਗੂਜਰੀ ਮਹਲਾ ੫, ਪੰਨਾ ੪੯੫)

ਗੁਰੂ ਰਾਮਦਾਸ ਜੀ ਮਹਾਰਾਜ ਦਾ ਫੁਰਮਾਨ ਹੈ, ਕਿ ਸਤਿਗੁਰੂ ਸੱਚਾ ਪਾਤਸ਼ਾਹ ਦੀ ਸੰਗਤ, ਉੱਤਮ ਸੰਗਤ ਹੈ। ਜਿੱਥੇ ਪਰੀਪੂਰਨ ਪ੍ਰਮਾਤਮਾ ਦੇ ਗੁਣ ਗਾਏ ਜਾਂਦੇ ਹਨ। ਗੁਰੂ ਪਾਤਸ਼ਾਹ ਦਾ ਆਪਣਾ ਖਿਆਲ ਹੈ, ਕਿ ਇਸ ਤਰ੍ਹਾਂ ਦੀ ਸੰਗਤ ਮੈਨੂੰ ਮਿਲੇ ਤਾਂ ਮੈਂ ਸਤ ਸੰਗੀਆਂ ਦੇ ਪੈਰ ਧੋਵਾਂ:-

ਸਤਸੰਗਤਿ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ॥
ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ ਧੋਵਹ ਪਗ ਜਨ ਕੇ॥ ੨॥

(ਸੂਹੀ ਮਹਲਾ ੪, ਪੰਨਾ ੭੩੧)

ਸਤ ਸੰਗ ਇਕ ਜ਼ਬਰਦਸਤ ਰੂਹਾਨੀ ਸਕੂਲ ਹੈ। ਜਿਥੇ ਪ੍ਰੇਮ ਤੇ ਪ੍ਰਮਾਰਥ ਦਾ ਹਕੀਕੀ ਸ਼ਬਕ ਮਿਲਦਾ ਹੈ। ਸਹਿਜੋ ਬਾਈ ਨਾਮ ਦੀ ਇਕ ਸੂਫੀ ਸੰਤ ਮਹਾਤਮਾ ਹੋਈ ਹੈ। ਉਹ ਵੀ ਬੜੀ ਬ੍ਰਹਮ ਗਿਆਨੀ ਦੀਆਂ ਬਰੀਕੀਆਂ ਨੂੰ ਜਾਣਦੀ ਸੀ। ਸਹਜੋ ਬਾਈ ਆਪਣੀ ਰਚਨਾ ਵਿੱਚ ਸਤਸੰਗ ਦੀ ਮਹਿਮਾਂ ਦਾ ਵਰਣਨ ਕਰਦਿਆਂ ਜ਼ਿਕਰ ਕਰਦੀ ਹੈ ਕਿ:-

ਸਾਧ ਸੰਗ ਕਰ ਚਾਦਨਾਂ, ਸਕਲ ਅੰਧਾਰ ਔਰ।
ਸਹਜੋ ਦੁਰਲਭ ਪਾਈਐ, ਸੰਤ ਸੰਗ ਮਹਿ ਠੌਰ।

(ਸਹਿਜੋ ਬਾਈ)

ਚੰਗੇ ਤੇ ਨੇਕ ਸਤਸੰਗੀਆਂ ਵਿੱਚ ਬੈਠਿਆਂ ਹਰੇਕ ਪ੍ਰਕਾਰ ਦਾ ਆਤਮਕ ਅੰਧੇਰਾ (ਵਹਿਮ, ਭਰਮ, ਅਗਿਆਨਤਾ) ਦੂਰ ਹੁੰਦਾ ਹੈ ਅਤੇ ਦੁਰਲਭ ਗਿਆਨ ਸਤ ਸੰਗ ਦੀ ਥਾਂ ਤੋਂ ਪ੍ਰਾਪਤ ਹੁੰਦਾ ਹੈ।

ਸਾਧ ਸੰਗ ਤੀਰਥ ਬਡੋ, ਤਾਹਿ ਮਹਿ ਨੀਰ ਵਿਚਾਰ॥
ਸਹਜੋ ਨਾਏ ਪਾਈਐ, ਮੁਕਤ ਪਦਾਰਥ ਚਾਰ।

ਸਾਧ ਸੰਗਤਿ ਇਕ ਐਸਾ ਤੀਰਥ ਹੈ, ਜਿਥੇ ਪਾਣੀ ਨਹੀਂ, ਗਿਆਨ ਤੇ ਵਿਚਾਰ ਦੀ ਬਾਣੀ ਮਿਲਦੀ ਹੈ। ਇਸ ਅੰਮ੍ਰਿਤ ਜਲ ਵਿੱਚ ਮਨ ਦੀ ਮੈਲ ਉੱਤਰਦੀ ਹੈ।

ਜੋ ਆਵੈ ਸਤਿਸੰਗ ਮਹਿ, ਜਾਕ ਬਰਨ ਕੁਲ ਖੋਇ॥
ਸਹਜੋ ਮੈਲ ਕੁਚੈਲ ਜਲ, ਮਿਲੇ ਸੋ ਗੰਗਾ ਹੋਇ॥

(ਸਹਜੋ ਬਾਈ)

ਸਤਸੰਗਤਿ ਵਿਚ ਆਉਣ ਵਾਲੇ ਲਈ ਕੋਈ ਸ਼ਰਤ ਨਿਯਤ ਨਹੀਂ ਭਾਵੇਂ ਸੁਵਰਨ ਜ਼ਾਤੀ ਦਾ ਹੋਵੇ, ਤੇ ਭਾਵੇਂ ਸ਼ੂਦਰ ਜ਼ਾਤੀ ਦਾ। ਸਤਿਸੰਗਤ ਦੀ ਥਾਂ ਬਰਾਬਰ ਸਭ ਨੂੰ ਗਿਆਨ ਦੇਂਦੀ ਹੈ। ਇਹੀ ਖਾਸੀਅਤ ਹੈ ਕਿ ਖਤਰੀ, ਬ੍ਰਾਹਮਣ ਸ਼ੂਦ, ਵੈਸ਼, ਅਮੀਰ ਗਰੀਬ, ਆਪਣਾ ਪਰਾਇਆ, ਚੋਰ ਤੇ ਸਾਧ, ਸਭ ਆਪਾ ਭਾਵ ਖੋ ਕੇ ਆਤਮਾਨੰਦ ਨੂੰ ਪ੍ਰਾਪਤ ਹੋ ਸਕਦੇ ਹਨ। ਸਭ ਦੀ ਮੈਲ ਧੋਤੀ ਜਾ ਸਕਦੀ ਹੈ। ਜਿਵੇਂ ਗੰਗਾ ਵਿੱਚ ਕਿਸੇ ਤਰ੍ਹਾਂ ਦਾ ਵੀ ਪਾਣੀ ਪੈ ਜਾਵੇ, ਸਭ ਗੰਗਾ ਹੀ ਹੋ ਜਾਂਦਾ ਹੈ। ਸਤਿ ਸੰਗਤ ਵਿੱਚ ਚੋਰ ਵੀ ਸਾਧੂ ਬਣ ਜਾਂਦਾ ਹੈ।

ਸਹਜੋ ਸੰਗਤਿ ਸਾਧ ਕੀ, ਕਾਗ ਹੰਸ ਹੋ ਜਾਇ।
ਤਜ ਕੇ ਭਖਸ਼ ਅਭਖਸ਼ ਕੋ, ਮੋਤੀ ਚੁਨ ਚੁਨ ਖਾਇ।

(ਸਹਿਜੋ ਬਾਈ)

ਸਤਿਗੁਰੂ ਜੀ ਦੀ ਸੰਗਤ ਇਕ ਐਸਾ ਅੰਮ੍ਰਿਤ ਸਰੋਵਰ ਹੈ, ਜਿਥੇ ਕਊਆ ਆਉਂਦਾ ਹੈ, ਹੰਸ ਹੋ ਕੇ ਜਾਂਦਾ ਹੈ, ਆਉਂਦਾ ਹੈ ਜਦੋਂ ਉਸ ਦੀ ਬਿਰਤੀ ਕਠੋਰ, ਕਰੂਪ ਤੇ ਕਾਲੀ ਹੁੰਦੀ ਹੈ ਅਤੇ ਖਾਣਾ ਉਸ ਦਾ ਬਹੁਤ ਨਿਕੰਮਾ ਤੇ ਗੰਦਾ ਹੁੰਦਾ ਹੈ। ਪਰ ਜਦੋਂ ਸੰਗਤ ਪ੍ਰਾਪਤ ਹੁੰਦੀ ਹੈ, ਤਾਂ ਉਸ ਦੀ ਬਿਰਤੀ ਬਹੁਤ ਨਿਰਮਲ, ਨਰਮ ਤੇ ਸੁੰਦਰ ਬਣਦੀ ਹੈ। ਖਾਣੇ ਵਿੱਚ ਸੁੰਦਰ ਗੁਣਾਂ ਰੂਪੀ ਮੋਤੀ ਚੁਣ ਚੁਣ ਕੇ ਖਾਂਦਾ ਹੈ।

ਅੰਮ੍ਰਿਤੁ ਸਰੁ ਸਤਿਗੁਰ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥

(ਗੁਜਰੀ ਮਹਲਾ ੪, ਪੰਨਾ ੪੯੩)

ਸਤਿਸੰਗਤ ਇਕ ਐਸਾ ਤੀਰਥ ਹੈ (ਸਰੋਵਰ ਹੈ) ਜਿਥੇ ਸਿਰਫ਼ ਰਾਮ ਦੇ ਦਾਸ (ਪ੍ਰਮਾਤਮਾ ਦਾ ਚਿੰਤਨ ਕਰਨ ਵਾਲੇ) ਬੈਠਦੇ ਹਨ। ਆਪਣੇ ਪੂਰਵ ਦੇ ਕਮਾਏ ਹੋਏ ਪਾਪਾਂ ਤੋਂ ਨਿਜ਼ਾਤ ਪਾਉਂਦੇ ਹਨ।

ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥
ਨਿਰਮਲ ਹੋਏ ਕਰਿ ਇਸਨਾਨਾ॥ ਗੁਰਿ ਪੂਰੈ ਕੀਨੇ ਦਾਨਾ॥ ੧॥
ਸਾਧਸੰਗਿ ਮਲੁ ਲਾਥੀ॥ ਪਾਰਬ੍ਰਹਮੁ ਭਇਓ ਸਾਥੀ॥

(ਸੋਰਠਿ ਮਹਲਾ ੫, ਪੰਨਾ ੬੨੫)

ਨੀਚ ਖਿਆਲਾਂ ਨੂੰ ਧੋਣ ਵਾਸਤੇ ਸਤਸੰਗ ਤੋਂ ਵਧ ਕੇ, ਸਾਰੀ ਦੁਨੀਆਂ ਵਿੱਚ ਹੋਰ ਕੋਈ ਤਰੀਕਾ ਨਹੀਂ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:-

ਊਤਮ ਸੰਗਤਿ ਊਤਮੁ ਹੋਵੈ॥ ਗੁਣ ਕਉ ਧਾਵੈ ਅਵਗਣ ਧੋਵੈ॥

(ਆਸਾ ਮਹਲਾ ੧, ਪੰਨਾ ੪੧੪)

ਇਕ ਸੁਆਮੀ ਅਨਾਥ ਦਾਸ ਹੋਇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਾਰਸ ਵਿੱਚ ਇਹ ਗੁਣ ਹੁੰਦਾ ਹੈ, ਕਿ ਉਹ ਅੱਠ ਧਾਤਾਂ ਨੂੰ ਸੋਨਾ ਬਣਾ ਸਕਦਾ ਹੈ। ਪਰ ਪਾਰਸ ਹੋਰ ਪਾਰਸ ਨਹੀਂ ਬਣਾ ਸਕਦਾ। ਪਰ ਗੁਰੂ ਦੀ ਸੰਗਤ ਵਿੱਚ ਇਹ ਵਿਸ਼ੇਸ਼ਤਾ ਹੈ, ਕਿ ਗੁਰੂ ਸਿੱਖ ਨੂੰ ਆਪਣੇ ਸਮਾਨ ਹੀ ਬਣਾ ਲੈਂਦਾ ਹੈ।

ਪਾਰਸ ਮਹਿ ਅਰੁ ਸੰਤ ਮਹਿ ਬਡੌ ਅੰਤਰੋ ਜਾਨ।
ਉਇ ਲੋਹਾ ਕੰਚਨ ਕਰੇ, ਉਇ ਕਰ ਲੇ ਆਪ ਸਮਾਨ।

(ਅਨਾਥ ਦਾਸ)

ਸਤਿਸੰਗਤ ਵਿਚ ਵਿਚਾਰਿਆ ਗਿਆ ਗਿਆਨ, ਸਾਡੀਆਂ ਸਾਰੀਆਂ ਮੁਸ਼ਕਲਾਂ ਦਾ ਹੱਲ ਹੁੰਦਾ ਹੈ। ਬਹੁਤ ਸਾਰੇ ਅੰਦਰ ਦੇ ਸਵਾਲ, ਸਤਸੰਗਤ ਵਿਚ ਗਿਆਨ ਸੁਣਨ ਨਾਲ ਹੀ ਹੱਲ ਹੋ ਜਾਂਦੇ ਹਨ। ਸਤ ਸੰਗੀ ਨੂੰ ਬੋਲਣ ਦੀ ਵੀ ਜ਼ਰੂਰਤ ਨਹੀਂ ਪੈਂਦੀ। ਸੁਆਮੀ ਤੁਲਸੀ ਦਾਸ ਦਾ ਪਾਵਨ ਖਿਆਲ ਹੈ ਕਿ ਸਤਸੰਗਤ ਦੇ ਤੀਰਥ ਦਾ ਇਸਨਾਨ ਇੰਨ੍ਹੀ ਜਲਦੀ ਫਲ ਬਖਸ਼ਦਾ ਹੈ, ਕਿ ਕਊਆ ਬਿਰਤੀ ਵਾਲੇ ਲੋਕ ਹੰਸ ਵਰਗੀ ਬੋਲੀ (ਗਿਆਨ) ਪ੍ਰਾਪਤ ਕਰਦੇ ਹਨ। ਬਗਲੇ ਵਰਗੇ ਭੇਖੀ , ਝੂਠੀ ਸਮਾਧੀ ਨਹੀਂ ਲਾਉਂਦੇ। ਸਗੋਂ ਸੱਚ ਹੀ ਬ੍ਰਹਮ ਗਿਆਨੀ ਦੀ ਸਮਾਧੀ ਨੂੰ ਉਪਲਬਧ ਹੋ ਜਾਂਦੇ ਹਨ। ਇਹ ਅਸਚਰਜ ਕਰਨ ਵਾਲਾ ਗਿਆਨ ਹੈ। ਸਤਸੰਗਤ ਦੀ ਮਹਿਮਾ ਕਿਸੇ ਤੋਂ ਲੁਕੀ ਛੁਪੀ ਨਹੀਂ ਹੈ।

ਸਜਨ ਫਲ ਦੇਖਿਉ ਤਤਕਾਲ। ਕਾਕ ਹੋਇ ਪਿਕ, ਬਕਹਿ ਮਰਾਲ।
ਸੁਨ ਅਸਚਰਜ ਕਰਹਿ ਨ ਕੋਈ। ਸਤ ਸੰਗਤ ਮਹਿਮਾ ਨਹਿ ਗੋਈ।

(ਅਨਾਥ ਦਾਸ)

ਸੋ ਪ੍ਰਮਾਤਮਾ ਦੇ ਦਰਸ਼ਨ ਲਈ, ਸਾਧ ਸੰਗਤ ਦੇ ਦਰਸ਼ਨ ਜ਼ਰੂਰੀ ਹਨ। ਇਕ ਕਥਾ ਦਾ ਜ਼ਿਕਰ ਭਾਈ ਸਾਹਿਬ ਭਾਈ ਗੁਰਦਾਸ ਜੀ ਮਹਾਰਾਜ ਨੇ ਆਪਣੀ ;ਬਾਣੀ ਵਿੱਚ ਕੀਤਾ ਹੈ।

ਕਹਿੰਦੇ ਹਨ ਨਾਰਦ ਮੁਨੀ ਇਕ ਦਿਨ ਪ੍ਰਭੂ ਦੇ ਦਰਸ਼ਨਾਂ ਵਾਸਤੇ ਗਏ। ਪ੍ਰਭੂ ਦੇ ਸਨਮੁਖ ਹੋ ਕੇ ਪੁਛਣ ਲਗੇ, ਹੇ ਪ੍ਰਭੂ ! ਤੁਸੀ ਪੱਕੇ ਤੋਰ ਤੇ ਕਿਸ ਜਗ੍ਹਾ ਨਿਵਾਸ ਕਰਦੇ ਹੋ? ਮੈਂ ਅੱਜ ਆਪ ਨੂੰ ਲੱਭਣ ਵਾਸਤੇ ਬਹੁਤ ਖ਼ਜਲ ਖੁਆਰ ਹੋਇਆ ਹਾਂ। ਪਹਿਲਾਂ ਕੁਝ ਤੀਰਥਾਂ ਤੇ ਆਪ ਦੀ ਖੋਜ ਕੀਤੀ। ਕਿਉਂਕਿ ਕਈ ਲੋਕ ਤੀਰਥਾਂ ਤੇ ਜਾ ਰਹੇ ਸਨ। ਮੈਂ ਬਹੁਤ ਜਤਨ ਕੀਤਾ ਕਿ ਆਪ ਦੇ ਦਰਸ਼ਨ ਹੋਣ, ਪਰ ਆਪ ਦੇ ਦਰਸ਼ਨ ਨਹੀਂ ਹੋਏ। ਭਾਵ ਕਿ ਤੀਰਥ ਤੇ ਵੀ ਕੂੜ ਸੀ। ਪਰ ਸੱਚ ਨਹੀਂ ਦਿਸਿਆ। ਮੰਦਰਾਂ ਵਿੱਚ, ਮਸੀਤਾਂ

ਵਿੱਚ ਜੰਗਲਾਂ ਵਿੱਚ, ਪਹਾੜਾਂ ਵਿੱਚ, ਮੈਂ ਗਿਆ ਪਰ ਹੇ ਪ੍ਰਮਾਤਮਾ! ਆਪ ਦੇ ਕਿਤੇ ਦਰਸ਼ਨ ਨਹੀਂ ਹੋਏ। ਸਭ ਥਾਵਾਂ ਤੇ ਝੂਠ ਪਹਿਲਾਂ ਮਿਲਦਾ ਹੈ ਅਤੇ ਆਪ ਦਾ ਦਰਸ਼ਨ ਨਸੀਬ ਨਹੀਂ ਹੁੰਦਾ। ਹੇ ਪ੍ਰਮਾਤਮ ਦੇਵ ਜੀ ਤੁਸੀਂ ਆਪਣਾ ਪੱਕਾ ਐਡਰੈਸ ਦਿਓ? ਜਿਥੇ ਆਪ ਨੂੰ ਜਦੋਂ ਜੀ ਕਰੇ ਮਿਲ ਸਕੀਏ? ਭਾਈ ਗੁਰਦਾਸ ਜੀ ਕਹਿੰਦੇ ਹਨ। ਪ੍ਰਮਾਤਮਾ ਨੇ ਨਾਰਦ ਨੂੰ ਆਖਿਆ ਕਿ :-

ਨਿਜ ਘਰ ਮੇਰੋ ਸਾਧਸੰਗਤਿ ਨਾਰਦ ਮੁਨਿ,
ਦਰਸਨ ਸਾਧ ਸੰਗ ਮੇਰੋ ਨਿਜ ਰੂਪ ਹੈ॥
ਸਾਧ ਸੰਗ ਮੇਰੋ ਮਾਤ ਪਿਤਾ ਅਉ ਕੁਟੰਬ ਸਖਾ,
ਸਾਧ ਸੰਗ ਮੇਰੋ ਸੁਤ ਸ੍ਰੇਸ਼ਟ ਅਨੂਪ ਹੈ॥

(ਕਬਿਤ ਸਵੱਯੇ)

ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਫੁਰਮਾਣ ਕਿ ਸਾਧ ਸੰਗਤ ਪ੍ਰਾਪਤ ਕਰਨ ਨਾਲ ਜੋ ਅੰਮ੍ਰਿਤ ਜਲ ਮਿਲਦਾ ਹੈ, ਉਸ ਨਾਲ ਹਿਰਦੇ ਅੰਦਰੋਂ ਪਰਾਈ ਈਰਖਾ (ਤਾਤ) ਦੀ ਅੱਗ ਬੁੱਝ ਜਾਂਦੀ ਹੈ। ਹਿਰਦਾ ਸ਼ਾਂਤ ਨਿਰਮਲ ਹੋ ਜਾਂਦਾ ਹੈ।

ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥ ੧॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥ ੧॥

(ਕਾਨੜਾ ਮਹਲਾ ੫, ਪੰਨਾ ੧੨੯੯)

ੴ

ਸੱਚ ਤੇ ਗੁਰੂ ਦੀ ਕਲਾ

ਸਚਿਆਰ ਤੇ ਸੱਚ

ਬਾਬਾ ਫਰੀਦ ਜੀ ਦਾ ਇਹ ਸੰਸਾਰ ਪ੍ਰਸਿੱਧ ਬਚਨ ਹੈ ਕਿ

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥

(ਆਸਾ ਫਰੀਦ, ਪੰਨਾ-੪੮੮)

ਬਚਨ ਬੜਾ ਕਰਾਂਤੀਕਾਰੀ ਹੈ। ਕਿ ਸੱਚ ਬੋਲਣਾ ਹੀ ਧਰਮ ਹੈ। ਝੂਠ ਨ ਬੋਲੋ। ਗੁਰੂ ਨੇ ਸਿਰਫ਼ ਮੁਰੀਦ (ਸਿੱਖ) ਨੂੰ ਸੱਚ ਦਾ ਮਾਰਗ (ਵਾਟ) ਹੀ ਦਸਿਆ ਹੈ। ਮੁਰੀਦ (ਸਿੱਖ ਦਾ ਫਰਜ਼ ਹੈ।)

ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥ ੧॥

(ਧਨਾਸਰੀ ਮਹਲਾ ੪, ਪੰਨਾ ੬੬੭)

ਜੋ ਗੁਰ ਦਸੈ ਵਾਟ ਮੁਰੀਦਾ ਜੋਲੀਐ॥ ੩ ॥

(ਆਸਾ ਫਰੀਦ, ਪੰਨਾ ੪੮੮)

ਸਤਿਗੁਰੂ ਨੇ ਸੱਚ ਦਾ ਮਾਰਗ (ਵਾਟ) ਹੀ ਦਸਿਆ ਅਤੇ ਬੜੀ ਬਲੰਦ ਅਵਾਜ਼ ਵਿੱਚ ਕਿਹਾ ਹੈ:-

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ ੫॥

(ਸਿਰੀਰਾਗੁ, ਪੰਨਾ ੬੨)

ਸੱਚ ਦੀ ਪਛਾਣ ਹੋਣੀ ਚਾਹੀਦੀ ਹੈ। ਸਚੁ ਕਰਕੇ ਮਨੁੱਖ ਉੱਚੇ ਆਚਰਣ ਵਾਲਾ ਹੋ ਸਕਦਾ ਹੈ। ਵਰਨਾ ਬਾਕੀ ਸਭ ਸੱਚ ਤੋਂ ਉਰੇ ਦੀਆਂ ਗੱਲਾਂ ਹਨ। ਜਿਸ ਸੱਚ ਨੂੰ ਬੰਦਾ ਆਪਣੀ ਜ਼ਬਾਨ ਤੱਕ ਵੀ ਨਹੀਂ ਲਿਆ ਸਕਦਾ, ਉਸ ਨੂੰ ਹਿਰਦੇ ਤਕ ਕਿਵੇਂ ਲਿਜਾਵੇਗਾ। ਭੋਜਨ ਦੀ ਬੁਰਕੀ ਪਹਿਲਾਂ ਮੂੰਹ ਵਿੱਚ, ਫਿਰ ਪੇਟ ਵਿੱਚ ਜਾਵੇਗੀ। ਸੱਚ ਆਤਮਿਕ ਖੁਰਾਕ ਹੈ। ਇਸ ਵਾਸਤੇ ਸੱਚ ਪਹਿਲਾਂ ਜ਼ਬਾਨ 'ਤੇ ਆਉਂਦਾ ਹੈ। ਫਿਰ ਆਤਮਾ ਵਿੱਚ ਪ੍ਰਵੇਸ਼ ਕਰੇਗਾ। ਬੰਦੇ ਦੀ ਝੂਠ ਬੋਲਣ ਦੀ ਆਦਤ ਬਣ ਗਈ ਹੈ। ਅੱਜ ਦਾ ਮਨੋਵਿਗਿਆਨੀ ਤਾਂ ਇਸ ਤਰ੍ਹਾਂ ਕਹਿ ਰਿਹਾ ਹੈ, ਕਿ ਮਾਂ ਬਾਪ ਬੱਚਿਆਂ ਨਾਲ ਝੂਠ ਬੋਲਦੇ ਹਨ ਤੇ ਬੱਚੇ ਮਾਂ ਬਾਪ ਨਾਲ ਝੂਠ ਬੋਲਦੇ ਹਨ। ਭਰਾ ਭਰਾ ਨਾਲ ਤੇ ਮਿੱਤਰ ਮਿੱਤਰ ਨਾਲ ਝੂਠ ਬੋਲਦਾ ਹੈ। ਏਥੋਂ ਤਕ ਕਿ ਇਕ ਹੀ ਪਰਵਾਰ ਵਿਚ ਪਤੀ ਪਤਨੀ

ਨਾਲ ਪਤਨੀ ਪਤੀ ਨਾਲ ਝੂਠ ਬੋਲ ਰਹੀ ਹੈ। ਝੂਠ ਇਸ ਹੱਦ ਤਕ ਵਧ ਗਿਆ ਹੈ ਕਿ ਬੰਦਾ ਰੱਬ ਕੋਲ ਵੀ ਝੂਠ ਹੀ ਬੋਲਦਾ ਹੈ ਸਿੱਖ ਗੁਰੂ ਕੋਲ ਵੀ ਝੂਠ ਹੀ ਬੋਲਣ ਲੱਗ ਗਿਆ ਹੈ। ਅਣਗਿਣਤ ਲੋਕ ਝੂਠੀਆਂ ਕਸਮਾਂ ਗੁਰਦੁਆਰਿਆਂ ਵਿੱਚ ਖਾਂਦੇ ਹਨ। ਇਸ ਤਰ੍ਹਾਂ ਝੂਠ ਰੋਮ ਰੋਮ ਵਿਚ ਸਮਾ ਗਿਆ ਹੈ। ਤਜ਼ਰਬੇ ਦੀ ਗੱਲ ਹੈ ਕਿ ਪਈ ਇਕ ਦਿਨ ਵੀ ਬਿਨਾਂ ਝੂਠ ਬੋਲਿਆਂ ਨਹੀਂ ਬਤੀਤ ਹੋ ਰਿਹਾ। ਬੰਦਾ ਮੂੰਹ ਨਾਲ ਸੱਚ ਕਹਿ ਰਿਹਾ ਹੁੰਦਾ ਹੈ। ਮਗਰ ਅੰਦਰੋਂ ਹਿਰਦੇ ਕਰਕੇ ਝੂਠਾ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਥਨ ਹੈ ਕਿ ਉੱਗਦਾ ਉਹ ਬੀਜ ਹੈ ਜੋ ਧਰਤੀ ਦੀ ਕੁਖ ਵਿੱਚ ਹੈ। ਜੋ ਧਰਤੀ ਤੋਂ ਉਪਰ ਖਿਲਰਿਆ ਬੀਜ ਹੈ, ਉਹ ਤਾਂ ਹਵਾ ਵਿੱਚ ਹੀ ਹੈ। ਭਾਵ ਕਿ ਸੱਚ ਉਹ ਭਲੀਭੂਤ ਹੈ ਜ਼ਬਾਨ ਤੋਂ ਅੰਤਰ ਆਤਮਾ ਤਕ ਚਲਾ ਜਾਵੇ। ਜੋ ਸੱਚ ਅੰਤਰ ਆਤਮਾ ਤੋਂ ਅਨੁਭਵ ਨਾਲ ਕਿਹਾ ਜਾਵੇਗਾ, ਉਹ ਭਲੀਭੂਤ ਹੋਵੇਗਾ।

ਜੋ ਜੀਇ ਹੋਇ ਸੁ ਉਗਵੈ, ਮੁਹ ਕਾ ਕਹਿਆ ਵਾਉ॥

(ਪੰਨਾ ੪੭੪)

ਜੇ ਬੰਦਾ ਇਕ ਦਿਨ ਵੀ ਸਾਵਧਾਨੀ ਰੱਖ ਕੇ ਸੱਚ ਨੂੰ ਸਮਝੇ ਤਾਂ ਵੀ ਗੱਲ ਬਣ ਸਕਦੀ ਹੈ। ਇਕ ਦਿਨ ਵੀ ਸੱਚ ਬੋਲਣ ਤੇ ਚਿਤਵਨ ਵਿੱਚ ਸਫਲ ਹੋ ਗਿਆ ਤਾਂ ਸਮਝੋ ਕਿ ਇਸ ਬੰਦੇ ਅੰਦਰ ਕੁਝ ਅੰਕੁਰ ਪਏ ਹਨ, ਸੋ ਸੱਚ ਦਾ ਬੀਜ ਉੱਗ ਸਕਦਾ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਹਿਣਾ ਹੈ, ਕਿ ਦੁਨੀਆਂ ਭੋਜਨ ਨਾ ਛਕਣ ਲਈ ਤਾਂ ਵਰਤ ਰਖਦੀ ਹੈ। ਤੀਰਥ ਉਪਰ ਗਿਆਨ ਪ੍ਰਾਪਤੀ ਲਈ ਯਾਤਰਾ ਕਰਦੀ ਹੈ। ਪਰ ਸਿਵਾਏ ਖੱਜਲ ਖ਼ੁਆਰੀ ਤੋਂ ਕੁਝ ਪੱਲੇ ਵੀ ਨਹੀਂ ਪੈਂਦਾ। ਜੇਕਰ ਬੰਦਾ ਝੂਠ ਨਾ ਬੋਲਣ ਦਾ ਵਰਤ ਰੱਖੇ। ਅਤੇ ਸੰਤੋਖ ਕਰਕੇ, ਭਾਵ ਸੰਤੋਖ ਦੇ ਤੀਰਥ 'ਤੇ, ਇਸ਼ਨਾਨ ਕਰੇ, ਤਾਂ ਜਿਹੜਾ ਗਿਆਨ ਧਿਆਨ ਪ੍ਰਾਪਤ ਹੋਵੇਗਾ, ਉਹ ਗਿਆਨ ਨਿੱਜ ਕਰਕੇ ਜਾਨਣਾ ਹੀ ਸਤ ਹੋਵੇਗਾ। ਗੁਰਦੇਵ ਦਾ ਪਾਵਨ ਕਥਨ :-

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥

(ਪੰਨਾ ੧੨੪੫)

ਜੇਕਰ ਇਕ ਦਿਨ ਵੀ ਇਸ ਸੱਚ ਦੇ ਤਜ਼ਰਬੇ ਵਿੱਚ ਬੰਦਾ ਸਫ਼ਲ ਹੋ ਗਿਆ ਤਾਂ, ਸਹਿਜੇ ਹੀ ਸਚਿਆਰ ਹੋ ਜਾਵੇਗਾ। ਜਿਹੜਾ ਬੰਦਾ ਇਕ ਦਿਨ ਵੀ ਸਫ਼ਲ ਨਹੀਂ ਹੁੰਦਾ, ਉਸਨੂੰ ਸਚਿਆਰ ਬਨਾਉਣਾ ਬਹੁਤ ਔਖਾ ਹੈ। ਅੰਨਜਲ ਦਾ ਤਿਆਗ ਕਰ ਲੈਣਾ ਅਜੇ ਸੌਖਾ ਹੈ, ਪਰ ਝੂਠ ਦਾ ਤਿਆਗ ਕਰਨਾ ਤਾਂ ਬਹੁਤ ਔਖਾ ਹੈ।

ਸੋਚ ਤੇ ਸੱਚ

ਅੱਜ ਦੇ ਬੁਧੀਮਾਨ ਦਾ ਕਹਿਣਾ ਹੈ ਕਿ ਵੈਸੇ ਤਾਂ ਬੰਦਾ ਸੱਚ ਬੋਲਦਾ ਹੀ ਨਹੀਂ ਪਰ ਜੇਕਰ ਕਿਧਰੇ ਬੋਲਦਾ ਵੀ ਹੈ ਤਾਂ ਦੂਜੇ ਨੂੰ ਨੁਕਸਾਨ ਪਹੁੰਚਾਉਣ ਲਈ ਬੋਲਦਾ ਹੈ। ਸੱਚ ਉਥੇ ਬੋਲਦਾ ਹੈ, ਜਿਥੇ ਸੱਚ ਬੋਲਣ ਨਾਲ ਅਗਲੇ ਨੂੰ ਚੋਟ ਲੱਗੇ। ਦੂਜੇ ਦਾ ਨੁਕਸਾਨ ਹੋਵੇ। ਬੰਦਾ ਝੂਠ ਆਪਣੇ ਨਫੇ ਵਾਸਤੇ ਬੋਲਦਾ ਹੈ। ਤੇ ਸੱਚ ਦੂਜੇ ਦੇ ਨੁਕਸਾਨ ਲਈ ਬੋਲਦਾ ਹੈ। ਜਿੱਥੇ ਸਚ ਬੋਲਣ ਨਾਲ ਆਪਣਾ ਨਫਾ ਹੋਵੇ ਅਤੇ ਦੂਜੇ ਦਾ ਨੁਕਸਾਨ ਹੋਵੇ, ਉਥੇ ਸੱਚ ਬੋਲਦਾ ਹੈ। ਗੱਲ ਸੱਚ ਦੀ ਨਹੀਂ, ਸਗੋਂ ਵਪਾਰ ਦੀ ਗੱਲ ਹੋ ਗਈ ਹੈ। ਇਸ ਵਾਸਤੇ ਸਿਆਣੇ ਕਹਿਣ ਲਗ ਪਏ ਹਨ, ਕਿ ਸੱਚ ਤਾਂ ਛਿੱਪਦਾ ਜਾ ਰਿਹਾ ਹੈ। ਸੱਚ ਨਾਲ ਹੀ ਅੱਜ ਦੇ ਸਮੇਂ ਨੇ ਸਤਿਜੁਗ ਦਾ ਰੂਪ ਬਣਨਾ ਹੈ। ਪਰ ਕਲਜੁਗ ਜ਼ਬਰਦਸਤੀ ਆਈ ਜਾ ਰਿਹਾ ਹੈ। ਕਿਉਂਕਿ ਹਰ ਪਾਸੇ ਕੂੜ ਦੀ ਹੀ ਚਲਦੀ ਹੈ। ਅਤੇ ਕੂੜ ਦੀ ਪ੍ਰਧਾਨਤਾ ਹੈ।

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥

(ਤਿਲੰਗ ਮਹਲਾ ੧, ਪੰਨਾ ੭੨੨)

ਜ਼ਬਾਨ ਕਰਕੇ ਸਾਰਾ ਦਿਨ ਝੂਠ ਬੋਲਿਆ ਜਾਂਦਾ ਹੈ। ਇਸ ਕਰਕੇ ਅੰਤਸ਼ਕਰਣ ਤੇ ਸੱਚ ਦਾ ਜਨਮ ਨਹੀਂ ਹੋ ਰਿਹਾ ਹੈ।

ਕੁਛ ਵਸਤੂਆਂ ਦੀ ਪਹਿਚਾਨ ਉਨ੍ਹਾਂ ਦੇ ਚੱਕਰ ਚਿੰਨ੍ਹ ਤੋਂ ਹੁੰਦੀ ਹੈ। ਜਿੰਨੀ ਦੇਰ ਤਕ ਉਹ ਚਿੰਨ੍ਹ ਨਾ ਦਿੱਸਣ, ਪਹਿਚਾਣ ਨਹੀਂ ਹੋ ਸਕਦੀ। ਮਹਿਰਾਬ ਨੂੰ ਦੇਖ ਕੇ ਸਿਆਨਾ ਬੰਦਾ ਅੰਦਾਜ਼ਾ ਲਾ ਲੈਂਦਾ ਹੈ, ਕਿ ਇਹ ਮਸਜ਼ਿਦ ਹੈ। ਇਕ ਖਾਸ ਤਰ੍ਹਾਂ ਦੇ ਬਣੇ ਹੋਏ ਗੁੰਬਦ ਨੂੰ ਦੇਖ ਕੇ ਮਨੁੱਖ ਕਹਿ ਦੇਂਦਾ ਹੈ, ਕਿ ਇਹ ਮੰਦਰ ਹੈ। ਇਸੇ ਤਰੀਕੇ ਨਾਲ ਝੂਲਦਾ ਹੋਇਆ ਨਿਸ਼ਾਨ ਦੇਖਕੇ ਸਿਆਣੇ ਤੇ ਮਜ਼ਬਾਂ ਦੇ ਗਿਆਤਾ ਬੰਦੇ ਅੰਦਾਜ਼ਾ ਲਾ ਲੈਂਦੇ ਹਨ, ਕਿ ਇਹ ਗੁਰਦੁਆਰਾ ਹੈ। ਕਰਾਸ ਦਾ ਨਿਸ਼ਾਨ ਤੇ ਵਿਸ਼ੇਸ਼ ਤਰ੍ਹਾਂ ਦੀ ਸ਼ਕਲ ਸੂਰਤ ਦਸਦੀ ਹੈ, ਕਿ ਇਹ ਚਰਚ ਹੈ। ਜਿਥੇ ਧਾਰਮਿਕ ਇਮਾਰਤਾਂ ਕਿਸੇ ਬਾਹਰਲੇ ਚਿੰਨ੍ਹ ਤੋਂ ਪਹਿਚਾਨੀਆਂ ਜਾਂਦੀਆਂ ਹਨ, ਉਥੇ ਧਾਰਮਿਕ ਤੇ ਸਚਿਆਰ ਬੰਦੇ ਵੀ ਕਿਸੇ ਚਿੰਨ੍ਹ ਤੋਂ ਪਹਿਚਾਨੇ ਜਾਂਦੇ ਹਨ। ਇਹ ਚਿੰਨ੍ਹ ਕੁਝ ਅੰਦਰ ਹਨ ਅਤੇ ਕੁਝ ਬਾਹਰ ਹਨ, ਜਿੱਥੇ ਬਾਹਰ ਦੀ ਪਹਿਚਾਨ ਬਾਹਰਦੇ ਚਿੰਨ੍ਹ ਤੋਂ ਹੈ, ਉੱਥੇ ਅੰਦਰੋਂ ਵੀ ਹਜ਼ਰਤ ਈਸਾ ਦੀ ਮੂਰਤੀ ਦੇਖ ਕੇ ਪੂਰਨ ਯਕੀਨ ਕੀਤਾ ਜਾ ਸਕਦਾ ਹੈ ਕਿ ਇਹ ਚਰਚ ਹੀ ਹੈ। ਨਿਰਾ ਬਾਹਰੋਂ ਹੀ ਵਿਖਾਵੇ ਦਾ ਚਰਚ ਨਹੀਂ। ਹੂ-ਬ-ਹੂ ਸਚਿਆਰ ਬੰਦੇ ਦੇ ਮਨ ਤੇ ਤਨ ਨੂੰ ਦੇਖ ਦੇ ਸਿਆਣੇ ਬੰਦੇ ਪਹਿਚਾਨ ਕਰ ਲੈਂਦੇ ਹਨ, ਕਿ ਨਿਰਾ ਬਾਹਰ ਦਾ

ਪਹਿਰਾਵਾ ਹੀ ਸੱਚ ਦਾ ਹੈ ਕਿ ਬੰਦੇ ਦੇ ਅੰਦਰ ਵੀ ਸੱਚ ਦਾ ਪ੍ਰਵੇਸ਼ ਹੋਇਆ ਹੈ ਕਿ ਨਹੀਂ। ਸਚਿਆਰ ਬੰਦੇ ਦੀ ਕੁਝ ਇਸ ਢੰਗ ਨਾਲ ਹੀ ਪਹਿਚਾਨ ਕਰਨੀ ਹੋਵੇਗੀ। ਮਹਾਨ ਸੂਫੀ ਸੰਤ ਹਜ਼ਰਤ ਸ਼ੇਖ ਸ਼ਾਅਦੀ ਦਾ ਇਕ ਕਥਨ ਹੈ ਕਿ:-

ਖਿਜ਼ਰ ਲਿਬਾਸ ਮੇਂ ਯਾਂ ਸੈਂਕੜੇ ਰਾਹਜ਼ਨ ਭੀ ਫਿਰਤੇ ਹੈ,
ਅਗਰ ਦੁਨੀਆਂ ਮੇਂ ਰਹਿਨਾ ਹੈ ਤੋ ਕੁਛ ਪਹਿਚਾਨ ਪੈਦਾ ਕਰ॥

(ਸ਼ਾਅਦੀ)

ਸਚਿਆਰ ਹੋਣ ਦਾ ਮਤਲਬ ਅੰਦਰੋਂ ਤੇ ਬਾਹਰੋ ਸੱਚੇ ਹੋਣਾ ਹੈ। ਬਾਹਰੋਂ ਤਾਂ ਬੰਦਾ ਬਹੁਤ ਵਾਰੀ ਪਛਾਣਿਆ ਜਾਂਦਾ ਹੈ ਪਰ ਅੰਦਰੋਂ, ਨਾ ਕਿਸੇ ਦੀ ਅਤੇ ਨਾ ਆਪਣੀ ਹੀ ਪਹਿਚਾਨ ਹੁੰਦੀ ਹੈ। ਬੰਦਾ ਜਦੋਂ ਬਾਹਰ ਦੇਖੇਗਾ ਤਾਂ ਦੂਜਿਆਂ ਦੇ ਗੁਣ ਔਗੁਣ ਦੇਖੇਗਾ। ਪਰ ਆਪਣੇ ਅੰਤਰੀਵ ਉਤਰੇਗਾ ਤਾਂ ਇਸ ਨੂੰ ਆਪਣੀ ਅੰਦਰਲੀ ਤਸਵੀਰ ਦਿਸੇਗੀ। ਜਿੰਨੀ ਦੇਰ ਤੱਕ ਬੰਦੇ ਨੂੰ ਆਪਣੀ ਅੰਦਰਲੀ ਤਸਵੀਰ (ਸ਼ਕਲ) ਨ ਦਿਸੇ। ਓਨੀ ਦੇਰ ਤੱਕ ਬੰਦਾ ਸਚਿਆਰ ਬਣ ਹੀ ਨਹੀਂ ਸਕਦਾ। ਆਪਣੀ ਤਸਵੀਰ ਖੁਦ ਆਪ ਨਹੀਂ ਦੇਖੀ ਜਾ ਸਕਦੀ। ਆਪਣਾ ਚਿਹਰਾ ਦੇਖਣ ਵਾਸਤੇ ਕਿਸੇ ਸ਼ੀਸ਼ੇ (ਗੁਰੂ) ਦੀ ਲੋੜ ਹੈ। ਸ਼ੀਸ਼ੇ ਦੇ ਅੱਖਰੀ ਅਰਥ ਸੱਚ ਹਨ। ਸ਼ੀਸ਼ਾ ਕਦੇ ਝੂਠ ਨਹੀਂ ਬੋਲਦਾ। ਜਿਸ ਤਰ੍ਹਾਂ ਦਾ ਚਿਹਰਾ ਕੋਈ ਲੈ ਕੇ ਦੇਖੇ। ਉਸ ਤਰ੍ਹਾਂ ਦਾ ਹੀ ਦਿਸਦਾ ਹੈ। ਸਾਨੂੰ ਆਪਣਾ ਆਤਮਿਕ ਸਰੂਪ ਦੇਖਣ ਵਾਸਤੇ ਵੀ ਸ਼ੀਸ਼ੇ ਦੀ ਜ਼ਰੂਰਤ ਹੈ। ਜਿੰਨੀ ਦੇਰ ਤਕ ਸ਼ੀਸ਼ਾ ਨਾ ਮਿਲਿਆ ਓਨੀ ਦੇਰ ਤੱਕ ਸਾਨੂੰ ਆਪਣੇ ਅੰਦਰਲੇ ਸਰੂਪ ਉਪਰ ਲਗੇ ਹੋਏ ਦਾਗ (ਝੂਠ) ਦਾ ਪਤਾ ਨਹੀਂ ਲਗ ਸਕਦਾ। ਇਕ ਕਹਾਣੀ ਹੈ ਬਹੁਤ ਵਧੀਆ।

ਜਦੋਂ ਸਿਕੰਦਰ ਹਿੰਦੋਸਤਾਨ ਤੋਂ ਵਾਪਸ ਜਾ ਰਿਹਾ ਸੀ। ਉਸ ਨੂੰ ਜਾਂਦੇ ਹੋਏ ਇਕ ਸਾਧੂ ਨਾਲ ਮੁਲਾਕਾਤ ਹੋਈ। ਉਸ ਸਾਧੂ ਨੇ ਸਿਕੰਦਰ ਨੂੰ ਕਿਹਾ, ਤੂੰ ਭਾਰਤ ਤੋਂ ਬਹੁਤ ਹੀਰੇ ਜਵਾਹਰਾਤ ਆਦਿ ਲੈ ਕੇ ਜਾ ਰਿਹਾ ਹੈਂ। ਮੇਰੇ ਪਾਸੋ ਵੀ ਇਕ ਚੀਜ਼ ਲੈਂਦਾ ਜਾ, ਭੇਟ ਬੜੀ ਅਜ਼ੀਬ ਸੀ। ਉਸ ਸਾਧੂ ਕੋਲ ਇਕ ਛੋਟਾ ਜਿਹਾ ਸ਼ੀਸ਼ਾ ਸੀ। ਜੋ ਉਸਨੇ ਸਿਕੰਦਰ ਨੂੰ ਦਿੱਤਾ। ਸਿਕੰਦਰ ਉਸ ਸਾਧੂ ਨੂੰ ਕਹਿਣ ਲੱਗਾ, ਕਿ ਤੂੰ ਦੇਖਦਾ ਹੈਂ ਕਿ ਇਥੇ ਹਾਥੀ, ਊਠ, ਘੋੜੇ, ਸਭ ਹੀਰੇ ਜਵ੍ਹਾਹਰਾਤਾਂ ਨਾਲ ਲੱਦੇ ਹੋਏ ਹਨ। ਸੋਨਾ ਚਾਂਦੀ ਮੈਂ ਨਾਲ ਲਿਜਾ ਰਿਹਾ ਹਾਂ। ਤੂੰ ਮੈਨੂੰ ਭੇਟ ਦੇ ਰਿਹਾ ਹੈ, ਸ਼ੀਸ਼ੇ ਦਾ ਇਕ ਨਿੱਕਾ ਟੁਕੜਾ। ਸ਼ੀਸ਼ਿਆਂ ਦੀ ਮੇਰੇ ਯੂਨਾਨ ਵਿੱਚ ਕੋਈ ਕਮੀ ਨਹੀਂ ਹੈ। ਮੈਂ ਇਕ ਤੋਂ ਇਕ ਅਨੂਠੇ ਸ਼ੀਸ਼ੇ ਦੇਖੇ ਹਨ। ਤੇਰਾ ਇਹ ਸ਼ੀਸ਼ਾ ਤੇਰੇ ਕੋਲ ਕੋਈ ਅਰਥ ਨਹੀਂ ਰੱਖਦਾ। ਉਹ ਸਾਧੂ ਹੱਸਣ ਲੱਗਾ। ਅਤੇ ਕਹਿਣ ਲਗਾ, ਕਿ ਪਈ ਇਹ ਸ਼ੀਸ਼ਾ ਖਾਸ ਢੰਗ ਦਾ ਹੈ। ਇਸ ਵਿੱਚ ਤੇਰੀ ਅਸਲੀ ਸ਼ਕਲ ਨਜ਼ਰ ਆਵੇਗੀ।

ਸਿਕੰਦਰ ਕੁਝ ਕ੍ਰੋਧਿਤ ਹੋਇਆ ਤੇ ਪੁੱਛਣ ਲਗਾ? ਮੇਰੀਆਂ ਕੋਈ ਨਕਲੀ ਸ਼ਕਲਾਂ ਵੀ ਹਨ? ਜੋ ਇਸ ਸ਼ੀਸ਼ੇ ਵਿੱਚ ਅਸਲੀ ਸ਼ਕਲ ਦਿਸੇਗੀ? ਉਸ ਸਾਧੂ ਨੇ ਕਿਹਾ, ਕਿ ਹਾਂ। ਤੇਰੀਆਂ ਕੁਝ ਨਕਲੀ ਸ਼ਕਲਾਂ ਵੀ ਹਨ। ਜੋ ਇਸ ਸ਼ੀਸ਼ੇ ਵਿੱਚ ਸਾਰੀਆਂ ਤੇ ਨਹੀਂ ਪਰ ਕੁਝ ਜ਼ਰੂਰ ਦਿਸਣਗੀਆਂ। ਸਿਕੰਦਰ ਨੇ ਉਸ ਸਾਧੂ ਪਾਸੋਂ ਉਹ ਸ਼ੀਸ਼ਾ ਪਕੜਿਆ ਤੇ ਆਪਣਾ ਚਿਹਰਾ ਦੇਖਣ ਲੱਗਾ। ਸਿਕੰਦਰ ਉਸ ਵਿੱਚ ਵੇਖ ਕੇ ਬਹੁਤ ਚਕਰਿਤ ਹੋਇਆ। ਉਹ ਸ਼ੀਸ਼ੇ ਦੀ ਬਨਾਵਟ ਇਸ ਤਰ੍ਹਾਂ ਦੀ ਬਣੀ ਹੋਈ ਸੀ, ਕਿ ਉਸ ਸ਼ੀਸ਼ੇ ਵਿੱਚ ਮਨੁੱਖ ਦਾ ਪ੍ਰਤੀਬਿੰਬ ਵੱਖ ਵੱਖ ਪਾਸਿਆਂ ਤੋਂ ਵੱਖ ਵੱਖ ਦਿਸਦਾ ਸੀ। ਸਿਕੰਦਰ ਨੇ ਇਕ ਪਾਸੇ ਤੋਂ ਦੇਖਿਆ। ਉਸ ਨੂੰ ਆਪਣਾ ਚਿਹਰਾ ਬਹੁਤ ਵਿਗੜਿਆ ਹੋਇਆ ਦਿਸਿਆ। ਮਾਨੋ ਕੋਈ ਦੈਂਤ ਹੈ। ਸਿਕੰਦਰ ਪੁੱਛਦਾ ਹੈ, ਕਿ ਕੀ ਬਕਵਾਸ ਹੈ? ਸਾਧੂ ਕਹਿੰਦਾ ਹੈ ਕਿ ਦੂਜੇ ਪਾਸੇ ਤੋਂ ਦੇਖ ਸਕਦੇ ਹੋ। ਦੂਜੇ ਪਾਸੇ ਤੋਂ ਦੇਖਿਆ ਤਾਂ ਸ਼ਕਲ ਠੀਕ ਇਕ ਪਸ਼ੂ ਦੀ ਦਿਸੀ ਫਿਰ ਤੀਜੇ ਪਾਸੇ ਤੋਂ ਦੇਖਿਆ ਤਾਂ ਇਕ ਪਾਗ਼ਲ ਵਰਗੀ ਸ਼ਕਲ ਦਿਸੀ ਸਿਕੰਦਰ ਬਹੁਤ ਕ੍ਰੋਧ ਵੱਸ ਹੋਇਆ। ਕਹਿਣ ਲਗਾ ਤੂੰ ਮੇਰੇ ਨਾਲ ਇਸ ਤਰ੍ਹਾਂ ਦਾ ਮਜ਼ਾਕ ਕਰ ਸਕਦਾ ਹੈਂ? ਮੈਂ ਤੈਨੂੰ ਕਤਲ ਕਰਵਾ ਦਿਆਂਗਾ? ਉਹ ਸਾਧੂ ਕਹਿਣ ਲਗਾ ਠੀਕ ਹੈ। ਤੂੰ ਮੈਨੂੰ ਕਤਲ ਕਰਵਾ ਦੇਵੀਂ। ਮਗਰ ਇਸ ਸ਼ੀਸ਼ੇ ਦਾ ਚੋਥਾ ਕੋਨਾ ਹੈ। ਉਸ ਵਿੱਚ ਤੇਰੀ ਅਸਲੀ ਸ਼ਕਲ ਦਿੱਸ ਸਕਦੀ ਹੈ। ਸਿਕੰਦਰ ਨੇ ਸ਼ੀਸ਼ੇ ਦਾ ਚੋਥਾ ਕੋਨਾ ਵੀ ਦੇਖਿਆ। ਠੀਕ ਸਿਕੰਦਰ ਦੀ ਅਸਲੀ ਸ਼ਕਲ ਦਿਸੀ। ਸਿਕੰਦਰ ਕਹਿਣ ਲਗਾ ਠੀਕ ਹੈ। ਇਹ ਮੇਰੀ ਅਸਲੀ ਸ਼ਕਲ ਹੈ। ਉਹ ਸ਼ੀਸ਼ਾ ਕੀ ਸੀ? ਉਹ ਇਕ ਵਿਧੀ ਸੀ। ਸਿਰਫ਼ ਸਿਕੰਦਰ ਨੂੰ ਸੱਚ ਦਿਖਾਣ ਵਾਸਤੇ। ਉਹ ਸਾਧੂ ਕਹਿ ਰਿਹਾ ਸੀ ਕਿ ਸਾਰੀਆਂ ਸ਼ਕਲਾਂ ਤੇਰੀਆਂ ਹੀ ਹਨ। ਜੋ ਸ਼ੀਸ਼ੇ ਵਿੱਚ ਦਿੱਸੀਆਂ ਹਨ। ਤੇਰੇ ਅੰਦਰ ਇਕ ਬਿਰਤੀ ਐਸੀ ਵੀ ਹੈ ਜੋ ਬੜਾ ਭਿਆਨਕ (ਦੈਂਤ) ਰੂਪ ਰਖਦੀ ਹੈ। ਜਦੋਂ ਤੂੰ ਉਸ ਬਿਰਤੀ ਵਿੱਚ ਹੁੰਦਾ ਹੈਂ, ਤਾਂ ਮਨੁੱਖਤਾ ਨੂੰ ਬਹੁਤ ਖਤਰਾ ਪੈਦਾ ਹੋ ਜਾਂਦਾ ਹੈ। ਇਕ ਪਸ਼ੂ ਬਿਰਤੀ ਵੀ ਤੂੰ ਰਖਦਾ ਹੈਂ। ਜਿਵੇਂ ਇਕ ਪਸ਼ੂ ਜੰਗਲ ਵਿੱਚ ਅਮੋੜ ਹੋ ਜਾਵੇ ਤਾਂ ਉਹ ਦੂਸਰੇ ਪਸ਼ੂਆਂ ਨੂੰ ਮਾਰਦਾ ਹੈ। ਕਈ ਵਾਰੀ ਇਕ ਪਸ਼ੂ ਹੀ ਦੂਜਿਆਂ ਦਾ ਕਿੰਨਾ ਨੁਕਸਾਨ ਕਰਦਾ ਹੈ।

ਮਾਤਾ ਭੈਸਾ ਅੰਮੁਹਾ ਜਾਇ॥ ਕੁਦਿ ਕੁਦਿ ਚਰੈ ਰਸਾਤਲਿ ਪਾਇ॥ ੨॥

(ਗਉੜੀ ਕਬੀਰ, ਪੰਨਾ ੩੨੬)

ਤੂੰ ਵੀ ਜਦੋਂ ਇਸ ਬਿਰਤੀ ਵਿੱਚ ਹੁੰਦਾ ਹੈਂ। ਕਿੰਨੇ ਲੋਕਾਂ ਦਾ ਨੁਕਸਾਨ ਹੁੰਦਾ ਹੈ। ਸੁਰਤ ਪਸ਼ੂ ਹੋਵੇ ਤਾਂ, ਸਵਾਰਦਾ ਘੱਟ ਹੈ ਤੇ ਵਿਗਾੜਦਾ ਜ਼ਿਆਦਾ ਹੈ। ਜਿਵੇਂ ਇਕ ਪਸ਼ੂ ਨੂੰ ਜੋ ਮਤਿਆ ਹੋਇਆ ਹੋਵੇ, ਉਸ ਨੂੰ ਪਕੜਨ ਵਾਸਤੇ ਦੱਸ ਵੀਹ ਬੰਦੇ ਇਕੱਠੇ ਹੋ ਕੇ

ਜਤਨ ਕਰਦੇ ਹਨ ਕਿ ਕਾਬੂ ਆ ਜਾਏ। ਪਰ ਉਹ ਪਸ਼ੂ ਫਿਰ ਵੀ ਲੋਕਾਂ ਦੇ ਖੇਤ ਉਜਾੜ ਦੇਂਦਾ ਹੈ। ਬੱਸ ਇਸੇ ਤਰ੍ਹਾਂ ਸਿਕੰਦਰ, ਤੂੰ ਕਰਦਾ ਹੈਂ। ਜਦੋਂ ਮਦ ਮਾਇਆ ਦੇ ਨਸ਼ੇ ਵਿਚ ਮੱਤਿਆ ਹੋਇਆ ਹੋਵੇਂ, ਤਾਂ ਤੈਨੂੰ ਵੀ ਦੱਸ ਵੀਹ ਕੀ ਕਿੰਨੇ ਹੀ ਲੋਕ ਸਮਝਾਉਣ ਦਾ ਜਤਨ ਕਰਨ, ਤੂੰ ਵੀ ਲੋਕਾਂ ਦੇ ਘਰ ਉਜਾੜ ਦੇਂਦਾ ਹੈਂ। ਗੁਰੂ ਅਰਜਨ ਦੇਵ ਜੀ ਦਾ ਪਾਵਨ ਕਥਨ ਹੈ:-

ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥

(ਸੁਖਮਨੀ ਸਾਹਿਬ)

ਉਹ ਸਾਧੂ ਕਹਿ ਰਿਹਾ ਸੀ, ਐ ਸਿੰਕਦਰ ਤੇਰੇ ਅੰਦਰਲੇ ਰੂਪ ਵਿੱਚ ਸੁਰਤੀ ਦਾ ਕੋਨਾ ਪਾਗਲ ਵੀ ਹੈ। ਤੇ ਹੁਣ ਪਾਗਲ ਉਸੇ ਨੂੰ ਹੀ ਕਹਿਣਾ ਚਾਹੀਦਾ ਹੈ, ਜਿਸਦਾ ਦਿਮਾਗ ਠੀਕ ਨ ਹੋਵੇ। ਉਹ ਪਾਗਲਖਾਲੇ ਵਿੱਚ ਮਿਲਣਗੇ। ਪਰ ਦੁਨੀਆਂ ਦੇ ਪਾਗਲਖਾਨੇ ਵਿੱਚ ਕੁਝ ਚਲਾਕ ਕਿਸਮ ਦੇ ਪਾਗਲ ਹਨ। ਉਨ੍ਹਾਂ ਨੂੰ ਤੁਸੀਂ ਵੇਖ ਕੇ ਪਾਗਲ ਨਹੀਂ ਕਹਿ ਸਕਦੇ। ਦੇਖਣ ਵਿੱਚ ਉਹ ਬੜੇ ਸੂਝਵਾਨ ਲਗਦੇ ਹਨ। ਉਨ੍ਹਾਂ ਦੇ ਪਾਗਲਪਨ ਦਾ ਤਾਂ ਉਦੋਂ ਹੀ ਪਤਾ ਲਗਦਾ ਹੈ, ਜਦੋਂ ਉਨ੍ਹਾਂ ਨੂੰ ਦੌਰਾ ਹੀ ਪੈ ਜਾਵੇ।

ਇਸ ਤਰ੍ਹਾਂ ਦੇ ਪਾਗਲਾਂ ਕੋਲੋਂ ਬਚਣਾ ਬਹੁਤ ਔਖਾ ਹੁੰਦਾ ਹੈ। ਐ ਸਿਕੰਦਰ! ਤੇਰੀ ਸੁਰਤ ਦੇ ਇਕ ਕੋਨੇ ਵਿੱਚ ਇਹ ਬਿਰਤੀ ਵੀ ਹੈ ਜਿਸ ਨੂੰ ਅਸੀਂ ਦੈਵੀ ਬਿਰਤੀ ਕਹਿ ਸਕਦੇ ਹਾਂ। ਪਰ ਦੈਵੀ ਬਿਰਤੀ ਹੀ ਅਸਲੀ ਸਿਕੰਦਰ ਹੈ। ਇਸ ਦੈਵੀ ਬਿਰਤੀ ਵਿੱਚ ਪੂਰੀ ਸੰਭਾਵਨਾ ਹੈ ਕਿ ਬੰਦਾ ਪ੍ਰਮਾਤਮਾ ਨਾਲ ਪ੍ਰਮਾਤਮਾ ਹੋ ਜਾਵੇ। ਉਹ ਬਿਰਤੀ ਸਚਿਆਰ ਬਿਰਤੀ ਹੈ ਪਰ ਜਿੰਨੀ ਦੇਰ ਇਸ ਦੈਵੀ ਬਿਰਤੀ ਵਿੱਚ ਜਾਗਰਤੀ ਨਹੀਂ ਆਉਂਦੀ। ਉਨ੍ਹੀ ਦੇਰ ਤੱਕ ਬੰਦੇ ਦਾ ਸਚਿਆਰ ਹੋਣਾ ਨਾ-ਮੁਮਕਿਨ ਹੈ। ਗੁਰੂ ਇਕ ਸ਼ੀਸ਼ਾ ਹੈ। ਸਾਡਾ ਧਿਆਨ ਕਦੇ ਆਪਣੇ ਚਿਹਰੇ ਤੇ ਨਹੀਂ ਗਿਆ। ਦਰਅਸਲ ਚਿਹਰਾ ਸਾਡਾ ਹੀ ਹੈ। ਸੱਚ ਸਾਡੇ ਹੀ ਅੰਦਰ ਛੁਪਿਆ ਹੈ। ਗੁਰੂ ਸਾਡੇ ਹੀ ਸੱਚੇ ਸਰੂਪ ਨੂੰ ਸਾਡੇ ਸਾਹਮਣੇ ਜਾਗਰੂਕ ਕਰਦੇ ਹਨ। ਸਾਡਾ ਹੀ ਅਸਲੀ (ਸੱਚਾ) ਰੂਪ ਸਾਨੂੰ ਦਿਖਾਉਣ ਦਾ ਯਤਨ ਹੈ। ਮਨੁੱਖ ਜਦੋਂ ਆਪਣੀ ਅੰਤਰ ਬਿਰਤੀ ਅੰਦਰ ਧਿਆਨ ਧਰਦਾ ਹੈ, ਤਾਂ ਇਸ ਨੂੰ ਆਪਣਾ ਚੇਤਨਾ ਦਾ ਪ੍ਰਤੀਬਿੰਬ (ਪ੍ਰਛਾਇਆ) ਦਿਸਦਾ ਹੈ। ਪਰ ਚੇਤਨਾ ਉੱਪਰ ਕੁਝ ਸੰਸਕਾਰਾਂ ਦੀ ਮੈਲ (ਪਸ਼ੂ ਬਿਰਤੀਆਂ ਤੇ ਸ਼ੈਤਾਨ ਬਿਰਤੀਆਂ) ਹੈ। ਅਸਲੀ ਸੱਚਾ ਸਵਰੂਪ ਦਬਿਆ ਹੋਇਆ ਹੈ। ਇਸ ਉਪਰਲੀ ਮੈਲ ਨੂੰ ਧੋਣਾ ਹੈ। ਇਹ ਮੈਲ ਜਪੁ ਦੇ ਅਭਿਆਸ ਨਾਲ ਹੀ ਧੋਤੀ ਜਾ ਸਕਦੀ ਹੈ। ਜੇਕਰ ਮਨੁੱਖ ਇਸ ਮੈਲ ਨੂੰ ਆਪਣੇ ਅੰਦਰ ਅਨੁਭਵ ਕਰ ਲਏ ਤਾਂ ਫਿਰ ਇਸ ਨੂੰ ਧੋਣਾ ਕੋਈ ਔਖਾ ਨਹੀਂ ਹੈ। ਫਿਰ ਸਹਜੇ ਹੀ ਪਵਿੱਤਰ

ਹੋਇਆ ਜਾ ਸਕਦਾ ਹੈ। ਸਚਿਆਰ ਹੋਇਆ ਜਾ ਸਕਦਾ ਹੈ। ਸਤਿਗੁਰੂ ਸਾਨੂੰ ਆਪਣਾ ਆਤਮ ਦਰਸ਼ਨ ਕਰਨ ਲਈ ਪ੍ਰੇਰਨਾ ਕਰਦੇ ਹਨ। ਸਤਿਗੁਰੂ ਅੰਦਰੋਂ ਸਚਿਆਰ ਹੋਣ ਵਾਸਤੇ ਸਹਾਰਾ ਵੀ ਦੇਂਦੇ ਹਨ। (ਸ਼ਕਲ) ਸਾਡੀ ਆਪਣੀ ਹੀ ਹੈ। ਲੇਕਿਨ ਸ਼ੀਸ਼ੇ ਨੇ ਆਪਣੀ ਸ਼ਕਲ ਵੇਖਣ ਵਿੱਚ ਸਾਡੀ ਸਹਾਇਤਾ ਕੀਤੀ ਹੈ। ਸ਼ੀਸ਼ੇ ਨੇ ਦਸ ਦਿੱਤਾ ਹੈ ਕਿ ਤੂੰ ਆਪਣੇ ਚਿਹਰੇ ਨੂੰ ਸਵਾਰ ਸਕਦਾ ਹੈਂ। ਸਤਿਗੁਰੂ ਸਾਨੂੰ ਸਾਡੇ ਵਿਗੜੇ ਹੋਏ ਸਵਰੂਪ ਤੋਂ ਜਾਣੂ ਕਰਾਂਉਂਦੇ ਹਨ। ਨਾਲ ਇਹ ਵੀ ਜਾਣਕਾਰੀ ਮਿਲਦੀ ਹੈ ਕਿ ਸੁਰਤ ਬੜੀ ਪਵਿਤਰ ਤੇ ਸਚਿਆਰ ਹੋ ਸਕਦੀ ਹੈ ਇੱਥੇ ਇਕ ਸ਼ਰਤ ਹੈ ਕਿ ਮਨੁੱਖ ਨੂੰ ਪਛਾਣ ਹੋ ਸਕੇ ਕਿ ਸੱਚ ਕੀ ਹੈ?

ਸ਼ਹਾਦਤ ਅਤੇ ਸੱਚ

ਸੱਚ ਦਾ ਸਵਰੂਪ ਹੈ ਕਿ ਸੱਚ ਨਿਰਵੈਰ ਹੁੰਦਾ ਹੈ। ਸੱਚ ਨਿਰਭਉ ਹੁੰਦਾ ਹੈ। ਸੱਚ ਦਾ ਕਿਸੇ ਨਾਲ ਵੈਰ ਨਹੀਂ ਹੁੰਦਾ। ਤੇ ਸੱਚ ਕਿਸੇ ਕੋਲੋਂ ਡਰਦਾ ਵੀ ਨਹੀਂ ਹੈ। ਸੱਚ ਬਹੁਤ ਸੰਤੋਖੀ ਹੈ। ਸਚਿਆਰ ਦਇਆਲੂ ਤੇ ਕ੍ਰਿਪਾਲੂ ਹੁੰਦਾ ਹੈ। ਸਚਿਆਰ ਦੁੱਖਾਂ ਨਾਲ ਜੂਝਦਾ ਹੈ ਪਰ ਦੁੱਖੀ ਨਹੀਂ ਹੁੰਦਾ। ਨਾ ਹੀ ਸਚਿਆਰ ਬੰਦਾ ਦੁੱਖਾਂ ਵੇਲੇ ਸੱਚ ਦਾ ਪੱਲਾ ਛਡਦਾ ਹੈ। ਸਚਿਆਰ ਬਣਨ ਵਾਸਤੇ ਪਹਿਲਾਂ ਬੰਦੇ ਦੀ ਜ਼ਬਾਨ ਤੇ ਸੱਚ ਦਾ ਵਾਸਾ ਹੁੰਦਾ ਹੈ। ਸਚਿਆਰ ਬੰਦਾ ਲਗਦੀ ਵਾਹ ਜ਼ਬਾਨ ਨਾਲ ਝੂਠ ਨਹੀਂ ਬੋਲਦਾ। ਇਸ ਭਾਵ ਨੂੰ ਜ਼ਰਾ ਹੋਰ ਗਹਿਰਾ ਸਮਝਣਾ ਪਵੇਗਾ। ਪਈ ਸੱਚ ਕੀ ਹੈ? ਝੂਠ ਕੀ ਹੈ? ਸੱਚ ਨੂੰ ਬੋਲਣ ਤੋਂ ਪਹਿਲਾ ਸੱਚ ਦੀ ਪਛਾਣ ਹੁੰਦੀ ਹੈ। ਜੇਕਰ ਪਛਾਣ ਨਾ ਹੋ ਸਕੇ। ਤਾਂ ਹੋ ਸਕਦਾ ਹੈ, ਜਿਸ ਨੂੰ ਅਸੀਂ ਅੰਮ੍ਰਿਤ ਕਹੀਏ ਉਹ ਜ਼ਹਿਰ ਹੋਵੇ। ਜਿਸਨੂੰ ਜ਼ਹਿਰ ਕਹਿ ਰਹੇ ਹਾਂ, ਉਹ ਅੰਮ੍ਰਿਤ ਹੋਵੇ। ਸਿੱਖ ਇਤਿਹਾਸ ਵਿੱਚ ਇਕ ਘਟਨਾ ਦਾ ਜ਼ਿਕਰ ਹੈ। ਪਈ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਰਵਾਰ ਖੇਰੂੰ ਖੇਰੂੰ ਹੋ ਗਿਆ। ਮਾਛੀਵਾੜੇ ਦੇ ਜੰਗਲ ਵਿੱਚ ਆਪਣੇ ਦੋ ਸਿੰਘਾਂ ਦੇ ਨਾਲ ਸਨ। ਇਸ ਵੇਲੇ ਬਹੁਤ ਖਤਰਾ ਸੀ, ਕਿ ਕੋਈ ਵੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਪਛਾਣ ਸਕਦਾ ਸੀ, ਅਤੇ ਸਮੇਂ ਦੀ ਹਕੂਮਤ ਕੋਲੋਂ ਚੰਗਾ ਇਨਾਮ ਪ੍ਰਾਪਤ ਕਰ ਸਕਦਾ ਸੀ। ਦੋ ਬੰਦਿਆਂ ਨੇ ਆ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਪਛਾਣ ਲਿਆ। ਇਹ ਦੋਵੇਂ ਬੰਦੇ ਰੁਹੇਲੇ ਪਠਾਣ ਸਨ। ਅਤੇ ਨਬੀ ਖਾਂ ਤੇ ਗਨੀ ਖਾਂ ਇੰਨ੍ਹਾਂ ਦੇ ਨਾਮ ਸਨ। ਇਹ ਦੋਵੇਂ ਕਦੇ ਗੁਰੂ ਗੋਬਿੰਦ ਸਿੰਘ ਜੀ ਕੋਲ ਆਪਣੇ ਵਪਾਰ ਸੰਬੰਧੀ ਘੋੜੇ ਖ੍ਰੀਦਣ ਤੇ ਵੇਚਣ ਆਉਂਦੇ ਹੁੰਦੇ ਸਨ। ਇਨ੍ਹਾਂ ਨੇ ਸਲਾਹ ਦਿੱਤੀ ਕਿ ਪਾਤਸ਼ਾਹ! ਤੁਸੀਂ ਉੱਚ ਦੇ ਪੀਰ ਬਣ ਜਾਉ, ਅਤੇ ਅਸੀਂ ਤੁਹਾਡੀ ਸ਼ਿਵਕਾ (ਪਾਲਕੀ)

ਚੁੱਕਕੇ, ਮਾਲਵੇ ਤੱਕ ਛੱਡ ਆਵਾਂਗੇ। ਅੱਗੇ ਤੁਹਾਡੇ ਬੈਰਾੜ ਸ਼ਰਧਾਲੂ ਬਹੁਤ ਹਨ। ਜੋ ਚੰਗੇ ਸੂਰਮੇ ਹਨ। ਉਹ ਹਕੂਮਤ ਨਾਲ ਟੱਕਰ ਲੈਣ ਦੀ ਸਮੱਰਥਾ ਰੱਖਦੇ ਹਨ।

ਹੁਣ ਪਛਾਣ ਕਰਨ ਦੀ ਗੱਲ ਇਹ ਹੈ, ਕਿ ਉੱਚ ਦੇ ਪੀਰ ਬਣਾਕੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਪਾਲਕੀ (ਪਲੰਘ) ਨੂੰ ਅੱਗੇ ਤੋਂ ਗਨੀ ਖਾਂ ਅਤੇ ਨਬੀ ਖਾਂ ਨੇ ਚੁੱਕ ਲਿਆ। ਅਤੇ ਪਿੱਛੇ ਤੋਂ ਦਇਆ ਸਿੰਘ ਅਤੇ ਧਰਮ ਸਿੰਘ ਨੇ ਚੁੱਕ ਲਿਆ। ਰਸਤੇ ਵਿੱਚ ਕੋਈ ਮਿਲਦਾ ਤਾਂ, ਗਨੀ ਖਾਂ ਤੇ ਨਬੀ ਖਾਂ ਕਹਿ ਦੇਂਦੇ ਕਿ ਇਹ ਉੱਚ ਦੇ ਪੀਰ ਹਨ। ਆਪਣੀ ਮੌਜ ਵਿੱਚ ਵਿੱਚਰਦੇ ਜਾ ਰਹੇ ਸਨ। ਮੱਕੇ ਤੋਂ ਹੱਜ ਕਰਕੇ ਆਏ ਹਨ। ਰੋਜ਼ਾ ਰੱਖਿਆ ਹੋਇਆ ਹੈ। ਇਕ ਜੌਆਂ ਦਾ ਦਾਣਾ ਖਾਂਦੇ ਹਨ। ਜਦੋਂ ਗਨੀ ਖਾਂ ਨਬੀ ਖਾਂ ਇਸ ਤਰ੍ਹਾਂ ਕਹਿੰਦੇ ਤਾਂ ਗੁਰੂ ਗੋਬਿੰਦ ਸਿੰਘ ਜੀ ਹੀ ਉਨ੍ਹਾਂ ਤੋਂ ਪੁਛਦੇ? ਕਿ ਦਸੋ ਤੁਸੀਂ ਝੂਠ ਬੋਲਦੇ ਹੋ ਜਾਂ ਸੱਚ? ਤਾਂ ਇਹ ਕਹਿੰਦੇ ਸਨ, ਪਾਤਸ਼ਾਹ! ਸਾਨੂੰ ਪਛਾਣ ਹੈ। ਸੱਚ ਕੀ ਹੈ? ਤੇ ਝੂਠ ਕੀ ਹੈ? ਜੇਕਰ ਪਛਾਣ ਨ ਆਵੇ ਤਾਂ ਬੰਦੇ ਦਾ ਸੱਚ ਝੂਠ ਤੁੱਲ ਹੋ ਸਕਦਾ ਹੈ। ਪਛਾਣ ਆਵੇ ਤਾਂ ਝੂਠ, ਸੱਚ ਤੁੱਲ ਹੋ ਸਕਦਾ ਹੈ। ਹੁਣ ਸਾਨੂੰ ਪਤਾ ਹੈ ਕਿ ਸਾਡੇ ਝੂਠ ਬੋਲਣ ਨਾਲ ਸੱਚ ਬਚਦਾ ਹੈ। ਜੇ ਅਸੀਂ ਸੱਚ ਬੋਲੀਏ ਤਾਂ ਸੱਚ ਨੂੰ ਬਚਾਉਣਾ ਔਖਾ ਹੋ ਸਕਦਾ ਹੈ। ਸਾਡੇ ਵਾਸਤੇ ਆਪ ਤੋਂ ਵੱਧ ਉੱਚਾ ਤੇ ਸੱਚਾ ਹੋਰ ਕੋਈ ਪੀਰ ਨਹੀਂ ਹੋ ਸਕਦਾ।

ਹੁਣ ਇਨ੍ਹਾਂ ਦੋ ਰੁਹੇਲੇ ਪਠਾਣ ਬੰਦਿਆਂ ਦਾ ਨਜ਼ਰੀਆ ਇਹ ਹੈ ਕਿ ਸਾਡੇ ਝੂਠ ਵਿੱਚ ਸੱਚ ਛੁਪਿਆ ਹੈ। ਜੋ ਇਕ ਵੇਲੇ ਪ੍ਰਕਾਸ਼ ਹੋਵੇਗਾ। ਪਤਾ ਲੱਗੇਗਾ ਕਿ ਅਸੀਂ ਝੂਠ ਨਹੀਂ ਬੋਲਦੇ। ਝੂਠ ਬੋਲਣ ਤੋਂ ਪਹਿਲਾਂ ਵੀ ਪਛਾਣ ਜ਼ਰੂਰੀ ਹੈ, ਅਤੇ ਸੱਚ ਬੋਲਣ ਤੋਂ ਪਹਿਲਾਂ ਵੀ ਪਛਾਣ ਜ਼ਰੂਰੀ ਹੈ।

ਇਕ ਨਜ਼ਰ ਦੂਜੇ ਪਾਸੇ ਲਈਏ, ਕਿ ਮੋਰਿੰਡੇ ਦੇ ਥਾਣੇਦਾਰ ਕੋਲ, ਇਕ ਬ੍ਰਾਹਮਣ ਖੜਾ ਹੈ। ਆਪਣਾ ਜੰਜੂ ਆਪਣੇ ਹੱਥ ਵਿੱਚ ਲੈਕੇ ਕਹਿ ਰਿਹਾ ਹੈ, ਕਿ ਮੈਨੂੰ ਧਰਮ ਦੀ ਕਸਮ ਲਗੇ। ਜੇ ਮੈਂ ਜ਼ਰਾ ਜਿੰਨਾ ਵੀ ਝੂਠ ਬੋਲਾਂ ਤਾਂ। ਮੈਂ ਸੱਚ ਕਹਿੰਦਾ ਹਾਂ ਕਿ ਮੇਰੇ ਘਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਹਨ। ਉਨ੍ਹਾਂ ਦੀ ਬੁੱਢੜੀ ਮਾਂ (ਮਾਤਾ ਗੁਜਰੀ) ਵੀ ਹੈ। ਉਨ੍ਹਾਂ ਨੂੰ ਪਕੜ ਲਉ। ਸਰਕਾਰ ਵਲੋਂ ਰੱਖਿਆ ਇਨਾਮ ਮੈਨੂੰ ਦਿਉ? ਮੇਰਾ ਨਾਮ ਗੰਗੂ ਬ੍ਰਾਹਮਣ ਹੈ। ਮੈਂ ਝੂਠ ਨਹੀਂ ਬੋਲਦਾ। ਹੁਣ ਜਿਹੜੇ ਬੰਦੇ ਪਛਾਣ ਨਹੀਂ ਕਰ ਸਕਦੇ। ਉਹ ਤਾਂ ਕਹਿਣਗੇ ਪਈ ਸੋਲਾਂ ਆਨੇ ਸੱਚ ਬੋਲਦਾ ਹੈ। ਪਰ ਜਿਹੜੇ ਸਚਿਆਰ ਹੋਣਗੇ। ਉਸੇ ਵੇਲੇ ਕੂਕ ਉਠਣਗੇ, ਕਿ ਨਹੀਂ। ਇਸ ਬ੍ਰਾਹਮਣ ਦੇ ਸੱਚ ਵਿੱਚ ਲਾਲਚ ਹੈ। ਇਹਦਾ ਸੱਚ ਸੌ ਝੂਠਾ ਨਾਲੋਂ ਭੈੜਾ ਹੈ। ਇਸ ਦੇ ਸੱਚ ਨਾਲ

ਬੜੀਆਂ ਕੀਮਤੀ ਜਿੰਦਾਂ ਗੁਆਚ ਜਾਣਗੀਆਂ। ਪਰ ਇਹ ਉਹ ਕਹੇਗਾ, ਜਿਹੜਾ ਸਚਿਆਰ ਹੋਵੇਗਾ। ਜਿਸ ਨੂੰ ਅੰਦਰੋਂ ਪਤਾ ਹੋਵੇ ਕਿ ਸੱਚ ਕੀ ਹੈ? ਤੇ ਝੂਠ ਕੀ ਹੈ?

ਸਿਆਣਪ ਅਤੇ ਸੱਚ

ਸਿਆਣਾ ਤੇ ਮਤਲਬ ਮਿਜ਼ਾਜ ਬੰਦਾ! ਉਦੋਂ ਤਕ ਨਹੀਂ ਬੋਲਦਾ, ਜਦੋਂ ਤੱਕ ਦਿਲ ਦੀ ਗਹਿਰਾਈ ਵਿੱਚੋਂ ਪਛਾਨ ਨ ਲਵੇ, ਕਿ ਜੋ ਮੈਂ ਬੋਲਣ ਲੱਗਾ ਹਾਂ! ਇਸ ਵਿੱਚ ਸੱਚ ਦੇ ਬਹਾਨੇ ਝੂਠ ਤੇ ਨਹੀਂ ਹੋ ਰਿਹਾ। ਜਾਂ ਇਸ ਵਿੱਚ ਅਸਰ ਕਰਨ ਵਾਲੀ ਤਾਕਤ ਹੈ ਕਿ ਨਹੀਂ। ਦਿਲ ਦੀ ਗਹਿਰਾਈ ਵਿੱਚੋਂ ਨਿਕਲੀ ਸਚਾਈ। ਲੋਕਾਂ ਦੇ ਦਿਲਾਂ ਤਕ ਪਹੁੰਚ ਜਾਂਦੀ ਹੈ।

ਦਿਲ ਸੇ ਜੋ ਬਾਤ ਨਿਕਲਤੀ ਹੈ, ਅਸਰ ਰੱਖਤੀ ਹੈ।
ਪਰ ਨਹੀਂ ਤਾਕਤ-ਏ ਪ੍ਰਵਾਜ਼ ਮਗਰ ਰੱਖਤੀ ਹੈ।

(ਇਕਬਾਲ)

ਪੂਰਨ ਪੁਰਖ ਦੇ ਦਿਲ ਦੇ ਖਿਆਲ ਦੂਸਰੇ ਦੇ ਹਿਰਦੇ ਨੂੰ ਟੁੰਬਦੇ ਹਨ। ਦੂਸਰੇ ਨੂੰ ਆਪਣਾ ਗਰਵੀਦਾ ਕਰ ਲੈਂਦਾ ਹਨ। ਭਗਤ ਕਬੀਰ ਸਾਹਿਬ ਜੀ ਮਹਾਰਾਜ ਦਾ ਕਹਿਣਾ ਹੈ ਕਿ ਪੂਰਨ ਪੁਰਖ (ਸਤਿਗੁਰੂ) ਦੇ ਜੋ ਬੋਲ ਹਨ, ਉਹ ਇਕ ਐਸੇ ਬਾਣ (ਤੀਰ) ਹਨ ਜੋ ਲਗਦਿਆਂ ਹੀ ਹਿਰਦੇ ਵਿੱਚ ਛੇਕ ਕਰਦੇ ਹਨ। ਭਾਵ ਕਿ ਪੂਰਨ ਪੁਰਖ ਦੇ ਹਿਰਦੇ ਦੀ ਸਚਾਈ ਅਗੇ ਝੁਕਣਾ ਹੀ ਪੈਂਦਾ ਹੈ। ਪਾਵਨ ਕਥਨ ਹੈ:-

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥

(ਸਲੋਕ ਕਬੀਰ ਜੀ, ਪੰਨਾ ੧੩੭੪)

ਦਿਲ ਦੀ ਗਹਿਰਾਈ ਵਿੱਚੋਂ ਸੱਚ ਦੀ ਪਹਿਚਾਨ ਹੁੰਦੀ ਹੈ। ਬਹੁਤਾ ਉੱਚਾ ਬੋਲ ਕੇ ਸੱਚ ਦੀ ਪਛਾਣ ਨਹੀਂ ਕਰਾਈ ਜਾ ਸਕਦੀ। ਹਜ਼ਰਤ ਸ਼ੇਖ ਸ਼ਾਅਦੀ ਦਾ ਖਿਆਲ ਹੈ ਕਿ:-

ਖਾਮੋਸ਼ੀ ਮਾ ਆਨੀਏ ਦਾਰਦ ਕਿਹ ਦਰ ਗੁਫਤਨ ਨਮੇ ਆਇਦ।

(ਸ਼ੇਖ ਸ਼ਾਅਦੀ)

ਸਚਿਆਰ ਬੰਦਾ ਹਿਰਦੇ ਦੀ ਸਵੱਛਤਾ ਤੋਂ ਪਛਾਣਿਆ ਜਾਂਦਾ ਹੈ। ਸਚਿਆਰਾਂ ਦਾ ਸਚਿਆਰ ਬੰਦਿਆਂ ਨਾਲ ਹੀ ਪਿਆਰ ਹੁੰਦਾ ਹੈ। ਸਚਿਆਰ ਦੇ ਹਿਰਦੇ ਵਿੱਚ ਜੀਵਨ ਦੀ ਜੁਗਤ ਹੁੰਦੀ ਹੈ। ਸਚਿਆਰ ਬੰਦੇ ਦਾ ਹਿਰਦਾ ਦਇਆ ਨਾਲ ਭਰਿਆ ਅਤੇ ਕੋਮਲ ਹੁੰਦਾ ਹੈ। ਸਚਿਆਰ ਬੰਦਾ ਆਤਮਾਨੰਦ ਸਰੂਪ ਵਿੱਚ ਟਿਕਦਾ ਹੈ। ਸਚਿਆਰ ਬੰਦੇ ਵਿੱਚ ਭਟਕਣਾ ਨਹੀਂ ਹੁੰਦੀ। ਦਰਅਸਲ ਜੋ ਸੱਚੇ ਮੋਤੀ ਸਚਿਆਰ ਪਛਾਣ ਸਕਦਾ ਹੈ। ਹੋਰ

ਕੋਈ ਨਹੀਂ ਪਛਾਣ ਸਕਦਾ! ਸਚਿਆਰ ਲੋਕ ਆਪਣੇ ਅੰਦਰੋਂ ਬਾਹਰੋਂ (ਤਨੋਂ ਮਨੋਂ) ਕੂੜ ਦੀ ਮੈਲ ਨੂੰ ਧੋ ਸੁਟਦੇ ਹਨ। ਸ੍ਰੀ ਆਸਾ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਦਾ ਪਾਵਨ ਕਥਨ ਹੈ:-

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥
ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥ ੨॥

(ਆਸਾ ਦੀ ਵਾਰ, ਪੰਨਾ ੪੬੮)

ਇਕ ਮਾਤਰ ਸੱਚ ਹੀ ਦਾਰੂ ਹੈ। ਜੋ ਪਾਪਾਂ (ਸੰਸਕਾਰਾਂ) ਦੀ ਮੈਲ ਨੂੰ ਧੋ ਸਕਦਾ ਹੈ।

ਕਈ ਵਾਰ ਇਸ ਸੰਸਾਰ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਘਟਦੀਆਂ ਹਨ ਕਿ ਇਨਸਾਨ ਨੂੰ ਝੂਠ ਬੋਲਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਕਈ ਵਾਰੀ ਇਨਸਾਨ ਨੂੰ ਝੂਠ ਬੋਲਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸ ਵਾਸਤੇ ਹੀ ਇਸ ਸੰਸਾਰ ਵਿੱਚ ਕਈ ਸਾਧੂਆਂ ਨੂੰ ਰਾਹੀਏ ਕੁਰਾਹੀਏ ਤੇ ਬੇਤਾਲੇ ਬਣਨਾ ਪੈਂਦਾ ਹੈ। ਅਤੇ ਕਈ ਵਾਰ ਇਸ ਤੋਂ ਉਲਟ ਕਿ ਚੋਰਾਂ ਤੇ ਕਾਤਲਾਂ ਦੀ ਪੂਜਾ ਸਾਧੂ ਤੇ ਸੰਤ ਜਾਣ ਕੇ ਹੁੰਦੀ ਹੈ ਅਤੇ ਕੀਤੀ ਜਾਂਦੀ ਹੈ। ਅੱਜ ਦਾ ਜੋ ਸੰਤ ਹੈ, ਉਹ ਅੰਦਰੋਂ ਚੋਰ ਹੈ। ਅਤੇ ਜੋ ਅੰਦਰੋਂ ਸੰਤ ਹੈ ਉਹ ਕਾਲ ਕੋਠੜੀ ਵਿੱਚ ਬੰਦ ਹੈ। ਦਰਅਸਲ ਬੰਦੇ ਨੂੰ ਕੁਝ ਮਜ਼ਬੂਰੀਆਂ ਵੀ ਮਜ਼ਬੂਰ ਕਰਦੀਆਂ ਹਨ। ਜਿੰਨਾ ਮਜ਼ਬੂਰੀਆਂ ਵੱਸ ਬੰਦਾ, ਸੱਚ ਦਾ ਪੱਲਾ ਛੱਡ ਜਾਂਦਾ ਹੈ, ਪਰ ਸਿਆਣਿਆਂ ਦਾ ਕੋਲ ਹੈ (ਕਹਿਣਾ ਹੈ), ਕਿ ਸਚਿਆਰ ਪੁਰਖ ਉਹ ਹੈ ਜਿਹੜਾ ਕਿਸੇ ਤਰ੍ਹਾਂ ਵੀ ਮਜ਼ਬੂਰ ਨਾ ਹੋਵੇ। ਜਿਸ ਨੂੰ ਕਿਸੇ ਤਰ੍ਹਾਂ ਵੀ ਮਜ਼ਬੂਰ ਨਾ ਕੀਤਾ ਜਾ ਸਕੇ।

ਸਚਿਆਰ ਬੰਦਾ ਮਜ਼ਬੂਰੀਆਂ ਨਾਲ ਜੂਝਦਾ ਹੈ। ਮਜ਼ਬੂਰੀ ਅਗੇ ਝੁੱਕਦਾ ਨਹੀਂ ਦੁੱਖਾਂ ਦਾ ਮੁਕਾਬਲਾ ਕਰਦਾ ਹੈ। ਦੁੱਖਾਂ ਅੱਗੇ ਆਤਮ ਸਮਰਪਣ ਨਹੀਂ ਕਰਦਾ। ਸਚਾਈ ਇਹ ਹੈ ਕਿ ਸਚਿਆਰ ਪੁਰਖ ਨੂੰ ਕੋਈ ਮਜ਼ਬੂਰ ਕਰ ਹੀ ਨਹੀਂ ਸਕਦਾ। ਇਕ ਸਿਆਣੇ ਵਿਦਿਵਾਨ ਦਾ ਕਹਿਣਾ ਹੈ ਕਿ:-

ਏਕ ਵੋ ਹੈ ਜੋ ਬਦਲਤੇ ਹੈਂ ਜ਼ਮਾਨੇ ਕੇ ਸਾਥ ਸਾਥ,
ਮਗਰ ਮਰਦ ਵੋ ਹੈਂ ਜੋ ਜ਼ਮਾਨੇ ਕੋ ਬਦਲ ਦੇਤੇ ਹੈਂ॥

(ਇਕ ਸਿਆਣਾ)

ਸੰਸਾਰ ਅਤੇ ਸੱਚ

ਸੂਫੀ ਸਾਧੂਆਂ ਦੀ ਇਕ ਪ੍ਰਸਿਧ ਕਹਾਣੀ ਹੈ ਕਿ ਮਨਸੂਰ ਨੂੰ ਮਜ਼ਬੂਰ ਕਰਨ ਦਾ ਯਤਨ ਕੀਤਾ ਗਿਆ। ਕਿ ਜੋ ਕੁਝ ਤੂੰ ਆਵਾਜ਼ ਉਠਾ ਰਿਹਾ ਹੈਂ ਉਹ ਗ਼ਲਤ ਹੈ, ਬੰਦ ਕਰ। ਮਨਸੂਰ ਦੀ ਆਵਾਜ਼ ਸੀ, ਪਈ "ਅਨਲ ਹੱਕ" ਅਰਥਾਤ ਕਿ ਰੱਬ ਮੇਰੇ ਵਿੱਚ ਹੈ। ਮੈਂ ਰੱਬ ਹਾਂ। ਦਰਅਸਲ ਹਕੀਕਤ ਹੈ ਕਿ ਰੱਬ ਬੰਦੇ ਦੇ ਅੰਦਰ ਹੀ ਹੈ। ਪਰ ਕੱਟੜ ਤੇ ਸ਼ਰੱਈ ਲੋਕਾਂ ਨੇ, ਮਨਸੂਰ ਦੀ ਇਸ ਪ੍ਰਵਾਜ਼ ਦੀ ਖੁਲ੍ਹ ਕੇ ਵਿਰੋਧਤਾ ਕੀਤੀ। ਸਿੱਟਾ ਇਹ ਹੋਇਆ, ਕਿ ਸਮੇਂ ਦੀ ਸ਼ਰ੍ਹਾ ਨੇ, ਮਨਸੂਰ ਨੂੰ ਸੰਗੀਨ ਸਜ਼ਾਵਾਂ ਦਿੱਤੀਆਂ। ਸਜਾਇ ਮੌਤ ਦਾ ਫਤਵਾ ਲਾ ਦਿੱਤਾ ਗਿਆ। ਕਹਿੰਦੇ ਹਨ ਕਿ ਸਮੇਂ ਦੀ ਹਕੂਮਤ ਨੇ ਫਤਵਾ ਦਿੱਤਾ, ਕਿ ਮਨਸੂਰ ਨੂੰ ਸੰਗਸਾਰ ਕਰਕੇ ਮਾਰੋ। ਮਨਸੂਰ ਨੂੰ ਫਾਂਸੀ ਦੇਣ ਤੋਂ ਪਹਿਲਾਂ ਸ਼ਹਿਰ ਦੇ ਸਾਰੇ ਬਜ਼ਾਰਾਂ, ਗਲੀਆਂ ਵਿੱਚ ਫੇਰਿਆ ਗਿਆ। ਲੋਕਾਂ ਨੇ ਪੱਥਰ ਮਾਰੇ। ਮਨਸੂਰ ਲਹੂ ਲੁਹਾਨ ਹੋ ਗਿਆ। ਪਰ ਹੱਸਦਾ ਰਿਹਾ। ਕਿਸੇ ਦੇ ਪੱਥਰ ਦੀ ਦਰਦ ਮਹਿਸੂਸ ਨਹੀਂ ਕੀਤੀ।

ਮਨਸੂਰ ਦਾ ਇਕ ਦਿਲੀ ਮਿੱਤਰ ਸੀ। ਉਸ ਦਾ ਨਾਮ ਸ਼ਿਬਲੀ ਸੀ। ਸ਼ਿਬਲੀ ਜਾਣਦਾ ਸੀ ਕਿ ਕਿ ਮਨਸੂਰ ਬੇ-ਕਸੂਰ ਹੈ। ਪਰ ਉਹ ਵੀ ਮਜ਼ਬੂਰੀ ਵੱਸ ਕੁਝ ਨਾ ਕਰ ਸਕਿਆ। ਲੋਕ ਪੱਥਰ ਮਾਰ ਮਾਰ ਕੇ ਅੱਗੇ ਲਈ ਜਾ ਰਹੇ ਸਨ। ਜਦੋਂ ਇਹ ਭੀੜ ਸ਼ਿਬਲੀ ਦੇ ਲਾਗੇ ਆਈ। ਸ਼ਿਬਲੀ ਨੇ ਮਨਸੂਰ ਵਲ ਵੇਖਿਆ ਤੇ ਮਨਸੂਰ ਨੇ ਸ਼ਿਬਲੀ ਵੱਲ ਵੇਖਿਆ। ਭੀੜ ਸੀ। ਉਸ ਭੀੜ ਵਿੱਚ ਹੀ ਰਲ ਕੇ ਸ਼ਿਬਲੀ ਨੇ ਇਕ ਫੁੱਲ ਮਨਸੂਰ ਨੂੰ ਮਾਰਿਆ। ਫੁਲ ਮਨਸੂਰ ਨੂੰ ਵਜਿਆਂ: ਮਨਸੂਰ ਬਹੁਤ ਉੱਚੀ ਚੀਖਿਆ। ਸ਼ਿਬਲੀ ਨੇ ਪੁਛਿਆ? ਲੋਕਾਂ ਨੇ ਪੱਥਰ ਮਾਰੇ ਹਨ, ਤੈਨੂੰ ਜ਼ਰਾ ਪਰਵਾਹ ਨਹੀ, ਪਰ ਮੇਰਾ ਇਕ ਫੁੱਲ ਵੀ ਤੈਨੂੰ ਬਰਦਾਸ਼ਤ ਨਹੀਂ ਹੋਇਆ? ਮਨਸੂਰ ਕਹਿਣ ਲੱਗਾ। ਮੈਨੂੰ ਇਸ ਗੱਲ ਦੀ

ਪ੍ਰਵਾਹ ਨਹੀਂ, ਕਿ ਲੋਕ ਮੈਨੂੰ ਪੱਥਰ ਮਾਰ ਰਹੇ ਹਨ। ਲੋਕਾਂ ਨੂੰ ਤਾਂ ਜਾਣਕਾਰੀ ਹੀ ਨਹੀਂ, ਪਛਾਣ ਹੀ ਨਹੀਂ। ਕਿ ਸੱਚ ਕੀ ਹੈ? ਪਰ ਐ ਸ਼ਿਬਲੀ! ਤੈਨੂੰ ਤਾਂ ਪਤਾ ਸੀ ਕਿ ਮੈਂ ਬੇ-ਕਸੂਰ ਹਾਂ। ਮੈਂ ਸੱਚਾ ਹਾਂ। ਤੂੰ ਵੀ ਇਨ੍ਹਾਂ ਲੋਕਾਂ ਦੀ ਭੀੜ ਵਿੱਚ ਰਲ ਗਿਆ ਹੈਂ। ਫਰਕ ਸਿਰਫ਼ ਏਨਾਂ ਹੈ ਕਿ ਲੋਕ ਪੱਥਰ ਮਾਰ ਰਹੇ ਹਨ ਤੇ ਤੂੰ ਫੁੱਲ। ਲੋਕ ਤਾਂ ਮੈਨੂੰ ਸਜ਼ਾ ਦੇ ਰਹੇ ਹਨ। ਪਰ ਤੂੰ ਤਾਂ ਮਾਰਦਾ ਵੀ ਹੈਂ। ਰੋਣ ਵੀ ਨਹੀਂ ਦੇਣਾ ਚਾਹੁੰਦਾ। ਤੂੰ ਜਾਣਦਿਆਂ ਹੋਇਆਂ ਵੀ ਕਿ ਸੱਚ ਕੀ ਹੈ? ਫਿਰ ਵੀ ਫੁੱਲ (ਸੱਚ) ਇਨ੍ਹਾਂ ਕੰਡਿਆਂ ਵਿੱਚ ਰਲਾ ਦਿੱਤਾ ਹੈ। ਫਿਰ ਤੂੰ ਬਹੁਤ ਚਲਾਕ ਹੈਂ। ਲੋਕ ਤਾਂ ਅਨਜਾਣ ਹਨ। ਉਹ ਤਾਂ ਜਾਣਦੇ ਹੀ ਨਹੀਂ। ਇਸ ਵਾਸਤੇ ਉਨ੍ਹਾਂ ਤੇ ਮੈਨੂੰ ਕੋਈ ਅਫ਼ਸੋਸ ਨਹੀਂ। ਪਰ ਤੇਰਾ ਮੈਨੂੰ ਬਹੁਤ ਦੁੱਖ ਹੈ। ਇਕ ਜਾਣਕਾਰ ਸਚਿਆਰ ਬੰਦਾ, ਸੱਚ ਦਾ ਪੱਲਾ ਛੱਡ ਗਿਆ ਹੈ। ਬੱਸ ਇਸੇ ਦੁੱਖ ਦੀ ਪੀੜ ਮੇਰੇ ਧੁਰ ਅੰਦਰ ਤਕ ਹੋਈ ਹੈ। ਕਿਸੇ ਸਿਆਣੇ ਸ਼ਾਇਰ ਦਾ ਇਕ ਕਥਨ ਧਿਆਨ ਯੋਗ ਹੈ:-

ਲੋਕਾਂ ਦਿਆਂ ਪੱਥਰਾਂ ਦੀ ਸਾਨੂੰ ਪਰਵਾਹ ਜ਼ਰਾ ਨਾ ਹੋਈ।
ਮਿੱਤਰਾਂ ਨੇ ਫੁਲ ਮਾਰਿਆ ਸਾਨੂੰ ਪੀੜਾਂ ਅੰਦਰਾਂ ਤਕ ਹੋਈ।

(ਇਕ ਸਿਆਣਾ)

ਸਚਿਆਰ ਬੰਦੇ ਨੂੰ ਪੋਰੀਆਂ ਪੋਰੀਆਂ ਕਰਕੇ ਕਟਿਆ ਜਾਵੇ, ਤਾਂ ਵੀ ਪ੍ਰਵਾਹ ਨਹੀਂ ਕਰਦਾ। ਪਰ ਸਚਿਆਰ ਸੱਚ ਤੋਂ ਥਿੜਕ ਜਾਵੇ, ਤਾਂ ਬਹੁਤ ਦੁੱਖ ਹੁੰਦਾ ਹੈ। ਪੰਡਤ ਹਰਿਦਿਆਲ ਜੀ ਦਾ, ਸਾਰਕਤਾਵਲੀ ਗ੍ਰੰਥ ਵਿੱਚ, ਇਕ ਬੜਾ ਪਿਆਰਾ ਸੁਖਨ ਹੈ। ਉਹ ਕਹਿੰਦੇ ਹਨ। ਪਈ ਸੋਨੇ ਨੂੰ ਕਿਸੇ ਪੁਛਿਆ? ਕਿ ਤੂੰ ਤਾਂ ਬਹੁਤ ਪ੍ਰਸੰਨ ਹੋਵੇਂਗਾ? ਕਿਉਂਕਿ ਤੇਰੀ ਹਰ ਥਾਂ ਕਦਰ ਹੈ। ਤੈਨੂੰ ਹਰ ਕੋਈ ਜੇਵਰ ਬਣਾ ਕੇ ਪਹਿਨਣ ਦਾ ਸ਼ੌਕੀਨ ਹੈ? ਅੱਗੋਂ ਸੋਨੇ ਨੇ ਜਵਾਬ ਦਿੱਤਾ। ਕਿ ਮੈਂ ਬਹੁਤ ਪ੍ਰਸੰਨ ਹਾਂ। ਪਰ ਮੈਨੂੰ ਇਕ ਬਹੁਤ ਵਡਾ ਦੁੱਖ ਹੈ। ਮੈਨੂੰ ਇਹ ਦੁੱਖ ਨਹੀਂ, ਕਿ ਮੈਨੂੰ ਕੁਠਾਲੀ ਵਿੱਚ ਪਾ ਕੇ ਤਪਾਇਆ ਜਾਂਦਾ ਹੈ। ਨਾਹੀ ਮੈਨੂੰ ਸੁਨਿਆਰ ਦੀਆਂ ਸੱਟਾਂ ਦਾ ਦੁੱਖ ਹੈ। ਫੇਰ ਮੈਨੂੰ ਜੜਾਉ ਜੇਵਰ ਬਨਾਉਣ ਵਾਸਤੇ ਛੇਦਿਆ ਜਾਂਦਾ ਹੈ। ਮੈਂ ਤਾਂ ਵੀ ਦੁੱਖੀ ਨਹੀਂ ਹੁੰਦਾ। ਮੈਂ ਇਹ ਸਭ ਕੁਝ, ਖਿੜੇ ਮਥੇ ਜਰ ਲੈਂਦਾ ਹਾਂ। ਪਰ ਮੈਨੂੰ ਉਦੋਂ ਬਹੁਤ ਦੁੱਖ ਹੁੰਦਾ ਹੈ। ਜਦੋਂ ਰੱਤਕਾਂ ਪਾ ਕੇ ਤੋਲਿਆ ਜਾਂਦਾ ਹੈ। ਮੈਂ ਦੁੱਖੀ ਹੁੰਦਾ ਹਾਂ। ਕਿ ਸੋਨੇ ਦੇ ਬਰਾਬਰ ਸੋਨਾ ਹੋਵੇ ਤਾਂ ਵੀ ਹੈ। ਪਰ ਮੇਰੇ ਬਰਾਬਰ ਰੱਤੀਆਂ ਤੋਲੀਆਂ ਜਾਂਦੀਆਂ ਹਨ। ਮੈਨੂੰ ਦੁੱਖ ਹੈ ਸਾਰਕਤਾਵਲੀ ਦੇ ਕਰਤਾ ਦਾ ਕਹਿਣਾ ਹੈ:-

ਘਰਸਨ ਛੇਦਨ ਦਹਿਨ ਮੈਂ ਕੰਚਨ ਦੁਖੈ ਨ ਐਸ਼॥
ਗੁੰਜਨ ਸਮ ਤੋਲਣ ਹੁਤੇ, ਹਾਟਤ ਦੁਖ ਹੈ ਜੈਸ॥੭॥

(ਸਾਰਕੁਤਾਵਲੀ ਅਧਿਆਇ ਗਿਆਰਵਾਂ ਛੰਦ ੭)

ਕਹਿੰਦੇ ਹਨ ਕਿ ਸਚਿਆਰ ਬੰਦੇ ਵੀ, ਇਸੇ ਹੀ ਦਸ਼ਾ ਦੇ ਹੁੰਦੇ ਹਨ। ਸਚਿਆਰ ਬੰਦਾ ਉਦੋਂ ਬਹੁਤ ਦੁੱਖੀ ਹੁੰਦਾ ਹੈ। ਜਦੋਂ ਸੱਚ ਦਾ ਮੁੱਲ ਕੌਡੀਆਂ 'ਚ ਪੈਂਦਾ ਹੈ। ਅਕਸਰ ਬਹੁਤ ਸਚਿਆਰ ਬਹੁਤ ਮੁਸੀਬਤਾਂ ਵਿੱਚ ਤਾਂ ਸੱਚ ਦਾ ਪੱਲਾ ਛੱਡਦੇ ਨਹੀਂ। ਪਰ ਲੋਭ ਵਸ ਕੌਡੀਆਂ ਬਦਲੇ ਹੀ, ਸੱਚ ਦਾ ਤਿਆਗ ਕਰ ਦੇਂਦੇ ਹਨ। ਬਹੁਤ ਲੋਕ ਦੌਲਤ (ਧਨ) ਬਦਲੇ ਹੀ ਸੱਚ ਦਾ ਪੱਲਾ ਛੱਡ ਜਾਂਦੇ ਹਨ। ਸਚਿਆਰ ਉਹ ਹੁੰਦਾ ਹੈ। ਜਿਹੜਾ ਕਿਸੇ ਵੀ ਕੀਮਤ ਤੇ ਸੱਚ ਦਾ ਪੱਲਾ ਨਾ ਛੱਡੇ।

ਤਨ ਦਾਹਨ ਬਿਪਤਿ ਨਹਿਅਸੰ ਦੁਖੈ ਸੰਤ॥
ਬਿਖੈ ਸੰਗ ਤੇ ਜਯੋਂ ਦੁਖੈ, ਬਿਖੈ ਅਸੰਤ ਕਰੰਤ॥੮॥

(ਸਾਰਕੁਤਾਵਲੀ ਅਧਿਆਇ ਗਿਆਰਵਾਂ ਛੰਦ ੮)

ਕੂੜਿਆਰ ਬੰਦੇ ਸਚਿਆਰ ਬੰਦਿਆਂ ਨੂੰ ਵੀ ਕੌਡੀਆਂ ਵਿੱਚ ਰੋਲ ਦੇਂਦੇ ਹਨ। ਹੀਰੇ ਦਾ ਮੁੱਲ ਕੌਡੀ ਨਹੀਂ ਹੈ। ਪਰ ਕੂੜਿਆਰ ਨੂੰ ਪਤਾ ਨਹੀਂ ਹੈ। ਹਜ਼ਰਤ ਈਸਾ ਦੇ ਜੀਵਨ ਵਿੱਚ ਇਕ ਉਲੇਖ ਆਉਂਦਾ ਹੈ, ਕਿ ਹਜ਼ਰਤ ਈਸਾ ਨੂੰ ਸਲੀਬ 'ਤੇ ਚੜ੍ਹਾਇਆ ਜਾਣ ਲੱਗਾ। ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਪਾਣੀ ਆ ਗਿਆ। ਪੁਛਣ ਵਾਲਿਆਂ ਨੇ ਪੁਛਿਆ? ਕੀ ਤੁਹਾਨੂੰ ਮੌਤ ਕੋਲੋਂ ਡਰ ਲਗਦਾ ਹੈ? ਤਾਂ ਹਜ਼ਰਤ ਈਸਾ ਕਹਿੰਦੇ ਹਨ ਨਹੀਂ। ਮੇਰੀਆਂ ਅੱਖਾਂ ਵਿੱਚ, ਪਾਣੀ ਇਸ ਕਰਕੇ ਨਹੀਂ ਆਇਆ, ਕਿ ਮੈਨੂੰ ਸਲੀਬ ਤੇ ਟੰਗ ਦੇਣਾ ਹੈ। ਮੈਨੂੰ ਇਸ ਗੱਲ ਦਾ ਜ਼ਰਾ ਜਿੰਨਾ ਵੀ ਦੁਖ ਨਹੀਂ ਹੈ। ਮੌਤ ਤਾਂ ਇਕ ਦਿਨ ਆਉਣੀ ਹੀ ਹੈ। ਅੱਜ ਨਹੀਂ ਤਾਂ ਕਲ। ਪਰ ਦੁੱਖ ਇਸ ਗੱਲ ਦਾ ਹੈ, ਕਿ ਜਿਹੜੇ ਬੰਦੇ ਮੇਰੇ ਨਾਲ ਜ਼ਿੰਦਗੀ ਭਰ ਦਾਅਵੇ ਕਰਦੇ ਰਹੇ ਹਨ, ਕਿ ਤੇਰੇ ਨਾਲ ਜੀਵਾਂਗੇ ਤੇਰੇ ਨਾਲ ਮਰਾਂਗੇ। ਉਹੀ ਮੈਨੂੰ ਇਥੇ (ਸਲੀਬ) ਤੱਕ ਪਹੁੰਚਾ ਗਏ ਹਨ।

ਕਹਿੰਦੇ ਹਨ ਕਿ ਜਿਸ ਦਿਨ ਈਸਾ ਨੂੰ ਸਲੀਬ ਤੇ ਚੜ੍ਹਾਇਆ ਗਿਆ, ਉਸੇ ਦਿਨ ਦੀ ਪਹਿਲੀ ਰਾਤ ਨੂੰ ਕੁਝ ਮਿੱਤਰ ਈਸਾ ਜੀ ਨੂੰ ਕਹਿ ਰਹੇ ਸਨ, ਕਿ ਅਸੀਂ ਤੁਹਾਡੇ ਨਾਲ ਹੀ ਜੀਉਣਾ ਤੇ ਮਰਨਾ ਹੈ। ਹਜ਼ਰਤ ਈਸਾ ਉਨ੍ਹਾਂ ਨੂੰ ਕਹਿਣ ਲੱਗੇ ਕਿ ਦੇਖ ਲਿਉ। ਜਦੋਂ ਦਿਨ ਦੇ ਚੜ੍ਹਾ ਦੀ ਮੁਰਗੇ ਨੇ ਬਾਂਗ ਦੇਣੀ ਹੈ। ਉਸ ਬਾਂਗ ਤੋਂ ਪਹਿਲਾਂ ਪਹਿਲਾਂ ਤੁਸੀਂ ਕਿੰਨੀ ਵਾਰੀ ਮੇਰਾ ਸਾਥ ਛੱਡ ਦਿੱਤਾ ਹੋਣਾ ਹੈ। ਪਰ ਉਹ ਸਾਰੇ ਕਹਿ ਰਹੇ ਸਨ, ਕਿ ਨਹੀਂ ਅਸੀਂ ਤੁਹਾਡੇ ਨਾਲ ਹੀ ਜੀਉਣਾ ਤੇ ਮਰਨਾ ਹੈ। ਸਲਾਹ ਹੋਈ ਕਿ ਚਲੋ

ਜੇਕਰ ਇਸ ਤਰ੍ਹਾਂ ਹੈ। ਤਾਂ ਲੋਕਾਂ ਦੀ ਭੀੜ ਇਸ ਸ਼ਹਿਰ ਤੋਂ ਜਾ ਰਹੀ ਹੈ। ਅਸੀਂ ਵੀ ਇਸ ਭੀੜ ਵਿੱਚ ਭੇਸ ਬਦਲ ਕੇ, ਇਸ ਜਗਾਹ ਨੂੰ ਛੱਡ ਜਾਈਏ। ਸਾਰੇ ਤੁਰ ਪਏ। ਲੋਕਾਂ ਦੀ ਭੀੜ ਵਿੱਚ ਰਲ ਲਏ। ਤੁਰੇ ਜਾ ਰਹੇ ਸਨ। ਤਾਂ ਉਨ੍ਹਾਂ ਮਿੱਤਰਾਂ ਵਿੱਚੋਂ ਹੀ ਇਕ ਮਿੱਤਰ ਹਜ਼ਰਤ ਤੋਂ ਪਿਛੇ ਹੱਟਣ ਲਗਾ। ਹਜ਼ਰਤ ਈਸਾ ਨੇ ਪਿਛੇ ਪਰਤ ਕੇ ਕਿਹਾ, ਕਿ ਦੇਖ ਲੈ! ਅਜੇ ਮੁਰਗੇ ਦੇ ਬਾਂਗ ਦੇਣ ਵਿੱਚ ਕਾਫੀ ਸਮਾਂ ਹੈ। ਪਰ ਕਹਿੰਦੇ ਹਨ ਆਖ਼ਰ ਉਹ ਬੜਾ ਨੇੜ ਦਾ ਸਾਥੀ, ਹਜ਼ਰਤ ਈਸਾ ਤੋਂ ਪਿਛੇ ਨਿਕਲ ਹੀ ਗਿਆ। ਹਜ਼ਰਤ ਈਸਾ ਦੇ ਸਿਰ ਦਾ ਮੁਲ ਉਸ ਸਮੇਂ ਦੇ ਤੀਹ ਰੁ: ਰਖਿਆ ਹੋਇਆ ਸੀ। ਉਸ ਸਾਥੀ ਨੇ ਤੀਹ ਰੁ: ਲੈ ਕੇ ਦਸ ਦਿੱਤਾ, ਕਿ ਹਜ਼ਰਤ ਈਸਾ ਇਸ ਕਾਫਲੇ ਵਿੱਚ ਜਾ ਰਿਹਾ ਹੈ।. ਹਜ਼ਰਤ ਈਸਾ ਜੀ ਕਹਿ ਰਹੇ ਸਨ, ਕਿ ਮੈਨੂੰ ਮਰਨ ਦਾ ਕੋਈ ਡਰ ਨਹੀਂ ਹੈ। ਮੈਨੂੰ ਦੁੱਖ ਹੈ ਕਿ ਇਕ ਸਚਿਆਰ ਬੰਦਾ ਸੱਚ ਦਾ ਪੱਲਾ ਛੱਡ ਗਿਆ ਹੈ। ਫਿਰ ਉਸ ਨੇ ਸੱਚ ਦਾ ਮੁਲ ਕੀ ਪਾਇਆ। ਇਕ ਤੀਹ ਰੁ:। ਇਕ ਤੀਹ ਰੁ: ਦੇ ਬਦਲੇ ਇਸ ਸਾਥੀ ਨੇ ਹੀ ਹਜ਼ਰਤ ਈਸਾ ਨੂੰ ਪਕੜਵਾ ਦਿੱਤਾ ਸੀ। ਇਕ ਸਚਿਆਰ ਬੰਦਾ ਤੀਹ ਰੁ: ਵਿੱਚ ਸੱਚ ਦਾ ਪੱਲਾ ਛੱਡ ਗਿਆ ਹੈ। ਪਰ ਫਿਰ ਸਚਿਆਰ ਤਾਂ ਮਨੁੱਖ ਹੈ। ਜਿਹੜਾ ਦੁੱਖ ਵੇਲੇ ਵੀ ਤੇ ਕਿਸੇ ਕੀਮਤ ਤੇ ਵੀ ਸੱਚ ਦਾ ਸਾਥ ਨਹੀਂ ਛਡਦਾ।

ਝੂਠ ਵਿੱਚ ਸੱਚ

ਮਹਾਂਭਾਰਤ ਵਿੱਚ ਵੀ ਇਕ ਇਸੇ ਤਰ੍ਹਾਂ ਦੀ ਕਥਾ ਆਉਂਦੀ ਹੈ ਕਿ ਭਗਵਾਨ ਕ੍ਰਿਸ਼ਨ ਨੇ ਕਹਿ ਦਿੱਤਾ ਸੀ, ਕਿ ਸੱਚ ਦੀ ਜਿੱਤ ਕਰਨ ਵਾਸਤੇ ਜੇ ਝੂਠ ਵੀ ਬੋਲਿਆ ਜਾਵੇ ਤਾਂ ਵੀ ਧਰਮ ਹੈ। ਪਰ ਜੇਕਰ ਸੱਚ ਨੂੰ ਹਰਾਉਣ ਵਾਸਤੇ ਸੱਚ ਵੀ ਬੋਲਿਆ ਜਾਵੇ ਤਾਂ ਵੀ ਪਾਪ ਹੈ। ਹੁਣ ਕ੍ਰਿਸ਼ਨ ਵਰਗਾ ਮਹਾਨ ਪੁਰਖ ਹੀ ਇਸ ਤਰ੍ਹਾਂ ਦੀ ਪਛਾਣ ਕਰ ਸਕਦਾ ਹੈ। ਕਥਾ ਹੈ, ਪਈ ਕੌਰਵਾਂ ਨੇ ਬਹੁਤ ਜ਼ੁਲਮ ਕੀਤਾ ਹੈ। ਭਗਵਾਨ ਕ੍ਰਿਸ਼ਨ ਨੇ ਵੇਖਿਆ, ਕਿ ਭਰੀ ਸਭਾ ਵਿੱਚ ਇਕ ਅਬਲਾ ਇਸਤਰੀ (ਦ੍ਰੋਪਤੀ) ਦੀ ਇੱਜ਼ਤ ਮਿੱਟੀ ਵਿੱਚ ਮਿਲਾ ਦਿੱਤੀ ਹੈ। ਉਥੇ ਬੜੇ ਧਰਮੀ ਤੇ ਜਤੀ, ਸਤੀ, ਮਹਾਂਪੁਰਖ, ਭੀਸ਼ਮ ਵਰਗੇ ਵੀ ਕੌਰਵਾਂ (ਦੁਰਯੋਧਨ) ਦੇ ਸਾਹਮਣੇ ਆਵਾਜ਼ ਨਹੀਂ ਉਠਾ ਸਕੇ। ਦ੍ਰੋਣਾਚਾਰਯ ਵਰਗਾ ਸਿਆਣਾ ਬੰਦਾ ਵੀ ਦੁਰਯੋਧਨ ਨੂੰ ਇਹ ਪਾਪ ਕਰਨ ਤੋਂ ਰੋਕ ਨਹੀਂ ਸਕਿਆ। ਤਾਂ ਭਗਵਾਨ ਕ੍ਰਿਸ਼ਨ ਨੇ ਸੋਚਿਆ ਕਿ ਇਸ ਤਰ੍ਹਾਂ ਦੇ ਬੰਦੇ ਤਾਂ ਸਿਰਫ ਧਰਤੀ ਉਪਰ ਬੋਝ ਹਨ। ਇਨ੍ਹਾਂ ਦੇ ਵਿਰੁੱਧ ਆਵਾਜ਼ ਉਠਾਉਣਾ ਹੀ ਪੁੰਨ ਹੈ (ਸਵਾਬ ਹੈ)। ਕਹਿੰਦੇ ਨੇ ਇਸੇ ਹੀ ਬਿਨਾ ਉਪਰ ਕੌਰਵਾਂ ਤੇ ਪਾਂਡਵਾਂ ਦਾ ਘੋਰ ਯੁਧ ਹੋਇਆ। ਇਸ ਯੁਧ ਵਿੱਚ ਕ੍ਰਿਸ਼ਨ ਨੇ ਪਾਂਡਵਾਂ ਦਾ ਪੱਖ ਪੂਰਿਆ ਕਿਉਂਕਿ ਸਚਿਆਰ ਬੰਦਾ ਹਮੇਸ਼ਾਂ ਸੱਚ ਦਾ ਪੱਖ ਪੂਰਦਾ

ਹੈ। ਸੱਚ ਪਾਂਡਵਾਂ ਦੇ ਪੱਲੜੇ ਵਿੱਚ ਸੀ। ਕੌਰਵਾਂ ਦੀ ਸੈਨਾ ਦੇ ਸੈਨਾਪਤੀ ਅਤੇ ਹੋਰ ਬਹੁਤ ਚੰਗੇ ਯੋਧੇ ਸਨ। ਜਿਨ੍ਹਾਂ ਨੂੰ ਜਿੱਤਣਾ ਬਹੁਤ ਔਖਾ ਸੀ। ਇਹ ਜਾਣਦੇ ਹੋਏ ਵੀ ਭਗਵਾਨ ਕ੍ਰਿਸ਼ਨ ਨੇ ਪਾਂਡਵਾਂ ਦਾ ਪੱਖ ਲਿਆ। ਦਰਅਸਲ ਸੱਚ ਪਾਡਵਾਂ ਕੋਲ ਸੀ ਤੇ ਜ਼ੁਲਮ ਤੇ ਝੂਠ ਕੌਰਵਾਂ ਕੋਲ ਸੀ। ਪਾਂਡਵ ਸੈਨਾ ਨੂੰ ਕ੍ਰਿਸ਼ਨ ਨੇ ਇਹ ਗੱਲ ਚੰਗੀ ਤਰ੍ਹਾਂ ਦ੍ਰਿੜ ਕਰਾਈ, ਕਿ ਸੱਚ ਦੀ ਜਿੱਤ ਵਾਸਤੇ ਝੂਠ ਵੀ ਸੱਚ ਹੈ।

ਮਹਾਂਭਾਰਤ ਵਿੱਚ ਇਸ ਤਰ੍ਹਾਂ ਜ਼ਿਕਰ ਆਉਂਦਾ ਹੈ, ਕਿ ਜਦੋਂ ਦ੍ਰੋਣਾਚਾਰੀਯਾ ਮੈਦਾਨੇ ਜੰਗ ਵਿੱਚ ਲੜ ਰਹੇ ਸਨ ਤਾਂ ਕ੍ਰਿਸ਼ਨ ਇਹ ਵੇਖ ਕੇ ਸੋਚੀਂ ਪੈ ਗਏ ਕਿ ਦੁਰਯੋਧਨ ਵਰਗੇ ਪਾਮਰ (ਪਾਪੀ) ਬੰਦੇ ਨੂੰ ਓਨੀ ਦੇਰ ਤਕ ਮਾਰਨਾ ਬਹੁਤ ਔਖਾ ਹੈ, ਜਿੰਨੀ ਦੇਰ ਉਸਦੇ ਹੱਕ ਵਿੱਚ ਦ੍ਰੋਣਾਚਾਰਯਾ ਵਰਗਾ ਬੰਦਾ ਲੜਦਾ ਹੈ, ਜਿੰਨੀ ਦੇਰ ਤਕ ਦ੍ਰੋਣਾਚਰੀਯਾ ਨੂੰ ਨਾ ਮਾਰਿਆ, ਜਿੱਤ ਨਹੀਂ ਹੋ ਸਕਦੀ। ਜੇਕਰ ਪਾਂਡਵ ਹਾਰ ਗਏ ਤਾਂ ਇਹ ਹਾਰ ਪਾਂਡਵਾਂ ਦੀ ਨਹੀਂ ਬਲਕਿ ਸੱਚ ਦੀ ਹਾਰ ਹੋਵੇਗੀ। ਕ੍ਰਿਸ਼ਨ ਭਗਵਾਨ ਨੇ ਦ੍ਰੋਣਾਚਾਰੀਯਾ ਨੂੰ ਮਾਰਨ ਵਾਸਤੇ ਇਕ ਜੁਗਤ ਸੋਚੀ। ਦ੍ਰੋਣਾਚਾਰਯਾ ਨੂੰ ਮਾਰਨ ਵਾਸਤੇ ਕ੍ਰਿਸ਼ਨ ਭਗਵਾਨ ਵਰਗੇ ਮਹਾਂ ਪੁਰਖ ਨੇ ਵੀ, ਝੂਠ ਦਾ ਸਹਾਰਾ ਲਿਆ। ਆਪ ਹੀ ਨਹੀਂ ਸਗੋਂ ਜਿਸ ਨੂੰ ਧਰਮ ਪੁੱਤਰ ਯੁਧਿਸ਼ਟਰ ਕਹਿੰਦੇ ਹਨ, ਉਸ ਨੂੰ ਕਹਿਣ ਲੱਗੇ ਕਿ ਤੈਨੂੰ ਝੂਠ ਬੋਲਣਾ ਪਵੇਗਾ। ਯੁਧਿਸ਼ਟਰ ਕਹਿਣ ਲੱਗੇ ਕਿ ਮੈਨੂੰ ਲੋਕ-ਸੱਤ ਪੁੱਤਰ ਕਹਿੰਦੇ ਹਨ। ਮੈਂ ਕਿਵੇਂ ਝੂਠ ਬੋਲ ਸਕਦਾ ਹਾਂ, ਪਰ ਕ੍ਰਿਸ਼ਨ ਕਹਿਣ ਲੱਗੇ ਕਿ ਤੇਰੇ ਝੂਠ ਬੋਲਣ ਤੋਂ ਬਿਨਾਂ ਗੱਲ ਬਣ ਹੀ ਨਹੀਂ ਸਕਦੀ। ਤੇਰੇ ਝੂਠ ਨਾਲ ਸੱਚ ਦੀ ਜਿੱਤ ਤੇ ਝੂਠ ਦੀ ਹਾਰ ਹੋਏਗੀ। ਨਹੀਂ ਤਾਂ ਸੱਚ ਦੀ ਹਾਰ ਯਕੀਨੀ ਹੈ। ਯੁਧਿਸ਼ਟਰ ਕਹਿਣ ਲੱਗੇ, ਮੈਂ ਕੀ ਝੂਠ ਬੋਲਾਂ? ਕੀ ਆਖਾਂ? ਕ੍ਰਿਸ਼ਨ ਕਹਿੰਦੇ ਹਨ ਕਿ ਤੂੰ ਆਖ ਕਿ ਅਸ਼ੂਥਾਮਾ ਹਤੋ ਹਤ! ਪਈ ਅਸ਼ੂਥਾਮਾ ਮਰ ਗਿਆ ਹੈ। ਅਸ਼ੂਥਾਮਾ ਦ੍ਰੋਣਾਚਾਰੀਯਾ ਦਾ ਪੁੱਤਰ ਸੀ। ਇਸ ਪੁੱਤਰ ਨਾਲ ਦ੍ਰੋਣਾਚਾਰੀਯਾ ਦਾ ਇੰਨਾਂ ਮੋਹ ਸੀ, ਇੰਨਾਂ ਲਗਾਉ ਸੀ ਕਿ ਇਸ ਦੀ ਸ਼ਕਲ ਦੇਖੇ ਤੋਂ ਬਿਨਾਂ ਦ੍ਰੋਣਾਚਾਰੀਯਾ ਰੋਟੀ ਨਹੀਂ ਸੀ ਖਾਂਦਾ। ਕ੍ਰਿਸ਼ਨ ਭਗਵਾਨ ਨੂੰ ਇਹ ਅਨੁਭਵ ਸੀ, ਕਿ ਦ੍ਰੋਣਾਚਾਰੀਯਾ ਆਪਣੇ ਪੁੱਤਰ ਦੀ ਮੌਤ ਕਦੀਂ ਨਹੀਂ ਵੇਖ ਸਕਦਾ। ਇਹ ਸੁਣ ਕੇ ਉਸਦਾ ਸਾਹਸ ਟੁੱਟ ਜਾਏਗਾ। ਸਾਡੀ ਸੈਨਾ ਉਸ ਨੂੰ ਮਾਰ ਲਵੇਗੀ। ਪਰ ਦ੍ਰੋਣਾਚਾਰੀਯਾ ਹੋਰ ਕਿਸੇ ਦੀ ਆਵਾਜ਼ 'ਤੇ ਯਕੀਨ ਨਹੀਂ ਕਰੇਗਾ। ਉਹ ਯੁਧਿਸ਼ਟਰ ਬਾਰੇ ਜਾਣਦਾ ਹੈ, ਕਿ ਇਹ ਧਰਮ ਪੁੱਤਰ ਹੈ। ਇਹ ਝੂਠ ਨਹੀਂ ਬੋਲ ਸਕਦਾ। ਪਰ ਯੁਧਿਸ਼ਟਰ ਕ੍ਰਿਸ਼ਨ ਨੂੰ ਕਹਿੰਦੇ ਹਨ, ਮੈਂ ਧਰਮ ਪੁੱਤਰ ਹਾਂ। ਮੈਂ ਇਹ ਝੂਠ ਬੋਲਣ ਲਈ ਤਿਆਰ ਨਹੀਂ। ਜਦ ਉਹ ਤਿਆਰ ਨਾ ਹੋਇਆ, ਤਾਂ ਭਗਵਾਨ ਕ੍ਰਿਸ਼ਨ ਨੇ ਇਹ ਪ੍ਰੇਰਨਾ ਵੀ ਦਿੱਤੀ, ਕਿ ਫੌਜ

ਵਿੱਚ ਇਕ ਹਾਥੀ ਹੈ। ਉਸ ਦਾ ਨਾਮ ਵੀ ਅਸ਼੍ਵਥਾਮਾ ਹੈ। ਅਸੀਂ ਉਸ ਨੂੰ ਮਾਰ ਦੇਂਦੇ ਹਾਂ, ਤੂੰ ਉਹ ਕਹਿ ਦੇ ਕਿ:-

ਅਸ਼੍ਵਥਾਮਾ ਹਤੋ ਹਤ, ਨਰੋ ਵ ਕੁੰਚਰੋਵਾਂ : ਅਰਥਾਤ ਪਈ ਅਸ਼੍ਵਥਾਮਾ ਮਰ ਗਿਆ ਹੈ, ਪਤਾ ਨਹੀਂ ਹਾਥੀ ਮਰਿਆ ਹੈ ਕਿ ਬੰਦਾ! ਪਰ ਅਸ਼੍ਵਥਾਮਾ ਮਰ ਗਿਆ ਹੈ। ਕਹਿੰਦੇ ਹਨ, ਯੁਧਿਸ਼ਟਰ ਇਹ ਕਹਿਣ ਲਈ ਤਿਆਰ ਹੋ ਗਏ। ਇਸੇ ਤਰ੍ਹਾਂ ਹੋਇਆ ਕਿ ਉਸ ਅਸ਼੍ਵਥਾਮਾ ਨਾਮ ਦੇ ਹਾਥੀ ਨੂੰ ਤੀਰ ਮਾਰ ਕੇ ਮਾਰ ਦਿੱਤਾ ਗਿਆ। ਯੁਧਿਸ਼ਟਰ ਨੇ ਮੌਕਾ ਪਾ ਕੇ ਜਦੋਂ ਦਰੋਣ ਸੁਣ ਰਹੇ ਸਨ ਤਾਂ ਕਹਿ ਦਿੱਤਾ ਕਿ:-

ਅਸ਼੍ਵਥਾਮਾ ਹਤੋ ਹਤ: ਨਰੋ ਵ ਕੁੰਚਰੋਵਾਂ :

ਪਈ ਅਸ਼੍ਵਥਾਮਾ ਮਰ ਗਿਆ ਹੈ। ਜਦੋਂ ਏਨਾ ਸ਼ਬਦ, ਦ੍ਰੋਣ ਨੇ ਸੁਣ ਲਿਆ ਤਾਂ ਪਿਛਲੇ ਸ਼ਬਦ ਯੁਧਿਸ਼ਟਰ ਦੇ ਮੂੰਹ ਵਿੱਚ ਹੀ ਸਨ ਕਿ ਏਨਾ ਰੌਲਾ, ਸ਼ੋਰ, ਸ਼ਰਾਬਾ ਕੀਤਾ ਗਿਆ ਕਿ ਦ੍ਰੋਣ ਨੂੰ ਇਹ ਪਤਾ ਹੀ ਨਾ ਲੱਗਿਆ ਕਿ ਹਾਥੀ ਦਾ ਜ਼ਿਕਰ ਵੀ ਹੋਇਆ ਹੈ। ਕਹਿੰਦੇ ਨੇ ਦ੍ਰੋਣ ਨੇ ਆਪਣੇ ਪੁੱਤਰ ਦੀ ਖ਼ਬਰ ਸੁਣੀ ਤੇ ਇਕ ਦਮ ਧੱਕਾ ਲੱਗਿਆ ਤੇ ਬੇਸੁਰਤ ਹੋ ਕੇ ਧਰਤੀ 'ਤੇ ਡਿੱਗਿਆ। ਪਾਂਡਵਾਂ ਦੀ ਸੈਨਾ ਨੇ ਹਮਲਾ ਕਰ ਦਿੱਤਾ ਤੇ ਦ੍ਰੋਣਾਚਾਰੀਯਾ ਮਾਰਿਆ ਗਿਆ।

ਅਰਜੁਨ ਹੁਣ ਕ੍ਰਿਸ਼ਨ ਨੂੰ ਪੁੱਛਦੇ ਹਨ? ਪਈ ਤੁਸੀਂ ਧੋਖਾ ਕਰ ਰਹੇ ਹੋ? ਯੁਧਿਸ਼ਟਰ ਵਰਗਾ ਮਹਾਂਪੁਰਖ ਝੂਠ ਬੋਲ ਰਿਹਾ ਹੈ। ਕ੍ਰਿਸ਼ਨ ਕਹਿੰਦੇ ਹਨ, ਨਹੀਂ; ਇਹ ਝੂਠ ਹੋ ਹੀ ਨਹੀਂ ਸਕਦਾ। ਦੁਰਯੋਧਨ ਵਰਗੇ ਅਹੰਕਾਰੀ ਤੇ ਪਾਮਰ ਬੰਦੇ ਨੂੰ ਮਾਰਨ ਵਾਸਤੇ ਝੂਠ ਬੋਲਿਆ ਹੋਇਆ ਵੀ ਸੱਚ ਹੈ। ਕਹਿੰਦੇ ਹਨ ਕਿ ਕ੍ਰਿਸ਼ਨ ਨੇ ਆਪ ਇਹ ਕਸਮ ਖਾਧੀ ਸੀ ਕਿ ਮੈਦਾਨੇ ਜੰਗ ਵਿੱਚ ਮੈਂ ਹਥਿਆਰ ਨਹੀਂ ਚੁੱਕਾਂਗਾ। ਪਰ ਸਮਾਂ ਆਉਣ 'ਤੇ ਹਥਿਆਰ ਵੀ ਚੁੱਕਿਆ। ਰੱਥ ਦਾ ਪਹੀਆ ਹੀ ਚੁੱਕ ਕੇ ਮਾਰ ਦਿੱਤਾ ਭਾਵੇਂ ਹਥਿਆਰ ਨਹੀਂ ਸੀ ਪਰ ਕੰਮ ਤੇ ਹਥਿਆਰ ਦਾ ਹੀ ਦੇ ਗਿਆ।

ਇਹ ਕ੍ਰਿਸ਼ਨ ਨੂੰ ਵੀ ਪਤਾ ਸੀ ਕਿ ਇਸ ਰੱਥ ਦੇ ਪਹੀਏ ਤੋਂ ਕੰਮ ਹਥਿਆਰ ਦਾ ਹੀ ਲੈ ਰਹੇ ਹਾਂ। ਕ੍ਰਿਸ਼ਨ ਨੂੰ ਇਹ ਵੀ ਸਾਰਾ ਪਤਾ ਸੀ ਕਿ ਸਭ ਝੂਠ ਬੋਲਿਆ ਜਾ ਰਿਹਾ ਹੈ। ਧਰਮ ਪੁੱਤਰ ਯੁਧਿਸ਼ਟਰ ਨੂੰ ਵੀ ਪਤਾ ਸੀ ਕਿ ਇਹ ਝੂਠ ਬਣਾ ਕੇ ਬੋਲਿਆ ਜਾ ਰਿਹਾ ਹੈ। ਪਰ ਸਚਿਆਰ ਬੰਦੇ ਅਤੇ ਮਹਾਂਪੁਰਖਾਂ ਦੀ ਦ੍ਰਿਸ਼ਟੀ ਵਿੱਚ ਉਹ ਝੂਠ ਹੈ, ਜਿਸ ਨਾਲ ਸੱਚ ਨੂੰ ਨੁਕਸਾਨ ਹੋਵੇ। ਉਹ ਝੂਠ ਨਹੀਂ ਹੈ ਜਿਸ ਨਾਲ ਸੱਚ ਉਜਾਗਰ ਹੋਵੇ। ਕੂੜ ਤੇ ਕੂੜਿਆਰਾਂ ਨੂੰ ਇਸ ਧਰਤੀ ਤੋਂ ਨਸ਼ਟ ਕਰਨ ਲਈ ਕੋਈ ਵੀ ਯਤਨ ਕਰੀਏ ਉਹ ਸਤਿਆਰਥ ਹੈ। ਭਾਵੇਂ ਉਹ ਝੂਠ ਬੋਲੇ ਤੇ ਭਾਵੇਂ ਸੱਚ।

ਬੰਦੇ ਦੇ ਅੰਦਰ ਇਕ ਐਸੀ ਭਾਵਨਾ ਬਣੇ, ਕਿ ਮੇਰੇ ਕੋਲੋਂ ਕਿਸੇ ਵੀ ਕੀਮਤ 'ਤੇ ਸੱਚ ਨੂੰ ਨੁਕਸਾਨ ਨਹੀਂ ਹੋਣਾ ਚਾਹੀਦਾ। ਫਿਰ ਭਾਵੇਂ ਉਹ ਸੁਖੀ ਹੋਵੇ ਜਾਂ ਦੁਖੀ ਹੋਵੇ ਉਹ ਸੱਚ ਦਾ ਪੱਲਾ ਨਹੀਂ ਛੱਡੇਗਾ। ਨਿੱਜੀ ਸੁਆਰਥ ਵਾਸਤੇ ਭਾਵੇਂ ਸੱਚ ਬੋਲੇ ਤੇ ਭਾਵੇਂ ਝੂਠ ਬੋਲੇ, ਬਰਾਬਰ ਹੀ ਹੈ। ਜਦੋਂ ਬੰਦੇ ਦੇ ਅੰਦਰ ਸੁਆਰਥ ਆ ਜਾਏ, ਫਿਰ ਸੁਆਲ ਸੱਚ ਝੂਠ ਦਾ ਨਹੀਂ ਰਹਿੰਦਾ। ਫਿਰ ਸੁਆਲ ਹੁੰਦਾ ਹੈ, ਕਿ ਮਤਲਬ ਕਿਵੇਂ ਹੱਲ ਹੋਵੇ। ਇਕ ਕਹਾਣੀ ਹੈ, ਜੋ ਬਜ਼ੁਰਗ ਆਮ ਬੱਚਿਆਂ ਨੂੰ ਸੁਣਾਉਂਦੇ ਹੁੰਦੇ ਹਨ:-

ਸੁਆਰਥ ਤੇ ਸੱਚ

ਇਕ ਸਾਧੂ ਨੇ ਕਿਧਰੇ ਦੂਰ ਜਾਣਾ ਸੀ। ਉਸ ਨੇ ਰਸਤੇ ਦੇ ਸਫ਼ਰ ਲਈ ਚਾਰ ਪਰਾਉਂਠੇ ਬਣਾ ਲਏ। ਇਕ ਸੁਆਰਥੀ ਬੰਦਾ ਸਫ਼ਰ ਵਿੱਚ ਉਸਨੂੰ ਮਿਲ ਪਿਆ। ਦੋਵੇਂ ਇਕੱਠੇ ਸਫ਼ਰ ਕਰਦੇ ਰਹੇ। ਦੁਪਹਿਰ ਹੋ ਗਈ। ਸਾਧੂ ਦੇ ਮਨ ਵਿੱਚ ਸੀ ਕਿ ਦੁਪਹਿਰ ਹੋ ਗਈ ਹੈ, ਆਪਣੇ ਕੋਲ ਚਾਰ ਪ੍ਰਸ਼ਾਦੇ ਹਨ। ਦੋ ਨਾਲ ਵਾਲੇ ਨੂੰ ਦੇ ਦਿਆਂਗੇ। ਪ੍ਰਸ਼ਾਦਾ ਤਾਂ ਛਕਣਾ ਹੀ ਹੈ ਪਰ ਵੰਡ ਕੇ ਛਕਣ ਦਾ ਹੋਰ ਆਨੰਦ ਆਵੇਗਾ। ਉਸ ਸਾਧੂ ਨੇ ਆਪਣੇ ਨਾਲ ਵਾਲੇ ਮੁਸਾਫ਼ਿਰ ਨੂੰ ਕਿਹਾ, ਕਿ ਇਸ ਦਰੱਖਤ ਹੇਠ ਜ਼ਰਾ ਆਰਾਮ ਕਰਦੇ ਹਾਂ। ਪ੍ਰਸ਼ਾਦੇ ਉਸ ਨੇ ਉਸ ਦਰੱਖਤ ਹੇਠ ਰੱਖ ਕੇ ਕਿਹਾ, "ਜ਼ਰਾ ਧਿਆਨ ਰੱਖੀਂ" ਮੈਂ ਨਦੀ ਤੋਂ ਹੱਥ ਪੈਰ ਧੋ ਆਵਾਂ। ਸਾਧੂ ਦੇ ਆਉਂਦਿਆਂ ਨੂੰ ਇਕ ਪ੍ਰਸ਼ਾਦਾ ਉਹ ਖਾ ਚੁੱਕਾ ਸੀ। ਸਾਧੂ ਨੇ ਦੇਖਿਆ ਕਿ ਪ੍ਰਸ਼ਾਦੇ ਮੈਂ ਚਾਰ ਬੰਨ੍ਹੇ ਸਨ। ਆਪਣੇ ਹੱਥੀਂ ਬੰਨ੍ਹੇ ਸਨ। ਉਸ ਪੁੱਛਿਆ ਕਿ ਇਕ ਪ੍ਰਸ਼ਾਦਾ ਤੂੰ ਤਾਂ ਨਹੀਂ ਲਿਆ? ਉਸਨੇ ਕਿਹਾ ਨਹੀਂ ਮੈਂ ਨਹੀਂ ਲਿਆ। ਫਿਰ ਵੀ ਮਹਾਤਮਾ ਸਨ। ਦੋ ਪ੍ਰਸ਼ਾਦੇ ਉਸ ਨੂੰ ਦਿੱਤੇ ਤੇ ਇਕ ਆਪ ਛਕਿਆ ਤੇ ਅੱਗੇ ਤੁਰ ਪਏ। ਅੱਗੇ ਨਦੀ ਸੀ। ਪਾਣੀ ਡੂੰਘਾ ਸੀ। ਸਾਧੂ ਨੇ ਰੱਬ ਦਾ ਨਾਮ ਲਿਆ ਤੇ ਪਾਰ ਹੋ ਗਏ। ਅੱਗੇ ਜੰਗਲ ਸੀ ਤੇ ਜੰਗਲ 'ਚੋਂ ਸ਼ੇਰ ਆ ਰਿਹਾ ਸੀ। ਨਾਮ ਦੀ ਬਰਕਤ ਨਾਲ ਉਥੋਂ ਵੀ ਬਚ ਗਏ। ਸਾਧੂ ਨੇ ਪੁੱਛਿਆ ਕਿ ਜਿਸ ਨਾਮ ਬਰਕਤ ਨਾਲ ਨਦੀ ਪਾਰ ਹੋਏ, ਸ਼ੇਰ ਤੋਂ ਬਚੇ ਹਾਂ, ਉਸ ਰੱਬ ਦੇ ਨਾਮ ਦੀ ਕਸਮ ਹੈ, ਦੱਸ ਇਕ ਪ੍ਰਸ਼ਾਦਾ ਤੂੰ ਤਾਂ ਨਹੀਂ ਛਕਿਆ। ਇਸ ਨੇ ਕਿਹਾ, ਨਹੀਂ ਮੈਂ ਨਹੀਂ ਛਕਿਆ? ਕੁਝ ਹੀ ਅੱਗੇ ਗਏ ਸਨ ਕਿ ਇਕ ਥੈਲੀ ਲੱਭੀ ਜਿਸ ਵਿੱਚ ਸੋਨੇ ਦੀਆਂ ਮੋਹਰਾਂ ਸਨ। ਮਹਾਤਮਾ ਨੇ ਚਾਰ ਹਿੱਸੇ ਕੀਤੇ, ਇਕ ਹਿੱਸਾ ਆਪ ਚੁਕਿਆ, ਦੋ ਇਸ ਨੂੰ ਦੇ ਕੇ ਕਿਹਾ, ਚੌਥਾ ਰਹਿਣ ਦਿਉ, ਇਹ ਉਸ ਦਾ ਹੈ ਜਿਸ ਨੇ ਚੌਥਾ ਪ੍ਰਸ਼ਾਦਾ ਛਕਿਆ ਹੈ। ਇਹ ਉਸੇ ਵੇਲੇ ਕਹਿਣ ਲੱਗਾ, ਜੀ! ਉਹ ਮੈਂ ਹੀ ਖਾਧਾ ਸੀ। ਹੁਣ ਇਸ ਬੰਦੇ ਦਾ ਸੱਚ ਝੂਠ ਬਰਾਬਰ ਹੈ। ਕੋਈ ਫ਼ਰਕ ਨਹੀਂ।

ਗੰਗੂ ਬ੍ਰਾਹਮਣ ਦਾ ਸੱਚ ਸੁਆਰਥ 'ਤੇ ਖੜਾ ਸੀ। ਉਹ ਕਹਿ ਰਿਹਾ ਸੀ ਕਿ ਗੁਰੂ ਸਾਹਿਬ ਦੇ ਦੋ ਬੱਚੇ ਅਤੇ ਮਾਤਾ ਮੇਰੇ ਘਰ ਹਨ। ਪਰ ਗਨੀ ਖਾਂ 'ਤੇ ਨਬੀ ਖਾਂ ਦਾ ਝੂਠ ਕੁਰਬਾਨੀ ਤੇ ਖੜਾ ਸੀ, ਕਿ ਗੁਰੂ ਗੋਬਿੰਦ ਸਿੰਘ ਇਕ ਉੱਚੇ ਤੇ ਸੱਚੇ ਪੀਰ ਹਨ। ਇਸ ਵਾਸਤੇ ਝੂਠ ਵੀ ਬੋਲਿਆ ਜਾਵੇ ਤਾਂ ਸੱਚ ਹੈ।

ਸੱਚ ਦੀ ਸ਼ੁਰੂਆਤ ਜ਼ਬਾਨ ਤੋਂ ਨਹੀਂ ਹੁੰਦੀ, ਬਲਕਿ ਜ਼ੁਬਾਨ ਰਾਹੀਂ ਸੱਚ ਨੂੰ ਪ੍ਰਗਟ ਕੀਤਾ ਜਾਂਦਾ ਹੈ। ਜਿਵੇਂ ਭੋਜਨ ਤੋਂ ਖ਼ੂਨ ਮਨੁੱਖੀ ਸਰੀਰ ਦੇ ਅੰਦਰੋਂ ਬਣਦਾ ਹੈ। ਫਿਰ ਉਹ ਨਾੜੀ-ਨਾੜੀ ਵਿੱਚ ਗਰਦਸ਼ ਕਰਦਾ ਹੈ। ਠੀਕ ਇਸੇ ਤਰ੍ਹਾਂ ਸੱਚ ਦੀ ਪੈਦਾਇਸ਼ ਅੰਤਸ਼ਕਰਣ ਹੈ.ਅਤੇ ਫਿਰ ਉਹ ਸੱਚ ਰੋਮ ਰੋਮ ਵਿੱਚ ਚਲਾ ਜਾਂਦਾ ਹੈ। ਫਿਰ ਆਚਾਰ ਤੇ ਵਿਚਾਰ ਵਿੱਚੋਂ ਸੱਚ ਪ੍ਰਕਾਸ਼ ਹੁੰਦਾ ਹੈ।

ਸਚਿਆਰ ਤੇ ਕੂੜਿਆਰ ਵਿਜਾਤੀ ਹਨ। ਇਨ੍ਹਾਂ ਦਾ ਮੇਲ ਕਦੇ ਨਹੀਂ ਹੋ ਸਕਦਾ। ਸੁਜਾਤੀ ਦਾ ਮੇਲ ਹੋ ਸਕਦਾ ਹੈ। ਦੁੱਧ ਵਿੱਚ ਹੋਰ ਦੁੱਧ ਮਿਲ ਸਕਦਾ ਹੈ। ਪ੍ਰਕਾਸ਼ ਵਿੱਚ ਹੋਰ ਪ੍ਰਕਾਸ਼ ਮਿਲ ਸਕਦਾ ਹੈ। ਪਰ ਪ੍ਰਕਾਸ਼ ਤੇ ਅੰਧੇਰੇ ਦਾ ਮਿਲਾਪ ਨਹੀਂ ਹੋ ਸਕਦਾ। ਸੁਗੰਧੀ ਵਿੱਚ ਹੋਰ ਸੁਗੰਧ ਮਿਲਾਈ ਜਾ ਸਕਦੀ ਹੈ। ਪਰ ਦੁਰਗੰਧੀ ਦਾ ਮੇਲ ਨਹੀਂ ਹੋ ਸਕਦਾ।

ਸੱਤਵਾਦੀ ਅਤੇ ਸੱਚ

ਸਚਿਆਰ ਬੰਦੇ ਪਰੰਪਰਾਵਾਦੀ ਨਹੀਂ ਹੁੰਦੇ, ਸਤਵਾਦੀ ਹੁੰਦੇ ਹਨ। ਪ੍ਰੰਪਰਾਵਾਦੀ ਹਮੇਸ਼ਾਂ ਸਤਵਾਦੀਆਂ ਦਾ ਵਿਰੋਧ ਕਰਦੇ ਰਹੇ ਹਨ। ਸਤਵਾਦੀ ਹਮੇਸ਼ਾਂ ਸਤਿ ਦੀ ਖੋਜ ਕਰਦੇ ਰਹੇ ਹਨ। ਸਚਿਆਰ ਪੁਰਖ ਵੀ ਦੋ ਤਰ੍ਹਾਂ ਦੇ ਹੁੰਦੇ ਹਨ। ਸੱਚ ਜਾਣ ਲਿਆ, ਪਰ ਦੁਨੀਆਂ ਸਾਹਮਣੇ ਕਹਿਣ ਦੀ ਹਿੰਮਤ ਨਹੀਂ ਕੀਤੀ। ਪਈ ਕਿਉਂ ਨਹੀਂ ਹਿੰਮਤ ਕੀਤੀ। ਸੱਚ ਜਾਣ ਕੇ ਵੀ ਕਿਉਂਕਿ ਕਹਿਣਗੇ ਤਾਂ ਪ੍ਰੰਪਰਾਵਾਦੀਆਂ ਦੀ ਭੀੜ ਵਿਰੋਧ ਵਿੱਚ ਖੜੀ ਹੋਵੇਗੀ। ਸੱਚ ਆਖਣਗੇ ਤਾਂ ਸੰਸਾਰ ਸਹਿਮਤ ਨਹੀਂ ਹੋਵੇਗਾ। ਦੂਸਰੇ ਸਚਿਆਰ ਉਹ ਹਨ ਜਿਨ੍ਹਾਂ ਨੇ ਸੱਚ ਜਾਣਿਆਂ ਹੈ, ਸੱਚ ਦੁਨੀਆਂ ਦੇ ਸਾਹਮਣੇ ਕਿਹਾ ਵੀ ਹੈ। ਤਾਂਕਿ ਜਗਤ ਨੂੰ ਲਾਭ ਹੋ ਸਕੇ। ਸੱਚ ਨੂੰ ਸਮਝਿਆ ਹੈ, ਤਾਂ ਸੱਚ ਦੀ ਸੂਝ ਵੀ ਦੇਣੀ ਹੈ। ਸੰਸਾਰ ਵਿੱਚ ਇਸ ਤਰ੍ਹਾਂ ਦੇ ਦੋ ਪ੍ਰਕਾਰ ਦੇ ਸਚਿਆਰ ਹੋਏ ਹਨ। ਇਕ ਉਹ ਹਨ, ਜਿਨ੍ਹਾਂ ਜਾਣਿਆ ਹੈ, ਦਸਿਆ ਨਹੀਂ, ਆਖਿਆ ਨਹੀਂ। ਇਕ ਉਹ ਹਨ, ਜਿਨ੍ਹਾਂ ਜਾਣਿਆ ਹੈ ਤੇ ਉੱਚੀ ਆਵਾਜ਼ ਵਿੱਚ ਕਹਿ ਦਿੱਤਾ ਹੈ। ਜਾਣਿਆ ਹੈ ਤੇ ਆਖਿਆ ਕਿਉਂ ਨਹੀਂ, ਕਿਉਂਕਿ ਵਿਰੋਧਤਾ ਤੋਂ ਡਰੇ ਹਨ। ਦੁੱਖ ਤੋਂ ਡਰੇ ਹਨ। ਇਸ ਤਰ੍ਹਾਂ ਦੇ ਸੰਤਾਂ ਵਿੱਚੋਂ, ਸਾਧੂਆਂ ਵਿੱਚੋਂ ਸਾਈਂ ਬੁੱਲ੍ਹੇ ਸ਼ਾਹ ਦਾ ਨਾਮ, ਸਭ ਤੋਂ ਅੱਗੇ ਆਉਂਦਾ ਹੈ। ਜੋ ਕਹਿੰਦੇ ਹਨ:-

ਇਕ ਵਾਜ਼ਬ ਸ਼ਰਤ ਅਦਬ ਦੀ ਹੈ। ਹਰਿ ਹਰਿ ਵਿੱਚ ਸੂਰਤ ਰੱਬ ਦੀ ਹੈ।
ਪਰ ਜੇ ਜ਼ਾਹਿਰ ਕਰਾਂ ਇਸਰਾਰ ਤਾਈਂ। ਸਾਰੇ ਭੁਲ ਜਾਵਣ ਤਕਰਾਰ ਤਾਈਂ।
ਫਿਰ ਮਾਰਨ ਬੁਲ੍ਹੇ ਯਾਰ ਤਾਈਂ। ਇਥੇ ਗੁਪਤੀ ਬਾਤ ਸੁਖੇਂਦੀ ਏ।
(ਬੁੱਲੇ ਸ਼ਾਹ)

ਜੋ ਮੈਂ ਜਣਿਆ ਹੈ ਜੇ ਮੈਂ ਕਹਿ ਦਿਆਂ ਫਿਰ ਬੁੱਲ੍ਹੇ ਯਾਰ ਦੀ ਖੈਰ ਕੋਈ ਨਹੀਂ 'ਫਿਰ ਮਾਰਨ ਬੁਲ੍ਹੇ ਯਾਰ ਤਾਈਂ।' ਇਸ ਤਰ੍ਹਾਂ ਦੇ ਸਚਿਆਰ ਖਾਮੋਸ਼ ਹੋ ਗਏ ਹਨ। ਜੋ ਜਾਣਿਆ ਹੈ, ਨਹੀਂ ਕਿਹਾ, ਪਰ ਕੁਝ ਇਸ ਤਰ੍ਹਾਂ ਦੇ ਸਨ, ਕਿ ਸੱਚ ਜਾਣਿਆ ਹੈ, ਤੇ ਫਿਰ ਕਹਿ ਦਿੱਤਾ ਹੈ। ਫਿਰ ਕੁਦਰਤੀ ਗੱਲ ਹੈ, ਕਿ ਸੰਘਰਸ਼ ਖੜਾ ਹੋਇਆ। ਜਿਨ੍ਹਾਂ ਨੇ ਜਾਣਿਆ ਤੇ ਫਿਰ ਕਹਿ ਦਿੱਤਾ। ਉਨਾਂ ਨੂੰ ਤੱਤੀ ਤਵੀ 'ਤੇ ਬੈਠਣਾ ਪਿਆ। ਉਨ੍ਹਾਂ ਨੂੰ ਪ੍ਰੰਪਰਾਵਾਦੀਆਂ ਨੇ ਰਾਹੀਆ, ਕੁਰਾਹੀਆ, ਭੂਤਨਾ, ਬੇਤਾਲਾ ਕਿਹਾ। ਚਾਂਦਨੀ ਚੌਂਕ 'ਚ ਤਸੀਹੇ ਦਿੱਤੇ। ਉਨ੍ਹਾਂ ਸਚਿਆਰਾਂ ਨੂੰ ਆਪਣਾ ਪਰਵਾਰ ਵਾਰਨਾ ਪਿਆ। ਜੰਗਲਾਂ ਵਿੱਚ ਰਹਿਣਾ ਪਿਆ। ਖੁਦ ਦਰ ਦਰ ਦੀਆਂ ਠੋਕਰਾਂ ਖਾਣੀਆਂ ਪਈਆਂ।

ਸੱਚ ਜਾਣਿਆ ਹਜ਼ਰਤ ਈਸਾ ਨੇ। ਫਿਰ ਕਹਿ ਦਿੱਤਾ ਤਾਂ ਸੂਲੀ 'ਤੇ ਚੜ੍ਹਨਾ ਪਿਆ। ਸੱਚ ਜਾਣਿਆ ਤੇ ਕਹਿ ਦਿੱਤਾ ਯੂਨਾਨ ਦੇ ਪ੍ਰਸਿਧ ਸੰਤ ਸੁਕਰਾਤ ਨੇ, ਤਾਂ ਜ਼ਹਿਰ ਦਾ ਪਿਆਲਾ ਪੀਣਾ ਪਿਆ। ਇਸੇ ਨਾਲ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਏਨੀ ਕਰੜੀ ਸਜ਼ਾ ਕਿਸੇ ਚੋਰ ਤੇ ਯਾਰ ਨੂੰ ਵੀ ਨਹੀਂ ਮਿਲੀ, ਜਿੰਨੀ ਕਿ ਸਚਿਆਰਾਂ ਨੂੰ ਦਿੱਤੀ ਗਈ। ਕਾਰਨ ਹੈ ਕਿ ਜਦ ਕੋਈ ਸਚਿਆਰ ਜਗਤ ਵਿੱਚ ਪ੍ਰਗਟ ਹੁੰਦਾ ਹੈ ਤਾਂ ਸੱਚ ਕਹਿੰਦਾ ਹੈ। ਇਸ ਨਾਲ ਝੂਠ ਨੀਂਵਾਂ ਹੋ ਜਾਂਦਾ ਹੈ। ਝੂਠੇ ਹੰਕਾਰ ਨੂੰ ਚੋਟ ਲੱਗਦੀ ਹੈ। ਇਸ ਵਾਸਤੇ ਸੱਚ ਨੂੰ, ਝੂਠ ਬਰਦਾਸ਼ਤ ਹੀ ਨਹੀਂ ਕਰਦਾ। ਸੱਚ ਇੰਨਾ ਉੱਚਾ ਹੈ, ਕਿ ਝੂਠਿਆਂ ਦੇ ਸਿਰ ਦੇ ਉਪਰੋਂ ਲੰਘਦਾ ਹੈ। ਝੂਠਾ ਬੰਦਾ ਆਪਣੇ ਸਿਰ ਦੇ ਉਪਰ ਕਿਸੇ ਨੂੰ ਵੀ ਬਰਦਾਸ਼ਤ ਨਹੀਂ ਕਰ ਸਕਦਾ। ਬਰਾਬਰੀ ਵੀ ਕਿਸੇ ਨੂੰ ਨਹੀਂ ਦੇ ਸਕਦਾ ਅਤੇ ਕੋਈ ਸਿਰ ਦੇ ਉਪਰੋਂ ਲੰਘੇ ਇਹ ਝੂਠੇ ਨੂੰ ਬਰਦਾਸ਼ਤ ਨਹੀਂ ਹੋ ਸਕਦਾ। ਇਸ ਵਾਸਤੇ ਸਾਰੇ ਦਾ ਸਾਰਾ ਜਗਤ ਸਚਿਆਰਾਂ ਦੀ ਵਿਰੋਧਤਾ ਵਿੱਚ ਖੜਾ ਹੋ ਜਾਂਦਾ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਪਰੰਪਰਾਵਾਦੀ ਨਹੀਂ ਸਤਿਵਾਦੀ ਹਨ ਸਚਿਆਰ ਹਨ। ਪ੍ਰੰਪਰਾਵਾਦੀਆਂ ਦੀਆਂ ਤਾਂ ਆਪ ਨੇ ਧੱਜੀਆਂ ਉਡਾ ਛੱਡੀਆਂ ਹਨ। 'ਆਸਾ ਦੀ ਵਾਰ' ਦਾ ਇਕ ਇਕ ਸਲੋਕ ਆਪ ਦਾ, ਬੜਾ ਕੀਮਤੀ ਹੈ। ਪ੍ਰੰਪਰਾ ਤੇ ਇਹ ਸੀ ਕਿ ਬੇਦੀਆਂ ਦੀ ਕੁੱਲ ਵਿੱਚ ੯ ਸਾਲ ਦੇ ਬੱਚੇ ਨੂੰ ਜਨੇਊ ਪਾਉਣਾ ਪਏਗਾ।

ਪਰ ਜਗਤ ਗੁਰ ਬਾਰੇ ਨੇ ਇਕ ਪਾਸੇ ਰੱਖ ਦਿੱਤਾ। ਕਹਿ ਦਿੱਤਾ ਕਿ ਮੈਂ ਪ੍ਰੰਪਰਾਵਾਦੀ ਨਹੀਂ, ਮੈਂ ਸਰੀਰ ਦੇ ਤਲ 'ਤੇ ਜੀਉਣ ਵਾਲਾ ਨਹੀਂ, ਮੈਂ ਆਤਮਾ ਦੇ ਤਲ 'ਤੇ ਜੀਉਣ ਵਾਲਾ ਹਾਂ। ਹਾਂ ਕੋਈ ਇਸ ਤਰ੍ਹਾਂ ਦਾ ਜਨੇਊ ਹੈ ਜੋ ਮੇਰੀ ਆਤਮਾ ਨੂੰ ਪਵਾ ਸਕਦੇ ਹੋ ਤਾਂ ਕਾਬਲੇ ਕਬੂਲ ਹੈ। ਮੈਂ ਪਹਿਨ ਲਵਾਂਗਾ। ਮੈ ਧਾਰਨ ਕਰ ਲਵਾਂਗਾ। ਜੇਕਰ ਸਰੀਰ ਨੂੰ ਚਾਰ ਪੈਸਿਆਂ ਦਾ ਧਾਗਾ ਪਹਿਨਾਉਣਾ ਹੈ ਤਾਂ ਮੈਂ ਸਰੀਰ ਦੇ ਤਲ 'ਤੇ ਨਹੀਂ ਜੀਉਣ ਵਾਲਾ। ਮੈਂ ਸਰੀਰ ਦੇ ਤਲ 'ਤੇ ਜਿਉ ਹੀ ਨਹੀਂ ਰਿਹਾ। ਆਪ ਨੇ ਆਤਮਾ ਦੇ ਜਨੇਊ ਦੀ ਰੂਪ ਰੇਖਾ ਉਲੀਕੀ ਹੈ।

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥

(ਆਸਾ ਦੀ ਵਾਰ, ਪੰਨਾ ੪੭੧)

ਮਨੁੱਖ ਦੀ ਮੰਜ਼ਲ ਸੱਚ ਹੋਣੀ ਚਾਹੀਦੀ ਹੈ। ਇਸ ਮੰਜ਼ਲ ਲਈ ਮਨੁੱਖ ਦੇ ਪ੍ਰਾਣਾਂ ਵਿੱਚ ਤੜਪ ਹੋਣੀ ਚਾਹੀਦੀ ਹੈ। ਮਨੁੱਖ ਨੂੰ ਭਵਿੱਖ ਵਿੱਚ ਸਚਿਆਰ ਹੋ ਜਾਣ ਦਾ ਪੂਰਨ ਯਕੀਨ ਹੋਣਾ ਚਾਹੀਦਾ ਹੈ। ਅਗਰ ਭਵਿੱਖ ਵਿੱਚ ਸਚਿਆਰ ਹੋ ਜਾਣ ਦਾ ਯਕੀਨ ਹੋਇਆ, ਅੰਦਰ ਪ੍ਰਾਣਾਂ ਦੀ ਤੜਪ ਦੀ (ਚਾਹਤ) ਵੀ ਸੱਚ ਹੋਈ, ਤਾਂ ਸਚਿਆਰ ਹੋ ਹੀ ਜਾਏਗਾ। ਮਨੁੱਖ ਅਤੇ ਸੱਚ ਵਿੱਚ ਜੋ ਰੁਕਾਵਟ ਹੈ, ਉਹ ਕੂੜ ਦੀ ਹੈ (ਝੂਠ) ਦੀ ਹੈ। ਮਨੁੱਖ ਦੇ ਅੰਦਰ ਤੜਪ (ਚਾਹਤ) ਸੱਚ ਦੀ ਹੈ। ਪਰ ਝੂਠ ਦੀ ਵੀ ਖਿੱਚ ਘੱਟ ਨਹੀਂ। ਖਿੱਚ ਕੂੜ ਦੀ ਵੀ ਹੈ। ਅੰਤਰ ਆਤਮਾ ਵਿੱਚ ਚਾਹਤ ਸੱਚ ਦੀ ਜ਼ਰੂਰ ਹੈ। ਪਰ ਅਸਰ ਕੂੜ ਦਾ ਵੀ ਹੈ। ਇਹੀ ਦੁਬਿਧਾ ਹੈ। ਇਸੇ ਨੂੰ ਕਿਹਾ ਹੈ, ਬੰਦਾ ਦੁਬਿਧਾ ਵਿੱਚ ਜਿਉ ਰਿਹਾ ਹੈ। ਸੱਚ ਨੂੰ ਚਾਹੁੰਦਾ ਹੈ ਅਤੇ ਝੂਠ ਦੇ ਅਸਰ ਹੇਠਾਂ ਜਿਊਂਦਾ ਹੈ। ਜੀਵਨ ਦੋ ਪਾਸੇ ਹਰ ਵਕਤ ਵੰਡਿਆ ਰਹਿੰਦਾ ਹੈ। ਇੰਝ ਸਮਝੋ ਇਕ ਪੈਰ ਅੱਗੇ ਰਖਿਆ ਇਕ ਕਦਮ ਪਿੱਛੇ ਰੱਖਿਆ ਮਨੁੱਖ ਉੱਥੇ ਦਾ ਉੱਥੇ ਹੀ ਰਿਹਾ। ਆਤਮਾ ਵਿੱਚ ਸੱਚ ਦੀ ਚਾਹਤ ਨੇ ਅੱਗੇ ਜਾਣ ਲਈ ਪ੍ਰੇਰਿਆ। ਕੂੜ (ਝੂਠ) ਦੇ ਅਸਰ ਨੇ ਫਿਰ ਪਿੱਛੇ ਖਿਚਿਆ ਹੈ ਸੱਚ ਦੀ ਭਾਵਨਾ ਅੱਗੇ ਲੈ ਗਈ। ਕੂੜ ਦਾ ਅਸਰ ਪਿੱਛੇ ਲੈ ਗਿਆ। ਕਰਤਾਰ ਦਾ ਰਸ ਅੱਗੇ ਲੈ ਗਿਆ। ਸੰਸਾਰ ਦਾ ਰਸ ਪਿੱਛੇ ਲੈ ਗਿਆ। ਆਤਮਾ ਦੇ ਰਸ ਨੇ ਅੱਗੇ ਜਾਣ ਲਈ ਮਜ਼ਬੂਰ ਕੀਤਾ। ਸਰੀਰ ਦੇ ਰਸ ਨੇ ਪਿੱਛੇ ਖਿਚਿਆ, ਦੋ ਪਾਸੇ ਦੀ ਦੌੜ ਦੋ ਪਾਸੇ ਦੀ ਭਟਕਣਾ ਹੈ। ਮੰਜ਼ਲ ਸੱਚ ਹੈ। ਪਹੁੰਚਣਾ ਮਨੁੱਖ ਨੇ ਸੱਚ ਤੱਕ ਹੈ। ਰੁਕਾਵਟ (ਪਾਲ) ਕੂੜ

ਹੈ। ਇਸ ਕੂੜ ਦੀ ਪਾਲ ਨੂੰ ਕਿਵੇਂ ਤੋੜੀਏ?

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲ

ਸਮੁੱਚੀ ਮਨੁੱਖਤਾ ਦਾ ਇਹ ਅਹਿਮ ਪ੍ਰਸ਼ਨ ਹੈ, ਸਭ ਤੋਂ ਪਹਿਲਾ ਪ੍ਰਸ਼ਨ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੇ ਦੁਆਰਾ ਉਜਾਗਰ ਕਰਦੇ ਹਨ। ਸਮੁੱਚੀ ਜ਼ਿੰਦਗੀ (ਇਨਸਾਨੀਅਤ) ਦਾ ਜਦ ਇਹ ਪਹਿਲਾ ਤੇ ਖ਼ਾਸ ਸਵਾਲ ਹੈ ਤਾਂ ਜਵਾਬ ਵੀ ਕੋਈ ਅਜ਼ੀਮ ਚਿੰਤਕ ਹੀ ਦੇ ਸਕਦਾ ਹੈ। ਇਸ ਦਾ ਜਵਾਬ ਵੀ ਕੋਈ ਉਹ ਦੇ ਸਕਦਾ ਹੈ ਜੋ ਝੂਠ ਦੇ ਅਸਰ ਤੋਂ ਬਚ ਕੇ ਸੱਚ ਤਕ ਪਹੁੰਚਿਆ ਹੋਵੇ। ਇਸ ਸਵਾਲ ਦਾ ਸਹੀ ਜਵਾਬ ਉਹ ਦੇ ਸਕਦਾ ਹੈ, ਜੋ ਸਰੀਰ ਦੇ ਤਲ ਤੋਂ ਉੱਚਾ ਉੱਠ ਕੇ ਆਤਮਾ ਦੇ ਤਲ 'ਤੇ ਪਹੁੰਚਿਆ ਹੋਵੇ। ਸੁਆਲ ਤਾਂ ਬਹੁਤ ਵੱਡਾ ਹੈ। ਕਿਵੇਂ ਸਚਿਆਰ ਹੋਈਐ? ਕਿਉਂਕਿ ਜੇ ਪਰਮਾਤਮਾ ਸੱਚ ਹੈ ਤਾਂ ਸੱਚ ਵਿੱਚ ਸਚਿਆਰ ਹੀ ਲੀਨ ਹੋ ਸਕਦਾ ਹੈ। ਕੂੜਿਆਰ ਲੀਨ ਨਹੀਂ ਹੋ ਸਕਦਾ। ਕਿਉਂਕਿ ਇਕ ਰੱਬੀ (ਕੁਦਰਤੀ) ਨਿਯਮ ਹੈ, ਕਿ ਸੁਜਾਤੀ ਮੇਲ ਹੋ ਸਕਦਾ ਹੈ। ਵਿਜਾਤੀ ਮੇਲ ਨਹੀਂ ਹੁੰਦਾ। ਰੋਸ਼ਨੀ ਵਿਚ ਰੋਸ਼ਨੀ ਸਮਾ ਸਕਦੀ ਹੈ।

ਸੱਚ ਸਪੂਰਣ ਨਿਰਮਲਾ ਤਿਸ ਵਿਚ ਕੂੜ ਨ ਰਲਦਾ ਰਾਈ।
ਅੱਖੀਂ ਕਤ ਨ ਸੰਜਰੈ ਤ੍ਰਿਣ ਅਉਖਾ ਦੁਖ ਰੈਣ ਵਿਹਾਈ।
ਭੋਜਨ ਅੰਦਰ ਮੱਖ ਜਿਉਂ ਹੋਇ ਦੁਕੁੱਧਾ ਫੇਰ ਕਢਾਈ।
ਰੁਈਂ ਅੰਦਰ ਚਿਣਗ ਵਾਂਗ ਦਹਿ ਭਸਮੰਤ ਕਰੇ ਦੁਖਦਾਈ।
ਕਾਂਜੀ ਦੁੱਧ ਕੁਸੁਧ ਹੋਇ ਫਿਟੈ ਜਾਦਹੁੰ ਵੰਨਹੁੰ ਜਾਈ।
ਮਹੁਰਾ ਚੁੱਖਕੁ ਚੱਖਿਆਂ ਪਾਤਿਸ਼ਾਹਾਂ ਮਾਰੈ ਸਹਮਾਈ।
ਸੱਚ ਅੰਦਰ ਕਿਉਂ ਕੂੜ ਸਮਾਈ॥ ੧੭॥

(ਭਾਈ ਗੁਰਦਾਸ ਜੀ)

ਪਰ ਰੋਸ਼ਨੀ ਵਿੱਚ ਅੰਧਕਾਰ ਨਹੀਂ ਸਮਾ ਸਕਦਾ। ਅੰਧਕਾਰ ਦਾ ਕੋਈ ਮੇਲ ਨਹੀ ਹੈ। ਸੁਗੰਧੀ ਵਿੱਚ ਹੋਰ ਸੁਗੰਧੀ ਮਿਲਾਈ ਜਾ ਸਕਦੀ ਹੈ। ਪਰ ਸੁਗੰਧ ਤੇ ਦੁਰਗੰਧ ਦਾ ਕੋਈ ਮੇਲ ਨਹੀਂ। ਦੁੱਧ ਵਿੱਚ ਹੋਰ ਦੁੱਧ ਮਿਲਾਇਆ ਜਾ ਸਕਦਾ ਹੈ। ਪਰ ਦੁੱਧ ਤੇ ਸ਼ਰਾਬ ਦਾ ਕੋਈ ਮੇਲ ਨਹੀਂ ਕਿਉਂਕਿ ਦੋਵੇਂ ਵਿਜਾਤੀ ਹਨ। ਸ਼ਰਾਬ ਤੇ ਦੁੱਧ ਦੋਵੇਂ ਵਿਜਾਤੀ ਹਨ। ਸੱਚ ਤੇ ਕੂੜ ਦੋਵੇਂ ਵਿਜਾਤੀ ਹਨ। ਸੱਚ ਵਿੱਚ ਸਚਿਆਰ ਹੀ ਲੀਨ ਹੋ ਸਕਦਾ ਹੈ, ਕੂੜਿਆਰ ਨਹੀਂ।

ਸੱਚ ਵਿੱਚ ਕੂੜ ਨ ਰਲਦਾ ਰਾਈ॥

(ਭਾਈ ਗੁਰਦਾਸ ਜੀ)

ਮਨੁੱਖ ਨੇ ਸਚਿਆਰ ਹੋਣਾ ਹੈ ਤੇ ਸਚਿਆਰ ਹੁੰਦਿਆਂ ਹੀ ਪ੍ਰਤੀਤ ਹੁੰਦਾ ਹੈ ਕਿ ਮੈਂ

ਸੱਚ ਤਕ ਪਹੁੰਚ ਗਿਆ ਹਾਂ। ਮੰਜ਼ਲ ਨੂੰ ਛੂਹ ਲਿਆ ਹੈ। ਸੱਚ ਦਾ ਮਿਲਾਪ ਹੋ ਗਿਆ ਹੈ। ਸੱਚ ਦਾ ਮਿਲਣ ਪਰਮ ਬਿਸ੍ਰਾਮ ਦਾ ਮਿਲਣਾ ਹੈ। ਸੱਚ ਦਾ ਮਿਲਣ, ਪਰਮ ਆਨੰਦ ਦਾ ਮਿਲਣ ਹੈ। ਸੱਚ ਦਾ ਮਿਲਣ, ਜੀਵਨ ਦੇ ਮੂਲ ਦਾ ਮਿਲਣ ਹੈ। ਸੱਚ ਦਾ ਮਿਲਣ ਪ੍ਰੇਮ ਖੁਸ਼ੀਆਂ ਦਾ ਮਿਲਾਪ ਹੈ। ਸੱਚ ਵਿੱਚ ਨਾ ਜਨਮ ਹੈ, ਤੇ ਨ ਮੌਤ ਹੈ। ਸੱਚ ਦਾ ਮਿਲਣ ਪ੍ਰਕਾਸ਼ ਦਾ ਮਿਲਾਪ ਹੈ।

ਕੂੜ ਦੁੱਖ ਹੈ, ਕਲੇਸ਼ ਹੈ ਬਿਪਤਾ ਹੈ। ਕੂੜ ਕੇਵਲ ਸੁਪਨਾ ਹੈ। ਸੱਚ ਹਕੀਕਤ ਹੈ। ਕੂੜ ਕੇਵਲ ਕਲਪਨਾ ਮਾਤਰ ਹੈ। ਸੱਚ ਵਾਸਤਵਿਕ ਹੈ। ਕੂੜ ਸੁਪਨਾ ਹੈ। ਪਰ ਸੁਪਨੇ ਦੀ ਵੀ ਆਪਣੀ ਮਹਾਨਤਾ ਹੈ। ਸੁਪਨਾ ਵੀ ਮਨੁੱਖ ਦੇ ਉਪਰ ਆਪਣਾ ਅਸਰ ਛੱਡਦਾ ਹੈ। ਸਚਿਆਰ ਦੀ ਜ਼ਿੰਦਗੀ ਹਕੀਕਤ ਜੀਵਨ ਹੈ। ਪਰ ਕੂੜਿਆਰ ਦੀ ਜ਼ਿੰਦਗੀ ਸੁਪਨਿਆਂ ਦੀ ਜ਼ਿੰਦਗੀ ਹੈ। ਸੁਪਨੇ ਦੀ ਚਾਹੇ ਆਪਣੀ ਹਸਤੀ ਹੈ। ਕੁਝ ਦੇਰ ਲਈ ਖ਼ੁਆਬ ਵੀ ਸੱਚ ਪ੍ਰਤੀਤ ਹੁੰਦਾ ਹੈ। ਫਿਰ ਵੀ ਕੂੜ ਹੈ। ਸੁਪਨਿਆ ਦੀ ਜ਼ਿੰਦਗੀ ਮਿਥੀ ਹੋਈ ਜ਼ਿੰਦਗੀ ਹੈ। ਸੋ ਸਚਿਆਰ ਹੋਣਾ ਹੈ। ਤਾਂ ਹੀ ਸੱਚ ਦਾ ਮਿਲਾਪ ਨਸੀਬ ਹੋ ਸਕਦਾ ਹੈ।

ਸੰਤੋਖ ਤੇ ਗੁਰੂ ਦੀ ਕਲਾ

1. ਸੰਤੋਖੀ ਅਤੇ ਸੰਤੋਖ

ਸੰਤੋਖੀ ਪੁਰਸ਼ ਕਿਸੇ ਹਾਲਤ ਵਿੱਚ ਵੀ ਨਿਰਾਸ਼ ਨਹੀਂ ਹੁੰਦਾ। ਸੰਤੋਖੀ ਪੁਰਸ਼ ਹਰ ਯਤਨ ਕਰਨ ਦੇ ਬਾਵਜੂਦ ਵੀ ਜਦੋਂ ਸਫ਼ਲ ਨਹੀਂ ਹੁੰਦਾ ਤਾਂ ਵੀ ਉਹ ਹਾਰਦਾ ਨਹੀਂ। ਸ਼ੁਭ ਕਰਮਨ ਲਈ ਸਦਾ ਨਿਸ਼ਚੈ ਅਡੋਲ ਰੱਖਦਾ ਹੈ। ਜਦ ਬੰਦੇ ਨੂੰ ਚਾਰੇ ਪਾਸਿਓ ਦੁੱਖ ਆ ਘੇਰਨ, ਕੋਈ ਆਦਰ ਮਾਣ ਨਾ ਦੇਂਦਾ ਹੋਵੇ, ਸਭ ਪਾਸਿਆਂ ਤੋਂ ਅਪਜੱਸ ਹੋਣ ਲੱਗ ਪਵੇ, ਤਾਂ ਵੀ ਸੰਤੋਖੀ ਬੰਦਾ ਡੋਲਦਾ ਨਹੀਂ, ਆਪਣੇ ਸ਼ੁਭ ਨਿਸ਼ਾਨੇ ਦੀ ਪ੍ਰਾਪਤੀ ਵਾਸਤੇ ਮਿਹਨਤ ਕਰਦਾ ਹੀ ਜਾਂਦਾ ਹੈ। ਸੰਤੋਖੀ ਪੁਰਸ਼ ਹਰ ਤਰ੍ਹਾਂ ਦੇ ਹਾਲਾਤ ਨਾਲ ਮੁਕਾਬਲਾ ਕਰਦਾ ਹੈ। ਸੁਖ ਆਵੇ ਹੰਕਾਰ ਨਹੀਂ ਹੁੰਦਾ। ਦੁੱਖ ਆਵੇ ਤਾਂ ਵੀ ਖਿੜੇ ਮੱਥੇ ਅਤੇ ਪ੍ਰਸੰਨ ਚਿੱਤ ਰਹਿਣਾ, ਸਭ ਸੰਤੋਖ ਦੀਆਂ ਨਿਸ਼ਾਨੀਆਂ ਹਨ। ਸੰਤੋਖੀ ਬੰਦੇ ਦਾ ਇਕ ਬੜਾ ਵੱਡਾ ਗੁਣ ਹੈ, ਕਿ ਜੇਕਰ ਉਹ ਆਪਣੀ ਸਖਤ ਮਿਹਨਤ ਕਰਨ ਦੇ ਬਾਵਜੂਦ ਵੀ ਸਫ਼ਲ ਨ ਹੋਵੇ, ਤਾਂ ਵੀ ਦੋਸ਼ੀ ਰੱਬ ਨੂੰ ਨਹੀਂ ਠਹਿਰਾਉਂਦਾ। ਆਪਣੇ ਆਪ ਵਿੱਚ ਹੀ ਕੋਈ ਕਮੀ ਕਮਜ਼ੋਰੀ ਹੋਣ ਲਈ ਜ਼ਿੰਮੇਵਾਰ ਹੁੰਦਾ ਹੈ।

2. ਸ਼ੁਕਰ ਅਤੇ ਸੰਤੋਖ

ਸੂਫ਼ੀ ਸਾਧੂਆਂ ਵਿੱਚ ਇਕ ਪ੍ਰਚਲਤ ਕਹਾਣੀ ਹੈ ਕਿ ਇਕ ਸਾਧੂ ਇਕ ਗਲੀ ਵਿਚੋਂ ਦੀ ਲੰਘ ਰਿਹਾ ਸੀ ਕਿ ਕਿਸੇ ਘਰ ਦੀ ਸੁਆਣੀ ਨੇ ਆਪਣੇ ਚੁੱਲ੍ਹੇ ਦੀ ਰਾਖ (ਸੁਆਹ) ਕੱਢ ਕੇ ਬਾਹਰ ਸੁੱਟ ਦਿੱਤੀ। ਉਹ ਸੁਆਹ ਉਸ ਸੂਫ਼ੀ ਫਕੀਰ ਦੇ ਉਪਰ ਪੈ ਗਈ। ਸਾਰੇ ਕੱਪੜੇ ਸੁਆਹ ਨਾਲ ਖਰਾਬ ਹੋ ਗਏ। ਉਹ ਸੂਫ਼ੀ ਫ਼ਕੀਰ ਅਜੇ ਆਪਣੇ ਕੱਪੜੇ ਝਾੜਨ ਲੱਗਾ ਸੀ ਕਿ ਜਿਸ ਔਰਤ ਨੇ ਸੁਆਹ, (ਰਾਖ) ਸੁੱਟੀ ਸੀ, ਉਹ ਆ ਗਈ ਅਤੇ ਸਾਧੂ ਦੇ ਪੈਰੀ ਪੈ ਕੇ ਭੁੱਲ ਮੰਗਣ ਲੱਗੀ। ਉਸ ਸਾਧੂ ਨੇ ਕਿਹਾ, ਤੇਰਾ ਕੋਈ ਦੋਸ਼ ਨਹੀਂ ਇਹ ਤਾਂ ਕੋਈ ਮੇਰੇ ਵਿੱਚ ਹੀ ਕਮੀ ਹੈ, ਜਿਸ ਕਰਕੇ ਅੱਜ ਮੇਰੇ ਉਪਰ ਇਹ ਰਾਖ ਡਿੱਗੀ ਹੈ। ਫਿਰ ਵੀ ਉਸ ਵੱਡੇ ਪ੍ਰਮਾਤਮਾ ਦੀ ਮਿਹਰਬਾਨੀ ਹੈ, ਕਿ ਇਹ ਸੁਆਹ ਡਿੱਗੀ ਹੈ ਹੋ ਸਕਦਾ ਹੈ ਕਿ ਮੈਂ ਇਨ੍ਹਾਂ ਕਸੂਰਵਾਰ ਹੋਵਾਂ ਕਿ ਉਪਰ ਅੱਗ ਡਿੱਗਦੀ। ਪਰ ਇਹ ਅੱਗ ਨਹੀਂ, ਇਹ ਤਾਂ ਬੁਝੀ ਹੋਈ ਸੁਆਹ ਹੈ। ਇਸ ਨਾਲ ਮੇਰਾ ਕੁਝ ਨਹੀਂ ਵਿਗੜਿਆ। ਇਹ ਤਾਂ

ਉਸ ਵੱਡੇ ਪਰਮਾਤਮਾ ਵਲੋਂ ਮੇਰੀ ਪਰਖ ਹੈ। ਅਗਰ ਹੇ ਪ੍ਰਭੂ! ਤੂੰ ਮੇਰੇ ਉਪਰ ਅੱਗ ਵੀ ਵਰਾਵੇਂਗਾ ਤਾਂ ਵੀ ਮੈਂ ਤੇਰਾ ਭਾਣਾ ਮੰਨਾਂਗਾ, ਤਾਂ ਵੀ ਮੇਰਾ ਸਬਰ ਸਿਦਕ ਅਡੋਲ ਰਹੇਗਾ। ਇਸ ਤਰ੍ਹਾਂ ਦੇ ਬੰਦੇ ਉਪਰ ਦੁੱਖਾਂ ਦੇ ਪਹਾੜ ਵੀ ਆ ਪੈਣ, ਤਾਂ ਵੀ ਦੁੱਖੀ ਨਹੀਂ ਹੋਵੇਗਾ। ਦੁੱਖ ਤਾਂ ਮਨੁੱਖ ਦੇ ਸਬਰ, ਸਿਦਕ ਅਤੇ ਸੰਤੋਖ ਦੀ ਕਸਵਟੀ ਹਨ। ਇਸ ਕਸਵਟੀ ਵਿੱਚ ਜਿਹੜਾ ਪੂਰਾ ਉੱਤਰ ਗਿਆ, ਉਹੀ ਸੁਖ ਦੇ ਭੇਦ ਨੂੰ ਪਾਵੇਗਾ।

3. ਸ਼ਹਾਦਤ ਤੇ ਸੰਤੋਖ

ਯੂਨਾਨ ਦੇ ਪ੍ਰਸਿਧ ਸੰਤ ਸੁਕਰਾਤ ਦੀ ਇਹ ਅੰਤਿਮ ਕਹਾਣੀ ਹੈ ਕਿ ਸੁਕਰਾਤ ਨੂੰ ਜ਼ਹਿਰ ਦਿੱਤਾਂ ਜਾਣਾ ਸੀ। ਸੁਕਰਾਤ ਯੂਨਾਨ ਦਾ ਪ੍ਰਸਿਧ ਦਾਰਸ਼ਨਿਕ ਸੀ। ਇਸ ਨੂੰ ਜ਼ਹਿਰ ਦਿੱਤਾ ਜਾਣਾ ਸੀ। ਬਾਹਰ ਜ਼ਹਿਰ ਪੀਸਿਆ ਜਾ ਰਿਹਾ ਸੀ। ਸੁਕਰਾਤ ਅੰਦਰ ਬੜੇ ਆਰਾਮ ਨਾਲ ਲੇਟੇ ਹੋਏ ਸਨ। ਸੁਕਰਾਤ ਦੇ ਸਭ ਸਾਥੀ ਰੋ ਰਹੇ ਸਨ। ਸੁਕਰਾਤ ਪੁੱਛਣ ਲੱਗਾ ਕਿ ਤੁਸੀਂ ਕਿਉਂ ਰੋਂਦੇ ਹੋ? ਸਾਥੀ ਕਹਿਣ ਲੱਗੇ ਰੋਈਏ ਨਾ ਤਾਂ ਹੋਰ ਕੀ ਕਰੀਏ? ਤੁਸੀਂ ਤਾਂ ਮਰਨ ਦੇ ਕਿਨਾਰੇ ਹੋ। ਸੁਕਰਾਤ ਨੇ ਕਿਹਾ, ਪਾਗਲੋ! ਉਹ ਤਾਂ ਮੈਂ ਜਿਸ ਦਿਨ ਜਨਮਿਆ ਸੀ, ਉਸੇ ਦਿਨ ਦੀ ਮੌਤ ਸ਼ੁਰੂ (ਮਰਨ ਸ਼ੁਰੂ) ਹੋ ਗਿਆ ਸੀ। ਉਸੇ ਦਿਨ ਜੋ ਪਹਿਲਾ ਰੋਣਾ ਸੀ। ਉਹ ਇਸੇ ਸੰਬੰਧ ਵਿੱਚ ਸੀ। ਜਨਮ ਦਿਨ ਬਾਅਦ ਰੋਜ਼ ਰੋਜ਼ ਦੀ ਮੌਤ ਆਉਂਦੀ ਹੈ।

ਸੁਕਰਾਤ ਨੇ ਕਿਹਾ! ਉਹ ਤਾਂ ਮੈਂ ਜਿਸ ਦਿਨ ਜਨਮਿਆ ਸੀ, ਉਦੋਂ ਤੋਂ ਸਮਝ ਲਿਆ ਕਿ, ਹੁਣ ਮੈਂ ਮਰ ਹੀ ਜਾਵਾਂਗਾ। ਬੱਸ ਉਦੋਂ ਹੀ ਜਿੰਨਾ ਰੋਣਾ ਸੀ ਰੋ ਲਿਆ। ਗੱਲ ਖਤਮ ਹੋ ਗਈ। ਸੁਕਰਾਤ ਨੇ ਸਾਥੀਆਂ ਨੂੰ ਕਿਹਾ ਕਿ ਮੇਰੇ ਲਈ ਤੁਸੀਂ ਕਿਉਂ ਰੋਂਦੇ ਹੋ? ਜਦੋਂ ਮੈਂ ਹੀ ਨਹੀਂ ਰੋ ਰਿਹਾ। ਸੁਕਰਾਤ ਨੇ ਕਿਹਾ ਜਲਦੀ ਜਾਉ ਬਾਹਰ ਜਾ ਕੇ ਦੇਖੋ। ਜ਼ਹਿਰ ਤਿਆਰ ਹੋਇਆ ਹੈ ਕਿ ਨਹੀਂ। ਸੁਕਰਾਤ ਖੁਦ ਉਠ ਕੇ ਬਾਹਰ ਗਏ। ਉਹ ਜ਼ਹਿਰ ਪੀਸਣ ਵਾਲੇ ਨੂੰ ਕਹਿਣ ਲੱਗੇ, ਕਿ ਸਮਾਂ ਹੋਈ ਜਾ ਰਿਹਾ ਹੈ। ਠੀਕ ਛੇ ਵਜੇ ਜ਼ਹਿਰ ਦੇਣਾ ਹੈ। ਤੁਸੀਂ ਅਜੇ ਤਕ ਜ਼ਹਿਰ ਤਿਆਰ ਨਹੀਂ ਕੀਤਾ? ਜ਼ਹਿਰ ਪੀਸਣ ਵਾਲਾ ਕਹਿਣ ਲੱਗਾ ਕਿ ਮੈਂ ਬਹੁਤ ਲੋਕਾਂ ਨੂੰ ਜ਼ਹਿਰ ਦਿੱਤਾ ਹੈ ਪਰ ਤੇਰੇ ਵਰਗਾ ਪਾਗਲ ਆਦਮੀ ਪਹਿਲੀ ਵਾਰ ਦੇਖਿਆ ਹੈ। ਮੈਂ ਚਾਹੁੰਦਾ ਹਾਂ ਕਿ ਜ਼ਹਿਰ ਪੀਸਣ ਵਿੱਚ ਹੋਰ ਦੇਰ ਲੱਗੇ। ਜਿੰਨੀ ਜ਼ਿਆਦਾ ਦੇਰ ਲੱਗੇਗੀ ਓਨਾ ਜ਼ਿਆਦਾ ਚਿਰ ਤੂੰ ਜੀਉ ਸਕੇਂਗਾ। ਮਰਨ ਦੀ ਇੰਨੀ ਜਲਦੀ ਕੀ ਹੈ? ਸੁਕਰਾਤ ਕਹਿਣ ਲੱਗਾ ਜਲਦੀ ਕੁਝ ਵੀ ਨਹੀਂ। ਬਸ ਜ਼ਿੰਦਗੀ ਦੇਖ ਲਈ ਹੈ। ਹੁਣ ਮੌਤ ਦੇਖਣ ਦਾ ਸ਼ੌਕ ਹੈ।

ਸੁਕਰਾਤ ਨੂੰ ਜ਼ਹਿਰ ਦੇ ਦਿੱਤਾ ਗਿਆ ਹੈ। ਸੁਕਰਾਤ ਨੇ ਜ਼ਹਿਰ ਇਸ ਤਰ੍ਹਾਂ ਪੀ ਲਿਆ ਜਿਸ ਤਰ੍ਹਾਂ ਜ਼ਹਿਰ ਨਾ ਹੋਵੇ ਬਲਕਿ ਅੰਮ੍ਰਿਤ ਹੋਵੇ। ਸੁਕਰਾਤ ਜ਼ਹਿਰ ਪੀਂਦੇ ਰਹੇ ਅਤੇ ਗੱਲਾਂ ਬਾਤਾਂ ਕਰਦੇ ਰਹੇ। ਦਰਅਸਲ ਇਸ ਤਰ੍ਹਾਂ ਦਾ ਸਬਰ ਦੇ ਸਿਦਕ ਰੱਖਣ ਵਾਲੇ, ਜ਼ਹਿਰ ਅੰਮ੍ਰਿਤ ਨੂੰ ਇਕੋ ਮਾਰਗ ਦੇ ਆਦਿ ਤੇ ਅੰਤ ਸਮਝਦੇ ਹਨ। ਗੁਰਬਾਣੀ ਦਾ ਫੁਰਮਾਨ ਹੈ:-

ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥

(ਸੁਖਮਨੀ, ਪੰਨਾ ੨੭੫)

ਸੁਕਰਾਤ ਦੇ ਸੁਆਸ ਟੁੱਟ ਰਹੇ ਸਨ। ਸੁਕਰਾਤ ਕਹਿ ਰਹੇ ਸਨ, ਕਿ ਮੈਂ ਤਾਂ ਹੁਣ ਵੀ ਉਹੀ ਹਾਂ। ਬੱਸ! ਸਰੀਰ ਬਦਲ ਰਿਹਾ ਹੈ। ਮੇਰੀ ਆਤਮਾ ਤਾਂ ਬਿਲਕੁਲ ਨਹੀਂ ਬਦਲ ਰਹੀ। ਜਿਸਨੇ ਮੌਤ ਨੂੰ ਦੇਖ ਲਿਆ, ਉਸ ਨੂੰ ਹੀ ਅੰਮ੍ਰਿਤੁ ਪ੍ਰਾਪਤ ਹੋ ਜਾਏਗਾ।

4. ਸੁੱਖ ਅਤੇ ਸੰਤੋਖ

ਕਿਸੇ ਵਸਤੂ ਨੂੰ ਪਰਖਣਾ ਹੋਵੇ, ਕਿਸੇ ਵਸਤੂ ਦਾ ਖਰੀ ਜਾਂ ਖੋਟੀ ਹੋਣ ਦਾ ਪਤਾ ਕਰਨਾ ਹੋਵੇ ਤਾਂ ਉਸ ਲਈ ਕਸਵੱਟੀ ਦੀ ਲੋੜ ਹੁੰਦੀ ਹੈ। ਪਰਖਣ ਤੋਂ ਬਿਨਾਂ ਇਹ ਪਤਾ ਨਹੀਂ ਲੱਗ ਸਕਦਾ, ਕਿ ਵਸਤੂ ਖਰੀ ਹੈ ਜਾਂ ਖੋਟੀ ਹੈ। ਕਈ ਵਾਰ ਨਕਲੀ ਵਸਤਾਂ ਅਸਲੀ ਨਾਲੋਂ ਵੀ ਜ਼ਿਆਦਾ ਚਮਕਦੀਆਂ ਹਨ। ਜਦੋਂ ਪਰਖਿਆ ਜਾਵੇ ਤਾਂ ਉਹ ਖੋਟੀਆਂ ਨਿਕਲਦੀਆਂ ਹਨ। ਚਮਕ ਦਮਕ ਵੀ ਖਤਮ ਹੋ ਜਾਂਦੀ ਹੈ। ਸਬਰ ਤੇ ਸਿਦਕਵਾਨ ਪੁਰਸ਼ ਦੀ ਕਸਵੱਟੀ ਹਨ- ਦੁੱਖ। ਜਿਹੜਾ ਬੰਦਾ ਦੁੱਖ ਵੇਲੇ ਸਤ, ਸੰਤੋਖ ਦਾ ਪੱਲਾ ਛੱਡ ਦੇਵੇ ਉਹ ਬੰਦਾ ਸਿਦਕਵਾਨ ਤੇ ਸਬਰਵਾਨ ਨਹੀਂ ਹੁੰਦਾ ਹੈ। ਕਈ ਵਾਰ ਇਸ ਤਰ੍ਹਾਂ ਹੁੰਦਾ ਹੈ ਕਿ ਜਿਹੜਾ ਬੰਦਾ ਦੁਨੀਆਂ ਦੀ ਨਿਗਾਹ ਵਿੱਚ ਸਤ ਸੰਤੋਖੀ ਹੋਵੇ ਉਹ ਧਰਮ ਦੀ ਨਿਗਾਹ ਵਿੱਚ ਲੋਭੀ ਤੇ ਪਾਖੰਡੀ ਹੁੰਦਾ ਹੈ। ਦੁਨੀਆਂ ਦੀ ਨਿਗਾਹ ਵਿੱਚ ਤੁਲੰਬੇ ਦਾ ਸ਼ੇਖ ਸੱਜਣ ਨੇਕ ਤੇ ਸੰਤੋਖੀ ਬੰਦਾ ਸੀ ਪਰ ਗੁਰੂ ਨਾਨਕ ਦੀ ਨਿਗਾਹ ਵਿੱਚ ਉਹ ਲੋਭੀ, ਪਾਖੰਡੀ ਤੇ ਸੱਜਣ ਠੱਗ ਸੀ। ਦੁਨੀਆਂ ਦੀ ਪਰਖ ਵਿਚ ਚੋਰ ਵੀ ਪੂਰਾ ਉਤਰੇਗਾ ਅਤੇ ਠੱਗ ਵੀ। ਪਰ ਧਰਮ ਦੀ ਪਰਖ ਵਿੱਚ ਪੂਰਾ ਉਤਰਦਾ ਹੈ ਕਿ ਨਹੀਂ, ਇਹ ਧਰਮ ਦੀ ਤੱਕੜੀ ਵਿੱਚ ਤੋਲਿਆਂ ਪਤਾ ਲੱਗੇਗਾ।

ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥ ੨॥

(ਆਸਾ ਦੀ ਵਾਰ, ਪੰਨਾ ੪੬੯)

ਸਬਰ, ਸਿਦਕ ਅਤੇ ਸਤ ਸੰਤੋਖ ਹਮੇਸ਼ਾਂ ਧਰਮ ਦੀ ਪਰਖ ਵਿੱਚ ਪੂਰੇ ਉਤਰਦੇ ਹਨ। ਦੁਨੀਆਂ ਵਿੱਚ ਕਾਮਯਾਬੀ ਹਮੇਸ਼ਾਂ ਉਨ੍ਹਾਂ ਦੇ ਕਦਮ ਚੁੰਮਦੀ ਹੈ, ਜੋ ਅਡੋਲ

ਰਹਿੰਦੇ ਹਨ। ਸੰਤੋਖੀ ਪੁਰਸ਼ ਹੀ, ਸਿਦਕ ਨਾਲ ਅਨਥੱਕ ਸੇਵਾ ਕਰਦੇ ਹਨ। ਸੱਚ ਨੂੰ ਧਿਆਉਂਦੇ ਹਨ। ਉਹ ਮੰਦੇ ਪਾਸੇ ਕਦੇ ਨਹੀਂ ਸੋਚਦੇ। ਮੰਦੇ ਪਾਸੇ ਕਦਮ ਨਹੀਂ ਰੱਖਦੇ।

ਸੇਵ ਕੀਤੀ ਸੰਤੋਖੀਂਈ ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥

(ਆਸਾ ਦੀ ਵਾਰ, ਪੰਨਾ ੪੬੭)

5. ਸਬਰ ਅਤੇ ਸੰਤੋਖ

ਧਰਮ ਦੀ ਕ੍ਰਿਤ ਕਮਾਇਆਂ ਹੀ, ਸੁਖ-ਸ਼ਾਂਤੀ ਅਤੇ ਸਬਰ ਸੰਤੋਖ ਦੀ ਪ੍ਰਾਪਤੀ ਹੁੰਦੀ ਹੈ। ਧਰਮ ਰਹਿਤ ਮਨੁੱਖ ਦਾ ਕਮਾਇਆ ਹੋਇਆ ਧਨ ਲੋਭ ਤੇ ਤ੍ਰਿਸ਼ਨਾਂ ਨੂੰ ਵਧਾਉਂਦਾ ਹੈ। ਗੁਰੂ ਅਰਜਨ ਦੇਵ ਜੀ ਦਾ ਕਥਨ ਹੈ ਕਿ ਜੇਕਰ ਕੋਈ ਹਜ਼ਾਰਾਂ ਕਮਾਉਂਦਾ ਹੈ, ਤਾਂ ਉਹ ਲੱਖਾਂ ਦੀ ਕਮਾਈ ਵੱਲ ਉੱਠ ਦੌੜਦਾ ਹੈ। ਇਸ ਤਰ੍ਹਾਂ ਉਸਦੀ ਦੌੜ ਅੱਗੇ ਹੀ ਅੱਗੇ ਵੱਧਦੀ ਜਾਂਦੀ ਹੈ। ਉਸਨੂੰ ਕਦੇ ਤ੍ਰਿਪਤੀ ਨਹੀਂ ਹੁੰਦੀ। ਸਦਾ ਲੋਭ ਦਾ ਮਾਰਿਆ ਮਾਰਿਆ ਫਿਰਦਾ ਹੈ। ਬਿਨਾਂ ਸੰਤੋਖ ਤੋਂ ਰਜ ਨਹੀਂ ਸਕਦਾ।

ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥
ਅਨਿਕ ਭੋਗ ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ॥
ਬਿਨਾ ਸੰਤੋਖ ਨਹੀ ਕੋਊ ਰਾਜੈ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥

(ਸੁਖਮਨੀ, ਪੰਨਾ ੨੭੮)

ਅਰਬੀ ਭਾਸ਼ਾ ਵਿੱਚ ਸੰਤੋਖ ਨੂੰ ਸਬਰ ਆਖਦੇ ਹਨ। ਸਬਰ, ਸਿਦਕ ਤੇ ਸੰਤੋਖ ਸ਼ਬਦਾਂ ਦੀ ਵਰਤੋਂ ਵੀ ਇਕੱਠੀ ਕੀਤੀ ਜਾਂਦੀ ਹੈ। ਇਨ੍ਹਾਂ ਦੇ ਗੁਣਾਂ ਦਾ ਭਾਵ ਵੀ ਆਪੋ ਵਿੱਚ ਇਕੋ ਹੀ ਹੈ। ਸਬਰ, ਮਨੁੱਖ ਨੂੰ ਸਤ, ਸੰਤੋਖੀ ਅਤੇ ਸਿਦਕੀ ਬਣਾਉਂਦਾ ਹੈ। ਸਤ, ਸੰਤੋਖ ਵਾਲੇ ਪੁਰਸ਼ ਹੀ ਸਬਰ ਸਿਦਕ ਦੇ ਧਾਰਨੀ ਹੋ ਸਕਦੇ ਹਨ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਹਿਣਾ ਹੈ ਕਿ ਸਬਰ ਫਰਿਸ਼ਤਿਆਂ ਦਾ ਆਤਮਿਕ ਭੋਜਨ ਹੈ। ਆਤਮਿਕ ਯਾਤਰਾ ਲਈ ਇਹ ਸਬਰ ਖੁਰਾਕ ਦਾ ਕੰਮ ਦੇਂਦਾ ਹੈ।

ਸਬਰ ਤੋਸ਼ਾ ਮਲਾਇਕਾ

ਸ਼ੇਖ ਫ਼ਰੀਦ ਜੀ ਮਹਾਰਾਜ ਦਾ ਫੁਰਮਾਣ ਹੈ, ਕਿ ਐ ਮਨੁੱਖ! ਜੇਕਰ ਤੂੰ ਆਪਣੇ ਜੀਵਨ ਦੇ ਲਕਸ਼ ਵਿੱਚ ਸਬਰ ਨੂੰ ਸ਼ਾਮਲ ਕਰੇਂ ਤਾਂ ਤੂੰ ਇਕ ਮਹਾਨ ਪਦਵੀ ਨੂੰ ਪ੍ਰਾਪਤ ਹੋ ਸਕਦਾ ਹੈਂ। ਜੇਕਰ ਸਬਰ ਦਾ ਧਾਰਨੀ ਨਾ ਹੋ ਸਕਿਆ ਤਾਂ ਤੂੰ ਵੱਡਾ ਦਰਿਆ ਹੋਣ ਦੀ ਥਾਵੇਂ ਛੋਟਾ ਜਿਹਾ ਨਾਲਾ ਰਹਿ ਜਾਏਂਗਾ।

ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜ੍ਹ ਕਰਹਿ॥
ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ॥

(ਸ਼ੇਖ ਫਰੀਦ, ਪੰਨਾ ੧੩੮੪)

ਐ ਬੰਦੇ! ਤੂੰ ਆਪਣੇ ਅੰਦਰ ਸਬਰ ਦੇ ਗੁਣ ਨੂੰ ਦ੍ਰਿੜ੍ਹ ਕਰ! ਤਾਂਕਿ ਸਮੁੰਦਰ ਦੀ ਤਰ੍ਹਾਂ ਮਹਾਨ ਹੋ ਸਕੇਂ। ਤੂੰ ਸਬਰ ਤੋਂ ਬਿਨਾਂ ਟੁੱਟ ਕੇ ਨਿੱਕੀ ਜਿਹੀ ਜ਼ਿੰਦਗੀ ਵਿੱਚ ਖਤਮ ਹੋ ਜਾਏਂਗਾ। ਜਿਵੇਂ ਵੱਡੇ ਦਰਿਆ ਤੋਂ ਇਕ ਨਿੱਕੀ ਖਾਲੀ ਵਗ ਤੁਰਦੀ ਹੈ। ਫਿਰ ਛੇਤੀ ਹੀ ਮੁੱਕ ਜਾਂਦੀ ਹੈ। ਸਬਰ ਸਿਦਕ ਦਾ ਹਿਰਦਾ ਏਨਾ ਵਿਸ਼ਾਲ ਹੁੰਦਾ ਹੈ ਜਿੰਨੀ ਧਰਤੀ ਵਿਸ਼ਾਲ ਹੈ। ਧਰਤੀ ਦੀ ਵਿਸ਼ਾਲਤਾ ਦੇ ਗੁਣ ਹਨ ਕਿ ਧਰਤੀ ਨੂੰ ਕੋਈ ਪੁਟਦਾ ਹੈ। ਉਸੇ ਧਰਤੀ ਉਪਰ ਮੰਦਰ ਬਣਦਾ ਹੈ. ਉਸੇ ਧਰਤੀ ਉਪਰ ਦੁਰਾਚਾਰ ਦੇ ਅੱਡੇ ਬਣ ਜਾਂਦੇ ਹਨ। ਉਹ ਵੀ ਧਰਤੀ ਹੀ ਹੈ ਜਿਸ 'ਤੇ ਅਨੇਕਾਂ ਤਰ੍ਹਾਂ ਦੀ ਖੁਦਵਾਈ ਹੁੰਦੀ ਹੈ। ਉਹ ਵੀ ਧਰਤੀ ਹੈ ਜਿਥੇ ਮੰਦਰ, ਮਸਜਿਦ, ਗੁਰਦੁਆਰੇ ਬਣਾ ਕੇ ਅਗਰ ਬਤੀਆਂ, ਚੰਦਨ ਅਤੇ ਅਤਰ ਛਿੜਕ ਕੇ ਲੇਪ ਕੀਤਾ ਜਾਂਦਾ ਹੈ, ਪੂਜਾ ਹੁੰਦੀ ਹੈ। ਪਰ ਧਰਤੀ ਸਭ ਨੂੰ ਆਪਣੇ ਵਿਸ਼ਾਲ ਹਿਰਦੇ ਵਿੱਚੋਂ ਚੰਗੀਆਂ ਵਸਤਾਂ ਦੇਂਦੀ ਹੀ ਰਹਿੰਦੀ ਹੈ। ਸਦਾ ਅਡੋਲ ਹੈ। ਨਾ ਕਿਸੇ ਦੇ ਖੋਦਿਆਂ ਕੰਬਦੀ ਹੈ ਅਤੇ ਨਾ ਹੀ ਕਿਸੇ ਦੇ ਪੂਜਾ ਕੀਤਿਆਂ ਗੌਰਵ ਕਰਦੀ ਹੈ। ਗੁਰੂ ਅਰਜਨ ਦੇਵ ਜੀ ਦਾ ਕਥਨ ਹੈ ਕਿ ਸਬਰ ਸ਼ੁਕਰ ਵਿੱਚ ਰਹਿਣ ਵਾਲੇ ਬ੍ਰਹਮ ਗਿਆਨੀਆਂ ਦਾ ਹਿਰਦਾ ਵੀ ਇਸ ਤਰ੍ਹਾਂ ਵਿਸ਼ਾਲ ਹੁੰਦਾ ਹੈ।

ਬ੍ਰਹਮ ਗਿਆਨੀ ਕੈ ਧੀਰਜੁ ਏਕ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥

(ਸੁਖਮਨੀ, ਪੰਨਾ ੨੭੨)

ਸਬਰ ਤੇ ਸਿਦਕਵਾਨ ਪੁਰਸ਼ ਹਮੇਸ਼ਾਂ ਇਕ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ। ਸੰਤੋਖੀ ਸਭਨਾਂ ਨੂੰ ਸ਼ੁਭ ਕਰਮ ਵੰਡਦਾ ਹੈ। ਸੰਤੋਖੀ ਪੁਰਖ ਦਾ ਧੀਰਜ ਇੰਨਾ ਹੁੰਦਾ ਹੈ ਕਿ ਜਿੰਨੀ ਦੇਰ ਤਕ ਸਰੀਰ ਵਿਚ ਸੁਆਸ ਹਨ ਓਨੀ ਦੇਰ ਤਕ ਭਰੋਸਾ ਉਸ ਪ੍ਰਭੂ ਉਪਰ ਹੈ।

ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜਨਮ ਕਥਾ ਵਿੱਚ ਇਕ ਕਥਾ ਆਉਂਦੀ ਹੈ ਕਿ ਇਕ ਦਿਨ ਗੁਰੂ ਨਾਨਕ ਦੇਵ ਜੀ ਨੇ ਆਪਣਾ ਭੇਸ ਬੜਾ ਅਜੀਬ ਤਰ੍ਹਾਂ ਦਾ ਬਣਾਇਆ। ਬਹੁਤ ਧਾਨਕ ਰੂਪ (ਭਿਆਨਕ) ਲੱਗਦਾ ਸੀ। ਕਈ ਚਿਰ ਬਾਅਦ ਉਦਾਸੀਆਂ ਤੋਂ ਵਾਪਸੀ ਕਰਤਾਰਪੁਰ ਆਏ ਸਨ। ਲੋਕਾਂ ਜਾਣਿਆ ਕਿ ਮਹਾਰਾਜ ਆਏ ਹਨ। ਚਲੋ ਦਰਸ਼ਨ ਹੀ ਕਰ ਆਈਏ। ਜਿਹੜਾ ਕੋਈ ਵੀ ਦਰਸ਼ਨ ਕਰਨ ਆਵੇ ਮੱਥਾ ਟੇਕਣ ਲੱਗੇ ਤਾਂ ਗੁਰੂ ਜੀ ਇਕ ਬਾਂਸ ਦਾ ਡੰਡਾ, ਉਸਦੇ ਲੱਕ 'ਤੇ ਮਾਰਨ। ਲੋਕ ਬਹੁਤ ਹੈਰਾਨ ਹੋਏ ਕਿ ਅਸੀਂ ਤਾਂ ਸਮਝਦੇ ਸਾਂ ਕਿ ਸਾਧੂ ਹਨ। ਕਈ ਚਿਰ ਬਾਅਦ ਪਿੰਡ ਆਏ

ਹਨ। ਕੋਈ ਅਸੀਸ ਦੇਣਗੇ ਪਰ ਇਹ ਤਾਂ ਉਲਟਾ ਡੰਡਿਆਂ ਨਾਲ ਕੁੱਟਦੇ ਹਨ? ਕੁਛ ਨਹੀਂ, ਬਾਬਾ ਸ਼ਦਾਈ ਹੋ ਗਿਆ ਹੈ। ਕਹਿੰਦੇ ਹਨ ਬਹੁਤ ਲੋਕ ਤਾਂ ਉਦੋਂ ਹੀ ਚਲੇ ਗਏ। ਚਲੇ ਹੀ ਜਾਣਗੇ ਕਿਉਂਕਿ ਸਾਰੇ ਲੋਕ ਸਬਰ ਸ਼ੁਕਰ ਤੇ ਸਤੀ ਸੰਤੋਖੀ ਨਹੀਂ ਹੁੰਦੇ। ਇਹ ਜੋ ਗੁਰਦੁਆਰਿਆਂ, ਮੰਦਰਾਂ, ਮਸਜਿਦਾਂ, ਤੇ ਠਾਕੁਰ ਦੁਆਰਿਆਂ ਦੀ ਭੀੜ ਹੈ, ਇਹ ਸਭ ਆਪੋ ਆਪਣੀਆਂ ਮੰਗਾਂ ਲੈ ਕੇ ਆਏ ਹੁੰਦੇ ਹਨ। ਸਭ ਲੋਭੀ ਹੁੰਦੇ ਹਨ। ਜੇਕਰ ਮੰਦਰ ਗੁਰਦੁਆਰੇ ਤੋਂ ਇਨ੍ਹਾਂ ਦੀ ਮੰਗ ਪੂਰੀ ਨਾ ਹੋਵੇ, ਤਾਂ ਇਹ ਚਲੇ ਜਾਣਗੇ। ਇਹ ਭੀੜ ਫਿਰ ਨਹੀਂ ਰਹੇਗੀ।

ਬਹੁਤ ਲੋਕ, ਗੁਰੂ ਜੀ ਨੂੰ, ਉਦੋਂ ਹੀ ਛੱਡ ਕੇ ਚਲੇ ਗਏ, ਜਦੋਂ ਦੇਖਿਆ ਕਿ ਹੁਣ ਗੁਰੂ ਕੋਲੋਂ ਵੀ ਦੁੱਖ ਹੀ ਮਿਲਦਾ ਹੈ। ਅਕਸਰ ਬਹੁਤ ਲੋਕ ਦੁੱਖ ਆਉਂਦਾ ਵੇਖ ਕੇ ਸਬਰ ਸਿਦਕ ਤੋਂ ਡੋਲ ਜਾਂਦੇ ਹਨ। ਸਾਖੀ ਦਸਦੀ ਹੈ ਕਿ ਕੁਝ ਲੋਕ ਅਜੇ ਵੀ ਗੁਰੂ ਨਾਨਕ ਦੇਵ ਜੀ ਦੀ ਮਾਰ ਖਾ ਕੇ ਗੁਰੂ ਕੋਲ ਬੈਠੇ ਸਨ। ਜਦੋਂ ਗੁਰੂ ਨਾਨਕ ਦੇਵ ਉਠ ਕੇ ਬਾਹਰ ਨੂੰ ਚਲੇ ਤਾਂ ਇਹ ਲੋਕ ਵੀ ਪਿੱਛੇ ਪਿੱਛੇ ਤੁਰ ਪਏ। ਗੁਰੂ ਜੀ ਨੇ ਆਪਣੇ ਗਲ ਵਾਲੇ ਥੈਲੇ ਵਿੱਚੋਂ ਕੁਝ ਸੋਨੇ ਦੀਆਂ ਅਸ਼ਰਫੀਆਂ (ਮੋਹਰਾਂ) ਕੱਢੀਆਂ ਤੇ ਪਿੱਛੇ ਸੁੱਟ ਦਿੱਤੀਆਂ। ਕੁਝ ਲੋਕਾਂ ਉਹ ਮੋਹਰਾਂ ਚੁੱਕੀਆਂ ਤੇ ਕਹਿਣ ਲੱਗੇ ਇਹੀ ਅਸੀਸ ਗੁਰੂ ਨਾਨਕ ਦੇਵ ਜੀ ਦੀ ਹੈ। ਜਿਹੜੇ ਲੋਕ ਦੁੱਖ ਵੇਲੇ ਨਹੀਂ ਸਨ ਗਏ ਉਹ ਧਨ ਲੈ ਕੇ ਚਲੇ ਗਏ। ਜਿਹੜੇ ਲੋਕ ਧਨ ਲੈ ਕੇ ਸੰਤੋਖ ਸਬਰ ਦਾ ਸਾਥ ਛੱਡ ਦੇਂਦੇ ਹਨ, ਉਹ ਲਾਲਚੀ ਕਿਸਮ ਦੇ ਹੀ ਲੋਕ ਹੋਣਗੇ। ਉਨ੍ਹਾਂ ਦੀ ਪੂਜਾ, ਪਾਠ ਅਰਦਾਸ ਸਭ ਧਨ ਵਾਸਤੇ ਹੈ। ਇਸ ਤਰ੍ਹਾਂ ਦੇ ਲੋਕ ਧਾਰਮਕ ਨਹੀਂ ਬਲਕਿ ਲੋਭੀ ਹੋਣਗੇ। ਜਿਥੇ ਹੀ ਧਨ ਦੀ ਪ੍ਰਾਪਤੀ ਹੋ ਗਈ ਉਥੇ ਹੀ ਰੁੱਕ ਜਾਣਗੇ ਕਿਉਂਕਿ ਮਨੋਰਥ ਧਨ ਦੀ ਪ੍ਰਾਪਤੀ ਹੈ।

ਸਾਖੀ ਦਸਦੀ ਹੈ ਕਿ ਗੁਰੂ ਨਾਨਕ ਦੇਵ ਅੱਗੇ ਅੱਗੇ ਚਲਦੇ ਗਏ ਬਾਕੀ ਸਾਰੇ ਤਾਂ ਵਾਪਸ ਚਲੇ ਗਏ ਪਰ ਇੱਕ ਦੋ ਬੰਦੇ ਹਾਲੇ ਵੀ ਗੁਰੂ ਨਾਨਕ ਦੇਵ ਜੀ ਦੇ ਨਾਲ ਸਨ। ਉਨ੍ਹਾਂ ਨੂੰ ਗੁਰੂ ਜੀ ਨੇ ਪੁੱਛਿਆ ਤੁਸੀਂ ਕਿਉਂ ਨਹੀਂ ਗਏ, ਸਭ ਚਲੇ ਗਏ ਹਨ। ਉਹ ਕਹਿਣ ਲੱਗੇ ਅਸੀ ਕਿੱਥੇ ਜਾਈਏ ਜਿਨ੍ਹਾਂ ਨੂੰ ਪਤਾ ਸੀ ਕਿ ਅਸੀਂ ਧਨ ਲੈ ਕੇ ਜਾਣਾ ਹੈ ਉਹਨਾਂ ਲੈ ਲਿਆ ਤੇ ਚਲੇ ਗਏ, ਪਰ ਅਸੀਂ ਤਾਂ ਸੰਤੋਖ ਦੀ ਪ੍ਰਾਪਤੀ ਲਈ ਆਏ ਹਾਂ, ਉਹ ਮਿਲ ਜਾਏ ਤਾਂ ਅਸੀਂ ਚਲੇ ਜਾਈਏ।

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥

(ਸੂਹੀ ਵਾਰ ਸਲੋਕ ਮ: ੨, ਪੰਨਾ ੭੯੧)

ਗੁਰੂਦੇਵ ਜੀ ਨੇ ਕਿਹਾ ਜਿਹੜੇ ਲੋਕ ਦੁੱਖ ਵਿੱਚ ਸੰਤੋਖ ਸਬਰ ਤੋਂ ਨਹੀਂ ਹਿਲਦੇ।

ਉਹ ਅਕਸਰ ਸੁਖਾਂ ਵਿੱਚ ਡੋਲਦੇ ਹਨ। ਜਿਹੜੇ ਦੁੱਖ ਤੇ ਸੁਖ ਵੇਲੇ ਵੀ ਅਡੋਲ ਰਹਿਣ ਉਹ ਸਬਰ ਸਿਦਕ ਵਿੱਚ ਪੂਰੇ ਉਤਰਦੇ ਹਨ। ਸਬਰ ਸਿਦਕ ਨੂੰ ਗੱਲਾਂ ਨਾਲ ਤਾਂ ਨਹੀਂ ਕਮਾਇਆ ਜਾ ਸਕਦਾ। ਇਹ ਤਾਂ ਜਿਊਂਦੇ ਜੀ ਮਰ ਕੇ ਕਮਾਇਆ ਜਾ ਸਕਦਾ ਹੈ। ਗੁਰਮਤਿ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ! ਸਬਰ ਸਿਦਕੀ ਦੇ ਗੁਣ ਬਿਆਨ ਕਰਦੇ ਹਨ:-

ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ।
ਸਾਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ।

(ਵਾਰ ੩ ਪਾਉੜੀ ੧੮)

ਗੁਰ ਪ੍ਰਤਾਪ 'ਸੂਰਜ ਗ੍ਰੰਥ' ਦੇ ਕਰਤਾ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਚੂੜਾਮਣਿ ਦਾ ਕਥਨ ਹੈ ਕਿ ਜਿਵੇਂ ਗੁਰੂ ਬਿਨਾਂ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ, ਠੀਕ ਇਸੇ ਤਰ੍ਹਾਂ ਸੰਤੋਖ 'ਤੋਂ ਬਿਨਾਂ ਹਾਰਦਿਕ ਤੌਰ ਤੇ ਸੁਖੀ ਨਹੀਂ ਹੋਇਆ ਜਾ ਸਕਦਾ ਹੈ।

ਬਿਨ ਸੰਤੋਖ ਉਰ ਸੁਖ ਕਹਾਂ ਤਪ ਬਿਨ ਨ ਰਾਜੂ॥
ਗਯਾਨ ਕਹਾਂ ਬਿਨ ਸਤਿਗੁਰੂ ਸੋਭਾ ਬਿਨ ਲਾਜੂ॥

(ਗੁ: ਪ੍ਰ: ਸੂ: ਗ੍ਰੰਥ)

'ਗਿਆਨ ਰਤਨਾਵਲੀ' ਵਿੱਚ ਪ੍ਰਭੂ ਪ੍ਰਾਪਤੀ ਦੇ ਚਾਰ ਦਰਵਾਜ਼ੇ ਦਰਸਾਏ ਹਨ। ਉਨ੍ਹਾਂ ਚਾਰਾਂ ਵਿੱਚੋਂ ਇਕ ਸਬਰ, ਸੰਤੋਖ ਦਾ ਦਰ ਹੈ। (ਟੀਕਾ ਸਤਾਈਵੀਂ ਪਾਉੜੀ ਭਾਈ ਮਨੀ ਸਿੰਘ ਜੀ)

ਪ੍ਰਮਾਤਮਾ ਮਿਲਣ ਦੇ ਚਾਰ ਦੁਆਰੇ ਹਨ। ਪ੍ਰਿਥਮੈ ਸਤਿਸੰਗ ਹੈ। ਬਹੁੜੋ ਸਤਯ ਹੈ। ਤੀਸਰਾ ਸੰਤੋਖ ਹੈ ਅਤੇ ਚੌਥਾ ਸਮਦਮ। (ਮਨ ਤੇ ਇੰਦਰੀਆਂ ਨੂੰ) ਵਿਕਾਰ, ਵਾਸਨਾਂ ਤੇ ਵਿਸ਼ਿਆਂ ਤੋਂ ਰੋਕਣਾ, ਅਤੀਤ ਹੋਵੇ ਜਾਂ ਗ੍ਰਿਸਤੀ। ਇਨ੍ਹਾਂ ਚੋਹਾਂ ਵਿੱਚ ਜੋ ਪ੍ਰਵੇਸ਼ ਕਰੇਗਾ। ਸੋਈ ਗੁਰੂ ਨੂੰ ਪ੍ਰਾਪਤ ਹੋਵੇਗਾ,

6. ਸਿਦਕ ਅਤੇ ਸੰਤੋਖ

ਸਬਰ ਕਦੇ ਵੀ ਬਿਪਤਾ ਨੂੰ ਵੇਖ ਕੇ ਸਿਦਕੋਂ ਨਹੀਂ ਡੋਲਦਾ। ਸਬਰ ਸਿਦਕ ਵਿੱਚੋਂ ਹੀ ਬੀਰਤਾ ਜਨਮ ਲੈਂਦੀ ਹੈ। ਸਬਰ ਸਿਦਕ ਤੇ ਸਤ ਸੰਤੋਖ ਤੋਂ ਬਿਨਾਂ ਬੰਦਾ ਕਾਇਰ ਹੋ ਜਾਏਗਾ। "ਨਿਊਟਨ" ਵਰਗੇ ਮਹਾਨ ਸਾਇੰਸਦਾਨ ਦਾ ਕਹਿਣਾ ਹੈ ਕਿ ਜੋ ਕੁਝ ਮੈਂ ਪ੍ਰਾਪਤ ਕੀਤਾ ਹੈ, ਇਹ ਸਬਰ ਸਿਦਕ ਅਤੇ ਸਤ ਸੰਤੋਖ ਦਾ ਫਲ ਹੈ।

ਬੈਂਜ਼ਾਮਿਨ ਡਸਰੇਲੀ ਦਾ ਕਹਿਣਾ ਹੈ, ਕਿ ਕਾਮਯਾਬੀ ਵਾਸਤੇ ਸਬਰ ਸਿਦਕ ਤੇ ਸਤ ਸੰਤੋਖ ਦੀ ਬਹੁਤ ਵੱਡੀ ਜ਼ਰੂਰਤ ਹੈ ਬਲਕਿ ਸਫਲਤਾ ਦੀ ਕੁੰਜੀ ਹੀ ਸਬਰ ਸੰਤੋਖ

ਹੈ। ਸਬਰ ਸਿਦਕ ਰੱਖਣ ਵਾਲਾ ਇਨਸਾਨ ਆਪਣੀ ਮਿਹਨਤ ਕਰੀ ਹੀ ਜਾਂਦਾ ਹੈ ਅਤੇ ਵਿਸ਼ਾਲ ਹਿਰਦੇ ਨਾਲ ਉਸ ਮਿਹਨਤ ਦੇ ਫਲ ਦੀ ਉਡੀਕ ਕਰਦਾ ਹੈ। ਮਿਹਨਤ ਦਾ ਬੀਜ ਸਬਰ ਸੰਤੋਖ ਦੀ ਧਰਤੀ ਵਿੱਚ ਬੀਜ ਕੇ ਭੁੱਲ ਜਾਂਦਾਂ ਹੈ ਛੇ ਮਹੀਨੇ ਤੀਕ ਤਾਂ ਉਸ ਯਕੀਨ ਹੈ ਕਿ ਇਸ ਤੋਂ ਪਹਿਲਾਂ ਤਾਂ ਇਹ ਬੀਜ ਫਲ ਤਕ ਨਹੀਂ ਪਹੁੰਚ ਸਕਦਾ। ਠੀਕ, ਸਿਦਕ ਸਬਰ ਤੇ ਸੰਤੋਖ ਸਤ ਰੱਖਣ ਵਾਲਾ ਬੰਦਾ ਸ਼ੁਭ ਕਰਮਾਂ ਦੇ ਬੀਜ ਬੀਜਦਾ ਹੈ। ਉਹ ਪਰਮਾਤਮਾ ਨੂੰ ਸਮਰਪਤ ਕਰਦਾ ਹੈ ਕਿਉਂਕਿ ਫਲ ਪਰਮਾਤਮਾ ਦੇ ਹੱਥ ਹੈ। ਮਿਹਨਤ ਸ਼ੁਭ ਅਸ਼ੁਭ ਕਰਨਾ ਵੀ ਬੰਦੇ ਦੇ ਹੱਥ ਵਿੱਚ ਹੈ। ਪਰ ਫਲ ਪ੍ਰਭੂ ਦੇ ਹੱਥ ਹੈ। ਸਬਰ ਸ਼ਿਦਕ ਰੱਖਣ ਵਾਲਾ ਸਿਰਫ਼ ਸ਼ੁਭ ਕਰਮ ਕਰਦਾ ਹੈ। ਸ਼ੁਭ ਕਰਮਾਂ ਦੀ ਖੇਤੀ ਨੂੰ ਨਿਮਰਤਾ ਤੇ ਪ੍ਰੇਮ ਦਾ ਪਾਣੀ ਪਾਉਂਦਾ ਹੈ। ਵਰਨਾ ਸ਼ੁਭ ਕਰਮਾਂ ਵਿੱਚੋਂ ਵੀ ਹੰਕਾਰ ਦੀ ਸੜ੍ਹਾਂਦ ਆਉਣ ਲੱਗਦੀ ਹੈ। ਜੇਕਰ ਸ਼ੁਭ ਕਰਮਾਂ ਦੀ ਹਉਮੈ ਹੋ ਜਾਏ ਤਾਂ ਸੰਤੋਖ ਸਬਰ ਦਾ ਬੀਜ ਸੜ ਜਾਏਗਾ। ਸੋ ਸਬਰ ਤੇ ਸੰਤੋਖ ਵਿੱਚ ਜੀਊਣ ਵਾਲਾ ਬੰਦਾ ਸ਼ੁਭ ਕਰਮਾਂ ਦਾ ਬੀਜ ਬੀਜਦਾ ਹੈ ਅਤੇ ਪ੍ਰਭੂ ਨੂੰ ਸਮਰਪਤ ਕਰ ਦੇਂਦਾ ਹੈ।

ਕਈ ਵਾਰ ਇਸ ਤੋਂ ਉਲਟ ਬੰਦੇ ਦੇ ਅੰਦਰ, ਅਚੇਤ ਬੱਚੇ ਦੀ ਬਿਰਤੀ ਕਰਮ ਕਰਦੀ ਹੈ। ਛੋਟੇ ਬੱਚੇ ਇਸ ਤਰ੍ਹਾਂ ਕਰਦੇ ਹਨ ਕਿ ਅੰਬ ਦੀ ਗੁੱਠਲੀ ਨੂੰ ਧਰਤੀ ਵਿੱਚ ਦੱਬ ਦਿੰਦੇ ਹਨ ਫਿਰ ਦਿਨ ਵਿੱਚ ਚਾਰ ਵਾਰ ਉਸਨੂੰ ਉਖਾੜ ਕੇ ਦੇਖਦੇ ਹਨ ਕਿ ਅਜੇ ਉਹ ਗੁੱਠਲੀ ਅੰਕੁਰਿਤ ਹੋਣ ਲੱਗੀ ਹੈ, ਕਿ ਨਹੀਂ। ਅੰਕੁਰ ਨਿਕਲਿਆ ਹੈ, ਕਿ ਨਹੀਂ। ਇਹ ਬਹੁਤ ਛੋਟਾ ਹਿਰਦਾ ਹੈ। ਵਿਸ਼ਾਲਤਾ ਦਾ ਸਬੂਤ ਨਹੀਂ ਹੈ। ਬੰਦਾ ਬਹੁਤ ਵਾਰ ਇਸੇ ਤਰ੍ਹਾਂ ਕਰਦਾ ਹੈ। ਕਰਮ ਕਰਦਾ ਹੈ ਅਤੇ ਉਸ ਦੇ ਫਲ ਦੀ ਹੁਣੇ ਮੰਗ ਕਰਦਾ ਹੈ। ਬਹੁਤ ਵਾਰ ਤਾਂ ਬੰਦੇ ਦਾ ਸ਼ੁਭ, ਬੀਜ ਬੀਜਿਆ ਹੀ ਨਹੀਂ ਹੁੰਦਾ ਬਲਕਿ ਉਹ ਸ਼ੁਭ ਕਰਮ ਸਿਰਫ਼ ਲੋਕ ਦਿਖਾਵਾ ਹੁੰਦਾ ਹੈ। ਇਹ ਦਾਨ, ਪੁੰਨ, ਪਾਠ ਪੂਜਾ, ਜਪ ਤਪ ਲੰਗਰ ਆਦਿ ਜੇਕਰ ਕੋਈ ਲੋਕ ਵੇਖਣ ਵਾਲੇ ਨਾ ਹੋਵਣ ਤਾਂ ਬੰਦਾ ਇਹ ਕਦੇ ਕਰੇ ਹੀ ਨਾ। ਦਰਅਸਲ ਸ਼ੁਭ ਕਰਮ ਤਾਂ ਲੋਕਾਂ ਦੇ ਭਲੇ ਵਾਸਤੇ ਹੁੰਦੇ ਹਨ ਤਾਂਕਿ ਲੋਕਾਂ ਨੂੰ ਸਾਡੇ ਤੋਂ ਸੁਖ ਪ੍ਰਾਪਤ ਹੋ ਸਕੇ। ਇਹ ਕਰਮ ਸੰਤੋਖ ਤੇ ਸਿਦਕ ਤੋਂ ਬਿਨਾਂ ਨਹੀਂ ਕੀਤੇ ਜਾ ਸਕਦੇ। ਸਬਰ ਤੇ ਸੰਤੋਖੀ ਬੰਦਾ ਸਿਰਫ਼ ਸ਼ੁਭ ਕਰਮ ਕਰਦਾ ਹੈ ਅਤੇ ਇੰਨਾ ਲੁਕਾ ਕੇ ਕਰਦਾ ਹੈ ਕਿ ਕਿਸੇ ਨੂੰ ਪਤਾ ਵੀ ਨਹੀਂ ਚਲਦਾ ਕਿ ਕੌਣ ਇਹ ਸ਼ੁਭ ਕਰਮ ਕਰ ਰਿਹਾ ਹੈ। ਆਪਣੇ ਸ਼ੁਭ ਕਰਮਾਂ ਨੂੰ ਇੰਨਾਂ ਲੁਕਾਉਂਦੇ ਹਨ, ਕਿ ਜਿੰਨਾ ਇਕ ਕਿਸਾਨ ਧਰਤੀ ਵਿੱਚ ਡੂੰਘਾ ਬੀਜ ਬੀਜਦਾ ਹੈ। ਸਬਰ ਸਿਦਕ ਵਾਲੇ ਮਨੁੱਖ ਦੀਆਂ ਇਹੀ ਨਿਸ਼ਾਨੀਆਂ ਹਨ। ਸੰਤੋਖੀ ਵਿੱਚ ਇਨ੍ਹਾਂ ਸਵੈਮਾਨ ਹੁੰਦਾ ਹੈ। ਕਿ ਉਹ ਆਪਣੀ ਝੁੱਗੀ ਵਿੱਚ ਭੁੱਖਾ ਸੌਂ ਰਹਿੰਦਾ ਹੈ ਪਰ

ਕਿਸੇ ਅੱਗੇ ਹੱਥ ਨਹੀਂ ਕਰਦਾ। ਸ਼ੇਰ ਕੁੱਤੇ ਦਾ ਬੱਚਿਆ ਹੋਇਆ ਮਾਸ ਨਹੀਂ ਖਾਂਦਾ ਭਾਵੇਂ ਆਪਣੇ ਘੁਰਨੇ ਵਿੱਚ ਭੁਖਾ ਮਰ ਜਾਏ। ਸਬਰ ਤੇ ਸਿਦਕ ਰੱਖਣ ਵਾਲਾ ਬੰਦਾ ਕਮੀਨੇ ਦੇ ਅੱਗੇ ਹੱਥ ਨਹੀਂ ਕਰਦਾ ਭਾਵੇਂ ਭੁੱਖਾ ਮਰ ਜਾਏ।

7. ਸਖੀ ਅਤੇ ਸੰਤੋਖ

ਸ਼ੇਖ ਸ਼ਾਅਦੀ ਨੇ ਆਪਣੀ ਰਚਨਾ ਵਿੱਚ ਇਕ ਕਹਾਣੀ ਦਰਜ ਕੀਤੀ ਹੈ। ਹਾਤਮਤਾਈ ਦੇ ਸਖੀ ਹੋਣ ਦੀ ਜਗਤ ਵਿੱਚ ਬੜੀ ਪ੍ਰਸਿੱਧੀ ਸੀ। ਇਕ ਸਾਧੂ ਨੇ ਇਕ ਦਿਨ ਹਾਤਮਤਾਈ ਨੂੰ ਪੁੱਛਿਆ ਕਿ ਤੇਰੇ ਨਾਲੋਂ ਵੀ ਕੋਈ ਵੱਡਾ ਸਖੀ ਹੈ? ਹਾਤਮਤਾਈ ਨੇ ਕਿਹਾ, ਹਾਂ ਹੈ।

''ਇਕ ਦਿਨ ਮੈਂ ਬਹੁਤ ਵੱਡਾ ਲੰਗਰ ਲਾਇਆ। ਹਾਤਮਤਾਈ ਕਹਿਣ ਲੱਗਾ ਕਿ ਸਭ ਨੂੰ ਛਕਣ ਲਈ ਸੱਦਾ ਦਿੱਤਾ। ਸਭ ਅਮੀਰ ਤੇ ਗ਼ਰੀਬ ਲੋਕ ਵੀ ਆਏ। ਪਰ ਮੈਂ ਜਦੋਂ ਬਾਹਰ ਨਿਕਲਿਆ ਤੇ ਇਕ ਗ਼ਰੀਬ ਲੱਕੜਹਾਰਾ, ਲੱਕੜਾਂ ਦਾ ਗੱਠਾ ਸਿਰ 'ਤੇ ਰੱਖੀ ਆ ਰਿਹਾ ਸੀ। ਮੈਂ ਉਸ ਨੂੰ ਪੁੱਛਿਆ, ਤੂੰ ਹਾਤਮਤਾਈ ਦੇ ਸੱਦੇ 'ਤੇ ਭੋਜਨ ਕਰਨ ਨਹੀਂ ਗਿਆ? ਸਭ ਲੋਕ ਅੱਜ ਉਥੇ ਇਕੱਠੇ ਹੋਏ ਹਨ। ਉਸ ਗਰੀਬ ਲੱਕੜਹਾਰੇ ਨੇ ਕਿਹਾ, ਜੋ ਕੋਈ ਕੰਮ ਕਰਕੇ ਰੋਟੀ ਖਾਂਦਾ ਹੈ। ਉਹ ਹਾਤਮਤਾਈ ਦੇ ਅਹਿਸਾਨ ਨਾਲ ਸੰਤੋਖ ਨਹੀਂ ਗਵਾਏਗਾ।

ਹਾਤਮਤਾਈ ਕਹਿਣ ਲੱਗਾ, ਬੱਸ! ਉਹੀ ਮੇਰੇ ਨਾਲੋਂ ਜ਼ਿਆਦਾ ਸੁਖੀ ਹੈ। ਜੋ ਸੰਤੋਖੀ ਹੈ। ਸਿਦਕ ਨਾਲ ਆਪਣਾ ਜੀਵਨ ਬਤੀਤ ਕਰਦਾ ਹੈ।

ਧਰਮ ਯਾਤਰਾ ਕਰਨ ਵਾਸਤੇ ਦਇਆ ਤੇ ਸੰਤੋਖ ਦੇ ਦੋ ਪੈਰ ਹੋਣੇ ਬਹੁਤ ਜ਼ਰੂਰੀ ਹਨ। ਦਇਆ ਕਰਕੇ ਮਨੁੱਖ ਦੁਖੀਆਂ ਦੇ ਦੁੱਖ ਵੰਡਾਉਂਦਾ ਹੈ। ਸੰਸਾਰ ਦਾ ਭਲਾ ਲੋੜਦਾ ਹੈ। ਸੰਤੋਖ ਦਾ ਧਾਰਨੀ ਹੋਣ ਕਰਕੇ ਸਿਮਰਨ ਵਿੱਚ ਲੀਨ ਹੁੰਦਾ ਹੈ। ਦਇਆ ਤੋਂ ਬਿਨਾਂ ਕਿਸੇ ਦੇ ਦੁੱਖ ਨਹੀਂ ਵੰਡਾਏ ਜਾ ਸਕਦੇ। ਸੰਤੋਖ ਤੋਂ ਬਿਨਾਂ ਸਿਮਰਨ ਨਹੀਂ ਹੋ ਸਕਦਾ। ਦਇਆ ਸੇਵਾ ਨੂੰ ਜਨਮ ਦੇਂਦੀ ਹੈ ਅਤੇ ਸੰਤੋਖ ਸਿਮਰਨ ਨੂੰ। ਸੇਵਾ ਸੰਸਾਰ ਦੀ ਅਤੇ ਸਿਮਰਨ ਕਰਤਾਰ ਦਾ ਕਰਨਾ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ ਕਿ ਧਰਮ ਦਇਆ ਦਾ ਪੁੱਤਰ ਹੈ। ਦਇਆ, ਧਰਮ ਦੀ ਜਨਮ ਦਾਤੀ ਹੈ। ਸੰਤੋਖ ਪਿਤਾ ਹੈ। ਸੰਤੋਖ ਨਾਲ ਹੀ ਧਰਮ ਸਥਾਪਨ ਹੁੰਦਾ ਹੈ।

ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥

(ਜਪੁਜੀ, ਪੰਨਾ 3)

ਦਇਆਲੂ ਮਨੁੱਖ ਸੇਵਾ ਭਾਵ ਵਾਲਾ ਹੁੰਦਾ ਹੈ। ਸੰਤੋਖੀ ਸਿਮਰਨ ਕਰਦਾ ਹੈ।

ਸੇਵਾ ਹੀ ਪ੍ਰੇਮ ਨੂੰ ਜਨਮ ਦੇਂਦੀ ਹੈ। ਸਿਮਰਨ ਨਾਲ ਆਤਮ-ਰਸ ਪੈਦਾ ਹੁੰਦਾ ਹੈ। ਸੰਤੋਖੀ ਮਨੁੱਖ ਹਮੇਸ਼ਾਂ ਉਸ ਵੱਡੇ ਪਰਮਾਤਮਾ ਦਾ ਸ਼ੁਕਰ ਗੁਜਾਰ ਹੁੰਦਾ ਹੈ। ਲੋਭੀ ਹਮੇਸ਼ਾਂ ਸ਼ਿਕਾਇਤ ਕਰਦਾ ਹੈ। ਲੋਭੀ ਦੀ ਝੋਲੀ ਬਹੁਤ ਵੱਡੀ ਹੈ। ਮੰਗਾਂ ਬਹੁਤ ਹਨ। ਪਰਮਾਤਮਾ ਕਿੰਨਾ ਵੀ ਉਸ ਨੂੰ ਦੇ ਦੇਵੇ, ਪਰ ਉਸ ਦੀ ਝੋਲੀ ਏਨੀ ਵੱਡੀ ਹੈ ਕਿ ਕਹਿੰਦਾ ਹੈ ਤੂੰ ਕੁਝ ਵੀ ਨਹੀਂ ਦਿੱਤਾ। ਪਰ ਸੰਤੋਖੀ ਹਮੇਸ਼ਾਂ ਉਸ ਦਾ ਸ਼ੁਕਰ ਕਰਦਾ ਹੈ, ਕਿ ਮੇਰੀ ਯੋਗਤਾ ਅਨੁਸਾਰ ਤੂੰ ਜ਼ਿਆਦਾ ਦਿੱਤਾ ਹੈ। ਤੇਰੀ ਬੜੀ ਮਿਹਰਬਾਨੀ ਹੈ। ਤੂੰ ਇੰਨਾ ਦਿੱਤਾ ਹੈ ਕਿ ਮੇਰੀ ਝੋਲੀ ਹੀ ਛੋਟੀ ਹੈ। ਮੇਰੀ ਪਾਤਰਤਾ ਏਨੀ ਨਹੀਂ, ਕਿ ਜਿੰਨਾ ਤੂੰ ਦੇ ਦਿੱਤਾ ਹੈ।

8. ਸ਼ਿਕਾਇਤ ਤੇ ਸੰਤੋਖ

ਹਜ਼ਰਤ ਸ਼ੇਖ ਸ਼ਾਅਦੀ ਨੇ ਆਪਣੀ ਜੀਵਨ ਕਥਾ ਵਿੱਚ ਜ਼ਿਕਰ ਕੀਤਾ ਹੈ, ਕਿ ਗਰਮੀਆਂ ਦੇ ਦਿਨ ਸਨ। ਮਾਰੂਥਲ ਦਾ ਇਲਾਕਾ ਸੀ। ਰੇਤ ਬੜੀ ਗਰਮ ਸੀ। ਦੁਪਹਿਰ ਦੀ ਨਿਮਾਜ ਪੜ੍ਹਨ ਵਾਸਤੇ ਮਸਜਿਦ ਵਿੱਚ ਜਾਣਾ ਸੀ। ਹਜ਼ਰਤ ਸ਼ਾਅਦੀ ਕਹਿੰਦੇ ਹਨ ਕਿ, ਮੁਫਲਿਸ਼ੀ (ਗਰੀਬੀ) ਕਾਰਨ ਮੇਰੇ ਪੈਰਾਂ ਵਿੱਚ ਜੋੜਾ ਵੀ ਨਸੀਬ ਨਹੀਂ ਸੀ। ਰੇਤ ਬਹੁਤ ਤਪੀ ਹੋਈ ਸੀ। ਤਪੀ ਹੋਈ ਰੇਤ ਵਿੱਚ ਤੁਰਨਾ ਬਹੁਤ ਔਖਾ ਸੀ। ਇਕ ਊਠ ਸਵਾਰ, ਨੇੜਿਉਂ ਲੰਘਿਆ। ਊਠ ਉਪਰ ਸਵਾਰ ਸੀ। ਨਾਲ ਛੱਤਰੀ ਵੀ ਉਪਰ ਕੀਤੀ ਹੋਈ ਸੀ। ਸੁਭਾਵਿਕ ਮਨ ਅੰਦਰੋਂ ਇਕ ਸ਼ਿਕਾਇਤ ਪੈਦਾ ਹੋਈ ਕਿ ਹੇ ਖੁਦਾਵੰਦ ਕਰੀਮ! ਇਉਂ ਲੱਗਦਾ ਹੈ ਕਿ ਕਈਆਂ ਉਪਰ ਤੇਰੀ ਬੜੀ ਮਿਹਰਬਾਨੀ ਹੈ। ਕਈਆਂ ਉਪਰ ਤੇਰੀ ਬੜੀ ਕਰੋਪੀ ਹੈ। ਕਈਆਂ ਨੂੰ ਤਾਂ ਤੂੰ ਸੋਹਣੀਆਂ ਅਸਵਾਰੀਆਂ ਦਿੱਤੀਆਂ ਹਨ, ਯਾਤਰਾ ਵਾਸਤੇ। ਕਈਆਂ ਦੇ ਪੈਰਾਂ ਵਿੱਚ ਜੋੜਾ ਵੀ ਨਸੀਬ ਨਹੀਂ ਹੈ। ਮੈ ਤੇਰੀ ਨਿਮਾਜ਼ ਅਦਾ ਕਰਨ ਵਾਸਤੇ ਮਸਜਿਦ ਵਿੱਚ ਪਹੁੰਚਣਾ ਹੁੰਦਾ ਹੈ। ਤਪੀ ਹੋਈ ਰੇਤ ਵਿੱਚ ਪੈਰ ਮੇਰੇ ਤਪਦੇ ਸੜਦੇ ਹਨ। ਮੇਰੇ ਕੋਲੋਂ ਤੁਰਿਆ ਵੀ ਨਹੀਂ ਜਾਂਦਾ। ਮੁਫਲਿਸ ਮੈਂ ਏਨਾ ਹਾਂ ਕਿ ਜੋੜਾ ਖ੍ਰੀਦ ਸਕਣ ਦੀ ਮੇਰੇ ਵਿੱਚ ਸਮਰਥਾ ਨਹੀਂ ਹੈ। ਤੂੰ ਇੰਨੀ ਮਿਹਰਬਾਨੀ ਕਰ ਦੇ ਕਿ ਜਿਥੇ ਦੂਜਿਆਂ ਨੂੰ ਚੰਗੀਆਂ ਅਸਵਾਰੀਆਂ ਦਿੱਤੀਆਂ ਹਨ, ਉਥੇ ਮੈਨੂੰ ਤੂੰ ਕਿਸੇ ਕੋਲੋਂ ਇਕ ਜੋੜਾ ਹੀ ਦਿਵਾ ਦੇ। ਸ਼ਾਅਦੀ ਕਹਿੰਦੇ ਹਨ ਕਿ ਇਨ੍ਹਾਂ ਸ਼ਿਕਵਿਆਂ ਨਾਲ ਭਰਿਆ ਹੋਇਆ ਮੈਂ ਜਦੋਂ ਮਸਜਿਦ ਦੀਆਂ ਪੌੜੀਆਂ 'ਤੇ ਚੜ੍ਹਨ ਲੱਗਾ ਤਾਂ ਇਕ ਐਸਾ ਬੰਦਾ ਵੀ ਉਨ੍ਹਾਂ ਪੌੜੀਆਂ ਉਪਰ ਚੜ੍ਹ ਰਿਹਾ ਸੀ ਕਿ ਜਿਸ ਦੇ ਦੋਵੇਂ ਪੈਰ ਨਹੀਂ ਸਨ। ਗੋਡਿਆਂ ਨਾਲ ਰਿੜਕੇ ਮਸਜਿਦ ਦੀਆਂ ਪੌੜੀਆਂ ਚੜ੍ਹ ਰਿਹਾ ਸੀ। ਸ਼ਾਅਦੀ ਕਹਿੰਦੇ ਹਨ ਕਿ ਮੈਂ ਉਸ ਨੂੰ ਪੁੱਛਿਆ ਕਿ ਤੂੰ ਤਾਂ ਮੇਰੇ ਨਾਲੋਂ ਜ਼ਿਆਦਾ

ਦੁਖੀ ਹੋਵੇਂਗਾ? ਉਹ ਪੈਰ ਹੀਣ ਆਦਮੀ ਕਹਿਣ ਲੱਗਾ ਕਿਉਂ? ਤੈਨੂੰ ਕੀ ਦੁੱਖ ਹੈ? ਸ਼ਾਅਦੀ ਕਹਿੰਦੇ ਹਨ ਮੇਰੇ ਪੈਰੀਂ ਜੋੜਾ ਨਹੀਂ, ਪਰ ਤੇਰੇ ਤਾਂ ਪੈਰ ਹੀ ਨਹੀਂ ਹਨ। ਉਹ ਆਦਮੀ ਸ਼ਾਅਦੀ ਨੂੰ ਕਹਿਣ ਲੱਗਾ! ਕਿ ਫਿਰ ਮੈ ਤੇਰੇ ਨਾਲੋਂ ਜ਼ਿਆਦਾ ਦੁਖੀ ਨਹੀਂ ਹਾਂ ਕਿਉਂਕਿ ਉਸ ਵਡੇ ਪਰਮਾਤਮਾ ਨੇ, ਮੈਨੂੰ ਦੋ ਪੈਰ ਘੱਟ ਦਿੱਤੇ ਹਨ ਪਰ ਮੇਰੇ ਹੱਥ ਤਾਂ ਪੂਰੇ ਹਨ। ਮੇਰੇ ਕੰਨ, ਅੱਖਾਂ, ਨੱਕ ਨੈਣ ਨਕਸ਼ ਸਭ ਪੂਰੇ ਹਨ। ਉਸ ਵੱਡੇ ਦੀ ਬੜੀ ਮਿਹਰਬਾਨੀ ਹੈ ਕਿ ਉਸ ਨੇ ਪੈਰ ਹੀ ਨਹੀਂ ਦਿੱਤੇ ਹਨ, ਦੋ ਅੱਖਾਂ ਵੀ ਉਹ ਨਾ ਦੇਂਦਾ ਤਾਂ ਮੈ ਕੀ ਕਰ ਸਕਦਾ ਸਾਂ। ਉਹ ਤਾਂ ਡਾਢਾ ਹੈ। ਉਸ ਦੀ ਹੀ ਮਰਜੀ ਚਲਦੀ ਹੈ। ਜੋ ਕੁਝ ਮੈਨੂੰ ਨਹੀਂ ਮਿਲਿਆ। ਉਸ ਲਈ ਅਜੇ ਮੇਰੀ ਯੋਗਤਾ (ਪਾਤਰਤਾ) ਹੀ ਨਹੀਂ ਹੈ। ਜੋ ਕੁਝ ਮੈਨੂੰ ਮਿਲਿਆ ਹੈ, ਉਸ ਲਈ ਉਸ ਦਾ ਬੜਾ ਸ਼ੁਕਰ ਹੈ, ਕਿ ਉਸ ਨੇ ਮੈਨੂੰ ਦਿੱਤਾ ਹੈ। ਇਹ ਸੰਤੋਖੀ ਪੁਰਸ਼ ਦੇ ਅੰਦਰੋਂ ਹੀ ਧੰਨਵਾਦ ਨਿਕਲ ਸਕਦਾ ਹੈ। ਲੋਭੀ ਦੇ ਅਦਰੋਂ ਸ਼ਿਕਾਇਤ ਹੀ ਨਿਕਲੇਗੀ। ਸ਼ਾਅਦੀ ਕਹਿੰਦੇ ਹਨ, ਕਿ ਉਸ ਆਦਮੀ ਦੇ ਮੂੰਹੋਂ, ਮੈਂ ਏਨਾ ਸੁਣ ਕੇ ਉਸ ਨੂੰ ਮੱਥਾ ਟੇਕਿਆ। ਉਸ ਵੱਡੇ ਪਰਮਾਤਮਾ ਕੋਲੋਂ ਮੁਆਫੀ ਮੰਗੀ। ਕਿਹਾ ਕਿ ਹੇ ਖ਼ੁਦਾ! ਮੈਥੋਂ ਬਹੁਤ ਭੁੱਲ ਹੋਈ ਹੈ ਕਿ ਮੈ ਸ਼ਿਕਾਇਤ ਕਰਦਾ ਰਿਹਾ, ਕਿ ਲੋਕਾਂ ਨੂੰ ਚਗੀਆਂ ਅਸਵਾਰੀਆਂ ਦਿੱਤੀਆਂ ਹਨ ਪਰ ਮੈਨੂੰ (ਜੁੱਤੀ) ਵੀ ਨਹੀਂ ਦਿੱਤੀ। ਪਰ ਮੈਨੂੰ ਤਾਂ ਹੁਣ ਪਤਾ ਲੱਗਾ ਹੈ ਕਿ ਕਈਆਂ ਨੂੰ ਤੂੰ ਜੁੱਤੀ ਨਹੀਂ ਦਿੱਤੀ ਤੇ ਕਈਆਂ ਨੂੰ ਤਾਂ ਪੈਰ ਵੀ ਨਹੀਂ ਦਿੱਤੇ। ਮੈਂ ਕਦੇ ਕੁਝ ਨਹੀਂ ਮੰਗਾਂਗਾ ਜੋ ਕੁਝ ਤੂੰ ਮੈਨੂੰ ਦਿੱਤਾ ਉਹੀ ਤੰਦਰੁਸਤ ਰਹੇ। ਤੂੰ ਯੋਗਤਾ ਤੋਂ ਜ਼ਿਆਦਾ ਬਖਸ਼ਿਸ ਕਰਦਾ ਹੈਂ। ਸਤ ਸੰਤੋਖ ਅਤੇ ਸਬਰ ਸਿਦਕ ਵਿੱਚ ਰਹਿਣ ਵਾਲਾ ਹਮੇਸ਼ਾਂ ਸ਼ੁਕਰ ਗੁਜਾਰ ਹੁੰਦਾ ਹੈ। ਦੁੱਖਾਂ ਵੇਲੇ ਹੀ ਸੰਤੋਖ ਦਾ ਪਤਾ ਲੱਗਦਾ ਹੈ। ਦੁੱਖ ਦਰਅਸਲ ਸੰਤੋਖ ਦੀ ਕਸਵੱਟੀ ਹਨ। ਸਬਰ ਸਿਦਕ ਦਾ ਪਤਾ ਉਦੋਂ ਹੀ ਲੱਗਦਾ ਹੈ। ਜਦੋਂ ਦੁੱਖ ਆਉਣ। ਕੋਈ ਬਿਪਤਾ ਆਣ ਘੇਰੇ। ਇਕ ਬੰਦਾ ਆਪੇ ਆਖੀ ਜਾਵੇ ਪਈ ਮੈਂ ਬੜਾ ਈਮਾਨਦਾਰ ਹਾਂ। ਨੇਕ ਹਾਂ, ਸੱਚਾ ਹਾਂ। ਹੁਣ ਇਮਾਨਦਾਰੀ ਦਾ ਪਤਾ ਤਾਂ ਲੱਗੇ ਜੇਕਰ ਕੋਈ ਹੱਥ ਪੱਲਾ ਮਾਰਨ ਦਾ ਮੌਕਾ ਮਿਲੇ। ਕੋਈ ਮਾਲ ਦੌਲਤ ਹੱਥ ਆਵੇ। ਜਦੋਂ ਮੌਕਾ ਹੀ ਨਹੀਂ ਮਿਲਦਾ। ਕੋਈ ਦੌਲਤ ਹੱਥ ਨਹੀਂ ਆਉਂਦੀ ਤਾਂ ਬੰਦਾ ਆਪਣੇ ਆਪ ਹੀ ਈਮਾਨਦਾਰ ਹੈ। ਦਰਅਸਲ ਬੰਦਾ ਈਮਾਨਦਾਰ ਘੱਟ ਹੀ ਹੁੰਦਾ ਹੈ। ਬੇਈਮਾਨੀ ਕਰਨ ਦਾ ਮੌਕਾ ਹੀ ਬਹੁਤ ਘੱਟ ਹੁੰਦਾ ਹੈ। ਬੇਈਮਾਨੀ ਕਰਨ ਦਾ ਮੌਕਾ ਹੀ ਬਹੁਤ ਘੱਟ ਬਣਦਾ ਹੈ। ਇਸੇ ਤਰ੍ਹਾਂ ਹੀ ਸੰਤੋਖੀ ਦਾ ਵੀ ਉਦੋਂ ਹੀ ਪਤਾ ਲੱਗਦਾ ਹੈ ਜਦੋਂ ਕੋਈ ਦੁੱਖ ਆਵੇ। ਕੋਈ ਲੋਭ ਮਿਲੇ। ਜੇਕਰ ਲੋਭ ਮਿਲਣ 'ਤੇ ਵੀ ਬੰਦਾ ਸੰਤੋਖੀ ਰਹਿ ਗਿਆ ਤਾਂ ਸਮਝੋ ਸੰਤੋਖੀ ਹੈ। ਕਈਆਂ ਨੂੰ ਬਾਹਰੋਂ ਵੇਖਿਆਂ ਤਾਂ

ਸ਼ਾਂਤ ਚਿੱਤ ਲੱਗਦੇ ਹਨ। ਪਰ ਅੰਦਰੋਂ ਨਿਰੀ ਅੱਗ ਹੁੰਦੀ ਹੈ। ਪਰਮਾਤਮਾ ਦੇ ਸਬਰ ਸ਼ੁਕਰ ਵਿੱਚ ਜੀਉਣ ਵਾਲਾ ਪੁਰਖ ਕਦੇ ਵੀ ਉਕਤਾਉਂਦਾ ਨਹੀਂ।

9. ਸ਼ਕਤੀ ਅਤੇ ਸੰਤੋਖ

ਇਕ ਬਹੁਤ ਬਜ਼ੁਰਗ, ਇਕ ਦਰੱਖਤ ਹੇਠਾਂ ਬੈਠ ਕੇ ਬਹੁਤ ਦੇਰ ਤੋਂ ਚਿੰਤਨ ਕਰਦਾ ਸੀ। ਇਕ ਦਿਨ ਨਾਰਦ ਮੁਨੀ ਉਸ ਬੱਢੇ ਸੰਨਿਆਸੀ ਕੋਲ ਗਏ। ਉਸ ਨੂੰ ਪੁੱਛਿਆ, ਕਿਉਂ ਭਾਈ ਕਿੰਨੀ ਦੇਰ ਤੋਂ ਚਿੰਤਨ ਕਰ ਰਹੇ ਹੋ? ਉਸ ਸੰਨਿਆਸੀ ਨੇ ਕਿਹਾ, ਪੰਜਾਹ ਸਾਲ ਤੋਂ ਲੱਗਾਤਾਰ ਇਸੇ ਦਰੱਖਤ ਹੇਠਾਂ ਬੈਠ ਕੇ ਰੋਜ਼ ਚਿੰਤਨ ਕਰਦਾ ਹਾਂ। ਨਾਰਦ ਮੁਨੀ ਕਹਿਣ ਲੱਗੇ ਮੈਂ ਤਾਂ ਪ੍ਰਭੂ ਦੇ ਪਾਸ (ਸੱਚਖੰਡ) ਜਾ ਰਿਹਾ ਹਾਂ। ਤੂੰ ਪਰਮਾਤਮਾ ਤੋਂ ਕੁਝ ਪੁੱਛਣਾ ਹੈ ਤਾਂ ਦੱਸ। ਉਹ ਬੱਢਾ ਸੰਨਿਆਸੀ ਕਹਿਣ ਲੱਗਾ ਹੋ ਸਕੇ ਤਾਂ ਮੇਰੀ ਤਰਫੋਂ ਪਰਮਾਤਮਾ ਨੂੰ ਪੁੱਛਣਾ, ਕਿ ਹੋਰ ਕਿੰਨਾ ਚਿਰ ਲੱਗੇਗਾ। ਮਿਲਾਪ ਲਈ ਹੋਰ ਕਿੰਨੀ ਦੇਰ ਤਪਸਿਆ ਕਰਨੀ ਪਵੇਗੀ? ਨਾਰਦ ਮੁਨੀ ਕਹਿਣ ਲੱਗੇ ਠੀਕ ਹੈ, ਮੈਂ ਪ੍ਰਭੂ ਤੋਂ ਪੁੱਛ ਆਵਾਗਾਂ।

ਉਸੇ ਹੀ ਦਰੱਖਤ ਹੇਠ ਦੂਜੇ ਪਾਸੇ ਇਕ ਨੌਜਵਾਨ ਵੀ ਕੁਝ ਗਾ ਰਿਹਾ ਸੀ। ਇਕ ਤਾਰਾ ਉਸਦੇ ਹੱਥ ਵਿੱਚ ਸੀ। ਆਪਣੀ ਹੀ ਮਸਤੀ ਵਿੱਚ ਮਸਤ ਸੀ। ਨਾਰਦ ਮੁਨੀ ਉਸ ਦੇ ਕੋਲ ਵੀ ਗਏ। ਕਿਉਂ ਭਾਈ ਤੂੰ ਵੀ ਪਰਮਾਤਮਾ ਤੋਂ ਕੁਝ, ਪੁੱਛਣਾ ਹੈ? ਮੈਂ ਪ੍ਰਭੂ ਕੋਲ ਜਾ ਰਿਹਾ ਹਾਂ। ਉਹ ਨੌਜਵਾਨ ਕਹਿਣ ਲੱਗਾ, ਨਹੀਂ! ਮੁਨੀ ਜੀ! ਮੈਂ ਕੁਝ ਨਹੀਂ ਪੁੱਛਣਾ? ਮੈਂ ਬਹੁਤ ਠੀਕ ਹਾਂ, ਅੱਛਾ ਹਾਂ, ਇਥੇ ਉਸ ਦੇ ਚਿੰਤਨ ਵਿਚ ਹੀ ਬਹੁਤ ਰਸ ਹੈ। ਮੇਰੇ ਵਲੋਂ ਤਾਂ ਪਰਮਾਤਮਾ ਨੂੰ ਕੋਈ ਤਕਲੀਫ, ਮੱਤ ਦੇਣਾ।

ਫਿਰ ਕੁਝ ਦਿਨਾਂ ਤੋਂ ਬਾਅਦ ਨਾਰਦ ਆ ਗਏ। ਉਸੇ ਹੀ ਦਰੱਖਤ ਦੇ ਹੇਠਾਂ ਉਸ ਬੁੱਢੇ ਸੰਨਿਆਸੀ ਨੂੰ ਮਿਲੇ। ਸੰਨਿਆਸੀ ਨੇ ਪੁੱਛਿਆ! ਸੁਣਾਉ ਮੁਨੀ ਜੀ! ਤੁਸੀਂ ਪ੍ਰਭੂ ਕੋਲ ਗਏ ਸੀ? ਨਾਰਦ ਕਹਿਣ ਲੱਗੇ ਹਾਂ, ਗਿਆ ਸੀ। ਮੈਂ ਆਪ ਵੱਲੋਂ ਪੁੱਛਿਆ ਸੀ ਕਿ ਦੱਸੋ ਉਸ ਬਜ਼ੁਰਗ ਸੰਨਿਆਸੀ ਨੂੰ ਹੋਰ ਕਿੰਨੀ ਦੇਰ ਚਿੰਤਨ ਕਰਨਾ ਪਏਗਾ? ਤਾਂ ਪਰਮਾਤਮਾ ਨੇ ਮੈਨੂੰ ਜੁਆਬ ਦਿੱਤਾ ਕਿ ਜਿੰਨੇ ਉਸ ਦਰੱਖਤ ਉਪਰ ਪੱਤੇ ਹਨ। ਉਨੇ ਸਾਲ ਹੀ ਮਿਲਾਪ ਲਈ ਹੋਰ ਲੱਗਣਗੇ। ਉਹ ਬਜ਼ੁਰਗ ਸੰਨਿਆਸੀ ਇਹ ਸੁਣ ਕੇ ਬਹੁਤ ਨਿਰਾਸ਼ ਹੋਇਆ ਬਹੁਤ ਗੁੱਸੇ ਵਿੱਚ ਆ ਗਿਆ। ਉਸ ਨੇ ਆਪਣੀ ਮਾਲਾ ਤੋੜ ਕੇ ਆਕਾਸ਼ ਵੱਲ ਸੁਟ ਦਿੱਤੀ ਜੋ ਪਾਠ ਕਰਦਾ ਸੀ, ਉਹ ਪੋਥੀ ਸੁਟ ਦਿਤੀ ਕਹਿਣ ਲੱਗਾ ਕਿ ਇਹ ਧੋਖਾ ਹੈ ਇਹ ਬੇਇਨਸਾਫ਼ੀ ਹੈ, ਮੈਂ ਇਸ ਤਰ੍ਹਾਂ ਨਹੀਂ ਕਰ ਸਕਦਾ। ਇੰਨੇ ਪੱਤੇ ਫਿਰ ਇੰਨੇ ਸਾਲ ਇਹ ਤਾਂ ਕਈ ਜਨਮਾਂ ਦਾ ਸਮਾਂ ਹੈ। ਮੇਰਾ ਵਿਸ਼ਵਾਸ ਉਠ ਗਿਆ

ਹੈ। ਮੈਂ ਨਹੀਂ ਮੰਨਦਾ ਕਿ ਪ੍ਰਮਾਤਮਾ ਹੈ। ਨਾਰਦ ਮੁਨੀ ਮੁਸਕਰਾ ਕੇ ਕਹਿਣ ਲੱਗੇ ਦੇਖ ਲਉ! ਪਰਮਾਤਮਾ ਨੇ ਤਾਂ ਇਸ ਤਰ੍ਹਾਂ ਹੀ ਕਿਹਾ ਸੀ।

ਤਾਂ ਫਿਰ ਨਾਰਦ ਮੁਨੀ ਉਸ ਨੌਜਵਾਨ ਦੇ ਕੋਲ ਗਏ ਜੋ ਆਪਣੀ ਮਸਤੀ ਵਿੱਚ ਗਾ ਰਿਹਾ ਸੀ। ਉਸ ਨੂੰ ਬੁਲਾ ਕੇ ਕਹਿਣ ਲੱਗੇ, ਕਿ ਠੀਕ ਹੈ ਤੂੰ ਮੈਨੂੰ ਕਿਹਾ ਸੀ ਕਿ ਮੇਰੀ ਤਰਫ਼ ਤੋਂ ਕੁਝ ਮੱਤ ਪੁੱਛਣਾ। ਪਰ ਮੈਂ ਫਿਰ ਵੀ ਪੁੱਛਿਆ ਸੀ, ਕਿ ਹੇ ਪ੍ਰਭੂ! ਉਸ ਨੌਜਵਾਨ ਨੂੰ ਹੋਰ ਕਿੰਨਾ ਸਮਾਂ ਲੱਗੇਗਾ। ਪਰਮਾਤਮਾ ਨੇ ਜੁਆਬ ਦਿੱਤਾ ਸੀ ਕਿ ਓਨਾ ਹੀ ਸਮਾਂ, ਜਿੰਨੇ ਉਸ ਦਰੱਖਤ ਦੇ ਪੱਤੇ ਹਨ। ਓਨੇ ਹੀ ਸਾਲ ਲੱਗ ਜਾਣਗੇ। ਉਹ ਨੌਜਵਾਨ ਬਹੁਤ ਹੈਰਾਨ ਹੋਇਆ। ਇਕ ਦਮ ਚੌਂਕ ਕੇ ਕਹਿਣ ਲੱਗਾ ਕਿ ਇੰਨੇ ਥੋੜ੍ਹੇ ਸਮੇ ਵਿੱਚ। ਇਸ ਦਰੱਖਤ ਦੇ ਪੱਤਿਆਂ ਬਰਾਬਰ ਸਾਲਾਂ ਵਿਚ। ਉਹ ਨੌਜਵਾਨ ਆਪਣਾ ਇਕ ਤਾਰਾ ਲੈ ਕੇ ਨੱਚਣ ਲੱਗ ਪਿਆ। ਪਰਮਾਤਮਾ ਦੀ ਯਾਦ ਵਿੱਚ ਇਸ ਮਸਤੀ ਵਿੱਚ ਨੱਚਿਆ ਤੇ ਝੂਮਿਆਂ ਕਿ ਉਸੇ ਵਕਤ ਸਮਾਧੀ ਨੂੰ ਉਪਲੱਬਧ ਹੋ ਗਿਆ। ਉਹ ਪ੍ਰੇਮ ਰਸ ਨੂੰ ਪ੍ਰਾਪਤ ਹੋ ਗਿਆ। ਜੇਕਰ ਹਿਰਦੇ ਅੰਦਰ ਪਰਮਾਤਮਾ ਦੀ ਯਾਦ ਇਸ ਤਰ੍ਹਾਂ ਆਈ ਰਹੇ ਤਾਂ ਸਮਾਧੀ ਲੱਗ ਹੀ ਜਾਏਗੀ। ਇਸ ਹਾਲਤ ਵਿੱਚ ਸਬਰ, ਸਿਦਕ, ਪ੍ਰੇਮ, ਸੰਗੀਤ ਤੇ ਭਗਤੀ ਸਭ ਇਕੱਠੇ ਹੋ ਜਾਂਦੇ ਹਨ ਅਤੇ ਸਮਾਧੀ ਦੀ ਪ੍ਰਾਪਤੀ ਲਈ ਇਹ ਸਭ ਕੁਝ ਜ਼ਰੂਰੀ ਹੈ।

ਭਾਈ ਸਾਹਿਬ ਭਾਈ ਨੰਦ ਲਾਲ ਜੀ ਦਾ ਕਥਨ ਹੈ, ਕਿ ਸਤ ਸੰਤੋਖ ਤੇ ਸਬਰ ਸ਼ੁਕਰ ਦੇ ਧਾਰਨੀ ਬੰਦਿਆਂ ਨੂੰ, ਸਦਾ; ਆਨੰਦ ਹੀ ਆਨੰਦ ਹੈ ਅਤੇ ਰੱਬ ਦੇ ਰਾਹ ਉੱਪਰ ਉਹ ਕਦੇ ਡੋਲਦੇ ਨਹੀਂ। ਬਸ! ਮਸਤੀ ਵਿੱਚ ਤੁਰੇ ਹੀ ਜਾਂਦੇ ਹਨ:-

ਮਰਾ ਦਰ ਮੰਜ਼ਲ ਜਾਨਾਂ, ਹਮਾ ਐਸ਼ੋ ਹਮਾ ਸ਼ਾਦੀ॥
ਜਰਸ ਬੇਹੂਦਾ ਮੀ-ਨਾਲਦ ਕੁਜਾ ਬੰਦੇਮ ਮਹਿਮਲ ਹਾ॥

(ਗਜ਼ਲ ਨੰ: ੩ ਦੀਵਾਨਿ ਗੋਯਾ)

ਸਿਰਮੌਰ ਭਗਤ ਕਬੀਰ ਜੀ ਦਾ ਕਥਨ ਹੈ ਕਿ ਦੁਨੀਆਂ ਦੀਆਂ ਦੌਲਤਾਂ ਲਈ ਬੰਦਾ ਬਹੁਤ ਯਤਨ ਕਰਦਾ ਹੈ। ਗਊਆਂ, ਹਾਥੀ, ਘੋੜੇ, ਹੀਰੇ, ਰਤਨ ਜਵਾਹਰ ਆਦਿ ਦੌਲਤ ਦੀਆਂ ਖਾਨਾਂ ਹਨ। ਪਰ ਸੰਤੋਖ ਇਕ ਐਸੀ ਪੂੰਜੀ ਹੈ, ਕਿ ਮਨੁੱਖ ਨੂੰ ਪੂਰਨ ਤ੍ਰਿਪਤ ਕਰ ਦੇਂਦੀ ਹੈ। ਸੰਤੋਖੀ ਪੁਰਸ਼ ਆਪਣੇ ਆਪ ਵਿੱਚ ਵੀ ਇਕ ਰਾਜਾ ਹੈ ਬਾਕੀ ਦੌਲਤ ਤਾਂ ਸੰਤੋਖ ਦੀ ਧੂੜ ਹੈ:-

ਗੋਧਨ, ਗਜਧਨ, ਬਾਜਧਨ, ਔਰ ਰਤਨ ਧਨ ਖਾਨ॥
ਜਬ ਆਵੈ ਸੰਤੋਖ ਧਨ, ਸਭ ਧਨ ਧੂਰਿ ਸਮਾਨ॥

(ਕਬੀਰ ਬੀਚਕ)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਕਹਿਣਾ ਹੈ ਕਿ ਜੋ ਪੁਰਸ਼ ਸੀਲ ਸੰਤੋਖੀ ਰਹਿੰਦਾ ਹੈ ਉਹ ਤਿੰਨਾਂ ਗੁਣਾਂ ਤੋਂ ਉੱਚਾ ਉਠਦਾ ਹੈ ਅਤੇ ਚੋਥੀ ਪਦਵੀ (ਸਹਿਜ ਪਦ) ਨੂੰ ਪ੍ਰਾਪਤ ਹੁੰਦਾ ਹੈ।

ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ॥

(ਸ਼ਬਦ ਹਜ਼ਾਰੇ ਪਾ: ੧੦)

ਲੋਭੀ ਤੇ ਲਾਲਚੀ ਬੰਦਾ, ਹਰ ਚੀਜ਼ ਨੂੰ ਆਪਣੀ ਬਣਾਉਣਾ ਚਾਹੁੰਦਾ ਹੈ। ਇਸ ਵਾਸਤੇ ਉਸ ਨੂੰ ਕਿੰਨਾ ਵੀ ਬੁਰਾ ਕਿਉਂ ਨਾ ਕਰਨਾ ਪਏ, ਉਹ ਕਰ ਦੇਂਦਾ ਹੈ। ਸੰਤੋਖੀ ਦੀ ਬ੍ਰਿਤੀ ਇਸ ਤੋਂ ਬਿਪ੍ਰੀਤ ਹੈ। ਸੰਤੋਖੀ ਚਾਹੁੰਦਾ ਹੈ, ਕਿ ਰੱਬ ਨੇ ਮੈਨੂੰ ਇੰਨਾ ਦਿੱਤਾ ਹੈ, ਕਿ ਵੰਡਿਆਂ ਮੁੱਕਦਾ ਨਹੀਂ। ਜੇਕਰ ਬੰਦੇ ਦੇ ਅੰਦਰ ਸੰਤੋਖ ਹੈ ਤਾਂ ਸਾਰਾ ਜੀਵਨ ਕੁਝ ਵੰਡਦਾ ਰਹੇਗਾ। ਜੇਕਰ ਅੰਦਰ ਲੋਭ ਹੈ ਤਾਂ ਜੀਵਨ ਕੁਝ ਖੋਹਦਾ ਰਹੇਗਾ। ਦੂਜਿਆਂ ਨੂੰ ਲੁੱਟਦਾ ਰਹੇਗਾ।

ਹੁਕਮ ਤੇ ਗੁਰੂ ਦੀ ਕਲਾ

1. ਹਾਕਮ ਅਤੇ ਹੁਕਮ

ਸਾਰੀ ਸ੍ਰਿਸ਼ਟੀ ਕਰਤੇ ਦੇ ਹੁਕਮ ਤੋਂ ਬਣੀ ਤੇ ਉਹ ਆਪਣੀ ਕੁਦਰਤ (ਕਲਾ) ਨਾਲ ਚਲਾ ਰਿਹਾ ਹੈ। ਉਸ ਦੀ ਕੁਦਰਤ ਦਾ ਆਰਾ ਪਾਰ ਨਹੀਂ ਪਾਇਆ ਜਾ ਸਕਦਾ।

ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰ॥
ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰ॥

(ਸੂਹੀ ਵਾਰ ਮਹਲਾ ੩, ਪੰਨਾ ੭੮੯)

ਉਹ ਕਰਤਾ ਪੁਰਖ ਨਾਸ਼ ਰਹਿਤ ਹੈ ਅਤੇ ਉਸ ਦਾ ਹੁਕਮ ਵੀ ਸੱਚਾ ਅਤੇ ਅਬਿਨਾਸੀ ਹੈ।

ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ॥
ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ॥

(ਵਡਹੰਸੁ ਮਹਲਾ ੫, ਪੰਨਾ ੫੬੨)

ਗੁਰੂ ਨਾਨਕ ਸਾਹਿਬ ਜੀ ਦਾ ਕਥਨ ਹੈ, ਕਿ ਇਹ ਸਭ ਕੁਝ ਹੁਕਮ ਤੋਂ ਉਪਜਿਆ ਹੈ। ਹੁਕਮ ਦੀ ਹੀ ਕਾਰ ਹੋ ਰਹੀ ਹੈ। ਹੁਕਮ ਅੰਦਰ ਹੀ ਸਾਰੀ ਰਚਨਾ ਦਾ ਇੰਤਜ਼ਾਮ ਹੋ ਰਿਹਾ ਹੈ। ਇਹ ਰਚਨਾ ਕਾਲ (ਸਮੇਂ) ਵਿੱਚ ਹੈ। ਪਰ ਉਹ ਕਰਤਾ ਪੁਰਖ ਆਪ ਸਮੇਂ ਵਿੱਚ ਨਹੀਂ। ਕਾਲ ਵਿੱਚ ਨਹੀਂ ਬਲਕਿ ਅਕਾਲ ਪੁਰਖ ਹੈ। ਜੀਵ ਦੇ ਆਪਣੇ ਵੱਸ ਵਿੱਚ ਕੁਛ ਵੀ ਨਹੀਂ। ਸਭ ਕੁਝ ਉਸੇ ਦੇ ਹੁਕਮ ਵਿੱਚ ਹੈ। ਉਹ ਜੋ ਚਾਹੁੰਦਾ ਹੈ, ਉਹੀ ਕਰਦਾ ਹੈ।

ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ॥
ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ॥
ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ॥

(ਸਿਰੀਰਾਗੁ ਮਹਲਾ ੧, ਪੰਨਾ ੫੫)

ਪਰਮਾਤਮਾ ਦੇ ਹੁਕਮ ਵਿੱਚ ਹੀ ਸਭ ਜੀਵਾਂ ਦਾ ਜਨਮ ਹੁੰਦਾ ਹੈ। ਹੁਕਮ ਵਿੱਚ ਹੀ ਜੀਵ ਜੀਉ ਰਹੇ ਹਨ। ਫਿਰ ਉਸ ਦੇ ਹੁਕਮ ਵਿੱਚ ਹੀ ਮੌਤ (ਬਿਨਾਸ) ਹੁੰਦੀ ਹੈ। ਸਮੁੱਚਾ ਦ੍ਰਿਸ਼ਮਾਨ ਸੰਸਾਰ (ਕਾਇਨਾਤ) ਹੁਕਮ ਵਿੱਚ ਹੈ।

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥

(ਜਪੁਜੀ, ਪੰਨਾ ੧)

ਜਿੰਨੇ ਵਜੂਦ ਬਣੇ ਹਨ ਯਾਨੀ ਕਿ ਸ਼ਕਲਾਂ ਬਣੀਆਂ ਹਨ। ਸਭ ਹੁਕਮ ਅਨੁਸਾਰ ਹਨ। ਉਸ ਦੇ ਹੁਕਮ ਨੂੰ ਬਿਆਨ ਰਾਹੀਂ ਬਿਆਨਿਆ ਨਹੀਂ ਜਾ ਸਕਦਾ। ਉਸ ਪਰੀਪੂਰਨ ਪਰਮਾਤਮਾ ਦੇ ਹੁਕਮ ਨੂੰ ਮੰਨਿਆ ਹੀ ਜਾ ਸਕਦਾ ਹੈ। ਉਸ ਦੇ ਹੁਕਮ ਦਾ ਮੁਕਾਬਲਾ ਵੀ ਨਹੀਂ ਕੀਤਾ ਜਾ ਸਕਦਾ। ਉਸ ਦੇ ਹੁਕਮ ਦਾ ਅੰਤ ਨਹੀਂ, ਬਲਕਿ ਉਸਦੇ ਹੁਕਮ ਵਿੱਚ ਰਾਜ਼ੀ ਰਿਹਾ ਜਾ ਸਕਦਾ ਹੈ। ਅੰਤ ਲੱਭਣ ਤੁਰਾਂਗੇ ਤਾਂ ਵੀ ਅੰਤ ਲਭੇਗਾ ਨਹੀਂ। ਸਾਡਾ ਹੀ ਅੰਤ ਹੋ ਜਾਵੇਗਾ।

ਉਸ ਪਰੀਪੂਰਨ ਪਰਮਾਤਮਾ ਦੇ ਹੁਕਮ ਦਾ ਅੰਤ ਨਹੀਂ ਲਭਿਆ ਜਾ ਸਕਦਾ। ਉਸ ਦੇ ਅੰਤ ਨੂੰ ਲੱਭਣ ਨਾਲ ਬੰਦਾ ਸ਼ੋਭਾ ਵੀ ਨਹੀਂ ਪਾਉਂਦਾ। ਉਸ ਦੇ ਹੁਕਮ ਵਿੱਚ ਰਾਜ਼ੀ ਹੋ ਕੇ ਨਾ ਤੁਰਨ ਕਰਕੇ ਮਨੁੱਖ ਦੁੱਖਦਾਈ ਜੀਵਨ ਭੋਗਦਾ ਹੈ। ਮੌਤ ਵੀ ਦੁੱਖਦਾਈ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਉਸ ਦੇ ਹੁਕਮ ਤੋਂ ਆਕੀ ਹੋਣ ਵਾਲੇ ਭਾਵ ਕਿ ਆਪਣੀ ਮਰਜ਼ੀ ਨਾਲ ਚਲਣ ਵਾਲੇ ਭਾਵੇਂ ਬ੍ਰਹਮੇ, ਵਿਸ਼ਨੂੰ, ਰਿਸ਼ੀ ਮੁਨੀ, ਇੰਦਰ, ਸ਼ਿਵ ਤਪੀ, ਰਾਜੇ ਜਾਂ ਭਿਖਾਰੀ ਹੋਣ। ਉਹ ਹੋਣਗੇ ਦੁੱਖੀ ਹੀ।

ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ॥
ਮਾਨੈ ਹੁਕਮੁ ਸੋਹੇ ਦਰਿ ਸਾਚੈ ਆਕੀ ਮਰਹਿ ਅਫਾਰੀ॥

(ਮਾਰੂ ਮਹਲਾ ੧, ਪੰਨਾ ੯੯੨)

ਉਹ ਸੋਝੀਵਾਨ ਤੇ ਸਿਆਣਾ ਹੈ, ਜੋ ਹੁਕਮ ਵਿੱਚ ਰਾਜ਼ੀ ਰਹਿੰਦਾ ਹੈ। ਉਹ ਇੱਜ਼ਤਵਾਨ ਹੈ ਜੋ ਉਸ ਦੇ ਹੁਕਮ ਅੰਦਰ ਚਲਦਾ ਹੈ।

ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ॥ ੧॥

(ਮਾਝ ਮਹਲਾ ੫, ਪੰਨਾ ੧੦੮)

ਇਸ ਹੁਕਮ ਦੀ ਜਿਸ ਨੂੰ ਸਮਝ ਆ ਜਾਏ, ਉਹ ਹੁਕਮੀ (ਪਰਮਾਤਮਾ) ਨਾਲ ਇਕਮਿਕ ਹੁੰਦਾ ਹੈ।

ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥ ੧॥

(ਪੰਨਾ ੧੩੯)

ਹੁਕਮ ਤੇ ਹੁਕਮੀ ਨੂੰ ਜੋ ਸਮਝ ਲੈਂਦਾ ਹੈ, ਉਹ ਕਰਤਾਰ (ਸਾਹਿਬ) ਦੇ ਭੇਦ ਨੂੰ ਜਾਣ ਲੈਂਦਾ ਹੈ।

ਕਹੁ ਨਾਨਕ ਜਿਨਿ ਹੁਕਮੁ ਪਛਾਤਾ॥

ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥

(ਰਾਮਕਲੀ ਮਹਲਾ ੫, ਪੰਨਾ ੮੮੫)

ਸਭ ਕੁਝ ਹੁਕਮ ਵਿੱਚ ਹੀ ਹੈ। ਹੁਕਮ ਤੋਂ ਬਾਹਰ ਕੁਝ ਵੀ ਨਹੀਂ। ਉਸ ਦੇ ਹੁਕਮ ਤੋਂ ਬਿਨਾਂ ਇਕ ਪੱਤਾ ਵੀ ਨਹੀਂ ਝੁੱਲਦਾ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥

(ਜਪੁਜੀ, ਪੰਨਾ ੧)

ਹੁਕਮ ਕੀ ਹੈ? ਇਸ ਦੀ ਜਾਣਕਾਰੀ ਬੜੀ ਔਖੀ ਹੈ। ਉਸ ਦੇ ਹੁਕਮ ਵਿੱਚ ਸਭ ਕੁਝ ਬਣ ਰਿਹੈ ਤੇ ਫਿਰ ਮਿਟ ਰਿਹੈ।

ਹੁਕਮੇ ਆਵੈ ਹੁਕਮੇ ਜਾਇ॥ ਆਗੈ ਪਾਛੈ ਹੁਕਮਿ ਸਮਾਇ॥ ੨॥

(ਗਉੜੀ ਮਹਲਾ ੧, ਪੰਨਾ ੧੫੧)

ਉਸ ਦੇ ਹੁਕਮ ਨੂੰ ਅਸੀਂ ਕਿਸੇ ਤਰ੍ਹਾਂ ਵੀ ਆਪਣੇ ਬਿਆਨ ਵਿੱਚ ਪੂਰਾ ਬਿਆਨ ਨਹੀਂ ਕਰ ਸਕਦੇ। ਕਿਵੇਂ ਬਿਆਨ ਹੋਵੇਗਾ, ਸਾਗਰ ਨੂੰ ਗਾਗਰ ਵਿੱਚ ਨਹੀਂ ਬੰਦ ਕੀਤਾ ਜਾ ਸਕਦਾ। ਹਾਂ, ਉਸ ਦਾ ਹੁਕਮ ਅਨੁਭਵ ਦਾ ਵਿਸ਼ਾ ਹੈ। ਉਹ ਆਪ ਅਨੁਭਵ ਪ੍ਰਕਾਸ਼ ਹੈ।

ਅਨਭਉ ਪ੍ਰਕਾਸ ਅਮਿਤੋਜ ਕਹਿਜੈ॥ (ਜਾਪੁ ਸਾਹਿਬ)

ਪ੍ਰਕਾਸ਼ ਅੱਖਾਂ ਦਾ ਮਜ਼ਬੂਨ ਹੈ। ਵੇਖਿਆ ਜਾ ਸਕਦਾ ਹੈ, ਬੋਲਿਆ ਨਹੀਂ ਜਾ ਸਕਦਾ। ਉਸ ਦਾ ਹੁਕਮ ਬਿਆਨ ਕਰਨ ਦਾ ਮਜ਼ਬੂਨ ਨਹੀਂ ਹੈ। ਇਹ ਅੰਤਰ ਆਤਮੇ ਤੋਂ ਅਨੁਭਵ ਹੁੰਦਾ ਹੈ। ਹਾਂ, ਜੋ ਕੁਝ ਉਸ ਦੇ ਹੁਕਮ ਅੰਦਰ ਹੋ ਰਿਹਾ ਹੈ, ਜਿਸ ਦਾ ਕੁਝ ਅਨੁਮਾਨ ਲੱਗ ਸਕਦਾ ਹੈ, ਉਸ ਹੁਕਮ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਜੀ, ਜਪੁਜੀ ਸਾਹਿਬ ਵਿੱਚ ਕਰਦੇ ਹਨ।

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ (ਜਪੁਜੀ, ਪੰਨਾ ੧)

ਜਿੰਨੇ ਆਕਾਰ ਹਨ ਪਸ਼ੂ, ਪੰਛੀ, ਕੀੜੇ ਮਕੌੜੇ, ਮਨੁੱਖ, ਸੂਰਜ, ਚੰਦ, ਤਾਰੇ, ਸਿਆਰੇ, ਗ੍ਰਿਹ ਨਛੱਤਰ ਸਭ ਆਕਾਰ ਹਨ। ਆਕਾਰ ਕਹੀਏ ਵਜੂਦ ਨੂੰ, ਜੋ ਵਿਖਾਈ ਦੇਂਦਾ ਹੈ ਉਹ ਆਕਾਰ ਹੈ। ਉਸ ਪ੍ਰਭੂ ਦੇ ਹੁਕਮ ਵਿੱਚ ਹੀ ਸਭ ਆਕਾਰ ਬਣੇ ਹਨ। ਪਸ਼ੂ, ਪੰਛੀ, ਗ੍ਰਿਹ ਨਛੱਤਰਾਂ ਦੀ ਘਾੜਤ ਉਸ ਦੇ ਹੁਕਮ ਵਿੱਚ ਹੀ ਘੜੀ ਗਈ ਹੈ। ਮਾਤਾ ਦੇ ਗਰਭ ਵਿੱਚ, ਇਕ ਪਾਣੀ ਦੇ ਕਤਰੇ ਤੋਂ ਸਾਡਾ ਵਜੂਦ (ਆਕਾਰ) ਬਣਿਆ ਹੈ। ਅਸੀਂ ਆਪ ਨਹੀਂ ਬਣਾਇਆ। ਉਸ ਦੇ ਹੁਕਮ ਵਿੱਚ ਬਣਿਆ ਹੈ। ਸਭ ਉਸ ਦੇ ਹੁਕਮ ਵਿੱਚ ਬਣੇ ਹਨ। ਫਿਰ ਜੋ ਕੁਝ ਉਸ ਦੇ ਹੁਕਮ ਵਿੱਚ ਬਣਿਆ ਹੈ, ਉਹ ਉਸੇ ਦੀ ਮਰਜ਼ੀ ਅਨੁਸਾਰ ਚੱਲ ਰਿਹਾ ਹੈ। ਉਸ ਦੇ ਵਿਧਾਨ ਵਿੱਚ ਚਲ ਰਿਹੈ। ਉਸ ਪਰੀਪੂਰਨ ਪਰਮਾਤਮਾ ਨੇ ਹਰ

ਚੀਜ਼ ਨੂੰ ਇਕ ਵਿਧਾਨ ਦਿੱਤਾ ਹੈ। ਨਿਯਮਬਧ ਕੀਤਾ ਹੈ। ਉਸੇ ਨਿਯਮ ਵਿੱਚ ਉਹ ਚੀਜ਼ ਟਿਕੀ ਹੋਈ ਹੈ। ਉਸੇ ਦੇ ਹੁਕਮ ਦੀ ਪਾਲਣਾ, ਹਰ ਜੀਵ ਨੂੰ ਕਰਨੀ ਪੈਂਦੀ ਹੈ। ਨਹੀਂ ਕਰੇਗਾ ਤਾਂ ਦੁੱਖੀ ਹੋਵੇਗਾ।

2. ਹੱਦ ਅਤੇ ਹੁਕਮ

ਹੁਕਮੀ ਹੋਵਨਿ ਅਕਾਰ ਹੁਕਮੁ ਨ ਕਹਿਆ ਜਾਈ॥ (ਜਪੁਜੀ, ਪੰਨਾ ੧)

ਉਸ ਦੇ ਹੁਕਮ ਦਾ ਵਰਣਨ ਇਕ ਹੱਦ ਤਕ ਹੋ ਸਕਦਾ ਹੈ। ਜਿੰਨੀ ਕੁ ਸਾਡੀ ਸੁਰਤ (ਬੁੱਧ) ਦੀ ਪਹੁੰਚ ਹੈ। ਪਰ ਉਸ ਤੋਂ ਅੱਗੇ ਨਹੀਂ। ਪਰ ਉਹ ਕਰਤਾ ਹੈ ਅਤੇ ਸਾਰਾ ਸੰਸਾਰ ਉਸ ਦੀ ਕ੍ਰਿਤ ਹੈ। ਕਰਤਾ ਤਾਂ ਕ੍ਰਿਤ ਬਾਰੇ ਬਿਆਨ ਕਰ ਸਕਦਾ ਹੈ ਪਰ ਕਿਰਤ ਨੂੰ ਕੀ ਗਿਆਨ ਹੈ ਕਿ ਕਰਤਾ ਦਾ ਕਿੰਨਾ ਵਿਸਥਾਰ ਹੈ?

ਪਿਤਾ ਕਾ ਜਨਮੁ ਕਿ ਜਾਨੈ ਪੂਤੁ॥ ਸਗਲ ਪਰੋਈ ਅਪੁਨੈ ਸੂਤਿ॥
(ਸੁਖਮਨੀ, ਪੰਨਾ ੨੮੪)

ਸੋ ਉਸ ਦੇ ਹੁਕਮ ਵਿੱਚ ਕੀ ਕੁਝ ਹੋ ਰਿਹੈ ਤੇ ਹੋਇਆ ਹੈ। ਸਾਹਿਬ ਕਹਿੰਦੇ ਹਨ ਕਿ ਕਥਨ ਨਹੀਂ ਕੀਤਾ ਜਾ ਸਕਦਾ, ਇਹ ਹੁਕਮ ਕਿੰਨਾ ਕੁ ਵੱਡਾ ਹੈ:-

ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥
(ਰਹਰਾਸਿ, ਪੰਨਾ ੯)

ਕਿਉਂਕਿ ਹੁਕਮ ਕਰਨ ਵਾਲਾ ਮਾਲਕ ਆਪ ਅਨਹੱਦ ਹੈ। ਹੱਦ ਤੋਂ ਪਰ੍ਹੇ ਹੈ। ਇਸ ਕਰਕੇ ਉਸ ਦਾ ਹੁਕਮ ਵੀ ਅਨਹੱਦ ਹੈ। ਸੀਮਾਂ (ਹੱਦ) ਤੋਂ ਪਰੇ ਹੈ। ਬੰਦੇ ਦੀ ਇਕ ਹੱਦ ਹੈ। ਬੰਦਾ ਉਸੇ ਹੱਦ ਤਕ ਜੀਉਂਦਾ ਹੈ। ਤੇ ਉਸੇ ਹੱਦ ਤਕ ਬਿਆਨ ਕਰ ਸਕਦਾ ਹੈ ਉਸ ਤੋਂ ਪਰੇ ਨਹੀਂ। ਬੰਦੇ ਦੀ ਅੱਖ ਇਕ ਹੱਦ ਦੀ ਦੂਰੀ ਤਕ ਦੇਖ ਸਕਦੀ ਹੈ ਉਸ ਤੋਂ ਅੱਗੇ ਨਹੀਂ। ਵਸਤੂ ਜਾਂ ਪਦਾਰਥ ਨੂੰ ਤੋਲਣ ਜਾਂ ਨਾਪਣ ਵਾਸਤੇ ਬੰਦੇ ਕੋਲ ਸਾਧਨ ਤਿੰਨ ਹਨ। ਬੰਦਾ ਵਸਤੂ ਨੂੰ ਕੁਝ ਗਿਣ ਲੈਂਦਾ ਹੈ ਕੁਝ ਤੋਲ ਲੈਂਦਾ ਹੈ ਤੇ ਕੁਝ ਨਾਪ ਲੈਂਦਾ ਹੈ। ਸਾਧਨ ਤਿੰਨੇ ਹੀ ਹਨ (ਪੈਮਾਨੇ ਤਿੰਨ ਹਨ) ਚੌਥਾ ਸਾਧਨ ਕੋਈ ਨਹੀਂ ਬੰਦੇ ਕੋਲ। ਜਿਹੜੀ ਚੀਜ਼ ਨਾਪ ਤੋਲ ਤੇ ਗਿਣਤੀ ਵਿੱਚ ਆ ਜਾਏ। ਉਹ ਬਿਅੰਤ ਨਹੀਂ ਹੋ ਸਕਦੀ। ਉਹ ਅਨੰਤ ਨਹੀਂ ਹੋ ਸਕਦੀ। ਉਸ ਦੀ ਇਕ ਹੱਦ ਹੈ। ਗੁਰਦੇਵ ਕਹਿੰਦੇ ਹਨ ਇਕ ਉਹ ਪਰਮਾਤਮਾ ਅਨਹੱਦ ਹੈ ਬਿਆਨ ਵਿੱਚ ਨਹੀਂ ਆਉਂਦਾ।

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ (ਜਪੁਜੀ, ਪੰਨਾ ੧)

ਉਹ ਹੁਕਮ ਕਰਨ ਵਾਲਾ ਇੰਨਾ ਵੱਡਾ ਹੈ ਕਿ ਉਸ ਦੇ ਹੁਕਮ ਵਿੱਚ ਸਭ ਨੂੰ ਰਹਿਣਾ ਪੈਂਦਾ ਹੈ। ਜਦ ਹੁਕਮ ਕਰਨ ਵਾਲਾ ਬਹੁਤ ਵੱਡਾ ਹੈ ਤਾਂ ਉਸ ਦਾ ਹੁਕਮ ਵੀ ਬਹੁਤ ਵਡਾ ਹੋਵੇਗਾ। ਜਦ ਉਹ ਆਪ ਵੱਡਾ ਹੈ, ਤਾਂ ਉਸ ਦੇ ਨਿਯਮ ਵੀ ਬਹੁਤ ਵੱਡੇ ਹੋਣਗੇ। ਮਰਿਆਦਾ ਵੀ ਬਹੁਤ ਵੱਡੀ ਹੋਵੇਗੀ। ਉਸ ਦੇ ਹੁਕਮ ਨੂੰ ਅੱਖਰਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ।

ਹੁਕਮੁ ਨ ਕਹਿਆ ਜਾਈ॥ (ਜਪੁਜੀ, ਪੰਨਾ ੧)

ਉਸ ਦੇ ਬਣਾਏ ਹੋਏ ਨਿਯਮ ਦੇ ਮੁਤਾਬਿਕ ਹੀ ਆਕਾਰ (ਵਜੂਦ) ਬਣਦੇ ਹਨ। ਵਜੂਦ, ਖੰਡ, ਬ੍ਰਹਿਮੰਡ ਗ੍ਰਿਹ, ਨਛੱਤਰ ਸਭ ਆਕਾਰ ਬਣਦੇ ਹਨ। ਆਕਾਰ ਪਹਾੜਾਂ ਦੇ, ਦਰਿਆਵਾਂ, ਝੀਲਾਂ, ਤੇ ਸਾਗਰਾਂ ਦੇ। ਆਕਾਰ ਪਸ਼ੂ ਪੰਛੀਆਂ ਦੇ, ਕੀੜੇ ਮਕੌੜਿਆਂ, ਬਨਸਪਤੀ, ਅਤੇ ਮਨੁੱਖ ਦੇ, ਸਭ ਉਸ ਦੇ ਹੁਕਮ ਨਾਲ ਬਣਦੇ ਹਨ।

ਭਾਵੇਂ ਅੱਜ ਦੇ ਜ਼ਮਾਨੇ ਵਿੱਚ ਵਿਗਿਆਨ (ਸਾਇੰਸ) ਆਪਣੀਆਂ ਪੂਰਨ ਬੁਲੰਦੀਆਂ 'ਤੇ ਹੈ ਪਰ ਅਜੇ ਤਕ ਵਿਗਿਆਨ ਨੂੰ ਖ਼ੂਨ ਬਨਾਉਣ ਦੀ ਜਾਚ ਨਹੀਂ ਆਈ। ਭੋਜਨ ਤੋਂ ਖ਼ੂਨ ਕਿਵੇਂ ਬਣਦਾ ਹੈ। ਰੋਟੀ ਤੋਂ ਖ਼ੂਨ ਕਿਵੇਂ ਬਣਦਾ ਹੈ। ਇਸ ਦੀ ਸੂਝ ਸਮਝ ਅਜੇ ਤਕ ਵਿਗਿਆਨੀ (ਸਾਇੰਸ) ਨੂੰ ਨਹੀਂ ਆ ਸਕੀ। ਇਸ ਵਾਸਤੇ ਬੰਦਿਆਂ ਦਾ ਖ਼ੂਨ ਕੱਢ ਕੇ, ਬੋਤਲਾਂ ਵਿਚ ਭਰ ਕੇ ਹਸਪਤਾਲਾਂ ਵਿੱਚ ਰੱਖਣਾ ਪੈਂਦਾ ਹੈ। ਗੱਲ ਤਾਂ ਬਿਲਕੁਲ ਸਪਸ਼ਟ ਹੈ। ਜੀਵਨ ਵਿਗਿਆਨ ਬਣਾ ਸਕੇ ਇਸ ਦਾ ਤਾਂ ਸੁਪਨਾ ਵੀ ਨਹੀਂ ਲੈਣਾ ਚਾਹੀਦਾ। ਵਿਗਿਆਨ ਤਾਂ ਖ਼ੂਨ ਵੀ ਨਹੀਂ ਬਣਾ ਸਕਦਾ। ਭੋਜਨ ਤੋਂ ਖ਼ੂਨ ਕਿਵੇਂ ਬਣਦਾ ਹੈ। ਸਾਇੰਸ ਦੀ ਸਮਝ ਤੋਂ ਪਰੇ ਹੈ। ਇਹ ਵਿਗਿਆਨ ਦੀ ਸਮਝ ਤੋਂ ਪਰੇ ਹੈ। ਗੱਲ ਬਿਲਕੁਲ ਸਪੱਸ਼ਟ ਹੈ, ਕਿ ਸਰੀਰ ਵਿੱਚ ਭੋਜਨ ਜਾਂਦਾ ਹੈ ਉਹ ਖ਼ੂਨ ਬਣਦਾ ਹੈ ਜੋ ਅੰਨ ਪਾਣੀ ਅਸੀਂ ਖਾਂਦੇ ਹਾਂ ਇਹੀ ਖ਼ੂਨ ਬਣਦਾ ਹੈ। ਸਾਰਾ ਅੰਨ ਪਾਣੀ ਵਿਗਿਆਨਕ ਦੇ ਅੱਗੇ ਰੱਖ ਦਿਉ, ਆਖੋ ਕਿਸੇ ਮਸ਼ੀਨ ਵਿੱਚ ਇਸ ਭੋਜਨ ਤੋਂ ਖ਼ੂਨ ਬਣਾ ਦੇ। ਅਜੇ ਵਿਗਿਆਨਕ ਦੀ ਪਕੜ ਤੋਂ ਇਹ ਗੱਲ ਪਰੇ ਹੈ। ਤਾਂ ਮੰਨਣਾ ਪਵੇਗਾ ਪਈ ਸਭ ਕੁਝ ਉਸ ਦੇ ਹੁਕਮ ਵਿੱਚ ਹੈ। ਜੋ ਕੁਝ ਬਣ ਰਿਹਾ ਹੈ, ਜੋ ਕੁਝ ਬਣੇਗਾ। ਸਭ ਉਸ ਹੁਕਮੀ ਦੇ ਹੁਕਮ ਵਿੱਚ ਬਣੇਗਾ, ਪਸ਼ੂ ਪੰਛੀਆਂ ਦੇ ਵਜੂਦ (ਆਕਾਰ) ਕੀੜੇ ਮਕੋੜਿਆਂ ਦੇ ਆਕਾਰ। ਬਨਸਪਤੀ, ਖੰਡ ਬ੍ਰਹਿਮੰਡ, ਗ੍ਰਿਹ, ਨਛੱਤਰ, ਸੂਖਸ਼ਮ, ਸਥੂਲ, ਤਮਾਮ ਜੀਵਨ ਪ੍ਰਭੂ ਦੇ ਬਣਾਏ ਹੁਕਮ ਦੇ ਮੁਤਾਬਿਕ ਹੈ। (ਨਿਯਮ) ਦੇ ਮੁਤਾਬਿਕ ਹੀ ਬਣਦਾ ਹੈ। ਨੱਕ ਕਿੱਥੇ ਹੋਣਾ ਚਾਹੀਦਾ ਹੈ ਇਹ ਉਸ ਨੇ ਨਿਯਮ ਬਣਾਇਆ ਹੈ। ਕੰਨ ਕਿੱਥੇ ਹੋਣੇ ਚਾਹੀਦੇ ਹਨ। ਇਹ ਉਸ ਦੀ ਨਿਯਮਾਵਲੀ ਅਨੁਸਾਰ ਹੈ। ਇਹ ਗੱਲ ਵੱਖਰੀ ਹੈ

ਕਿ ਮਨੁੱਖ ਆਪਣੀ ਨਾਸਮਝੀ ਦੇ ਕਾਰਨ ਕਹਿੰਦਾ ਹੈ, ਕਿ ਪ੍ਰਭੂ ਕੋਲੋਂ ਵੀ ਭੁੱਲਾਂ ਹੋਈਆਂ ਹਨ। ਜਿਵੇਂ ਕਿ ਕਾਲਪਨਿਕ ਕਥਾ ਹੈ ਕਿ:-

ਸਾਖੀ

ਹਦਵਾਣਿਆਂ ਦੇ ਖੇਤ ਵਿੱਚ ਇਕ ਜ਼ਿਮੀਦਾਰ, ਅੰਬ ਦੇ ਦਰੱਖਤ ਹੇਠਾਂ ਸੁੱਤਾ ਹੋਇਆ ਸੀ। ਉਹ ਸੋਚਦਾ ਸੀ ਪਈ ਰੱਬ ਬੜਾ ਭੋਲਾ ਹੈ। ਉਸਨੇ ਇੰਨੇ ਵੱਡੇ-ਵੱਡੇ ਹਦਵਾਣੇ (ਤਰਬੂਜ) ਛੋਟੀਆਂ ਛੋਟੀਆਂ ਵੇਲਾਂ ਨੂੰ ਲਾਏ ਹਨ ਤੇ ਨਿੱਕੇ ਨਿੱਕੇ ਅੰਬ ਇੰਨੇ ਵੱਡੇ ਦਰੱਖਤ ਨੂੰ ਲਾਏ ਹਨ। ਬੜਾ ਭੋਲਾ ਹੈ। ਕਾਸ਼! ਉਹ ਕਿਤੇ ਮੈਥੋਂ ਪੁੱਛਦਾ ਤੇ ਮੈਂ ਉਸ ਨੂੰ ਸਲਾਹ ਦੇਂਦਾ ਕਿ ਹਦਵਾਣੇ ਅੰਬਾਂ ਨੂੰ ਲਾਇਆ ਕਰ ਤੇ ਅੰਬ ਨਿੱਕੀਆਂ ਨਿੱਕੀਆਂ ਵੇਲਾਂ ਨੂੰ। ਸੋਚਦਿਆਂ ਸੋਚਦਿਆਂ ਅੰਬ ਦੇ ਦਰੱਖਤ ਹੇਠਾਂ ਲੇਟਿਆਂ-ਲੇਟਿਆਂ ਨੀਂਦ ਆ ਗਈ। ਹਵਾ ਦੇ ਤੇਜ ਝੋਂਕਿਆਂ ਨਾਲ, ਦਰੱਖਤ ਤੋਂ ਅੰਬ ਡਿਗਿਆ। ਉਸ ਦੇ ਸਿਰ 'ਤੇ ਆ ਵੱਜਿਆ। ਖਿਆਲ ਆਇਆ ਕਿ ਜੇਕਰ ਹਦਵਾਣਾ (ਤਰਬੂਜ) ਆ ਡਿੱਗਦਾ ਤਾਂ ਹਦਵਾਣੇ ਦੀ ਤਰ੍ਹਾਂ ਹੀ ਮੇਰਾ ਸਿਰ ਟੁੱਟ ਜਾਣਾ ਸੀ। ਨਹੀਂ ਪ੍ਰਭੂ! ਤੂੰ ਜੋ ਕੁਝ ਕੀਤਾ ਹੈ ਠੀਕ ਕੀਤਾ ਹੈ। ਸਹੀ ਕੀਤਾ ਹੈ। ਤੇਰੇ ਵਿੱਚ ਭੁੱਲ ਦੇਖਣਾ ਹੀ ਮੇਰੀ ਭੁੱਲ ਹੈ। ਤੇਰੇ ਵਿੱਚ ਗਲਤੀ ਨੂੰ ਦੇਖਣਾ ਹੀ ਮੇਰੀ ਗਲਤੀ ਹੈ। ਦਰਅਸਲ ਜੋ ਕੁਝ ਤੂੰ ਜਿੱਥੇ ਬਣਾਇਆ ਹੈ ਉਥੇ ਉਹ ਤੂੰ ਠੀਕ ਬਣਾਇਆ ਹੈ। ਹੇ ਪ੍ਰਭੂ! ਤੇਰੇ ਹੁਕਮ ਵਿੱਚ ਹੀ ਇਹ ਸਾਰੇ ਆਕਾਰ ਹਨ ਤੇ ਇਹ ਸਹੀ ਹਨ।

ਪਰਮਾਤਮਾ ਆਪ ਅਨਹੱਦ ਹੈ ਇਸ ਕਰਕੇ ਉਸ ਦੇ ਹੁਕਮ ਦੀ ਵੀ ਕੋਈ ਹੱਦ ਨਹੀਂ। ਉਹ ਆਪ ਵੱਡਾ ਹੈ ਤੇ ਉਸ ਦਾ ਹੁਕਮ ਵੀ ਬੜਾ ਵੱਡਾ ਹੈ। ਉਸ ਦੇ ਹੁਕਮ ਵਿੱਚ ਕੀ ਕੁਝ ਹੋ ਰਿਹਾ ਹੈ, ਸਤਿਗੁਰੂ ਦਾ ਕਥਨ ਹੈ:-

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ *(ਜਪੁਜੀ, ਪੰਨਾ ੧)*

ਜਿੰਨੇ ਵੀ ਆਕਾਰ ਹਨ (ਵਜੂਦ) ਹਨ। ਸਭ ਉਸ ਦੀ ਮਰਿਆਦਾ ਅਨੁਸਾਰ ਬਣੇ ਹਨ। ਹੁਕਮ ਵਿੱਚ ਬਣੇ ਹਨ। ਕਿਸੇ ਥਾਂ ਵੀ ਕੋਈ ਭੁੱਲ ਨਹੀਂ। ਕੋਈ ਕਮੀ ਨਹੀਂ ਹਰ ਵਸਤੂ ਆਪਣੇ ਆਪ ਵਿੱਚ ਪੂਰਨ ਹੈ। ਚਾਹੇ ਪਹਾੜ ਹਨ, ਨਦੀ ਨਾਲੇ ਹਨ ਸਾਗਰ ਹਨ, ਗ੍ਰਿਹ ਨਛੱਤਰ ਹਨ, ਕੀੜੇ ਮਕੌੜੇ ਹਨ, ਪਸ਼ੂ ਪੰਛੀ ਹਨ। ਹਰ ਵਜੂਦ ਆਪਣੀ ਥਾਂ 'ਤੇ ਆਪਣੇ ਵਿੱਚ ਸੰਪੂਰਨ ਹੈ। ਮੁਕੰਮਲ ਹੈ। ਜਿੰਨੇ ਆਕਾਰ ਹਨ ਸਭ ਪ੍ਰਭੂ ਦੇ ਹੁਕਮ ਦੁਆਰਾ ਹੀ ਬਣੇ ਹਨ। ਗੁਰ ਜੀ ਕਹਿੰਦੇ ਹਨ ਕਿ ਇਹ ਹੁਕਮ-

ਹੁਕਮੁ ਨ ਕਹਿਆ ਜਾਈ॥ *(ਜਪੁਜੀ, ਪੰਨਾ ੧)*

ਨਿੱਕੀ ਜ਼ਬਾਨ ਹੈ। ਹੁਕਮ ਵੱਡਾ ਹੈ। ਪੂਰਾ ਕਥਨ ਵਿਖਿਆਨ ਨਹੀਂ ਕੀਤਾ ਜਾ ਸਕਦਾ। ਉਸ ਦੀ ਬਣਾਈ ਨਿਯਮਾਵਲੀ ਬੜੀ ਵੱਡੀ ਹੈ ਤੇ ਇਸ ਜ਼ਬਾਨ ਨਾਲ ਬਿਆਨ ਕਰਨੀ ਬਹੁਤ ਔਖੀ ਹੈ। ਬਹੁਤ ਕਠਿਨ ਹੈ। ਮੂਲ ਗੱਲ ਇਹ ਹੈ ਸਭ ਕੁਝ ਉਸ ਦੇ ਹੁਕਮ ਵਿੱਚ ਹੋ ਰਿਹਾ ਹੈ, ਕੀਤਾ ਨਹੀਂ ਜਾ ਰਿਹਾ।

ਨੋਟ ਇਹ ਕਰਨਾ ਕਿ ਜੋ ਕੁਝ ਹੋ ਰਿਹਾ ਹੈ, ਇਸ ਨੂੰ ਸਮਝ ਲੈਣਾ ਹੀ ਭਗਤੀ ਹੈ। ਇਸ ਨੂੰ ਸਮਝ ਲੈਣਾ ਹੀ ਰੂਹਾਨੀਅਤ ਹੈ। ਜੋ ਕੁਝ ਹੋ ਰਿਹਾ ਹੈ ਉਸ ਨੂੰ ਨਾ ਸਮਝਣਾ, ਆਪਣੇ ਕਰਤੇਪਨ ਨੂੰ ਪੈਦਾ ਕਰਨਾ ਹੈ। ਬਸ ਇਹੀ ਉਲੰਘਣਾ ਹੈ। ਇਹੀ ਅਧਰਮ ਹੈ। ਇਹੀ ਭੁੱਲ ਹੈ। ਇਹੀ ਗ਼ਲਤੀ ਹੈ। ਗੁਰਦੇਵ ਕਹਿੰਦੇ ਹਨ ਜੋ ਕੁਝ ਇਸ ਛੋਟੀ ਜ਼ਬਾਨ ਨਾਲ ਜ਼ਿਕਰ ਕੀਤਾ ਜਾ ਸਕਦਾ ਹੈ, ਜਿਸ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।

3. ਵਡਿਆਈ ਅਤੇ ਹੁਕਮ

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ *(ਜਪੁਜੀ, ਪੰਨਾ ੧)*

ਜਿੰਨੇ ਜੀਵ ਹਨ। ਸਭ ਉਸ ਦੇ ਹੁਕਮ ਵਿੱਚ ਹੀ ਬਣੇ ਹਨ। ਉਸ ਦੇ ਹੁਕਮ ਵਿੱਚ ਹੀ ਜੀਵਨ ਵਿੱਚ ਜੀਉ ਰਹੇ ਹਨ। ਪੰਛੀਆਂ ਦੇ ਖੰਭ, ਪੰਖਾਂ 'ਤੇ ਰੰਗ, ਬੜੇ-ਬ-ਤਰਤੀਬ ਹਨ। ਮਛਲੀ ਦੀ ਸ਼ਕਲ। ਮਨੁੱਖ ਦੇ ਸਰੀਰ ਵਿੱਚ ਇਕ ਇਕ ਨਸ ਦਾ ਆਪਣੀ ਆਪਣੀ ਥਾਂ 'ਤੇ ਹੋਣਾ। ਫਿਰ ਬਮਰਿਆਦਾ ਹੋਣਾ। ਬੜੀ ਅੰਗਮੀ ਅਦੁੱਤੀ ਮਰਿਆਦਾ ਹੈ। ਜਿੰਨੇ ਜੀਵ ਹਨ ਇਨ੍ਹਾਂ ਜੀਵਾਂ ਵਿੱਚ ਵੱਡੇ ਤੇ ਛੋਟੇ , ਉੱਤਮ ਤੇ ਨੀਚ ਉਸ ਦੇ ਹੁਕਮ ਵਿੱਚ ਹੀ ਬਣੇ ਹਨ। ਦੇਖਦੇ ਹਾਂ ਕਿ ਉੱਤਮ ਤੇ ਨੀਚ ਹਰ ਜੀਵ, ਹਰ ਪਦਾਰਥ ਤੇ ਹਰ ਜੰਤੂ ਵਿੱਚ ਹਨ। ਪੱਥਰਾਂ ਵਿੱਚੋਂ ਸੰਗਮਰਮਰ ਸਭ ਤੋਂ ਉੱਤਮ ਹੈ। ਵੈਸੇ ਹੀਰਾ ਵੀ ਇਕ ਪੱਥਰ ਹੈ। ਪੱਥਰਾਂ ਦੀ ਸਿਖਰ ਹੈ। ਪੱਥਰ ਵੱਧ ਤੋਂ ਵੱਧ ਆਪਣੀ ਬੁਲੰਦੀ ਨੂੰ ਛੂਹ ਸਕਦਾ ਹੈ, ਤਾਂ ਉਹ ਹੀਰਾ ਹੀ ਹੈ, ਪਰ ਆਮ ਪੱਥਰ ਹੈ। ਇਕ ਉਸ ਤੋਂ ਵੀ ਵਧੀਆ ਹੈ। ਇਹ ਉੱਤਮ ਤੇ ਨੀਚ, ਪ੍ਰਭੂ ਦੇ ਹੁਕਮ ਵਿੱਚ ਹੀ ਹੈ। ਵਰਨਾ ਪੱਥਰ ਤੋਂ ਹੀਰਾ ਕਿਵੇਂ ਬਣਦਾ ਹੈ, ਮਨੁੱਖ ਦੀ ਸਮਝ ਤੋਂ ਪਰੇ ਦੀ ਗੱਲ ਹੈ। ਹੀਰੇ ਨੂੰ ਕੋਈ ਪੱਥਰ ਬਣਾਵੇ। ਮਨੁੱਖ ਦੇ ਵੱਸ ਦੀ ਗੱਲ ਨਹੀਂ। ਪੱਥਰ ਹੀ ਹੀਰੇ ਹੋ ਜਾਂਦੇ ਹਨ। ਹੀਰਾ ਪੱਥਰ ਦਾ ਉੱਤਮ ਰੂਪ ਹੈ। ਪੱਥਰ, ਪੱਥਰ ਦਾ ਨੀਵਾਂ ਰੂਪ ਹੈ।

ਬਨਸਪਤੀ ਵਿੱਚ ਝਾਤ ਮਾਰੀਏ। ਚੰਦਨ ਸਿਰਮੌਰ ਹੈ, ਇਹਦਾ ਕੋਈ ਮੁਕਾਬਲਾ ਨਹੀਂ। ਕਿੱਕਰ ਵੀ ਹੈ, ਜੰਡ ਹੈ। ਇਹ ਵੀ ਦਰਖ਼ਤ ਹਨ। ਕੋਈ ਫੁੱਲ ਨਹੀਂ, ਫਲ ਨਹੀਂ, ਮਹਿਕ ਨਹੀਂ, ਗੁਣ ਨਹੀਂ। ਪਰ ਮਹਿਕ ਸੁਗੰਧੀ ਨਾਲ ਭਰਪੂਰ ਖੜਾ ਹੈ, ਚੰਦਨ'। ਇਹ ਉੱਤਮ ਵਸਤੂ। ਇਹ ਉੱਤਮ ਉਸਦਾ ਰੂਪ, ਪਰੀਪੂਰਨ ਪਰਮਾਤਮਾ ਦਾ ਬਖਸ਼ਿਸ਼

ਕੀਤਾ ਹੋਇਆ ਹੈ। ਇਹ ਉਸ ਦਾ ਆਪਣਾ ਨਹੀਂ ਹੈ। ਫੁੱਲਾਂ ਵਿੱਚ ਜਾਈਏ ਤਾਂ ਕਮਲ ਦੇ ਫੁੱਲ ਦੀ ਆਪਣੀ ਥਾਂ ਹੈ। ਉਂਝ ਅੱਕ ਦਾ ਵੀ ਫੁੱਲ ਹੁੰਦਾ ਹੈ। ਗੁਲਾਬ ਦਾ ਆਪਣਾ ਇਕ ਖ਼ਾਸ ਥਾਂ ਹੈ। ਪਰ ਅੱਕ ਦੇ ਫੁੱਲ ਨੂੰ ਗੁਲਾਬ ਦੇ ਸਾਹਮਣੇ ਰੱਖੀਏ, ਤਾਂ ਕਹਿਣਾ ਪੈਂਦਾ ਹੈ; ਹੇ ਪ੍ਰਭੂ! ਤੇਰੇ ਬਣੇ ਹੋਏ ਹੁਕਮ ਅਨੁਸਾਰ ਹੀ ਕੋਈ ਅੱਕ ਦਾ ਫੁੱਲ ਹੈ, ਕੋਈ ਕਮਲ ਦਾ ਫੁੱਲ ਹੈ, ਕੋਈ ਗੁਲਾਬ ਦਾ ਫੁੱਲ!

ਇਸੇ ਤਰੀਕੇ ਨਾਲ ਚੌਪਾਏ ਜਾਨਵਰਾਂ ਵੱਲ ਝਾਤ ਮਾਰੀਏ। ਗਾਂ, ਸ਼ੇਰ, ਹਾਥੀ ਇਹ ਅੱਗੇ ਜਾਪਦੇ ਹਨ। ਲੇਕਿਨ ਸੂਰ, ਕੁੱਤਾ, ਖੋਤਾ ਆਦਿਕ ਪੱਛੜੇ ਜਾਪਦੇ ਹਨ। ਕਿਸੇ ਮਨੁੱਖ ਦੀ ਮਹਿਮਾ ਬਿਆਨ ਕਰਨੀ ਹੋਵੇ ਤਾਂ ਅਸੀਂ ਕਹਿ ਦੇਂਦੇ ਹਾਂ ਕਿ ਇਹ ਤਾਂ ਨਿਰਾ ਗਾਂ ਵਰਗਾ ਸ਼ਰੀਫ਼ ਹੈ। ਇਹ ਸ਼ੇਰ ਵਰਗਾ ਬਹਾਦਰ ਹੈ। ਲੇਕਿਨ ਕਿਸੇ ਮਨੁੱਖ ਦੀ ਨਖਿਧਤਾ ਕਰਨੀ ਹੋਵੇ ਤਾਂ ਕਹਿਣਾ ਪੈਂਦਾ ਹੈ ਕਿ ਇਹ ਤਾਂ ਸੂਰ ਵਰਗਾ ਹੈ ਇਹ ਤਾਂ ਕੁੱਤੇ ਵਰਗਾ ਹੈ ਤਾਂ ਚੌਪਾਏ ਜਾਨਵਰਾਂ ਵਿੱਚ ਕੋਈ ਨੀਵੇਂ ਤੇ ਕੁਝ ਉੱਤਮ ਹਨ। ਕੁਝ ਬਹੁਤ ਹੀ ਉੱਤਮ ਹਨ।

ਪੰਛੀਆਂ ਦੀ ਦੁਨੀਆਂ ਵਿੱਚ ਝਾਤ ਮਾਰੀਏ ਤਾਂ ਉਥੇ ਵੀ ਕੁਝ ਪੰਛੀ ਸਿਖਰ 'ਤੇ ਪੁੱਜੇ ਹਨ ਜਿਵੇਂ ਕਿ ਹੰਸ ਹੈ। ਪਵਿੱਤ੍ਰਤਾ ਦੀ ਦੁਨੀਆਂ ਵਿੱਚ ਇੰਨਾ ਅੱਗੇ ਹੈ ਕਿ ਕਿਸੇ ਮਹਾਂਪੁਰਖ ਨੂੰ ਸੰਤ ਦੀ ਤਸਬੀਹ ਦੇਣੀ ਹੋਵੇ ਤਾਂ ਕਹਿਣਾ ਪੈਂਦਾ ਕਿ ਇਹ ਹੰਸ ਵਰਗਾ ਹੈ। ਪੰਛੀਆਂ ਦੀ ਦੁਨੀਆਂ ਵਿੱਚ ਹੰਸ ਸਿਰਮੌਰ ਹੈ। ਪਰ ਕਉਏ ਵੀ ਹਨ। ਇੱਲਾਂ ਵੀ ਹਨ। ਇਹ ਨੀਚ ਜੂਨ ਹੈ। ਪੰਛੀਆਂ ਦੀ ਦੁਨੀਆਂ ਵਿੱਚ, ਇੱਲਾਂ ਦੀ, ਕਾਵਾਂ ਦੀ, ਜੂਨ ਬੜੀ ਨੀਚ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇੱਲ ਬਾਰੇ ਬੜਾ ਸੁੰਦਰ ਖਿਆਲ ਦਿੱਤਾ ਹੈ:-

ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ॥
ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ॥੨॥

(ਗਉੜੀ ਵਾਰ ਮ: ੫, ਪੰਨਾ ੩੨੨)

ਇੱਲ ਪਹਾੜਾਂ 'ਤੇ ਉਡ ਰਹੀ ਹੈ। ਦਰਿਆਵਾਂ 'ਤੇ ਉੱਡ ਰਹੀ ਹੈ। ਸੁੰਦਰ ਬਗੀਚਿਆਂ 'ਤੇ ਉਡਾਰੀਆਂ ਲਾ ਰਹੀ ਹੈ। ਮਹਿਲਾਂ 'ਤੇ ਵੀ ਉੱਡ ਰਹੀ ਹੈ। ਕੋਈ ਥਾਂ ਉਸ ਨੂੰ ਪਸੰਦ ਨਹੀਂ ਆਈ। ਜਿਸ ਥਾਂ 'ਤੇ ਮੁਰਦਾਰ ਪਿਆ ਹੋਵੇ ਉਸ ਨੂੰ ਵੇਖ ਕੇ ਇਕ ਦਮ ਥੱਲੇ ਆਉਂਦੀ ਹੈ। ਬਹੁਤ ਉੱਚੀ ਉੱਡਦੀ ਹੈ। ਪਰ ਦ੍ਰਿਸ਼ਟੀ ਨੀਵੀਂ ਹੈ। ਦ੍ਰਿਸ਼ਟੀ ਬੜੀ ਨੀਵੀਂ ਹੈ। ਇਸ ਦੀ ਉੱਚੀ ਉਡਾਰੀ (ਪ੍ਰਵਾਜ) ਨੂੰ ਵੇਖ ਕੇ। ਇਸਦੀ ਦ੍ਰਿਸ਼ਟੀ ਉੱਚੀ ਨਹੀਂ ਮਨ ਲੈਣੀ ਚਾਹੀਦੀ। ਕਈ ਵਾਰੀ ਵੇਖਣ ਵਿੱਚ ਆਇਆ ਹੈ ਕਿ ਕਿਸੇ ਮਨੁੱਖ ਦੇ ਵਿਚਾਰ ਬੜੇ ਉੱਚੇ ਹਨ ਜ਼ਰੂਰੀ ਨਹੀਂ ਉਸਦਾ ਕਿਰਦਾਰ ਵੀ ਉੱਚਾ ਹੋਵੇ।

ਉਸ ਦਾ ਜੀਵਨ ਵੀ ਉੱਚਾ ਹੋਵੇ। ਪੰਛੀਆਂ ਦੀ ਦੁਨੀਆਂ ਵਿੱਚ ਸਭ ਤੋਂ ਅੱਗੇ ਹੈ, ਹੰਸ। ਸਭ ਤੋਂ ਨਖਿਧ ਹੈ, ਕਾਂ ਤੇ ਇੱਲ। ਇਸੇ ਤਰ੍ਹਾਂ ਕੀੜੇ ਹਨ। ਕੀੜਾ ਰੇਸ਼ਮ ਦਾ ਵੀ ਹੈ। ਪਰ ਕੀੜਾ ਗੰਦਗੀ ਦਾ ਵੀ ਹੈ। ਰੇਸ਼ਮ ਦਾ ਕੀੜਾ ਕਿਸੇ ਨੰਗੇ ਦਾ ਤਨ ਵੀ ਢੱਕ ਦੇਂਦਾ ਹੈ। ਇਕ ਐਸਾ ਹੈ, ਉਸ ਨੂੰ ਛੂਹਣ ਨਾਲ ਗੰਦੇ ਹੋ ਜਾਈਦਾ ਹੈ। ਹਾਲਾਂਕਿ ਉਹ ਵੀ ਕੀੜਾ ਹੈ। ਇਕ ਬਿਸਟਾ ਦਾ ਕੀੜਾ ਹੈ। ਇਕ ਰੇਸ਼ਮ ਦਾ ਕੀੜਾ ਹੈ। ਪ੍ਰਭੂ ਦੇ ਹੁਕਮ ਵਿੱਚ ਵਡਿਆਈ ਮਿਲੀ ਹੈ।

ਹੁਕਮਿ ਮਿਲੈ ਵਡਿਆਈ......... (ਜਪੁਜੀ, ਪੰਨਾ ੧)

ਕੁਝ ਜੀਵਾਂ ਨੂੰ ਵਡਿਆਈ ਮਿਲੀ ਹੈ। ਕੁਝ ਨੂੰ ਨੀਚਤਾ ਮਿਲੀ ਹੈ। ਉਸ ਦੇ ਹੁਕਮ ਵਿੱਚ ਮਿਲੀ ਹੈ। ਚੌਪਾਏ ਜਾਨਵਰਾਂ ਵਿੱਚੋਂ, ਸ਼ੇਰ ਨੂੰ ਜੰਗਲ ਦਾ ਬਾਦਸ਼ਾਹ ਕਹਿ ਦੇਂਦੇ ਹਨ ਵਡਿਆਈ ਹੈ। ਤਮਾਮ ਜੰਗਲ ਦੇ ਜਾਨਵਰ ਸ਼ੇਰ ਤੋਂ ਡਰਦੇ ਹਨ। ਜਿਸ ਰਾਹ ਤੋਂ ਸ਼ੇਰ ਲੰਘ ਜਾਏ ਸਭ ਸਹਿਮ ਜਾਂਦੇ ਹਨ। ਵਡਿਆਈ ਮਿਲੀ ਹੋਈ ਹੈ। ਪੰਛੀਆਂ ਵਿੱਚੋਂ ਮੋਰ ਤੇ ਹੰਸ ਨੂੰ ਵਡਿਆਈ ਮਿਲੀ ਹੈ। ਹੁਣ ਮੋਰ ਆਖੇ ਕਿ ਮੈਂ ਖੁਦ ਸੁੰਦਰ ਬਣਿਆ ਹਾਂ, ਖੁਦ ਵਡਿਆਈ ਲਈ ਹੈ। ਨਹੀਂ-

ਹੁਕਮਿ ਮਿਲੈ ਵਡਿਆਈ.... (ਜਪੁਜੀ, ਪੰਨਾ ੧)

ਉਸ ਦੇ ਹੁਕਮ ਨਾਲ ਹੈ। ਗਹਿਰੀ ਦ੍ਰਿਸ਼ਟੀ ਨਾਲ ਦੇਖੋ। ਇਹ ਜੋ ਸਾਡੇ ਸਰੀਰ ਦੇ ਨਕਸ਼ੇ ਨਿਗਾਰ ਹਨ, ਅੰਗ ਹਨ। ਇਨ੍ਹਾਂ ਦੀ ਚੋਣ ਅਸੀਂ ਖੁਦ ਨਹੀਂ ਕੀਤੀ। ਜਿਸ ਤਰ੍ਹਾਂ ਮਕਾਨ ਕਿਸੇ ਨੇ ਬਣਾਉਣਾ ਹੋਵੇ, ਤਾਂ ਬਣਾਉਣ ਲੱਗਿਆਂ ਉਹ ਪੁੱਛਦਾ ਨਹੀਂ ਪਈ ਤੂੰ ਬਣਨਾ ਵੀ ਚਾਹੁੰਦਾ ਹੈਂ ਕਿ ਨਹੀਂ। ਬਸ ਬਣਾ ਦਿੱਤਾ ਜਾਂਦਾ ਹੈ। ਢਾਹੁਣ ਲੱਗਿਆਂ ਵੀ ਨਹੀਂ ਪੁੱਛਿਆ ਜਾਂਦਾ ਕਿ ਤੂੰ ਢਹਿਣਾ ਵੀ ਚਾਹੁੰਦਾ ਹੈਂ ਕਿ ਨਹੀਂ ਬਸ ਢਾਹ ਦਿੱਤਾ ਜਾਂਦਾ ਹੈ। ਕਹਿੰਦੇ ਹਨ ਪਰਮਾਤਮਾ ਜੀਵ ਤੋਂ ਪੁੱਛਦਾ ਨਹੀਂ, ਪਈ ਤੂੰ ਜੰਮਣਾ ਵੀ ਚਾਹੁੰਦਾ ਹੈਂ ਕਿ ਨਹੀਂ, ਤੂੰ ਮਰਨਾ ਵੀ ਚਾਹੁੰਦਾ ਹੈਂ ਕਿ ਨਹੀਂ।

ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥

(ਗੋਂਡ ਮਹਲਾ ੫, ਪੰਨਾ ੮੬੩)

ਦੋ ਕਾਰਜ ਮਨੁੱਖ ਦੇ ਹੱਥ ਵਿੱਚ ਨਹੀਂ। ਪਹਿਲਾ ਜੀਵਨ ਤੇ ਦੂਜੀ ਮੌਤ।

ਜੋਰੁ ਨ ਜੀਵਣਿ ਮਰਣਿ ਨਹਿ ਜੋਰੁ॥ (ਜਪੁਜੀ, ਪੰਨਾ ੭)

ਇਥੇ ਬੰਦੇ ਦਾ ਜ਼ੋਰ ਨਹੀਂ ਚਲਦਾ। ਜਨਮ ਸਾਡੀ ਮਰਜ਼ੀ ਮੁਤਾਬਿਕ ਨਹੀਂ। ਮਰਨ ਵੀ ਸਾਡੀ ਮਰਜ਼ੀ ਮੁਤਾਬਿਕ ਨਹੀਂ, ਸਾਡੇ ਵੱਸ ਕੁਝ ਵੀ ਨਹੀਂ ਹੈ। ਜੋ ਕੁਝ ਅਸੀਂ ਕਰਦੇ ਹਾਂ ਉਹ ਵੀ ਉਸੇ ਦੇ ਹੀ ਹੁਕਮ ਅੰਦਰ ਹੈ। ਬੰਦਾ ਉਸ ਦਾ ਹੁਕਮ ਮੰਨਦਾ ਤਾਂ ਨਹੀਂ

ਪਰ ਫਿਰ ਵੀ ਉਸਦੇ ਹੁਕਮ ਤੋਂ ਬਾਹਰ ਨਹੀਂ ਜਾ ਸਕਦਾ।

ਇਕ ਮੱਛੀ ਪਾਣੀ ਵਿੱਚ ਜੀਉਂਦੀ ਹੈ। ਪਾਣੀ ਵਿੱਚ ਰਹਿ ਕੇ ਵੀ ਆਖੇ ਮੈਂ ਪਾਣੀ ਨੂੰ ਨਹੀਂ ਮੰਨਦੀ। ਉਸ ਮੱਛੀ ਨੂੰ ਕੀ ਆਖਾਂਗੇ। ਕਿੰਨੀ ਕੁ ਸਿਆਣੀ ਹੈ। ਇਕ ਬੰਦੇ ਨੂੰ ਹੁਕਮ ਅਨੁਸਾਰ ਸਾਰਾ ਕੰਮ ਕਰਨਾ ਵੀ ਪੈ ਰਿਹੈ ਹੈ ਪਰ ਉਹ ਫਿਰ ਵੀ ਆਖੇ ਮੈਂ ਹੁਕਮ ਨਹੀਂ ਮੰਨਦਾ।

ਇਹ ਜੀਵ ਸੁਆਸ ਹੁਕਮ ਵਿੱਚ ਲੈ ਰਿਹਾ ਹੈ। ਹੁਕਮ ਵਿੱਚ ਜੀਉ ਰਿਹੈ। ਇਹ ਸੁਆਮੀ ਦੀ ਧੜਕਣ ਆਪਣੇ ਆਪ ਚਲਦੀ ਹੈ। ਸਾਡੀ ਕੋਸ਼ਿਸ਼ ਨਾਲ ਨਹੀਂ। ਪਰਮਾਤਮਾ ਦੇ ਨਿਯਮ ਅਨੁਸਾਰ ਹੈ। ਪੀਣਾ ਖਾਣਾ ਸਭ ਉਸ ਦੇ ਹੁਕਮ ਵਿੱਚ ਹੈ। ਬਚਪਨ ਤੋਂ ਜਵਾਨੀ, ਫਿਰ ਬੁਢੇਪਾ ਤੇ ਮੌਤ। ਹੁਣ ਕੌਣ ਪੁੱਛੇ ਕਿ ਤੂੰ ਹੁਕਮ ਨਹੀਂ ਮੰਨਦਾ ਤਾਂ ਜਵਾਨ ਹੀ ਬਣਿਆ ਰਹਿ। ਕਿਉਂ ਬੁੱਢਾ ਹੁੰਦਾ ਹੈਂ, ਫਿਰ ਮਰ ਹੀ ਨਾ। ਹਰ ਪਲ ਪਰਮਾਤਮਾ ਦਾ ਹੁਕਮ ਵਰਤ ਰਿਹੈ। ਜੀਵ ਮੰਨ ਵੀ ਰਿਹਾ ਹੈ। ਪਰ ਐਵੇਂ ਰੋਂਦਾ ਧੋਂਦਾ ਹੀ ਮੰਨਦਾ ਹੈ, ਖੁਸ਼ੀ ਨਾਲ ਨਹੀਂ। ਬਸ ਪਰੀਪੂਰਨ ਪਰਮਾਤਮਾ ਇਸ ਤੋਂ ਹੁਕਮ ਮਨਾਈ ਜਾ ਰਿਹਾ ਹੈ। ਹੁਕਮ ਰਜਾਈ ਚਲਣ ਵਾਲੇ ਮਹਾਂਪੁਰਖ ਸਮਝਦੇ ਹਨ, ਕਿ, ਜੋ ਹੁਕਮ ਹੈ, ਉਹ ਤਾਂ ਹੋ ਕੇ ਹੀ ਰਹਿਣਾ ਹੈ। ਫਿਰ ਉਸ ਦੀ ਵਿਰੋਧਤਾ ਕਰਕੇ ਦੁੱਖੀ ਕਿਉਂ ਹੋਈਏ। ਜਦੋਂ ਤੀਕ ਜੀਵ ਨੂੰ ਇਹ ਸਮਝ ਆ ਨਹੀਂ ਜਾਂਦੀ, ਉਦੋਂ ਤਕ ਹੀ ਦੁੱਖ ਬਣਿਆਂ ਰਹਿੰਦਾ ਹੈ।

ਜਬ ਲਗ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ॥ ੩॥

(ਆਸਾ ਮਹਲਾ ੫, ਪੰਨਾ ੪੦੦)

ਸਾਰੇ ਸੰਸਾਰ ਦੀ ਕਲਾ, ਉਸ ਦੇ ਹੁਕਮ ਅੰਦਰ ਵਰਤ ਰਹੀ ਹੈ। ਇਸ ਕਲਾ ਦੀ ਸੂਝ ਸਾਨੂੰ ਗੁਰੂ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ। ਉਸਦੇ ਥਾਪੇ ਹੋਏ ਗੁਪਤ ਜਾਂ ਪ੍ਰਗਟ ਨਿਯਮਾਂ ਤੋਂ ਗੁਰੂ ਦੁਆਰਾ ਵੀ ਵਾਕਿਫ਼ ਹੋਇਆ ਜਾ ਸਕਦਾ ਹੈ। ਇਸ ਵਾਕਫੀਅਤ ਤੋਂ ਬਿਨਾਂ ਸੁਖੀ ਨਹੀਂ ਹੋਇਆ ਜਾ ਸਕਦਾ। ਜਿਸ ਨੂੰ ਇਸ ਹੁਕਮ ਦੀ ਪਛਾਣ ਆਉਂਦੀ ਹੈ। ਉਸ ਦੇ ਜੀਵਨ ਵਿੱਚੋਂ ਰੋਣਾ ਤਾਂ ਮੁੱਕ ਹੀ ਜਾਂਦਾ ਹੈ:-

ਜਿਨੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ॥

(ਗੁਜਰੀ ਮ: ੫, ਪੰਨਾ ੫੨੩)

ਬੰਦਾ ਉਸ ਦੇ ਹੁਕਮ ਤੋਂ ਬਾਹਰ ਕਦੀ ਵੀ ਨਹੀਂ ਜਾ ਸਕਦਾ। ਹੁਕਮ ਨਾ ਮੰਨਣ ਦੇ ਬਾਵਜੂਦ ਵੀ ਉਸ ਦੇ ਹੁਕਮ ਵਿੱਚ ਰਹਿਣਾ ਪੈਂਦਾ ਹੈ। ਇਸ ਵਾਸਤੇ ਗੁਰਦੇਵ ਦਾ

ਕਥਨ ਹੈ ਕਿ ਜੀਵਨ ਵਿੱਚ ਵੀ ਤੂੰ ਆਪਣੀ ਮਰਜੀ ਨਾ ਕਰ। ਉਸੇ ਦੇ ਹੁਕਮ ਵਿੱਚ ਰਾਜੀ ਰਹਿ। ਸਭ ਵਡਿਆਈਆਂ ਉਸ ਦੀਆਂ ਹਨ। ਵਡਿਆਈ ਹੁਕਮ ਵਿੱਚ ਮਿਲਦੀ ਹੈ। ਉਸ ਦੇ ਹੁਕਮ ਵਿੱਚ ਹੀ ਕੋਈ ਉੱਤਮ ਹੈ ਤੇ ਕੋਈ ਨੀਚ ਹੈ।

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥

(ਜਪੁਜੀ, ਪੰਨਾ ੧)

ਕਿਸੇ ਕਿਸੇ ਥਾਂ ਦੀ ਧਰਤੀ ਬੜੀ ਉੱਤਮ ਹੈ, ਉਪਜਾਊ ਹੈ। ਕੋਈ ਧਰਤੀ ਅਨੰਤ ਕਾਲ ਤੋਂ ਬੰਜਰ ਪਈ ਹੈ। ਇਕ ਦਾਣਾ ਵੀ ਨਹੀਂ ਪੈਦਾ ਹੁੰਦਾ। ਇਕ ਘਾਹ ਦਾ ਤਿਨਕਾ ਵੀ ਨਹੀਂ.ਉੱਗਦਾ। ਉਜੜੀ ਪਈ ਹੈ। ਮਾਰੂਥਲ ਹੈ। ਪਰ ਕਿਤੇ ਬੜੀ ਹਰਿਆਵਲ ਹੈ। ਸਬਜਾਜ਼ਾਰ ਹੈ। ਧਰਤੀ ਕੋਈ ਉੱਤਮ ਹੈ ਤੇ ਕੋਈ ਨੀਚ ਹੈ। ਹੁਣ ਸਮਝੀਏ ਮਨੁੱਖ ਦੀ ਦੁਨੀਆਂ ਨੂੰ। ਮਨੁੱਖਾਂ ਵਿੱਚੋਂ ਵੀ ਕੋਈ ਬਹੁਤ ਹੀ ਉੱਤਮ ਹਨ। ਕੁਝ ਨੀਚ ਹਨ। ਕੁਝ ਬਹੁਤ ਹੀ ਨੀਵੇਂ।

ਅਸੰਖ ਚੋਰ ਹਰਾਮਖੋਰ॥ ਅਸੰਖ ਅਮਰ ਕਰਿ ਜਾਹਿ ਜੋਰ॥

(ਜਪੁਜੀ, ਪੰਨਾ ੪)

ਸਾਹਿਬ ਕਹਿੰਦੇ ਹਨ, ਉਸ ਦੇ ਬਣੇ ਹੋਏ ਹੁਕਮ ਦੇ ਮੁਤਾਬਿਕ ਕੋਈ ਉੱਤਮ ਹੈ ਤੇ ਕੋਈ ਨੀਚ ਹੈ। ਕਿਸੇ ਦਾ ਰੰਗ ਕਾਲਾ ਹੈ। ਹੁਣ ਲੱਖ ਯਤਨ ਕਰੇ ਕਿ ਚਿੱਟਾ ਹੋ ਜਾਏ। ਹੁਣ ਚਿੱਟਾ ਨਹੀਂ ਹੋ ਸਕਦਾ। ਰੰਗ ਵੀ ਪ੍ਰਭੂ ਤੋਂ ਮਿਲਦਾ ਹੈ। ਨਕਸ਼ੋ ਨਿਗਾਰ ਵੀ ਪ੍ਰਭੂ ਤੋਂ ਮਿਲਦੇ ਨੇ। ਜੋ ਕੁਝ ਮਿਲਿਆ ਹੈ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਨਾਲ ਹੀ ਖੁਸ਼ੀ ਹੈ।

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥

(ਜਪੁਜੀ ਪੰਨਾ ੧)

ਲਿਖੇ ਹੋਏ ਹੁਕਮ ਦੇ ਮੁਤਾਬਿਕ ਹੀ ਕੋਈ ਦੁੱਖ ਭੋਗਦਾ ਹੈ। ਕੋਈ ਸੁਖ ਭੋਗਦਾ ਤੇ ਕੋਈ ਉਸ ਦੇ ਹੁਕਮ ਦੀ ਉਲੰਘਣਾ ਕਰਕੇ ਦੁੱਖ ਭੋਗਦਾ ਹੈ। ਕੋਈ ਹੁਕਮ ਦੀ ਪਾਲਣਾ ਕਰਕੇ ਸੁਖ ਭੋਗਦਾ ਹੈ। ਲੇਕਿਨ ਹੁਕਮ ਦੀ ਉਲੰਘਨਾ ਕਰਨ ਦੀ ਸਮਰਥਾ ਮਨੁੱਖ ਨੂੰ ਉਸੇ ਨੇ ਦਿੱਤੀ ਹੈ। ਇਹ ਵੀ ਉਸੇ ਦਾ ਇਕ ਹੁਕਮ ਹੈ। ਇਹ ਵੀ ਉਸ ਦਾ ਇਕ ਨਿਯਮ ਹੈ। ਨਿਯਮ ਪਾਲਣਾ ਮਨੁੱਖ ਕਰ ਸਕਦਾ ਹੈ। ਇਹ ਵੀ ਉਸ ਦਾ ਇਕ ਹੁਕਮ ਹੈ। ਨਿਯਮ ਹੈ। ਸਾਹਿਬ ਕਹਿੰਦੇ ਹਨ ਕਿ ਪ੍ਰਭੂ ਦੇ ਹੁਕਮ ਵਿੱਚ ਕੋਈ ਦੁਖੀ ਹੈ ਤੇ ਕੋਈ ਸੁਖੀ ਹੈ।

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥

(ਜਪੁਜੀ, ਪੰਨਾ ੧)

ਇਕਨਾਂ 'ਤੇ ਉਸ ਹੁਕਮੀ ਦੀ ਹੁਕਮ ਦੁਆਰਾ ਬਖਸ਼ਸ਼ ਹੋ ਗਈ ਹੈ। ਰਹਿਮਤ ਹੋ ਗਈ ਹੈ। ਨਿਹਚਲ ਵਾਸਾ ਮਿਲ ਗਿਆ ਹੈ। ਸੱਚਖੰਡ ਪ੍ਰਾਪਤ ਹੈ।

ਇਕਿ ਹੁਕਮੀ ਸਦਾ ਭਵਾਈਅਹਿ॥ *(ਜਪੁਜੀ, ਪੰਨਾ ੧)*

ਇਕ ਬਣੇ ਹੋਏ ਹੁਕਮ ਦੇ ਮੁਤਾਬਿਕ ਸਦਾ ਹੀ ਭਟਕਦੇ ਰਹਿੰਦੇ ਹਨ। ਸਦੀਵੀ ਭਟਕਣਾ ਬਣੀ ਰਹਿੰਦੀ ਹੈ।

ਜਮਿ ਜਮਿ ਮਰੈ ਮਰੈ ਫਿਰਿ ਜੰਮੈ॥
ਬਹੁਤੁ ਸਜਾਇ ਪਇਆ ਦੇਸਿ ਲੰਮੈ॥

(ਮਾਰੂ ਮਹਲਾ ੫, ਪੰਨਾ ੧੦੨੦)

ਲੰਮੀ ਯਾਤਰਾ ਵਿੱਚ ਪਏ ਰਹਿੰਦੇ ਹਨ। ਜੰਮਦੇ ਰਹਿੰਦੇ ਹਨ। ਮਰਦੇ ਰਹਿੰਦੇ ਹਨ। ਹਮੇਸ਼ਾਂ ਚੱਕਰ ਵਿੱਚ ਹਨ। ਸਦਾ ਭਵਾਈਅਹਿ (ਚੱਕਰ ਵਿਚ) ਹਨ। ਜਿਥੇ ਚਲਦੇ, ਉਥੇ ਹੀ ਫਿਰ ਆਉਂਦੇ ਹਨ। ਜੰਮਦੇ ਹਨ ਫਿਰ ਮਰਦੇ ਨੇ ਫਿਰ ਜੰਮਦੇ ਹਨ ਫਿਰ ਮਰਦੇ ਹਨ। ਇਸ ਨੂੰ ਕਹਿੰਦੇ ਹਨ ਜਨਮ ਮਰਨ ਦਾ ਚੱਕਰ। ਜਨਮ ਹੋਇਆ ਸੀ ਹੁਣ ਮਰ ਗਿਆ। ਮੁੜ ਕੇ ਫਿਰ ਜਨਮ ਨਾ ਹੋਵੇ, ਫਿਰ ਕਹਿੰਦੇ ਹਨ ਚੱਕਰ 'ਚੋਂ ਨਿਕਲ ਗਿਆ ਹੈ। ਅਗਰ ਫਿਰ ਜਨਮ ਹੋ ਗਿਆ ਜਿੱਥੋਂ ਚਲਿਆ ਸੀ ਇਹ ਤਾਂ ਫਿਰ ਉਥੇ ਹੀ ਆ ਗਿਆ ਹੈ। ਜਨਮ ਮਰਨ ਇਕ ਚੱਕਰ ਹੈ। ਚੱਕਰ ਚਲ ਰਿਹਾ ਹੈ। ਇਕ ਚੱਕਰ ਹੈ ਜੋ ਚਲੇ ਤਾਂ ਕਿਤੇ ਪਹੁੰਚਦਾ ਹੈ। ਗੱਡੀ, ਮੋਟਰ ਕਾਰ ਆਦਿ ਦੇ ਵੀਲ੍ਹ ਹਨ, ਚੱਕਰ ਹਨ, ਇਹ ਚੱਲਦੇ ਹਨ ਤਾਂ ਗੱਡੀ ਮੋਟਰ ਕਿਸੇ ਟਿਕਾਣੇ 'ਤੇ ਪਹੁੰਚਦੀ ਹੈ। ਪਰ ਜੰਮਣ ਮਰਨ ਦਾ ਐਸਾ ਚੱਕਰ ਹੈ, ਜੋ ਕਿਤੇ ਪਹੁੰਚਾਉਂਦਾ ਨਹੀਂ ਸਿਰਫ਼ ਘੁਮਾਉਂਦਾ ਹੈ। ਕਦੀ ਪੁਰਾਣੀ ਦੁਨੀਆਂ ਵਿੱਚ ਇਕ ਕਲਾ ਸੀ, ਕੱਚੀ ਮਿਟੀ ਦੇ ਭਾਂਡੇ ਬਣਾਏ ਜਾਂਦੇ ਸਨ। ਘੁਮਿਆਰ ਉਨ੍ਹਾਂ ਬਰਤਨਾਂ ਨੂੰ ਚੱਕ ਉਪਰ ਮਿੱਟੀ ਰੱਖ ਕੇ ਰੱਖਦਾ ਸੀ ਫਿਰ ਉਹ ਜ਼ੋਰ ਨਾਲ ਚੱਕ ਨੂੰ ਘੁਮਾਉਂਦਾ ਸੀ। ਉਹ ਚੱਕਰ ਉਪਰ ਮਿੱਟੀ ਵੀ ਘੁੰਮਦੀ ਸੀ। ਘੁਮਿਆਰ ਆਪਣੇ ਹੱਥ ਕਲਾ ਨਾਲ ਉਸ ਕੱਚੀ ਮਿੱਟੀ ਦਾ ਬਰਤਨ ਤਿਆਰ ਕਰਕੇ, ਉਸ ਚੱਕਰ ਤੋਂ ਉਤਾਰ ਲੈਂਦਾ ਸੀ। ਉਹ ਚੱਕਰ ਵੀ ਘੁੰਮਦਾ ਸੀ, ਪਰ ਕਿਤੇ ਪਹੁੰਚਦਾ ਨਹੀਂ ਸੀ ਕਿਉਂਕਿ ਉਸ ਦਾ ਸੰਬੰਧ ਧਰਤੀ ਨਾਲ ਨਹੀਂ। ਉਹ ਚੱਕਰ ਛੂਹ ਰਹਿਤ ਘੁੰਮਦਾ ਹੈ। ਇਸ ਕਰਕੇ ਕਿਤੇ ਪਹੁੰਚਦਾ ਨਹੀਂ। ਹੁਣ ਜੇਕਰ ਉਸ ਚੱਕਰ ਉਪਰ ਬੰਦਾ ਬੈਠ ਜਾਵੇ ਕਿ ਮੈਂ ਯਾਤਰਾ ਪੂਰੀ ਕਰ ਲਵਾਂ ਤਾਂ ਨਹੀਂ ਹੋ ਸਕੇਗੀ। ਪਰ ਇਕ ਮੋਟਰ ਗੱਡੀ ਚਲ ਰਹੀ ਹੈ। ਉਹਦੇ ਦੇ ਵੀਲ੍ਹ (ਚੱਕ) ਧਰਤੀ 'ਤੇ ਛੂਹ ਕੇ ਚਲਦੇ ਹਨ। ਫਿਰ

ਉਹ ਕਿਤੇ ਟਿਕਾਣੇ 'ਤੇ ਪਹੁੰਚਾ ਦੇਂਦੇ ਹਨ। ਹਾਲਾਂਕਿ ਹੈ ਉਹ ਵੀ ਚੱਕਰ ਵਿੱਚ। ਉਹ ਵੀ ਘੁੰਮਦੇ ਹਨ ਤੇ ਘੁਮਿਆਰ ਦਾ ਚੱਕ ਵੀ ਘੁੰਮਦਾ ਹੈ। ਸੋ ਬੰਦਾ ਜੰਮਣ ਮਰਨ ਦੇ ਚੱਕਰ ਵਿੱਚ ਪਿਆ ਹੋਇਆ ਹੈ। ਕਿਤੇ ਪਹੁੰਚਦਾ ਨਹੀਂ ਬਲਕਿ ਉਥੇ ਹੀ ਜੰਮਦਾ ਹੈ ਤੇ ਉਥੇ ਹੀ ਮਰਦਾ ਹੈ। ਭਵਾਈਅਹਿ (ਚੱਕਰ) ਹੈ:-

ਇਕਿ ਹੁਕਮੀ ਸਦਾ ਭਵਾਈਅਹਿ॥ (ਜਪੁਜੀ, ਪੰਨਾ ੧)

ਮਨੁੱਖ ਜੰਮਣ ਮਰਨ ਦੇ ਚੱਕਰ ਵਿੱਚੋਂ ਨਿਕਲ ਸਕੇ ਪ੍ਰਭੂ ਨੇ ਇਕ ਇਕ ਨਿਯਮ ਬਣਾਇਆ ਹੈ, ਉਸ ਦੇ ਹੁਕਮ ਨੂੰ ਮੰਨ ਲੈਣਾ। ਖਿੜੇ ਮੱਥੇ ਤਸਲੀਮ ਕਰ ਲੈਣਾ, ਹੁਕਮ ਦੀ ਪਾਲਨਾ ਕਰਨਾ ਹੈ। ਮਨੁੱਖ ਚੱਕਰ ਵਿੱਚੋਂ ਨਿਕਲ ਜਾਵੇਗਾ। ਸਾਹਿਬ ਕਹਿੰਦੇ ਹਨ। ਇਕਨਾ ਦੇ ਉਤੇ ਪ੍ਰਭੂ ਆਪਣੀ ਬਖਸ਼ਸ਼ ਕਰਦਾ ਹੈ ਤੇ ਇਕ ਉਸ ਦੇ ਬਣੇ ਹੋਏ ਹੁਕਮ ਦੇ ਮੁਤਾਬਿਕ ਹਮੇਸ਼ਾਂ ਹੀ ਚੱਕਰ ਵਿੱਚ ਹਨ। ਜੰਮਦੇ ਰਹਿੰਦੇ ਹਨ, ਮਰਦੇ ਰਹਿੰਦੇ ਹਨ।

.... ***ਇਕਿ ਹੁਕਮੀ ਸਦਾ ਭਵਾਈਅਹਿ॥***
ਹੁਕਮੈ ਅੰਦਰਿ ਸਭ ਕੋ ਬਾਹਰ ਹੁਕਮ ਨ ਕੋਇ॥ (ਜਪੁਜੀ, ਪੰਨਾ ੧)

4. ਹੱਕ ਅਤੇ ਹੁਕਮ

ਮੱਛੀ ਪਾਣੀ ਵਿੱਚ ਜਿਥੇ ਤਕ ਚਾਹਵੇ ਕਲੋਲਾਂ ਕਰ ਸਕਦੀ ਹੈ। ਦਰਿਆ ਦੇ ਇਕ ਕਿਨਾਰੇ ਤੋਂ ਲੈ ਕੇ, ਦੂਸਰੇ ਕਿਨਾਰੇ ਤਕ ਵੀ ਜਾ ਸਕਦੀ ਹੈ ਲੇਕਿਨ ਮੱਛਲੀ ਇਹ ਆਖੇ ਕਿ ਮੈਂ ਦਰਿਆਂ ਤੋਂ ਬਾਹਰ ਨਿਕਲ ਕੇ ਘੁੰਮਣਾ ਫਿਰਣਾ ਹੈ। ਨਹੀਂ! ਇਸ ਤਰ੍ਹਾਂ ਉਹ ਨਹੀਂ ਕਰ ਸਕਦੀ। ਪ੍ਰਭੂ ਨੇ ਜੋ ਹੁਕਮ ਬਣਾਇਆ ਹੈ, ਬੰਦਾ ਉਸ ਦੇ ਹੁਕਮ ਵਿਚ ਰਹਿ ਕੇ ਹੀ ਸਭ ਕੁਝ ਕਰ ਸਕਦਾ ਹੈ, ਉਸ ਤੋਂ ਬਾਹਰ ਨਹੀਂ। ਜੋ ਤਾਕਤ, ਜੋ ਸਮਰੱਥਾ ਵੇਖਣੇ ਦੀ ਸ਼ਕਤੀ, ਬੋਲਣ ਦੀ ਸ਼ਕਤੀ, ਸੋਚਣ ਦੀ ਸ਼ਕਤੀ, ਚਲਣ ਦੀ ਸ਼ਕਤੀ ਅਤੇ ਕਰਨ ਦੀ ਸ਼ਕਤੀ, ਪਰੀਪੂਰਨ ਪਰਮਾਤਮਾ ਨੇ ਦੇ ਦਿੱਤੀ ਹੈ, ਇਸ ਦਾ ਕੁਝ ਉਪਯੋਗ ਮਨੁੱਖ ਕਰ ਸਕਦਾ ਹੈ। ਜਿਸ ਪਾਸੇ ਨਦੀ ਆ ਰਹੀ ਹੈ, ਉਸ ਪਾਸੇ ਮੱਛਲੀ ਜਾ ਸਕਦੀ ਹੈ। ਦੂਸਰੇ ਪਾਸੇ ਜਾ ਸਕਦੀ ਹੈ। ਵਿਰੋਧੀ ਪਾਸੇ ਵੀ ਜਾ ਸਕਦੀ ਹੈ। ਮਨੁੱਖ ਸ਼ੁਭ ਕਰਮ ਕਰ ਸਕਦਾ ਹੈ। ਅਸ਼ੁੱਭ ਕਰਮ ਵੀ ਕਰ ਸਕਦਾ ਹੈ। ਅੱਛਾ ਵੀ ਕਰ ਸਕਦਾ ਹੈ ਤੇ ਬੁਰਾ ਕੀ ਕਰ ਸਕਦਾ ਹੈ ਲੇਕਿਨ ਉਸ ਦੇ ਹੁਕਮ ਅੰਦਰ ਹੀ ਕਰ ਸਕਦਾ ਹੈ। ਉਸ ਦੇ ਨਿਯਮ ਵਿੱਚ ਰਹਿ ਕੇ ਹੀ ਕਰ ਸਕਦਾ ਹੈ। ਉਸ ਦੀ ਦਿੱਤੀ ਹੋਈ ਸਮਰੱਥਾ ਵਿੱਚ ਰਹਿ ਕੇ ਕੁਝ ਹੋ ਸਕਦਾ ਹੈ। ਸਾਗਰ ਵਿੱਚੋਂ ਬਾਹਰ ਨਿਕਲ ਕੇ ਮੱਛਲੀ ਕੁਝ ਵੀ ਨਹੀਂ ਕਰ ਸਕਦੀ। ਮਨੁੱਖ ਜੋ ਕੁਝ ਵੀ ਕਰ ਰਿਹੈ, ਉਸ ਹੁਕਮੀ ਦੇ ਹੁਕਮ ਵਿੱਚ ਹੀ ਕਰ ਰਿਹਾ ਹੈ। ਚਾਹਵੇ ਵੀ, ਤਾਂ ਵੀ ਉਸ ਦੇ ਹੁਕਮ ਤੋਂ ਬਾਹਰ ਨਹੀਂ ਜਾ ਸਕਦਾ। ਆਕਾਸ਼ ਨੇ ਸਾਰਿਆਂ ਨੂੰ

ਆਪਣੇ ਵਿੱਚ ਘੇਰਿਆ ਹੋਇਆ ਹੈ, ਅਸੀਂ ਸਾਰੇ ਆਕਾਸ਼ ਵਿੱਚ ਹਾਂ। ਅਸੀਂ ਸਾਰੇ ਪਰਮਾਤਮਾ ਵਿੱਚ ਹਾਂ। ਹਾਂ ਮੱਛਲੀ ਨੂੰ ਭੁਲੇਖਾ ਜ਼ਰੂਰ ਹੋ ਸਕਦਾ ਹੈ। ਕਈ ਦਫਾ ਮੱਛੀ, ਮੱਛੀ ਤੋਂ ਜ਼ਰੂਰ ਪੁੱਛਦੀ ਹੈ, ਕਿ ਸਾਗਰ ਕਿੱਥੇ ਹੈ? ਬੜਾ ਨਾਮ ਸੁਣਿਆ ਹੈ, ਸਾਗਰ ਦਾ ਬੜੀ ਸੋਭਾ ਸੁਣੀਂ ਹੈ ਸਾਗਰ ਦੀ। ਲੋਕੀਂ ਉਸ ਨੂੰ ਰਤਨਾਗਰ ਕਹਿੰਦੇ ਨੇ, ਰਤਨਾਂ ਦੀ ਖਾਣ ਕਹਿੰਦੇ ਹਨ। ਸਾਗਰ ਹੈ ਕਿੱਥੇ? ਮੱਛੀ ਤਾਂ ਮੱਛੀ ਹੈ। ਮਨੁੱਖ ਵੀ ਪੁੱਛਦੈ ਪਈ ਪਰਮਾਤਮਾ ਹੈ ਕਿਥੇ? ਈਸ਼ਵਰ ਹੈ ਕਿਥੇ? ਪਰਮਾਤਮਾ ਕਿੱਥੇ ਹੈ? ਇਹ ਪ੍ਰਸ਼ਨ ਐਸਾ ਹੈ ਜਿਵੇਂ ਕੋਈ ਮੱਛਲੀ ਆਖੇ ਕਿ ਸਾਗਰ ਹੈ ਕਿੱਥੇ? ਸਮੁੰਦਰ ਹੈ ਕਿੱਥੇ? ਇਸਨੂੰ ਕੌਣ ਦੱਸੇ ਕਿ ਤੂੰ ਸਮੁੰਦਰ ਦੇ ਵਿੱਚ ਹੀ ਹੈਂ। ਸਾਗਰ ਦੇ ਵਿੱਚ ਹੈਂ। ਬੰਦੇ ਨੂੰ ਕੌਣ ਆਖੇ ਤੂੰ ਪਰਮਾਤਮਾ ਦੇ ਅੰਦਰ ਹੀ ਹੈਂ। ਪਰਮਾਤਮਾ ਨੇ ਹੀ ਤੈਨੂੰ ਘੇਰਿਆ ਹੋਇਆ ਹੈ। ਤੂੰ ਪਰਮਾਤਮਾ ਵਿੱਚ ਹੀ, ਸਭ ਕੁਝ ਕਰ ਰਿਹਾ ਹੈਂ।

ਜਿਵੇਂ ਮੱਛੀ ਮੱਛੀ ਨੂੰ ਖਾ ਰਹੀ ਹੈ ਤਾਂ ਉਹ ਸਾਗਰ ਦੇ ਵਿੱਚ ਹੀ ਖਾ ਰਹੀ ਹੈ। ਜਿਵੇਂ ਮੱਛੀ ਮੱਛੀ ਦੀ ਪਾਲਣਾ ਕਰ ਰਹੀ ਹੈ ਤਾਂ ਉਹ ਸਾਗਰ ਦੇ ਵਿੱਚ ਹੀ ਕਰ ਰਹੀ ਹੈ। ਮਨੁੱਖ ਪਰਉਪਕਾਰ ਕਰ ਰਿਹਾ ਹੈ ਤਾਂ ਪਰਮਾਤਮਾ ਦੇ ਵਿੱਚ ਹੀ ਕਰ ਰਿਹਾ ਹੈ। ਕੋਈ ਦੁਰਾਚਾਰ ਕਰ ਰਿਹਾ ਹੈ, ਤਾਂ ਵੀ ਪ੍ਰਮਾਤਮਾ ਦੇ ਵਿੱਚ ਹੀ ਕਰ ਰਿਹਾ ਹੈ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ (ਜਪੁਜੀ, ਪੰਨਾ ੧)

ਦਰਅਸਲ ਪਰਮਾਤਮਾ ਨੂੰ ਸਮਝਣਾ ਪਏਗਾ। ਹੁਕਮ ਅੰਦਰ ਹੀ ਸਭ ਕੁਝ ਹੈ। ਭਾਵ ਸਾਗਰ ਵਿੱਚ ਹੀ ਮੱਛੀ ਦਾ ਜੀਵਨ ਹੈ। ਸਿਰਫ਼ ਇੰਨੀ ਵਿਚਾਰ ਹੈ। ਸਾਗਰ ਵਿੱਚ ਮੱਛੀ ਗੰਦ ਵੀ ਸੁੱਟ ਰਹੀ ਹੈ। ਪਾਲਣਾ ਵੀ ਬੱਚਿਆਂ ਦੀ ਕਰ ਰਹੀ ਹੈ। ਛੋਟੀਆਂ ਛੋਟੀਆਂ ਮੱਛਲੀਆਂ ਨੂੰ ਖਾ ਵੀ ਰਹੀ ਹੈ। ਅਨਰਥ ਵੀ ਕਰ ਰਹੀ ਹੈ। ਅਰਥ ਵੀ ਕਰ ਰਹੀ ਹੈ। ਮਨੁੱਖ ਜੋ ਕੁਝ ਵੀ ਕਰ ਰਿਹਾ ਹੈ ਪਰਮਾਤਮਾ ਦੇ ਵਿੱਚ ਹੀ ਕਰ ਰਿਹਾ ਹੈ। ਇਹ ਸਮਝ ਆਉਂਦੀ ਹੈ ਉਸਨੂੰ ਜਿਸ ਨੂੰ ਉਸ ਦੇ ਹੁਕਮ ਦਾ ਗਿਆਨ ਹੋ ਜਾਏ। ਇਸ ਤਰ੍ਹਾਂ ਦਾ ਮਨੁੱਖ ਇਹ ਰਾਜ਼ ਤੇ ਰਹੱਸ ਸਮਝ ਕੇ ਪਰਮ ਆਨੰਦ ਦੀ ਦੁਨੀਆਂ ਵਿੱਚ ਅੱਠੇ ਪਹਿਰ ਖੋਇਆ ਰਹਿੰਦਾ ਹੈ। ਗੁਰਦੇਵ ਪਾਤਿਸ਼ਾਹ ਕਹਿ ਰਹੇ ਹਨ:-

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ (ਜਪੁਜੀ, ਪੰਨਾ ੧)

ਰੇਤ ਦੇ ਜਰਰੇ ਤੋਂ ਲੈ ਕੇ ਸੂਰਜ ਤਕ, ਕੀੜੀ ਤੋਂ ਲੈ ਕੇ ਹਾਥੀ ਤਕ, ਸਭ ਕੁਝ ਹੁਕਮ ਵਿੱਚ ਹੈ। ਸਭ ਕੁਝ ਪਰਮਾਤਮਾ ਵਿੱਚ ਹੈ। ਉਸ ਦੇ ਬਣਾਏ ਹੋਏ ਨਿਯਮ ਵਿੱਚ ਹੈ।

5. ਹਉਮੈ ਅਤੇ ਹੁਕਮ

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ (ਜਪੁਜੀ, ਪੰਨਾ ੧)

ਸਤਿਗੁਰ ਕਹਿੰਦੇ ਹਨ ਕਿ ਬੰਦੇ ਨੂੰ ਜੇਕਰ ਇਸ ਹੁਕਮ ਦੀ ਕਿਧਰੇ ਸਮਝ ਆ ਜਾਏ, ਤਾਂ ਉਸ ਦੀ ਹਉਮੈ (ਮੈਂ ਹਾਂ), ਕੁਝ ਕਰ ਸਕਦਾ ਹਾਂ। ਉਸ ਦਾ ਕਰਤਾਪਨ ਖੋਹ ਜਾਏਗਾ।

"ਹਉਮੈ ਕਹੈ ਨ ਕੋਇ"...............

ਫਿਰ ਕਿਸੇ ਨੇ ਹੰਕਾਰ ਨਹੀਂ ਕਰਨਾ। ਮੈਂ ਵੀ ਹਾਂ। ਇਹ ਨਹੀਂ ਕਹੇਗਾ। ਫਿਰ ਜੋ ਕੁਝ ਹੈ ਸਾਗਰ ਹੈ। ਸਾਗਰ ਤੋਂ ਹੀ ਸਾਡਾ ਜਨਮ ਹੈ ਤੇ ਸਾਗਰ ਵਿੱਚ ਹੀ ਸਾਡਾ ਮਰਨ ਹੈ। ਜੋ ਕੁਝ ਹੈ ਸਾਗਰ ਹੀ ਹੈ। ਪਰ ਜੇ ਇਸ ਦਾ ਗਿਆਨ ਨ ਹੋਵੇ ਤਾਂ ਮਨੁੱਖ ਅਹੰਕਾਰ ਭਾਵ ਵਿੱਚ ਜੀਊਂਦਾ ਹੈ। ਮੈਂ ਹਾਂ, ਮੈਂ ਸ਼ੁਭ ਕਰਮੀ ਹਾਂ, ਮੈਂ ਦਾਨੀ ਹਾਂ, ਪੁੰਨੀ ਹਾਂ, ਮੈਂ ਹਾਂ, ਮੈਂ ਵਿਚ ਜੀਵਣਾ ਹੀ ਅਧਰਮ ਹੈ। ਤੂੰ ਵਿੱਚ ਜੀਵਣਾ ਧਰਮ ਹੈ। ਜਿਸ ਦੀ ਮੈਂ ਮਿੱਟ ਗਈ, ਉਹ ਧਰਮੀ ਹੈ। ਜਿਸ ਵਿੱਚੋਂ ਤੂੰ ਮਿਟ ਗਈ ਉਹ ਅਧਰਮੀ ਹੈ।

ਜਿਹੜਾ ਹਰ ਵਕਤ ਮੈਂ ਮੈਂ ਦੇ ਬੋਧ ਵਿਚ ਜੀਊਂਦਾ ਹੈ, ਸੰਸਾਰੀ ਹੈ। ਜਿਹੜਾ ਤੂੰ ਦੇ ਬੋਧ ਵਿੱਚ ਜੀਊਂਦਾ ਹੈ, ਉਹੀ ਭਗਤ ਹੈ। ਉਹੀ ਧਾਰਮਿਕ ਹੈ। ਤੂੰ ਹੈਂ, ਤੂੰ ਹੈਂ, ਤੂੰ ਹੈਂ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਰਸਨਾ ਤੋਂ ਜਦ ਵਾਕ ਨਿਕਲਿਆ ਤੂੰ ਹੀ! ਭਾਈ ਮਨੀ ਸਿੰਘ ਲਿਖ ਰਹੇ ਸਨ।

ਜਲਸ ਤੁਹੀ॥ ਥਲਸ ਤੁਹੀ॥
....
ਜਿਮੀ ਤੁਹੀ ॥ ਜਮਾ ਤੁਹੀ॥
ਮਕੀ ਤੁਹੀ ॥ ਮਕਾ ਤੁਹੀ ॥
....
ਗਤਸ ਤੁਹੀ ॥ ਮਤਸ ਤੁਹੀ ॥
ਤੁਹੀ ਤੁਹੀ ॥ ਤੁਹੀ ਤੁਹੀ ॥
ਤੁਹੀ ਤੁਹੀ ॥ ਤੁਹੀ ਤੁਹੀ ॥
ਤੁਹੀ ਤੁਹੀ ॥ ਤੁਹੀ ਤੁਹੀ ॥

(ਦਸਮ ਗ੍ਰੰਥ, ਪੰਨਾ ੧੯)

ਫਿਰ ਤੂੰ ਹੀ ਤੂੰ ਹੀ ਦੀ ਧੁਨ ਹੀ ਧਿਆਨ ਹੋ ਗਈ। ਜਿਵੇਂ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਰਸਨਾਂ 'ਚੋਂ ਨਿਕਲਿਆ ਸੀ ਤੱਕੜੀ ਤੋਲਦਿਆਂ ਹੋਇਆਂ।

ਤੇਰਾ ਤੇਰਾ ਤੇਰਾ ਤੇਰਾ ਤੇਰਾ.........

ਐਸੇ ਤੇਰੇ ਭਾਵ ਵਿੱਚ ਲੀਨ ਹੋਏ, ਕਿ ਮੇਰਾ ਭਾਵ ਖਤਮ ਹੋ ਗਿਆ। ਮੈਂ ਹੀ ਮਿਟ ਗਈ। ਜਦ ਮੇਰਾ ਭਾਵ ਹੀ ਮਿਟ ਜਾਏ। ਸਿਰਫ਼ ਤੇਰਾ ਭਾਵ ਹੀ ਰਹਿ ਜਾਵੇ, ਬਸ ਧਰਮ ਦੀ ਸਿੱਖਰ ਨੂੰ ਮਨੁੱਖ ਨੇ ਛੂਹ ਲਿਆ। ਜਿਥੇ ਤੇਰਾ ਭਾਵ ਮਿੱਟ ਜਾਵੇ। ਬਸ ਮੇਰਾ ਮੇਰਾ ਹੀ ਰਹਿ ਜਾਏ ਉਥੇ ਧਰਮ ਮਰ ਜਾਂਦਾ ਹੈ।

ਜਿੰਨਾ ਮੇਰਾ ਮੇਰਾ ਵਧਦੈ, ਉਨਾ ਦੁੱਖ ਵੱਧਦਾ ਹੈ। ਜਿੰਨਾ ਤੇਰਾ ਤੇਰਾ ਵੱਧਦਾ ਹੈ, ਉਨੀਆਂ ਹੀ ਬਰਕਤਾਂ ਵੱਧਦੀਆਂ ਹਨ। ਉਨਾ ਸੁੱਖ ਵੱਧਦਾ ਹੈ। ਸਤਿਗੁਰ ਦਾ ਫ਼ੁਰਮਾਣ ਹੈ:-

ਜਬ ਲਗੁ ਮੇਰੀ ਮੇਰੀ ਕਰੈ॥ ਤਬ ਲਗੁ ਕਾਜੁ ਏਕੁ ਨਹੀ ਸਰੈ॥
ਜਬ ਮੇਰੀ ਮੇਰੀ ਮਿਟਿ ਜਾਇ॥ ਤਬ ਪ੍ਰਭ ਕਾਜੁ ਸਵਾਰਹਿ ਆਇ॥ ੧॥

(ਭੈਰਉ ਕਬੀਰ, ਪੰਨਾ ੧੧੬੦)

ਜਿਥੇ ਮੈਂ ਮਿਟ ਜਾਂਦੀ ਹੈ ਉਥੇ ਤੂੰ ਦਾ ਜਨਮ ਹੁੰਦਾ ਹੈ। ਕਬੀਰ ਸਾਹਿਬ ਜੀ ਮਹਾਰਾਜ ਕਹਿੰਦੇ ਹਨ:-

ਕਬੀਰ- ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂੰ॥ ੨੦੪॥

(ਸਲੋਕ ਕਬੀਰ ਜੀ)

ਕਿਸੇ ਉਰਦੂ ਦੇ ਸ਼ਾਇਰ ਨੇ ਇਸੇ ਸੰਬੰਧ ਵਿੱਚ, ਆਪਣੇ ਇਕ ਸ਼ੇਅਰ ਵਿੱਚ ਕਾਲਪਨਿਕ ਗੱਲ ਆਖੀ ਹੈ। ਬੱਕਰੇ ਦੀ ਬੋਲੀ ਹੈ, ਮੈਂ ਮੈਂ। ਬੱਕਰਾ ਮੈਂ ਮੈਂ ਵਿੱਚ ਜੀਉਂਦਾ ਹੈ। ਜਿੰਨਾ ਸੰਸਾਰ ਵਿੱਚ ਬੱਕਰਾ ਜਬਹ ਕੀਤਾ ਜਾਂਦਾ ਹੈ। ਸ਼ਾਇਦ ਹੀ ਕੋਈ ਜਾਨਵਰ ਜਬਹ ਕੀਤਾ ਜਾਂਦਾ ਹੋਵੇ ਕਿਉਂਕਿ ਮੈਂ ਨੂੰ ਤੇ ਜਬਹ ਕਰਨਾ ਹੀ ਪਵੇਗਾ। ਮੈਂ ਨੂੰ ਕੁਦਰਤ ਪ੍ਰਵਾਨ ਨਹੀਂ ਕਰਦੀ। ਮੈਂ ਨੂੰ ਨਹੀਂ ਕਬੂਲ ਕਰਦੀ। ਤਾਂ ਇਕ ਸ਼ਾਇਰ ਕਹਿੰਦਾ ਹੈ:-

ਫ਼ਕਰਰ ਬੱਕਰੇ ਨੇ ਕੀਆ, ਬਸ ਮੇਰੇ ਸਿਵਾ ਕੋਈ ਨਹੀਂ।
ਮੈਂ ਹੀ ਮੈਂ ਹੂੰ ਬਸ ਜਹਾਂ ਮੇਂ, ਦੂਸਰਾ ਕੋਈ ਨਹੀਂ।
ਜਬ ਨ ਮੈ ਮੈ ਤਰਕ ਕੀ, ਬੇਜ਼ਰਬ ਬਿਬਾਕ ਨੇ।
ਫੇਰ ਦੀ ਤਬ ਜਲ ਕੇ ਛੁਰੀ ਕਸ਼ਾਬ ਨੇ।
ਗੋਸ਼ਤ ਹੱਡੀ ਜੋ ਥਾ ਚਮੜਾ, ਜੋ ਥਾ ਜਿਸਮੇ ਜ਼ਾਰ ਮੇਂ।
ਕੁਛ ਲੁਟਾ ਕੁਛ ਪਿਸ ਗਇਆ, ਕੁਛ ਬਿਕ ਗਇਆ ਬਾਜ਼ਾਰ ਮੇਂ।
ਰਹਿ ਗਈ ਤਾਂਤੇ ਫਰਕਤ, ਮੈ ਮੈ ਮਨਾਨੇ ਕੇ ਲੀਏ।

ਲੇ ਗਇਆ ਨਦਾਫ਼ ਉਸੇ, ਧੁਨਕੀ ਬਨਾਨੇ ਕੇ ਲੀਏ।
ਜ਼ਰਬ ਕੀ ਸ਼ੋਟੋਂ ਕੀ ਜਿਸ ਦਮ, ਤਾਂਤ ਘਬਰਾਨੇ ਲੱਗੀ।
ਮੈਂ ਕੇ ਬਦਲੇ, ਤੂੰ ਹੀ ਤੂੰ ਕੀ ਬੱਸ ਸਦਾ ਆਨੇ ਲੱਗੀ।

(ਇਕ ਵਿਦਵਾਨ)

ਜਿਸ ਦਿਨ ਮੈਂ ਮਿਟਦੀ ਹੈ। ਉਸੇ ਦਿਨ ਤੂੰ ਦਾ ਜਨਮ ਹੁੰਦਾ ਹੈ। ਤੂੰ ਪੂਜਿਆ ਜਾਂਦਾ ਹੈ। ਤੂੰ ਸਦੀਵੀ ਹੈਂ। ਤੂੰ ਅਮਰ ਹੈਂ। ਤੂੰ ਸੱਚ ਹੈਂ। ਤੂੰ ਸੁੰਦਰ ਹੈਂ।

ਮੈਂ ਕਾਲ ਵਿੱਚ ਹੈ। ਮੈਂ ਕਰੂਪ ਹੈ। ਮੈਂ ਦੁੱਖ ਹੈ। ਮੈਂ ਅਗਿਆਨੀ ਹੈ। ਮੈਂ ਮੈਂ ਕਰਨ ਵਾਲਾ, ਦੁੱਖੀ ਤੇ ਚਿੰਤਾ ਵਿੱਚ ਹੈ। ਤੂੰ ਤੂੰ ਕਰਨ ਵਾਲਾ ਤੇ ਤੂੰ ਵਿੱਚ ਜਿਉਣ ਵਾਲਾ ਪਰਮ ਆਨੰਦ ਦਾ ਰੂਪ ਹੋ ਜਾਂਦਾ ਹੈ। ਸਾਹਿਬ ਕਹਿੰਦੇ ਹਨ:-

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥

(ਜਪੁਜੀ, ਪੰਨਾ ੧)

ਜਿਸ ਨੂੰ ਹੁਕਮ ਦੀ ਸਮਝ ਆ ਜਾਵੇ। ਉਸ ਦਾ ਅਹੰ ਭਾਵ ਮਿਟ ਜਾਂਦਾ ਹੈ। ਸਾਡਾ ਜਨਮ ਹੋ ਗਿਆ ਹੈ। ਮਗਰ ਸਾਡਾ ਜਨਮ ਉਸ ਦੀ ਮਰਜ਼ੀ ਵਿੱਚ ਹੋਇਆ ਹੈ। ਸਾਡੀ ਮਰਜ਼ੀ ਅਨੁਸਾਰ ਨਹੀਂ। ਅਸੀਂ ਆਪਣੀ ਮਰਜ਼ੀ ਅਨੁਸਾਰ ਮਾਂ ਬਾਪ ਨਹੀਂ ਚੁਣੇ। ਆਪਣਾ ਰੰਗ ਰੂਪ ਚਾਹਤ, ਅਨੁਸਾਰ ਨਹੀਂ ਚੁਣਿਆ। ਆਪਣੀ ਮਰਜ਼ੀ ਅਨੁਸਾਰ ਨਕਸ਼ੇ ਨਿਗਾਰ ਨਹੀਂ ਚੁਣੇ। ਉਸਦੇ ਹੁਕਮ ਅਨੁਸਾਰ ਮਿਲ ਗਏ ਹਨ। ਜੋ ਕੁਝ ਉਸ ਵਲੋਂ ਮਿਲਿਆ ਹੈ, ਇਸ ਨੂੰ ਪ੍ਰਵਾਨ ਕਰਨਾ ਹੈ। ਕਬੂਲ ਕਰਨਾ ਹੈ। ਜਿਹੜਾ ਆਖੇ ਕਿ ਇਹ ਮਾਂ ਪਿਉ ਮੈਨੂੰ ਕਬੂਲ ਨਹੀਂ, ਇਹ ਨੂੰ ਕੌਣ ਆਖੇ ਕਿ ਮਾਂ ਬਾਪ ਨੂੰ ਤੂੰ ਚੋਣ ਕਰ ਸਕੇਂ ਇਸ ਤਰ੍ਹਾਂ ਦਾ ਹੱਕ ਤਾਂ ਤੈਨੂੰ ਮਿਲਿਆ ਹੀ ਨਹੀਂ। ਇਹ ਹਕੂਕ ਤਾਂ ਪਰਮਾਤਮਾ ਦੇ ਹਨ। ਇਸ ਵਿੱਚ ਤਾਂ ਤੈਨੂੰ ਪ੍ਰਵਾਨ ਹੀ ਕਰਨਾ ਪੈਣਾ ਹੈ। ਇਸ ਗੱਲ ਦੀ ਸਮਝ ਆਉਦਿਆਂ ਹੀ ਅਹੰ ਭਾਵ ਮਿਟ ਜਾਂਦਾ ਹੈ। ਜਿਸ ਤਰ੍ਹਾਂ ਸਾਨੂੰ ਤਨ ਮਿਲਿਆ, ਮਾਂ ਬਾਪ ਮਿਲੇ ਹਨ। ਇਸੇ ਤਰ੍ਹਾਂ ਜਗਤ ਵਿੱਚ ਸਭ ਕੁਝ ਹੋ ਰਿਹਾ ਹੈ। ਕੀਤਾ ਨਹੀਂ ਜਾ ਰਿਹਾ। ਇਹ ਸਮਝ ਆਉਂਦਿਆਂ ਹੀ ਮਨੁੱਖ ਪਰਮ ਬਿਸਰਾਮ ਵਿੱਚ ਚਲਾ ਜਾਂਦਾ ਹੈ। ਸਮਝ ਆਉਦਿਆਂ ਹੀ ਜਨਮ ਤੇ ਮਰਨ ਦੇ ਚੱਕਰ ਵਿੱਚੋਂ ਨਿਕਲ ਜਾਂਦਾ ਹੈ। ਜਿਸ ਦਿਨ ਇਹ ਪੂਰਨ ਤੌਰ 'ਤੇ ਬੋਧ ਹੋ ਜਾਏ ਕਿ:-

ਜਨਮ ਮਰਨ ਹਮਰੇ ਬਸ ਨਾਹਿ॥

ਇਹ ਦੋ ਘਟਨਾਵਾਂ ਹਨ ਜੋ ਬੰਦੇ ਦੇ ਹੱਥ ਵਿੱਚ ਨਹੀਂ। ਅਗਰ ਜਨਮ ਮਰਨ ਬੰਦੇ ਦੇ ਹੱਥ ਵਿੱਚ ਹੁੰਦਾ ਤਾਂ ਫਿਰ ਇਸ ਨੇ ਮਰਜ਼ੀ ਦੀ ਚੋਣ ਕਰਨੀ ਸੀ। ਫਿਰ ਇਸ ਨੇ ਦੁੱਖੀ

ਨਹੀਂ ਹੋਣਾ ਸੀ। ਫਿਰ ਇਸ ਨੇ ਆਪਣੇ ਸਰੀਰ ਦੀ ਚੋਣ ਆਪ ਕਰਨੀ ਸੀ ਫਿਰ ਇਸ ਨੇ ਕਹਿਣਾ ਸੀ ਕਿ ਇਹ ਨਕਸ਼ੋ ਨਿਗਾਰ ਮੈਨੂੰ ਨਹੀਂ ਚਾਹੀਦੇ। ਇਹ ਮਾਂ ਬਾਪ ਮੈਨੂੰ ਪਸੰਦ ਨਹੀਂ।

ਮੌਤ ਅਗਰ ਬੰਦੇ ਦੇ ਆਪਣੇ ਹੱਥ ਵਿੱਚ ਹੁੰਦੀ ਤੇ ਸ਼ਾਇਦ ਮਨੁੱਖ ਨੇ ਮਰਨਾ ਹੀ ਨਹੀ ਸੀ। ਇਹ ਜਨਮ ਤੇ ਮਰਨ ਮਨੁੱਖ ਦੇ ਹੱਥ ਵਿੱਚ ਨਹੀਂ। ਜਦ ਇੰਨੀ ਵੱਡੀ ਘਟਨਾ ਬੰਦੇ ਦੇ ਹੱਥ ਵਿੱਚ ਨਹੀਂ ਤਾਂ ਇਥੋਂ ਹੀ ਕਬੂਲ ਕਰ ਲੈਣਾ ਚਾਹੀਦਾ ਕਿ ਬੰਦੇ ਦੇ ਹੱਥ ਵਿੱਚ ਕੁਝ ਵੀ ਨਹੀ। ਇਸ ਗੱਲ ਦੀ ਸਮਝ ਆਉਂਦਿਆਂ ਹੀ ਸਤਿਗੁਰ ਕਹਿੰਦੇ ਹਨ ਮਨੁੱਖ ਦਾ ਅਹੰ ਭਾਵ ਮਿਟ ਜਾਂਦਾ ਹੈ।

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥

(ਜਪੁਜੀ, ਪੰਨਾ ੧)

ਹੇ ਪ੍ਰਭੂ! ਤੂੰ ਸਚ ਹੈਂ। ਮੈਂ ਝੂਠ ਹਾਂ। ਮੈਂ ਝੂਠ ਦੇ ਮਿਟਦਿਆਂ ਹੀ ਝੂਠ ਮਿਟ ਜਾਂਦਾ ਹੈ। ਮਨੁੱਖ ਤੇ ਪਰਮਾਤਮਾ ਦੇ ਵਿੱਚ ਜੋ ਦੀਵਾਰ ਹੈ ਉਹ ਝੂਠ ਦੀ ਹੈ। ਉਸ ਕੂੜ (ਝੂਠ) ਦੀ ਦੀਵਾਰ ਨੂੰ ਕਿਵੇਂ ਤੋੜਿਆ ਜਾ ਸਕੇ?

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥

(ਜਪੁਜੀ, ਪੰਨਾ ੧)

ਮਨੁੱਖ ਦੀ ਮੰਜ਼ਲ ਸੱਚ ਹੈ। ਮਨੁੱਖ ਦੀ ਚਾਹਤ ਸੱਚ ਹੈ। ਅਗਰ ਮੰਜ਼ਲ ਸੱਚ ਹੈ। ਚਾਹਤ ਵੀ ਸੱਚ ਹੈ ਤਾਂ ਰੋਕ ਕੀ ਹੈ, ਰੁਕਾਵਟ ਕੀ ਹੈ?

ਰੋਕ ਹੈ ਝੂਠ (ਕੂੜ)। ਜੇਕਰ ਚਾਹਤ ਸੱਚ ਦੀ ਹੈ ਤਾਂ ਝੂਠ ਰੁਕਾਵਟ ਕਿਵੇਂ ਬਣ ਗਿਆ? ਦਰਅਸਲ ਚਾਹਤ ਸੱਚ ਦੀ ਜ਼ਰੂਰ ਹੈ। ਪਰ ਖਿੱਚ ਝੂਠ ਦੀ ਵੀ ਹੈ। ਇਹੀ ਦੁਬਿਧਾ ਹੈ। ਅੰਦਰੋਂ ਮੰਜ਼ਲ ਸੱਚ ਦੀ ਹੈ। ਪਰ ਝੂਠ ਦੀ ਖਿੱਚ ਹੈ। ਸੱਚ ਦੀ ਪਿਆਸ ਵਿੱਚ ਜੀਉਂਦਾ ਹੈ। ਝੂਠ ਦੇ ਅਸਰ ਹੇਠ ਜੀਉਂਦਾ ਹੈ। ਜੀਵਨ ਦੋ ਪਾਸੇ ਹਰ ਵਕਤ ਗੁਜ਼ਰ ਰਿਹਾ ਹੈ। ਇਹ ਜੀਵਨ ਇਸ ਤਰ੍ਹਾਂ ਹੈ, ਜਿਵੇਂ ਇਕ ਕਦਮ ਅੱਗੇ ਰੱਖਿਆ ਫਿਰ ਇਕ ਕਦਮ ਪਿੱਛੇ ਰੱਖਿਆ। ਮਨੁੱਖ ਉਥੇ ਦਾ ਉਥੇ ਹੀ ਰਿਹਾ। ਆਤਮਾ ਵਿੱਚ ਸੱਚ ਦੀ ਪਿਆਸ ਨੇ, ਅੱਗੇ ਜਾਣ ਲਈ ਮਜ਼ਬੂਰ ਕੀਤਾ ਹੈ, ਪਰ ਸਰੀਰ ਦੇ ਕੂੜ ਨੇ ਫਿਰ ਪਿੱਛੇ ਖਿੱਚਿਆ ਹੈ। ਸੱਚ ਦੀ ਤੜਪ ਅੱਗੇ ਲੈ ਗਈ। ਕੂੜ ਦੀ ਕਸ਼ਸ਼ ਪਿੱਛੇ ਲੈ ਗਈ। ਕਰਤਾਰ ਦਾ ਰਸ ਅੱਗੇ ਲੈ ਗਿਆ। ਸੰਸਾਰ ਦਾ ਰਸ ਪਿੱਛੇ ਲੈ ਗਿਆ। ਆਤਮਾ ਦੇ ਰਸ ਨੇ ਅੱਗੇ ਜਾਣ ਲਈ ਮਜ਼ਬੂਰ ਕੀਤਾ। ਸਰੀਰ ਦੇ ਰਸ ਨੇ ਖਿੱਚ ਕੇ ਪਿੱਛੇ ਸੁੱਟ ਦਿੱਤਾ। ਇਸ ਤਰ੍ਹਾਂ ਮਨੁੱਖ ਦੀ ਜ਼ਿੰਦਗੀ ਦੁਬਿਧਾ ਵਿੱਚ ਬਤੀਤ ਹੁੰਦੀ ਹੈ। ਦੁਬਿਧਾ ਦਾ ਮਤਲਬ ਦੋ ਪਾਸੇ

ਦੀ ਭਾਵਨਾ। ਦੋ ਪਾਸੇ ਦਾ ਖ਼ਿਆਲ। ਮੰਜ਼ਲ ਮਨੁੱਖ ਦੀ ਸੱਚ ਹੈ। ਪਹੁੰਚਣਾ ਮਨੁੱਖ ਨੇ ਸੱਚ ਤਕ ਹੈ। ਰੁਕਾਵਟ ਕੂੜ ਹੈ। ਇਸ ਕੂੜ ਦੀ ਪਾਲ ਨੂੰ (ਦੀਵਾਰ) ਨੂੰ ਕਿਵੇਂ ਤੋੜੀਏ?

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥

(ਜਪੁਜੀ, ਪੰਨਾ ੧)

ਸਮੁੱਚੀ ਜ਼ਿੰਦਗੀ ਦਾ ਇਹ ਅਹਿਮ ਪ੍ਰਸ਼ਨ ਹੈ। ਸਭ ਤੋਂ ਪਹਿਲਾ ਪ੍ਰਸ਼ਨ ਹੈ। ਜਿਸ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੀ ਬਾਣੀ ਦੁਆਰਾ ਹਲ ਕਰਦੇ ਹਨ। ਸਮੁੱਚੀ ਮਨੁੱਖਤਾ ਦਾ ਜਦ ਇਹ ਸਵਾਲ ਹੈ ਤਾਂ ਜਵਾਬ ਵੀ ਕੋਈ ਅਜ਼ੀਮ ਚਿੰਤਕ ਹੀ ਦੇ ਸਕਦੈ। ਇਸ ਦਾ ਜਵਾਬ ਵੀ ਕੋਈ ਉਹ ਦੇ ਸ਼ਕਦਾ, ਜੋ ਝੂਠ ਦੇ ਅਸਰ ਤੋਂ ਬਚ ਕੇ ਸੱਚ ਤਕ ਪਹੁੰਚਿਆ ਹੋਵੇ। ਇਸ ਜਵਾਬ ਨੂੰ ਉਹ ਦੇ ਸਕਦਾ ਹੈ ਜੋ ਸਰੀਰ ਦੇ ਤਲ ਤੋਂ ਉਠ ਕੇ ਜ਼ਮੀਰ ਦੇ ਤਲ 'ਤੇ ਪਹੁੰਚਿਆ ਹੋਵੇ। ਸਵਾਲ ਤਾਂ ਬਹੁਤ ਵੱਡਾ ਹੈ।

"ਕਿਵ ਸਚਿਆਰਾ ਹੋਈਐ ?..............."

ਕਿਉਂਕਿ ਪਰਮਾਤਮਾ ਜੇ ਸੱਚ ਹੈ, ਤੇ ਸੱਚ ਵਿੱਚ ਸਚਿਆਰ ਹੀ ਲੀਨ ਹੋ ਸਕਦਾ ਹੈ। ਕੂੜਿਆਰ ਲੀਨ ਨਹੀਂ ਹੋ ਸਕਦਾ। ਕਿਉਂ ਜੋ ਇਕ ਰੱਬੀ ਨਿਯਮ ਹੈ। ਸੁਜਾਤੀ ਮੇਲ ਹੋ ਸਕਦਾ ਹੈ। ਵਿਜਾਤੀ ਮੇਲ ਨਹੀਂ ਹੁੰਦਾ। ਰੌਸ਼ਨੀ ਵਿੱਚ ਰੌਸ਼ਨੀ ਸਮਾ ਸਕਦੀ ਹੈ। ਰੌਸ਼ਨੀ ਤੇ ਅੰਧਕਾਰ (ਅੰਧੇਰਾ) ਦਾ ਕੋਈ ਮੇਲ ਨਹੀਂ ਹੈ। ਸੁਗੰਧੀ ਵਿੱਚ ਹੋਰ ਸੁਗੰਧੀ ਮਿਲਾਈ ਜਾ ਸਕਦੀ ਹੈ। ਪਰ ਸੁਗੰਧ ਅਤੇ ਦੁਰਗੰਧ ਦਾ ਕੋਈ ਮੇਲ ਨਹੀਂ ਹੈ। ਦੁੱਧ ਵਿੱਚ ਹੋਰ ਦੁੱਧ ਮਿਲਾਇਆ ਜਾ ਸਕਦਾ ਹੈ। ਪਰ ਦੁੱਧ ਦਾ ਤੇ ਸ਼ਰਾਬ ਦਾ ਕੋਈ ਮੇਲ ਨਹੀਂ ਹੈ ਕਿਉਂਕਿ ਦੋਵੇ ਵਿਜਾਤੀ ਹਨ। ਸੱਚ ਤੇ ਕੂੜ ਦੋਵੇਂ ਵਿਜਾਤੀ ਹਨ। ਸੱਚ ਵਿੱਚ ਸਚਿਆਰ ਹੀ ਲੀਨ ਹੋ ਸਕਦਾ ਹੈ। ਕੂੜਿਆਰ ਨਹੀਂ। ਸਿਰਫ਼ ਮਨੁੱਖ ਨੇ ਸਚਿਆਰ ਹੋਣਾ ਹੈ ਤੇ ਸਚਿਆਰ ਹੁੰਦਿਆਂ ਹੀ ਇਹ ਪ੍ਰਤੀਤ ਹੋ ਜਾਂਦਾ ਹੈ, ਕਿ ਮੈਂ ਸੱਚ ਤਕ ਪਹੁੰਚ ਗਿਆ ਹਾਂ। ਮੈਂ ਮੰਜ਼ਲ ਨੂੰ ਛੂਹ ਲਿਆ ਹੈ। ਸੱਚ ਦਾ ਮਿਲਨ ਪ੍ਰੇਮ ਨਾਲ ਹੋ ਗਿਆ ਹੈ। ਸੱਚ ਦਾ ਮਿਲਨ ਪਰਮ ਵਿਸ਼ਰਾਮ ਦਾ ਮਿਲਣ ਹੈ। ਸੱਚ ਦਾ ਮਿਲਣ ਪ੍ਰੇਮ ਆਨੰਦ ਦਾ ਮਿਲਣ ਹੈ। ਸੱਚ ਦਾ ਮਿਲਣ ਜੀਵਨ ਦੇ ਮੂਲ ਦਾ ਮਿਲਣ ਹੈ। ਸੱਚ ਦਾ ਮਿਲਣ ਪ੍ਰਕਾਸ਼ ਦਾ ਮਿਲਣ ਹੈ। ਸੱਚ ਦਾ ਮਿਲਣ ਖੁਸ਼ੀਆਂ ਤੇ ਖੇੜਿਆਂ ਦਾ ਮਿਲਣ ਹੈ। ਕੂੜ ਦੁੱਖ ਹੈ। ਕੂੜ ਕਲੇਸ਼ ਹੈ। ਕੂੜ ਬਿਪਤਾ ਹੈ। ਕੂੜ ਮਿਥਿਆ ਕਲਪਨਾ ਮਾਤਰ ਹੈ। ਕੂੜ ਸੁਪਨਾ ਹੈ। ਸੱਚ ਵਾਸਤਵਿਕ ਹੈ। ਸੱਚ ਹਕੀਕਤ ਹੈ। ਕੂੜ ਸੁਪਨਾ ਹੈ ਲੇਕਿਨ ਸੁਪਨੇ ਦੀ ਵੀ ਆਪਣੀ ਮਹਾਨਤਾ ਹੈ। ਸੁਪਨਾ ਵੀ ਮਨੁੱਖ ਦੇ ਉਤੇ ਆਪਣਾ ਅਸਰ ਕਰਦਾ ਹੈ। ਇਸ ਵਾਸਤੇ ਕੋਈ ਵਾਸਤਵਿਕ (ਹਕੀਕਤ) ਜੀਵਨ ਬਤੀਤ ਕਰਦਾ ਹੈ। ਕੋਈ ਸੁਪਨਿਆਂ ਦਾ

ਜੀਵਨ ਬਤੀਤ ਕਰਦਾ ਹੈ। ਸੁਪਨਾ (ਖਵਾਬ) ਚਾਹੇ ਹੈ ਉਸ ਦੀ ਆਪਣੀ ਹਸਤੀ ਹੈ। ਪਰ ਫਿਰ ਵੀ ਕੂੜ ਹੈ। ਉਤਨੀ ਦੇਰ ਹੈ ਜਿਤਨੀ ਦੇਰ ਅੱਖ ਬੰਦ ਹੈ। ਖਵਾਬ ਵਿੱਚ ਜੀਉਣ ਵਾਲਾ ਝੂਠ ਹੀ ਹੁੰਦਾ ਹੈ। ਮਿਥਿਆ ਜ਼ਿੰਦਗੀ ਹੈ। ਸਚਿਆਰ ਹੋਣਾ ਹੈ ਤਾਂ ਹੀ ਸੱਚ ਵਿੱਚ ਲੀਨ ਹੋ ਸਕਾਂਗੇ।

ਗੁਰਦੇਵ ਫੁਰਮਾਨ ਕਰਦੇ ਹਨ:-

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥

ਝੂਠ ਦੀ ਕੰਧ (ਦੀਵਾਰ) ਕਿਵੇਂ ਟੁਟੇ?

ਗੁਰਦੇਵ ਫ਼ੁਰਮਾਣ ਕਰਦੇ ਹਨ ਇਕ ਦਿਨ ਕੂੜ ਨਾਸ਼ ਹੁੰਦਾ ਹੈ ਤੇ ਓੜਕ ਸੱਚ ਬਚਦਾ ਹੈ।

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥ ੨ ॥

(ਪੰਨਾ ੯੫੩)

ਸੰਸਾਰ ਕੂੜ ਹੈ। ਸਰੀਰ ਕੂੜ ਹੈ। ਸੁਪਨੇ ਦੀ ਤਰ੍ਹਾਂ ਹੈ। ਸੰਸਾਰ ਇਕ ਦਿਨ ਨਹੀਂ ਸੀ। ਹੁਣ ਹੈ। ਇਕ ਦਿਨ ਨਹੀਂ ਹੋਵੇਗਾ। ਪਰਮਾਤਮਾ ਸੱਚ ਹੈ। ਸੱਚ ਪਹਿਲਾਂ ਵੀ ਸੀ ਹੁਣ ਵੀ ਹੈ। ਅੱਗੋਂ ਵੀ ਰਹੇਗਾ। ਸੱਚ ਅਬਿਨਾਸੀ ਹੈ। ਸਚਿਆਰ ਲੋਕ ਇਸੇ ਵਾਸਤੇ ਸੱਚ ਵਾਸਤੇ, ਤਨ ਮਨ ਅਤੇ ਧਨ ਸਭ ਕੁਝ ਕੁਰਬਾਨ ਕਰ ਦੇਂਦੇ ਹਨ। ਸਵਾਲ ਹੈ ਕਿ ਕਿਵ ਸਚਿਆਰਾ ਹੋਈਐ?

ਕਿਵੇਂ ਸਚਿਆਰ ਬਣੀਏ? ਕਿਵ ਕੂੜੇ ਤੁਟੈ ਪਾਲ? ਝੂਠ ਦੀ ਪਾਲ (ਕੰਧ) ਕਿਵੇਂ ਟੁੱਟੇ?

6. ਰਜ਼ਾ ਅਤੇ ਹੁਕਮ

ਉੱਤਰ:- ***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ੧ ॥***

ਉਸ ਪ੍ਰਭੂ ਦੀ ਰਜ਼ਾ ਵਿੱਚ (ਹੁਕਮ ਵਿੱਚ) ਰਾਜ਼ੀ ਹੋ ਕੇ ਚਲਣਾ ਹੁਕਮ ਨੂੰ ਮੰਨ ਕੇ ਚਲਣਾ। ਕਿਸ ਹੁਕਮ ਨੂੰ ਮੰਨ ਕੇ ਚੱਲਣਾ? ਕਿਸ ਰਜ਼ਾ ਵਿੱਚ ਚਲਣਾ? ਜੋ ਨਾਲ ਲਿਖਿਆ ਹੋਇਆ ਹੈ। ਨਿਯਮ ਪ੍ਰਭੂ ਦਾ, ਮਨੁੱਖ ਦੇ ਨਾਲ ਲਿਖਿਆ ਹੋਇਆ ਹੈ। ਸਾਡਾ ਸਰੀਰਕ ਜੀਵਨ ਇਕ ਨਿਯਮ ਵਿੱਚ ਹੈ। ਭੁੱਖ ਅਨੁਸਾਰ ਹੀ ਖਾਧਾ ਜਾ ਸਕਦਾ ਹੈ। ਵੱਧ ਨਹੀਂ। ਵੱਧ ਖਾਏਂਗਾ ਦੁਖੀ ਹੋਵੇਂਗਾ। ਨਿਯਮ ਦੀ ਉਲੰਘਣਾ ਹੈ। ਜ਼ਿਆਦਾ ਬੋਲਣਾ ਵੀ ਮਨ ਨੂੰ ਖਿੰਡਾਉਂਦਾ ਹੈ। ਦਿਮਾਗ ਦੀ ਸ਼ਕਤੀ ਵੱਧ ਸੋਚਣਾ, ਦਿਮਾਗ਼ੀ ਤਵਾਜਨ ਖੋਣਾ ਹੈ। ਦੁੱਖ ਹੈ। ਇਹ ਤਾਂ ਆਮ ਬੰਦੇ ਦਾ ਤਜ਼ਰਬਾ ਹੈ ਕਿ ਸਰੀਰ ਨੂੰ ਕੁਦਰਤ ਦੇ ਨਿਯਮ ਉਲੰਘ ਕੇ ਵਰਤੋਂ ਕਰਨਾ, ਦੁੱਖਾਂ ਨੂੰ ਸੱਦਾ ਦੇਣਾ ਹੈ। ਦੁੱਖ ਕੀ ਹੈ? ਨਿਯਮ ਦੀ ਉਲੰਘਣਾ। ਸੁਖ ਕੀ ਹੈ? ਹੁਕਮ ਦੀ ਪਾਲਣਾ ਕਰਨੀ। ਨਿਯਮ ਦੀ ਪਾਲਣਾ ਕਰਨਾ।

ਦੁੱਖ ਪਰਮਾਤਮਾ ਦੀ ਤਰਫੋਂ ਦਿੱਤੀ ਕੋਈ ਕਰੋਪੀ (ਸਜਾ) ਨਹੀਂ ਬਲਕਿ ਨਿਯਮ (ਹੁਕਮ) ਦੀ ਉਲੰਘਣਾ ਕਰਨ ਦਾ ਫਲ ਹੈ। ਜਦ ਕੋਈ ਦੁੱਖ ਭੋਗਦਾ ਹੈ, ਤਾਂ ਦੁੱਖ ਭੋਗਣ ਦੀ ਜ਼ੁਮੇਵਾਰੀ ਉਸ ਦੀ ਆਪਣੀ ਹੈ। ਦੁੱਖ ਦਾ ਮਤਲਬ ਹੁਕਮ (ਨਿਯਮ) ਦੀ ਉਲੰਘਣਾ ਹੈ। ਜਿੱਥੇ ਕੋਈ ਸਰੀਰਕ ਜਾਂ ਮਾਨਸਿਕ ਪੀੜਾ ਪੈਦਾ ਹੋਈ ਹੈ। ਸਮਝ ਲਉ ਉਥੇ ਹੁਕਮ (ਨਿਯਮ) ਦੀ ਉਲੰਘਣਾ ਹੋ ਗਈ ਹੈ। ਮਨੁੱਖ ਹੁਕਮ ਦੀ ਉਲੰਘਣਾ ਕਰ ਸਕਦਾ ਹੈ। ਇਸ ਤਰ੍ਹਾਂ ਦੀ ਖੁਲ੍ਹ ਪਰਮਾਤਮਾ ਨੇ ਦਿੱਤੀ ਹੈ। ਜੇਕਰ ਇਹ ਖੁਲ੍ਹ ਨਾ ਹੋਵੇ ਤਾਂ ਇਹ ਉਪਦੇਸ਼ ਸੰਦੇਸ਼ ਬੇਅਰਥ ਹੈ। ਫਿਰ ਕੋਈ ਗਿਆਨ ਕਥਾ ਦੀ ਲੋੜ ਹੀ ਨਹੀਂ। ਇਹ ਮਨੁੱਖ ਨੂੰ ਪੂਰਾ ਅਧਿਕਾਰ ਹੈ ਕਿ ਉਹ ਹੁਕਮ ਦੀ ਉਲੰਘਣਾ ਵੀ ਕਰ ਸਕਦਾ ਹੈ ਤੇ ਪਾਲਣਾ ਵੀ ਕਰ ਸਕਦਾ ਹੈ। ਰਜ਼ਾ ਵਿੱਚ ਵੀ ਰਾਜ਼ੀ ਰਹਿ ਸਕਦਾ ਹੈ ਤੇ ਰਜ਼ਾ ਦੀ ਉਲੰਘਣਾ ਵੀ ਕਰ ਸਕਦਾ ਹੈ। ਰਜ਼ਾ ਦੀ ਉਲੰਘਣਾ ਨਾਲ ਜੀਵ ਨੂੰ ਦੁੱਖ ਮਿਲਦਾ ਹੈ ਤੇ ਰਜ਼ਾ ਨੂੰ ਰਾਜੀ ਖੁਸ਼ੀ ਮੰਨਣ ਨਾਲ ਜੀਵ ਨੂੰ ਸੁਖ ਮਿਲਦਾ ਹੈ। ਪ੍ਰਭੂ ਦੀ ਇਹੀ ਰਜ਼ਾ ਹੈ ਕਿ ਜੀਵ ਸੁਖ ਭੋਗਣ। ਜੀਵ ਆਨੰਦ ਮਾਨਣ। ਜੀਵ ਖਿੜੇ ਰਹਿਣ। ਪਰ ਜੇ ਨਿਯਮ ਦੀ ਉਲੰਘਣਾ ਕੀਤੀ ਹੈ ਤਾਂ ਪ੍ਰਭੂ ਦੀ ਰਜ਼ਾ ਨਹੀਂ ਹੈ। ਇਹ ਉਸ ਦੀ ਚਾਹਤ ਨਹੀਂ ਹੈ ਲੇਕਿਨ ਉਸ ਨੇ ਅਧਿਕਾਰ (ਖੁਲ੍ਹ) ਦਿੱਤਾ ਹੈ। ਇਹ ਵੀ ਉਸ ਦੀ ਕਿਰਪਾ (ਦਇਆ) ਹੈ। ਬਖਸ਼ਸ਼ ਹੈ ਰਹਿਮਤ ਹੈ। ਜਿਵੇਂ ਜਿਵੇਂ ਨਿਯਮਾਂ ਦੀ ਉਲਘੰਣਾ ਹੋਈ ਤਿਵੇਂ ਤਿਵੇਂ ਦੁੱਖਾਂ ਦਾ ਜਨਮ ਹੋਵੇਗਾ। ਜਿਵੇਂ ਮਨੁੱਖ ਅੱਖ ਬੰਦ ਕਰਕੇ ਵੀ ਚਲ ਸਕਦਾ ਹੈ। ਅੱਖਾਂ ਖੋਲ ਕੇ ਵੀ ਚੱਲ ਸਕਦਾ ਹੈ। ਪਰ ਅੱਖ ਬੰਦ ਕਰਕੇ ਚਲੇਗਾ ਤਾਂ ਚੋਟ ਖਾ ਜਾਏਗਾ। ਗਿਰੇਗਾ। ਚੋਟਾਂ ਲੱਗਣਗੀਆਂ। ਜਦ ਚੋਟਾਂ ਲੱਗਣ ਜ਼ਖ਼ਮ ਹੋਣ ਤਾਂ ਗਿਲਾ ਕਰੇ ਪ੍ਰਭੂ 'ਤੇ ਮੈਂ ਠੋਕਰ ਖਾ ਗਿਆ ਹਾਂ। ਪ੍ਰਭੂ ਇਸ ਤਰ੍ਹਾਂ ਕਹਿ ਸਕਦਾ ਹੈ ਕਿ ਤੂੰ ਨਿਯਮ ਦੀ ਉਲੰਘਣਾ ਕੀਤੀ ਹੈ। ਅੱਖ ਖੋਲ੍ਹ ਕੇ ਚਲਣਾ ਸੀ। ਵੇਖ ਕੇ ਚਲਣਾ ਸੀ। ਕਬੀਰ ਸਾਹਿਬ ਦਾ ਇਕ ਪਵਿੱਤਰ ਸਲੋਕ ਹੈ ਕਿ:-

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥ ੨੧੬॥

(ਸਲੋਕ ਕਬੀਰ, ਪੰਨਾ ੧੩੭੬)

ਮਨੁੱਖ ਦੇ ਹੱਥ ਵਿੱਚ ਬੁੱਧੀ ਦਾ ਦੀਪਕ ਪ੍ਰਭੂ ਨੇ ਪਕੜਾ ਦਿੱਤਾ ਹੈ। ਤੂੰ ਇਸ ਰੋਸ਼ਨੀ ਵਿੱਚ ਆਪਣਾ ਜੀਵਨ ਬਤੀਤ ਕਰ। ਪਰ ਜੇ ਹੁਣ ਮਨੁੱਖ ਅੱਖ ਬੰਦ ਕਰਕੇ ਚਲੇ, ਇਸੇ ਰੋਸ਼ਨੀ ਨੂੰ ਵੇਖੇ ਹੀ ਨਾ; ਠੋਕਰ ਖਾ ਜਾਏ। ਗਿਰ ਜਾਏ। ਇਹ ਜ਼ੁਮੇਵਾਰੀ ਪ੍ਰਭੂ ਤੇ ਨਹੀਂ ਹੈ। ਦੋਸ਼ ਪ੍ਰਭੂ ਨੂੰ ਨਹੀਂ ਹੈ। ਜੀਵ ਜਦੋਂ ਉਲੰਘਣਾ ਕਰਦਾ ਹੈ, ਤਾਂ ਦੁੱਖ ਭੋਗਣ ਦੇ

ਕੋਈ ਨ ਕੋਈ ਵਸੀਲੇ ਪੈਦਾ ਹੋ ਹੀ ਜਾਂਦੇ ਹਨ। ਦੁੱਖ ਨਿਯਮ ਦੀ ਉਲੰਘਣਾ ਹੈ ਤੇ ਸੁਖ ਪ੍ਰਭੂ ਦੀ ਰਜ਼ਾ ਤੋਂ ਮਿਲਦੇ ਹਨ। ਪ੍ਰਭੂ ਦੀ ਰਜ਼ਾ ਵਿੱਚ ਰਹਿੰਦਿਆਂ, ਦੁੱਖ ਤਾਂ ਫਿਰ ਵੀ ਆ ਹੀ ਜਾਂਦੇ ਹਨ, ਪਰ ਰਜ਼ਾ ਵਿੱਚ ਰਾਜ਼ੀ ਰਹਿਣ ਵਾਲਾ ਦੁੱਖ 'ਚ ਦੁਖੀ ਨਹੀਂ ਹੁੰਦਾ। ਪਰ ਨਿਯਮ ਦੀ ਪਾਲਣਾ ਨਾ ਕੀਤੀ ਤਾਂ ਸਿਵਾਏ ਦੁੱਖ ਤੋਂ ਹੋਰ ਕੁਝ ਵੀ ਨਹੀਂ ਹੈ।

7. ਨਿਯਮ ਅਤੇ ਹੁਕਮ

ਸੜਕ 'ਤੇ ਚੱਲਣ ਦੇ ਨਿਯਮ ਨਿਰਧਾਰਤ ਕੀਤੇ ਜਾਂਦੇ ਹਨ। ਉਹ ਇਸ ਵਾਸਤੇ ਕਾਇਮ ਕੀਤੇ ਜਾਂਦੇ ਹਨ ਕਿ ਟਕਰਾਓ ਨ ਹੋਵੇ। ਕਿਧਰੇ ਖਾਹਮਖਾਹ ਹੀ ਕਿਸੇ ਦੀ ਜਾਨ ਨਾ ਚਲੀ ਜਾਏ। ਕੋਈ ਮਨੁੱਖ ਇਹ ਆਖੇ ਫਿਰ ਦਾਹਵੇ ਨਾਲ ਆਖੇ, ਕਿ ਮੈਂ ਚਲਣਾ ਤਾਂ ਸੜਕ 'ਤੇ ਹੈ ਪਰ ਨਿਯਮ ਦੀ ਪਾਲਣਾ ਨਹੀਂ ਕਰਨੀ। ਮੈਂ ਟ੍ਰੈਫਿਕ ਰੂਲ ਦੀ ਪਾਬੰਦੀ ਨਹੀਂ ਰੱਖਣੀ, ਉਹ ਗਿਰੇਗਾ। ਚੋਟ ਖਾਏਗਾ। ਉਹ ਜ਼ੁਮੇਂਦਾਰੀ ਗਿਰਨ ਵਾਲੇ ਦੀ ਹੈ। ਨਿਯਮ ਤਾਂ ਬਣ ਚੁਕਾ ਹੈ।

ਤਾਂ ਪ੍ਰਭੂ ਨੇ ਵੀ ਸੰਸਾਰ ਨੂੰ ਚਲਾਉਣ ਦੇ ਨਿਯਮ (ਹੁਕਮ) ਬਣਾਏ ਹਨ। ਉਸ ਦੇ ਨਿਯਮ ਦੀ ਉਲੰਘਣਾ ਦੁੱਖ ਨੂੰ ਜਨਮ ਦੇਵੇਗੀ। ਇਕ ਨਿਯਮ ਹੈ ਕਿ ਸ਼ੇਰ ਮਾਸ ਖਾ ਸਕਦਾ ਹੈ। ਉਹ ਭੁੱਖਾ ਵੀ ਮਰ ਜਾਏ ਪਰ ਉਹ ਘਾਹ ਨਹੀਂ ਖਾਂਦਾ। ਗਊ ਘਾਹ ਖਾਂਦੀ ਹੈ। ਉਹ ਭੁੱਖੀ ਵੀ ਮਰ ਜਾਏ ਉਹ ਮਾਸ ਨਹੀਂ ਖਾ ਸਕਦੀ। ਪਰ ਮਨੁੱਖ ਹੀ ਹੈ ਜੋ ਕਦਰਤ ਦੇ ਨਿਯਮ ਦੀ ਗ਼ਲਤ ਵਰਤੋਂ ਕਰਦਾ ਹੈ। ਹੁਕਮ ਨੂੰ ਨਹੀਂ ਮੰਨਦਾ। ਗੁਰੂ ਨਾਨਕ ਦੇਵ ਜੀ ਇਸੇ ਨਿਯਮ ਨੂੰ ਹੁਕਮ ਮੰਨਦੇ ਹਨ। ਐ ਬੰਦੇ ਪਰਮਾਤਮਾ ਦਾ ਹੁਕਮ ਤੇਰੇ ਨਾਲ ਲਿਖਿਆ ਹੈ। ਉਸ ਦਾ ਗ਼ਲਤ ਇਸਤੇਮਾਲ ਕਰੇਂਗਾ, ਦੁੱਖੀ ਹੋਵੇਂਗਾ। ਜ਼ਿਆਦਾ ਖਾਵੇਂਗਾ, ਸਰੀਰ ਰੋਗੀ ਹੋਵੇਗਾ। ਝੂਠ ਬੋਲੇਂਗਾ, ਰਸਨਾ ਮੈਲੀ ਹੋਵੇਗੀ। ਝੂਠ ਸੁਣੇਂਗਾ ਕੰਨ ਮੈਲੇ ਹੋਣਗੇ। ਤੂੰ ਕਿਸੇ ਵਾਸਤੇ ਮੁਸ਼ਕਲਾਂ ਪੈਦਾ ਕਰੇਂਗਾ। ਤੇਰੀ ਸਾਰੀ ਜ਼ਿੰਦਗੀ ਮੁਸ਼ਕਲਾਂ ਨਾਲ ਭਰ ਜਾਏਗੀ। ਜਿਵੇਂ ਧਰਤੀ ਵਿੱਚ ਇਕ ਬੀਜ ਬੀਜੀਏ ਉਹ ਬੀਜ ਅਨੰਤ ਗੁਣਾਂ ਹੋ ਕੇ ਵਾਪਸ ਆਉਂਦੀ ਹੈ। ਅਟਲ ਨਿਯਮ ਹੈ, ਬੀਜ ਚਾਹੇ ਚੰਗਾ ਬੀਜੀਏ, ਚਾਹੇ ਮਾੜਾ ਬੀਜੀਏ। ਬੀਜ ਚਾਹੇ ਕਿਸੇ ਕੰਡਿਆਲੇ ਬੂਟੇ ਦਾ ਬੀਜੀਏ, ਚਾਹੇ ਕਿਸੇ ਦਾਖਾਂ ਦੇ ਬੀਜ ਬੀਜੀਏ, ਇਕ ਬੀਜ ਅਨੰਤ ਬੀਜ ਹੋ ਕੇ ਪ੍ਰਫੁਲਤ ਹੁੰਦਾ ਹੈ। ਬੀਜਿਆ ਹੋਇਆ ਇਕ ਦਾਨਾ ਅਨੰਤ ਦਾਨੇ ਹੋ ਕੇ ਵਾਪਸ ਆਉਂਦਾ ਹੈ। ਕਿਸੇ ਨੂੰ ਸੁਖ ਦੇਈਏ ਅਨੰਤ ਗੁਣਾਂ ਸੁੱਖ ਮਿਲਦਾ ਹੈ। ਕਿਸੇ ਨੂੰ ਹਸਾਇਆ ਹੈ। ਹਾਸਿਆਂ ਨਾਲ ਝੋਲੀ ਭਰ ਜਾਂਦੀ ਹੈ। ਕਿਸੇ ਨੂੰ ਤੂੰ ਇਕ ਫੁੱਲ ਭੇਂਟ ਕੀਤਾ ਹੈ, ਸਮੁੱਚੇ ਰਸਤੇ ਵਿੱਚ ਫੁੱਲ ਵਿੱਛ ਜਾਂਦੇ ਨੇ। ਪਰ ਯਾਦ ਰੱਖ ਤੂੰ ਕਿਸੇ ਦੇ ਰਾਹ ਵਿੱਚ ਇਕ ਕੰਡਾ ਰੱਖੇਂਗਾ, ਤਾਂ ਤੇਰੀ

ਜ਼ਿੰਦਗੀ ਦੀ ਹਰ ਰਾਹ ਵਿੱਚ ਸਿਵਾਏ ਕੰਡਿਆ ਤੋਂ ਨਹੀਂ ਕੁਝ ਮਿਲੇਗਾ। ਤੂੰ ਸਿਰਫ਼ ਇਕ ਰੋੜਾ ਕਿਸੇ ਦੇ ਰਾਹ ਵਿੱਚ ਰਖਿਆ ਹੈ। ਹੁਣ ਜਿਧਰ ਜਾਵੇਂਗਾ ਰੋੜਿਆਂ 'ਤੇ ਹੀ ਚਲਣਾ ਪਏਗਾ। ਇਹ ਤਾਂ ਹੈ:-

ਦਿੱਤਾ ਲਈਏ ਆਪਣਾ ਅਣਦਿੱਤੇ ਕਿਛੁ ਹੱਥ ਨ ਆਵੈ॥

(ਭਾਈ ਗੁਰਦਾਸ ਜੀ)

ਜ਼ਮੀਨ ਵਿੱਚ ਇਕ ਬੀਜ ਬੀਜੀਏ ਅਨੇਕਾਂ ਬੀਜ ਹੋ ਕੇ ਵਾਪਸ ਆਉਂਦਾ ਹੈ। ਜਗਤ ਨੂੰ ਜੋ ਕੁਝ ਦਈਏ ਅਨੰਤ ਗੁਣਾਂ ਹੋ ਕੇ ਵਾਪਸ ਆਉਂਦਾ ਹੈ। ਬੱਸ ਇਹ ਨਿਯਮ ਹੈ। ਦੁੱਖਾਂ ਨਾਲ ਝੋਲੀ ਭਰੀ ਹੋਈ ਹੈ, ਤਾਂ ਜਗਤ ਨੂੰ ਦੁੱਖ ਦਿੱਤਾ ਹੋਏਗਾ। ਹੰਝੂਆਂ ਨਾਲ ਭਰੀ ਹੋਈ ਹੈ ਸਾਡੀ ਅੱਖ, ਤਾਂ ਕਿਸੇ ਨੂੰ ਰੋਣ 'ਤੇ ਮਜ਼ਬੂਰ ਕੀਤਾ ਹੋਏਗਾ। ਡਾ: ਸਰ ਮੁਹੰਮਦ ਇਕਬਾਲ ਦਾ ਕਹਿਣਾ ਹੈ ਕਿ:-

ਮਾਨਾ ਕਿ ਜਮੀਂ ਕੋ ਨ ਗੁਲਜ਼ਾਰ ਕਰ ਸਕੇ,
ਕੁਛ ਖਾਰ ਕਮ ਹੀ ਕਰ ਗਏ, ਗੁਜ਼ਰੇ ਜਿਧਰ ਸੇ ਹਮ॥ *(ਇਕਬਾਲ)*

ਇਹ ਠੀਕ ਹੈ ਕਿ ਸਮੁੱਚੀ ਧਰਤੀ ਨੂੰ ਗੁਲਦਸਤਾ ਨਹੀ ਬਣਾਇਆ ਜਾ ਸਕਦਾ। ਪਰ ਜਿਥੋਂ ਲੰਘੇ ਹਾਂ, ਕੰਡੇ ਜ਼ਰੂਰ ਚੁੱਕੇ ਹਨ। ਪੱਥਰ ਜ਼ਰੂਰ ਚੁਣੇ ਹਨ, ਤਾਂਕਿ ਲੋਕ ਆਸਾਨੀ ਨਾਲ ਰਸਤਾ ਤਹਿ (ਅਬੂਰ) ਕਰ ਸਕਣ। ਜੋ ਕਿਸੇ ਦਾ ਰਸਤਾ ਆਸਾਨ ਕਰਦਾ ਹੈ, ਉਸ ਦੇ ਆਪਣੇ ਰਸਤੇ ਆਸਾਨ ਹੋ ਜਾਂਦੇ ਹਨ। ਜੋ ਕਿਸੇ ਦਾ ਰਸਤਾ ਮੁਸ਼ਕਲ ਕਰਦਾ ਹੈ ਉਸ ਦੇ ਹਰ ਰਸਤੇ ਵਿੱਚ ਸਿਵਾਏ ਮੁਸ਼ਕਲਾਂ ਤੋਂ ਕੁਝ ਨਹੀਂ ਹੁੰਦਾ।

ਪਾਤਿਸ਼ਾਹ ਕਹਿੰਦੇ ਹਨ ਕਿ ਇਹੀ ਹੁਕਮ ਬੰਦੇ ਦੇ ਨਾਲ ਲਿਖਿਆ ਹੈ-

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

(ਜਪੁਜੀ, ਪੰਨਾ ੧)

ਉਸ ਦਾ ਹੁਕਮ ਤੇਰੇ ਨਾਲ ਲਿਖਿਆ ਹੈ। ਇਸ ਨੂੰ ਤੂੰ ਮੰਨ ਵੀ ਸਕਦਾ ਹੈਂ। ਇਸ ਨੂੰ ਠੁਕਰਾ ਵੀ ਸਕਦਾ ਹੈਂ। ਹੁਕਮ ਦੀ ਪਾਲਣਾ ਵੀ ਕਰ ਸਕਦਾ ਹੈਂ। ਇਹ ਗੱਲ ਸਪੱਸ਼ਟ ਹੈ, ਕਿ ਨਿਯਮ ਦੀ ਉਲੰਘਣਾ ਮਨੁੱਖ ਕਰ ਹੀ ਨਹੀਂ ਸਕਦਾ ਤੇ ਨਿਯਮ ਦੀ ਪਾਲਣਾ ਕਰਨਾ ਉਸ ਦੀ ਮਜ਼ਬੂਰੀ ਹੋਵੇ ਤਾਂ ਨਿਯਮ ਪਾਲਣ ਦਾ ਉਪਦੇਸ਼ ਦੇਣਾ ਵਿਅਰਥ ਹੋ ਗਿਆ। ਫਜ਼ੂਲ ਹੋ ਗਿਆ।

ਇਸਲਾਮ ਦੀ ਇਹ ਪਵਿੱਤਰ ਕਥਾ ਹੈ ਕਿ

8. ਕਰਮ ਅਤੇ ਹੁਕਮ

ਹਜ਼ਰਤ ਅਲੀ ਸ੍ਰੀ ਮੁਹੰਮਦ ਸਾਹਿਬ ਤੋਂ ਪੁੱਛਦੇ ਹਨ, ਦਸਤ ਬਸਤਾ। ਹਜ਼ੂਰ ਹਜ਼ਰਤ! ਕੁਝ ਮੈਂ ਵੀ ਕਰ ਸਕਦਾ ਹਾਂ ਕਿ ਜਾਂ ਖ਼ੁਦਾ (ਅਲ੍ਹਾ) ਹੀ ਸਭ ਕੁਝ ਕਰ ਸਕਦਾ ਹੈ। ਅਵਤਾਰੀ ਪੁਰਸ਼ ਅਕਸਰ ਬੜੇ ਦੂਰ ਅੰਦੇਸ਼ ਹੁੰਦੇ ਹਨ। ਉਨ੍ਹਾਂ ਨੇ ਕਿਹਾ, ਅਲੀ! ਜੇਕਰ ਮੈਂ ਸ਼ਬਦ ਪ੍ਰਮਾਨ ਰਾਹੀਂ ਬੋਲ ਕੇ ਤੈਨੂੰ ਸਮਝਾਉਣ ਦੀ ਗੱਲ ਕੀਤੀ, ਤਾਂ ਤੂੰ ਨਹੀਂ ਸਮਝ ਸਕੇਂਗਾ। ਮੇਰੇ ਸ਼ਬਦ ਤੇਰੀ ਬੁੱਧ ਦੀ ਪਕੜ ਵਿੱਚ ਨਹੀਂ ਆਉਣੇ। ਇਸ ਵਾਸਤੇ ਮੈਂ ਕਿਸੇ ਵਕਤ ਤੈਨੂੰ ਪ੍ਰਤਖਸ਼ ਪ੍ਰਮਾਨ ਦੇ ਰਾਹੀਂ ਸਮਝਾਵਾਂਗਾ। ਹਜ਼ਰਤ ਅਲੀ ਹੱਥ ਜੋੜ ਕੇ ਕਹਿਣ ਲੱਗੇ, "ਪਈ ਪਿਆਸ ਮੈਨੂੰ ਹੁਣ ਹੈ ਪਾਣੀ ਵੀ ਮੈਨੂੰ ਹੁਣ ਪਿਲਾਉ। ਪ੍ਰਸ਼ਨ ਹੁਣ ਮੇਰੇ ਪ੍ਰਾਣਾਂ ਤੋਂ ਨਿਕਲਿਆ ਹੈ ਕਿ ਕੁਝ ਮੈਂ ਵੀ ਕਰਦਾ ਹਾਂ ਕਿ ਸਭ ਕੁਝ ਖ਼ੁਦਾ ਹੀ (ਅਲ੍ਹਾ) ਕਰਦਾ ਹੈ? ਪਤਾ ਨਹੀਂ ਇਹ ਪਿਆਸ ਦੁਬਾਰਾ ਰਹੇ ਕਿ ਨਾ ਰਹੇ? ਇਸ ਵਾਸਤੇ ਇਸ ਦੀ ਪੂਰਤੀ ਹੁਣ ਕਰੋ। ਹੁਣੇ ਮੈਨੂੰ ਸਮਝਾਉ? ਤਾਂ ਮੁਹੰਮਦ ਸਾਹਿਬ ਕਹਿਣ ਲੱਗੇ, ਹੇ ਅਲੀ! ਤੂੰ ਆਪਣਾ ਇਕ ਪੈਰ ਜ਼ਮੀਨ ਤੋਂ ਚੁਕ ਲੈ। ਇਕ ਦਮ ਸੱਜਾ ਪੈਰ ਹਜ਼ਰਤ ਅਲੀ ਨੇ ਜ਼ਮੀਨ ਤੋਂ ਚੁੱਕ ਲਿਆ। ਮੁਹੰਮਦ ਕਹਿਣ ਲੱਗੇ ਕਿ ਹੁਣ ਦੂਸਰਾ ਵੀ ਉਠਾ, ਦੂਸਰਾ ਪੈਰ ਵੀ ਜ਼ਮੀਨ ਤੋਂ ਚੁੱਕ? ਮਜ਼ਬੂਰ ਹੋ ਕੇ ਅਲੀ ਕਹਿਣ ਲੱਗੇ, ਇਹ ਤਾਂ ਨਹੀਂ ਹੋ ਸਕਦਾ। ਮੈਂ ਸਿਰਫ਼ ਇਕ ਪੈਰ ਹੀ ਜ਼ਮੀਨ ਤੋਂ ਚੁੱਕ ਸਕਦਾ ਹਾਂ। ਹਜ਼ਰਤ ਕਹਿਣ ਲੱਗੇ, ਤੈਨੂੰ ਦੂਸਰਾ ਪੈਰ ਜ਼ਮੀਨ ਤੋਂ ਚੁੱਕਣਾ ਪਏ, ਫਿਰ ਤੈਨੂੰ ਕੀ ਕਰਨਾ ਪਏਗਾ? ਤਾਂ ਅਲੀ ਨੇ ਕਿਹਾ, ਮੈਨੂੰ ਜਿਹੜਾ ਚੁਕਿਆ ਪੈਰ ਥੱਲੇ ਰੱਖਣਾ ਪਵੇਗਾ ਤਾਂ ਹੀ ਮੈਂ (ਖੱਬਾ) ਦੂਸਰਾ ਪੈਰ ਚੁੱਕ ਸਕਾਂਗਾ। ਹਜ਼ਰਤ ਮੁਹੰਮਦ ਸਾਹਿਬ ਕਹਿਣ ਲੱਗੇ, ਅਲੀ! ਇਹ ਤੇਰੇ ਸਵਾਲ ਦਾ ਜੁਆਬ ਹੈ। ਇਹ ਤੇਰੇ ਪ੍ਰਸ਼ਨ ਦਾ ਉੱਤਰ ਹੈ। ਦਸਤ ਬਸਤਾ ਅਲੀ ਕਹਿਣ ਲੱਗੇ, ਮੈਂ ਅਜੇ ਨਹੀਂ ਸਮਝਿਆ। ਮੁਹੰਮਦ ਸਾਹਿਬ ਕਹਿਣ ਲੱਗੇ ਕਿ ਤੂੰ ਇਕ ਪੈਰ ਚੁੱਕਣ ਦੀ ਸਵਤੰਤਰਤਾ ਰੱਖਦਾ ਹੈਂ। ਤੂੰ ਇਕ ਪੈਰ ਚੁਕ ਸਕਦਾ ਹੈਂ। ਇਹ ਖੁਲ੍ਹ ਹੈ। ਇਹ ਦਿਲ ਹੈ। ਤੂੰ ਸੱਜਾ ਪੈਰ ਚੁਕਿਆ ਹੈ। ਚਾਹੁੰਦਾ ਤਾਂ ਤੂੰ ਖੱਬਾ ਪੈਰ ਵੀ ਚੁਕ ਸਕਦਾ ਸੀ। ਪਰ ਇਕ ਦਫਾ ਸੱਜਾ ਪੈਰ ਜ਼ਮੀਨ ਤੋਂ ਚੁਕਿਆ ਤਾਂ ਉਸੇ ਵਕਤ ਖੱਬਾ ਪੈਰ ਚੁੱਕਣਾ ਔਖਾ ਹੋ ਜਾਂਦਾ ਹੈ। ਐ ਬੰਦੇ ਤੂੰ ਸ਼ੁਭ ਕਰਮ ਵੀ ਕਰ ਸਕਦਾ ਹੈਂ, ਤੂੰ ਅਸ਼ੁੱਭ ਕਰਮ ਵੀ ਕਰ ਸਕਦਾ ਹੈਂ। ਐ ਅਲੀ! ਪਰ ਇਕ ਵਾਰੀ ਅਸ਼ੁਭ ਕਰਮ ਦੀ ਚੋਣ ਕਰ ਲਈ। ਫਿਰ ਸ਼ੁਭ ਕਰਮ ਕਰਨਾ ਔਖਾ ਹੋ ਜਾਏਗਾ। ਇਹ ਉਦੋਂ ਹੀ ਹੋ ਸਕਦਾ ਹੈ ਜਦ ਅਸ਼ੁਭ ਕਰਮ ਦਾ ਪੈਰ ਤੂੰ ਰੱਖ ਦੇਵੇਂ ਤਾਂ ਸ਼ੁਭ ਕਰਮ ਤੂੰ ਕਰ ਸਕੇਂਗਾ। ਵਰਨਾ ਨਹੀਂ। ਕਰਮ ਕਰਨ ਲਈ ਤੇਰੀ ਸੁਤੰਤਰਤਾ ਹੈ, ਫਲ ਖ਼ੁਦਾ ਦੇ ਹੱਥ ਹੈ। ਫਲ ਅਲ੍ਹਾ ਦੇ ਹੱਥ

ਹੈ। ਇਥੋਂ ਤੂੰ ਪਰਤੰਤਰ ਹੈ। ਬੀਜ ਬੀਜ ਸਕਦਾ ਹੈਂ ਪਰ ਫਲ ਕਰਤਾ ਪੁਰਖ ਦੇ ਹੱਥ ਵਿੱਚ ਹੈ, ਬੀਜ, ਬੀਜ ਕੇ ਉਸ ਦਾ ਫਲ ਤਰੇ ਸ਼ੁਭ ਬੀਜ 'ਤੇ ਹੈ। ਸ਼ੁੱਭ ਤੇ ਅਸ਼ੁਭ ਬੀਜ ਦਾ ਸ਼ੁਭ ਅਸ਼ੁਭ ਫਲ ਤੈਨੂੰ ਮਿਲੇਗਾ।

ਕਰਮ ਯੋਗੀ ਸ੍ਰੀ ਕ੍ਰਿਸ਼ਨ ਜੀ ਦਾ ਵੀ ਇਹੋ ਕਹਿਣਾ ਹੈ "ਐ ਅਰਜੁਨ ਕਰਮ ਤੇਰੇ ਹੱਥ 'ਚ, ਫਲ ਮੇਰੇ ਹੱਥ ਵਿੱਚ।" ਹਿੰਦੋਸਤਾਨ ਦੇ ਤਮਾਮ ਰਹਿਬਰੀ ਪੁਰਸ਼ਾਂ ਦਾ ਇਹੀ ਕਹਿਣਾ ਹੈ, ਐ ਬੰਦੇ ਕਰਮ ਕਰਨ ਦੀ ਤੇਰੀ ਪੂਰੀ ਸਵਤੰਤਰਤਾ ਹੈ। ਗੁਰੂ ਨਾਨਕ ਜੀ ਦਾ ਉਪਦੇਸ਼ ਵੀ ਇਹੀ ਹੈ-

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥੧॥

(ਗੂਜਰੀ ਵਾਰ ਮਹਲਾ ੫, ਪੰਨਾ ੫੨੨)

ਉੱਦਮ ਕਰ। ਇਸ ਦਾ ਮਤਲੱਬ ਕਿ ਉੱਦਮ ਕਰਨ ਦੀ ਸਮਰੱਥਾ ਬੰਦੇ ਦੇ ਕੋਲ ਹੈ। ਆਲਸੀ ਹੋਣਾ ਵੀ ਬੰਦੇ ਦੇ ਹੱਥ ਵਿੱਚ ਹੈ। ਬੰਦਾ ਆਲਸੀ ਵੀ ਹੋ ਸਕਦਾ ਹੈ। ਬੰਦਾ ਉੱਦਮੀ ਵੀ ਹੋ ਸਕਦਾ ਹੈ। ਅਧਿਕਾਰ ਬੰਦੇ ਦੇ ਆਪਣੇ ਕੋਲ ਹੈ।

ਮਨੁੱਖ ਅੱਖਾਂ ਖੋਲ੍ਹ ਕੇ ਵੀ ਚਲ ਸਕਦਾ ਹੈ ਤੇ ਬੰਦ ਕਰਕੇ ਵੀ। ਤਾਂ ਦੁੱਖ ਕੀ ਹੈ? ਨਿਯਮ ਦੀ ਉਲੰਘਣਾ ਦੁੱਖ ਹੈ। ਨਿਯਮ ਦੀ ਸੂਝ ਨਹੀਂ। ਨਿਯਮ ਦੀ ਸਮਝ ਨਹੀਂ। ਉਸਦੀ ਦੇਣ ਦੀ ਸਮਝ ਨਹੀਂ। ਬੰਦਾ ਨਿਯਮ ਨਾਲ ਨਾ ਜੀਵੇ ਤਾਂ ਦੁੱਖ ਝੋਲੀ ਵਿੱਚ ਪੈ ਜਾਂਦਾ ਹੈ। ਜਦੋਂ ਵੀ ਮਨੁੱਖ ਦੁੱਖੀ ਹੈ, ਤਾਂ ਉਸ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕਿਤੇ ਮੇਰੇ ਕੋਲੋਂ ਨਿਯਮ (ਹੁਕਮ) ਦੀ ਉਲੰਘਣਾ ਹੋ ਗਈ ਹੈ। ਜਿਸ ਤਰ੍ਹਾਂ ਕਿਸੇ ਦੇਸ਼ ਦਾ ਰਾਜ ਪ੍ਰਬੰਧ ਚਲਦਾ ਹੈ। ਰਾਜਸੀ ਕਾਨੂੰਨ ਬਣਾ ਦਿੱਤੇ ਜਾਂਦੇ ਹਨ ਪਰ ਮਨੁੱਖ ਉਸ ਨਿਯਮ ਦੀ ਉਲੰਘਣਾ ਵੀ ਕਰਦਾ ਹੈ। ਫਿਰ ਰਾਜ ਡੰਨ ਮਿਲਦਾ ਹੈ। ਕਾਨੂੰਨ ਉਸ ਨੂੰ ਸਜ਼ਾ ਦਿੰਦਾ ਹੈ। ਕਾਨੂੰਨ ਦੀ ਦ੍ਰਿਸ਼ਟੀ ਵਿੱਚ ਉਹ ਮੁਜ਼ਰਮ ਹੁੰਦਾ ਹੈ। ਇਸ ਤਰ੍ਹਾਂ ਪ੍ਰਭੂ ਨੇ ਨਿਯਮ ਬਣਾ ਰੱਖੇ ਹਨ। ਜਿੱਥੇ ਮਨੁੱਖ ਨਿਯਮ (ਹੁਕਮ) ਦੀ ਉਲੰਘਣਾ ਕਰਦਾ ਹੈ। ਤਤ ਛਿਨ (ਉਸੇ ਵਕਤ) ਦੁੱਖ ਉਸ ਦੀ ਝੋਲੀ ਵਿੱਚ ਪੈ ਜਾਂਦਾ ਹੈ। ਪ੍ਰਭੂ ਆਪਣੀ ਤਰਫੋਂ ਨਿਰਲੇਪ ਹੈ। ਬਿਲਕੁਲ ਅਲੱਗ ਇਕ ਪਾਸੇ ਬੈਠਾ ਹੈ।

ਬੈਠਾ ਵੇਖੇ ਵਖ ਅਕੇਲਾ

ਤਾਂ ਸਾਹਿਬ ਦਾ ਫ਼ੁਰਮਾਣ ਹੈ ਪਈ-

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ *(ਜਪੁਜੀ, ਪੰਨਾ ੧)*

ਉਸ ਹੁਕਮੀ ਦੀ ਰਜ਼ਾ ਵਿੱਚ ਚਲਣਾ ਹੈ। ਕਿਸ ਹੁਕਮ ਦੀ ਰਜ਼ਾ ਵਿਚ ਚਲਣਾ

ਹੈ? ਜੋ ਹੁਕਮ ਨਾਲ ਲਿਖਿਆ ਹੋਇਆ ਹੈ। ਬੱਸ ਰਜ਼ਾ ਵਿੱਚ ਚਲਦਿਆਂ ਹੀ ਝੂਠ ਦੀ ਕੰਧ (ਪਾਲ) ਟੁੱਟ ਜਾਂਦੀ ਹੈ। ਮਨੁੱਖ ਸਚਿਆਰ ਹੋ ਜਾਂਦਾ ਹੈ। ਸੱਚ ਦੀ ਲੀਨਤਾ ਹੋ ਜਾਂਦੀ ਹੈ।

ਸੋ ਸਭ ਸੰਸਾਰ ਪਰਮਾਤਮਾ ਦੇ ਹੁਕਮ ਵਿੱਚ ਚਲ ਰਿਹਾ ਹੈ। ਉਸ ਪਰਮਾਤਮਾ ਦਾ ਹੁਕਮ ਕੀ ਹੈ? (ਨਿਯਮ ਕੀ ਹੈ?)

ਸਾਰਾ ਦਿਸ ਰਿਹਾ ਜੋ ਸੰਸਾਰ ਹੈ, ਇਹ ਉਸ ਪਰੀਪੂਰਨ ਪਰਮਾਤਮਾ ਦਾ ਹੀ ਵਿਸਥਾਰ ਹੈ। ਸੰਸਾਰ ਵਿੱਚ ਉਹ ਕਰਤਾਰ ਲੀਨ ਹੈ। ਸਭ ਸੰਸਾਰ (ਕਾਇਨਾਤ) ਨੂੰ ਪਰਮਾਤਮਾ ਦਾ ਹੁਕਮ ਚਲਾਉਂਦਾ ਹੈ। ਬਲਕਿ ਸੰਸਾਰ ਵਿੱਚ ਬੈਠ ਕੇ ਹੀ ਸੰਸਾਰ ਨੂੰ ਵੇਖਦਾ ਹੈ।

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

(ਆਸਾ ਦੀ ਵਾਰ, ਪੰਨਾ ੪੬੩)

ਸੂਰਜ, ਧਰਤੀ, ਚੰਦ, ਤਾਰੇ ਸਭ ਉਸ ਦਾ ਹੁਕਮ ਮੰਨ ਰਹੇ ਹਨ। ਹਵਾ, ਪਾਣੀ, ਅਗਨੀ ਆਦਿ ਸਭ ਉਸ ਦੇ ਹੁਕਮ ਵਿੱਚ ਹਨ। ਪਰਮਾਤਮਾ ਦੀ ਹੁਕਮ ਅਦੂਲੀ ਕੋਈ ਨਹੀਂ ਕਰ ਸਕਦਾ। ਸਿਰਫ ਮਨੁੱਖ ਉਸ ਦੇ ਹੁਕਮ ਨੂੰ ਮੰਨਣ ਤੋਂ ਇਨਕਾਰੀ ਹੈ।

ਬੰਦਾ ਉਸ ਹੁਕਮ ਨੂੰ ਤਾਂ ਬੜੀ ਖੁਸ਼ੀ ਖੁਸ਼ੀ ਮੰਨਣ ਨੂੰ ਰਾਜ਼ੀ ਹੈ ਜਿਸ ਨਾਲ ਇਸ ਨੂੰ ਲਾਭ ਹੋਵੇ। ਪਰ ਜਿਸ ਨਾਲ ਇਸ ਦਾ ਨੁਕਸਾਨ ਹੋਵੇ ਉਸ ਹੁਕਮ ਨੂੰ ਕਦਾਚਿਤ ਮੰਨਣ ਨੂੰ ਰਾਜ਼ੀ ਨਹੀਂ।

ਦਰਅਸਲ ਮਨੁੱਖ ਨੂੰ ਉਸ ਦੇ ਹੁਕਮ ਦੀ ਪਹਿਚਾਨ ਨਹੀਂ। ਜੇਕਰ ਮਨੁੱਖ ਨੂੰ ਉਸ ਦੇ ਹੁਕਮ ਦੀ ਪਹਿਚਾਨ ਆ ਜਾਵੇ, ਤਾਂ ਇਹ ਕਦੇ ਦੁਖੀ ਨਹੀਂ ਹੋ ਸਕਦਾ। ਕੁਦਰਤ ਦੇ ਨਿਯਮਾਂ ਵਿੱਚ ਪੰਜ ਤਤ ਕੰਮ ਕਰ ਰਹੇ ਹਨ। ਇਹ ਪੰਜੇ ਤਤ ਸੰਸਾਰ ਦੇ ਅੰਦਰ ਵੀ ਤੇ ਬਾਹਰ ਵੀ ਕੰਮ ਕਰਦੇ ਹਨ। ਪੰਜਾਂ ਵਿਚੋਂ ਇਕ ਤਤ ਵੀ ਨਿਯਮ (ਹੁਕਮ) ਦੀ ਉਲੰਘਣਾ ਕਰ ਦੇਵੇ ਤਾਂ ਜੀਵਨ ਬਰਬਾਦੀ ਦੇ ਖਤਰੇ ਤੋਂ ਨਹੀਂ ਬਚ ਸਕਦਾ। ਗੁਰੂ ਨਾਨਕ ਦੇਵ ਜੀ ਮਹਾਰਾਜ ਵੀ ਆਸਾ ਦੀ ਵਾਰ ਵਿੱਚ ਜ਼ਿਕਰ ਕਰਦੇ ਹਨ ਪਈ ਉਸ ਕੁਦਰਤ ਦੇ ਭੈ (ਨਿਯਮ) ਵਿੱਚ ਉਸ ਕੁਦਰਤ ਦੇ ਹੁਕਮ ਵਿੱਚ ਪੌਣ ਚਲ ਰਹੀ ਹੈ। ਜੇਕਰ ਪੌਣ ਨਿਯਮ (ਹੁਕਮ) ਵਿੱਚ ਨਾ ਚਲੇ ਤਾਂ ਤਬਾਹੀ ਮੱਚ ਸਕਦੀ ਹੈ।

ਭੈ ਵਿਚਿ ਪਵਣੁ ਵਹੈ ਸਦਵਾਉ॥ *(ਆਸਾ ਦੀ ਵਾਰ, ਪੰਨਾ ੪੬੪)*

ਜੇਕਰ ਇਕ ਹਵਾ (ਪਵਣ) ਹੀ ਨਿਯਮ ਤੋੜ ਦੇਵੇ। ਕਈ ਵਾਰੀ ਇਸ ਤਰ੍ਹਾਂ ਹੋਇਆ

ਹੈ ਕਿ ਹਵਾ ਝੱਖੜ (ਤੂਫ਼ਾਨ) ਬਣ ਕੇ ਝੁੱਲੀ ਹੈ। ਫਿਰ ਬੜੇ ਬੜੇ ਦਰੱਖਤ ਜੜਾਂ ਤੋਂ ਪੁੱਟੇ ਜਾਂਦੇ ਹਨ। ਵੱਡੀਆਂ ਵੱਡੀਆਂ ਇਮਾਰਤਾਂ ਗਿਰ ਜਾਂਦੀਆਂ ਹਨ। ਮਨੁੱਖਤਾ ਦਾ ਬੇਹਿਸਾਬ ਨੁਕਸਾਨ ਹੋ ਜਾਂਦਾ ਹੈ। ਜੇ ਹਵਾ (ਪਵਣ) ਬਿਲਕੁਲ ਬੰਦ ਹੋ ਜਾਏ ਤਾਂ ਵੀ ਪ੍ਰਾਣੀ ਮਾਤਰ ਸਭ ਨੂੰ ਖਤਰਾ ਹੁੰਦਾ ਹੈ। ਪ੍ਰਾਣੀ ਦੇ ਤਾਂ ਪ੍ਰਾਣ (ਸੁਆਸ) ਹੀ ਹਵਾ ਆਸਰੇ ਹਨ। ਜੇ ਹਵਾ ਹੀ ਉਲੰਘਣਾ ਕਰ ਦਏ (ਹਵਾ ਬੰਦ ਹੋ ਜਾਏ) ਤਾਂ ਜੀਵਨ ਨਹੀਂ ਬਚ ਸਕਦਾ। ਜਿੱਥੇ ਹਵਾ ਉਸ ਦੇ ਨਿਯਮ ਵਿੱਚ ਚਲਦੀ ਹੈ ਉਥੇ ਪਾਣੀ ਵੀ ਉਸੇ ਦੇ ਹੁਕਮ ਵਿੱਚ ਹੈ।

ਭੈ ਵਿਚਿ ਚਲਹਿ ਲਖ ਦਰੀਆਉ ॥ *(ਆਸਾ ਵਾਰ, ਪੰਨਾ ੪੬੪)*

ਪਾਣੀ ਉਸੇ ਕੁਦਰਤ ਦੇ ਨਿਯਮ ਵਿੱਚ ਕੰਮ ਕਰੀ ਜਾ ਰਿਹਾ ਹੈ। ਇਕੱਲਾ ਪਾਣੀ ਹੀ ਨਿਯਮ ਵਿੱਚ ਨਾ ਹੋਵੇ। ਇਕੱਲਾ ਪਾਣੀ ਹੁਕਮ ਨਾ ਮੰਨੇ। ਕਈ ਦਫਾ ਇਸ ਤਰ੍ਹਾਂ ਹੋਇਆ ਵੀ ਹੈ ਕਿ ਪਾਣੀ ਹੜ੍ਹ ਬਣ ਕੇ ਵਗਿਆ। ਬਾਰਸ਼ ਏਨੀ ਬੇ-ਮੌਕਾ ਹੋਈ ਕਿ ਬੇਹਿਸਾਬ ਨੁਕਸਾਨ ਹੋ ਗਿਆ। ਪਰ ਜਦੋਂ ਇਹੀ ਪਾਣੀ ਮਰਿਆਦਾ (ਹੁਕਮ) ਵਿੱਚ ਚਲਦਾ ਹੈ। ਨਿਯਮ ਵਿੱਚ ਚਲਦਾ ਹੈ ਤਾਂ ਸਾਰੀ ਧਰਤੀ ਖਿੜਾਉ ਵਿੱਚ ਰਹਿੰਦੀ ਹੈ। ਹਰ ਪਾਸੇ ਚਹਿਲ ਪਹਿਲ ਰਹਿੰਦੀ ਹੈ। ਇਸੇ ਤਰ੍ਹਾਂ ਅਗਨੀ ਕੰਮ ਕਰਦੀ ਹੈ.........

ਭੈ ਵਿਚਿ ਅਗਨਿ ਕਢੈ ਵੇਗਾਰਿ ॥ *(ਆਸਾ ਦੀ ਵਾਰ, ਪੰਨਾ ੪੬੪)*

ਕੁਦਰਤ ਦੇ ਬਣਾਏ ਕਾਨੂੰਨ ਵਿੱਚ। (ਭੈ) ਵਿੱਚ ਅਗਨੀ ਵੀ ਕੰਮ ਕਰ ਰਹੀ ਹੈ। ਜੇਕਰ ਅਗਨੀ ਮਰਿਆਦਾ ਤੋੜ ਦੇਵੇ, ਤਾਂ ਸ੍ਰਿਸ਼ਟੀ ਵਿੱਚ ਸਭ ਕੁਝ ਸੜ ਕੇ ਰਾਖ ਹੋ ਸਕਦਾ ਹੈ। ਪਰ ਜੀਵ, ਅਗਨੀ ਦੀ ਵਰਤੋਂ ਆਪਣੇ ਭਲੇ ਵਾਸਤੇ ਵੀ ਕਰਦਾ ਤੇ ਦੂਜਿਆਂ ਦੇ ਬੁਰੇ ਵਾਸਤੇ ਵੀ ਕਰਦਾ ਹੈ। ਧਰਤੀ ਬਹੁਤ ਵੱਡੀ ਹੈ ਪਰ ਉਸ ਪਰਮਾਤਮਾ ਦੇ ਹੁਕਮ (ਨਿਯਮ) ਵਿੱਚ ਟਿਕੀ ਹੋਈ ਹੈ ਅਤੇ ਕਾਰ ਕਰਦੀ ਹੈ।

ਭੈ ਵਿਚਿ ਧਰਤੀ ਦਬੀ ਭਾਰਿ ॥ *(ਆਸਾ ਵਾਰ, ਪੰਨਾ ੪੬੪)*

ਧਰਤੀ ਨੇ ਸਭ ਬਨਸਪਤੀ ਤੋਂ ਜੀਵ ਜੰਤੂਆਂ ਤਕ, ਸਭ ਦਾ ਭਾਰ ਆਪਣੇ ਉਪਰ ਲੈ ਰੱਖਿਆ ਹੈ। ਪਰ ਇਹ ਧਰਤੀ ਆਪ ਕਿਸ ਦੇ ਭਾਰ ਖੜੀ ਹੈ? ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਪਈ ਧਰਤੀ ਉਸ ਕਾਦਰ ਕਰੀਮ ਦੀ ਬਣਾਈ ਕੁਦਰਤ ਦੇ ਨਿਯਮ ਵਿੱਚ ਹੈ। ਜ਼ਰਾ ਵੀ ਨਿਯਮ ਤੋਂ ਥਿੜਕੇ ਤਾਂ ਹਲ ਚਲ ਮੱਚ ਜਾਂਦੀ ਹੈ। ਜੀਵਨ ਬਰਬਾਦ ਹੋ ਸਕਦਾ ਹੈ।

ਵਿਗਿਆਨ ਦਾ ਫੈਸਲਾ ਹੈ ਪਈ ਉਸ ਕੁਦਰਤ ਨੇ ਕੋਈ ਇਸ ਤਰ੍ਹਾਂ ਦਾ ਨਿਯਮ ਬਣਾਇਆ ਹੈ ਕਿ ਸੂਰਜ ਚਲ ਰਿਹਾ ਹੈ। ਚੰਦਰਮਾ ਚਲ ਰਿਹਾ ਹੈ। ਉਸੇ ਆਕਾਸ਼ ਵਿੱਚ ਹੋਰ ਅਨਗਿਣਤ (ਬੇਸ਼ੁਮਾਰ) ਤਾਰੇ ਸਿਆਰੇ ਗ੍ਰਿਹ ਨਛੱਤਰ ਚਲ ਰਹੇ ਹਨ।

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥

(ਆਸਾ ਵਾਰ ਪੰਨਾ ੪੬੪)

ਕਰੋੜਾਂ ਕੋਹਾਂ ਦਾ ਸਫਰ ਰੋਜ਼ਾਨਾ ਤਹਿ ਕਰਦੇ ਹਨ। ਪਰ ਸਾਡੀ ਧਰਤੀ ਜਿਸ ਧਰਤੀ 'ਤੇ ਅਸੀਂ ਜੀਵਨ ਜੀਉਂ ਰਹੇ ਹਾਂ। ਧਰਤੀਆਂ ਵੀ ਅਨੇਕਾਂ ਹਨ। ਪਰ ਜਿਸ ਧਰਤੀ 'ਤੇ ਅਸੀਂ ਜੀਵਨ ਜੀਉ ਰਹੇ ਹਾਂ, ਇਹ ਧਰਤੀ ਵੀ ਉਸੇ ਕਤਾਰ ਵਿੱਚ ਚਲ ਰਹੀ ਹੈ ਜਿਸ ਕਤਾਰ ਵਿੱਚ ਸੂਰਜ, ਚੰਦ, ਗ੍ਰਿਹ, ਨਛੱਤਰ ਤੇ ਹੋਰ ਬ੍ਰਹਿਮੰਡ ਚਲਦੇ ਹਨ। ਇਹ ਗਰਦਸ਼ ਨਿਰੰਤਰ ਚਲ ਰਹੀ ਹੈ। ਪਰ ਕਦੇ ਕਿਸੇ ਦਾ ਆਪਸ ਵਿੱਚ ਟਕਰਾਉ ਨਹੀਂ ਹੋਇਆ। ਪਰ ਮਨੁੱਖ ਰੋਜ਼ ਟਕਰਾਉ ਕਰ ਰਿਹਾ ਹੈ। ਤੇ ਟੁੱਟਦਾ ਜਾ ਰਿਹਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਹੈ, ਕਿ ਪਰਮਾਤਮਾ ਦੇ ਹੁਕਮ (ਨਿਯਮ) ਨੂੰ ਮਨੁੱਖ ਸਮਝ ਨਹੀਂ ਰਿਹਾ। ਇਸ ਵਾਸਤੇ ਬਹੁਤ ਦੁਖੀ ਹੈ। ਨਹੀਂ ਤਾਂ ਇਹ ਸਮਝੇ ਕਿ ਜੇਕਰ ਸੂਰਜ ਨਿਯਮ ਵਿੱਚ ਹੈ। ਚੰਦ ਹੈ, ਧਰਤੀ ਪਵਣ, ਪਾਣੀ ਅਗਨੀ, ਸਭ ਉਸ ਦੇ ਹੁਕਮ ਵਿੱਚ ਕਾਰ ਕਰ ਰਹੇ ਹਨ, ਤਾਂ ਮੇਰਾ ਸਰੀਰ ਵੀ ਉਸ ਦੇ ਹੁਕਮ ਅਨੁਸਾਰ ਹੀ ਬਣਿਆ ਹੈ।

ਹੁਕਮੀ ਹੋਵਨਿ ਆਕਾਰ............ ॥ (ਜਪੁਜੀ, ਪੰਨਾ ੧)

ਫਿਰ ਮੈਂ ਉਸ ਦੇ ਹੁਕਮ ਨੂੰ ਕਿਉਂ ਨਹੀਂ ਮੰਨਦਾ। ਮੈਂ ਕਿਉਂ ਨਹੀਂ ਉਸ ਦੇ ਨਿਯਮ ਦੀ ਪਾਲਣਾ ਕਰਦਾ।

ਭਗਤ ਕਬੀਰ ਸਾਹਿਬ ਜੀ ਨੇ ਬਹੁਤ ਚੰਗਾ ਕਿਹਾ ਹੈ, ਪਈ ਐ ਬੰਦੇ ਤੇਰੇ ਅੰਦਰ ਪੰਜ ਤਤ ਕੰਮ ਕਰ ਰਹੇ ਹਨ। ਪਰ ਤੂੰ ਤਾਂ ਚੇਤੰਨ ਹੈ। ਸਾਡਾ ਸਰੀਰ ਕੁਝ ਜੜ੍ਹ ਹੈ ਤੇ ਕੁਝ ਚੇਤੰਨ ਹੈ। ਪੰਜ ਤਤ ਪਾਣੀ ਹਵਾ, ਅੱਗ, ਮਿਟੀ ਤੇ ਆਕਾਸ਼ ਦੇ ਮੇਲ ਦਾ ਨਾਮ ਸਰੀਰ ਹੈ। ਹੁਣ ਪਾਣੀ ਨੂੰ ਨਹੀਂ ਪਤਾ ਕਿ ਮੈਂ ਪਾਣੀ ਹਾਂ, ਨਾ ਅੱਗ ਤੇ ਪੌਣ ਨੂੰ ਪਤਾ ਹੈ ਕਿ ਸਾਡੇ ਨਾਲ ਮਿੱਟੀ ਵੀ ਹੈ ਪਰ ਇਨ੍ਹਾਂ ਪੰਜਾਂ ਦੇ ਵਿੱਚ ਜੋ ਜੀਵ ਪਰਮਾਤਮਾ ਨੇ ਪੈਦਾ ਕੀਤਾ ਹੈ।

ਜੀਉ ਪਾਇ ਪਿੰਡੁ ਜਿਨਿ ਸਾਜਿਆ........... ॥

(ਸੋਰਠਿ ਮਹਲਾ ੫, ਪੰਨਾ ੬੧੯)

ਉਹ ਜੋ ਜੀਉ ਹੈ, ਉਹ ਚੇਤੰਨ ਹੈ। ਅਸੀਂ ਕੁਝ ਚੇਤੰਨ ਹਾਂ ਤੇ ਕੁਝ ਜੜ੍ਹ ਹਾਂ ਤਾਂ ਕਬੀਰ ਸਾਹਿਬ ਪੁੱਛਦੇ ਹਨ, ਐ ਬੰਦੇ! ਜਦ ਤੇਰੇ ਸਰੀਰ ਦਾ ਇਕ ਤਤ ਵੀ ਨਿਯਮ ਛੱਡ ਦੇਵੇ ਤਾਂ ਤੇਰਾ ਸਰੀਰ ਨਹੀਂ ਰਹਿ ਸਕਦਾ। ਤਾਂ ਫਿਰ ਤੂੰ ਯਕੀਨ ਕਿਉਂ ਨਹੀਂ ਕਰਦਾ ਕਿ ਉਸ ਕਰਤੇ ਦੇ ਨਿਯਮ ਵਿੱਚ ਤੂੰ ਵੀ ਰਹਿਣਾ ਹੈ। ਤੂੰ ਇਨ੍ਹਾਂ ਪੰਜਾਂ ਤੋਂ ਮਰਿਆਦਾ ਵਿੱਚ ਚਲਣ ਦੀ ਜਾਚ ਸਿੱਖ। ਇਨ੍ਹਾਂ ਤੱਤਾਂ ਦੀ ਰਹਿਤ ਅਨੁਸਾਰ ਚਲ ਤਾਂ ਕਿ ਤੂੰ ਦੁਖੀ ਨ ਹੋਵੇਂ ਤੇ ਨ ਕਿਸੇ ਨੂੰ ਦੁਖੀ ਕਰੇਂ। ਕਬੀਰ ਸਾਹਿਬ ਦਾ ਪਾਵਨ ਕਥਨ:-

ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ॥
ਐਸੀ ਰਹਤ ਰਹਉ ਹਰਿ ਪਾਸਾ॥
(ਗਾਉੜੀ ਕਬੀਰ, ਪੰਨਾ ੩੨੭)

ਤੂੰ ਇਨ੍ਹਾਂ ਤੱਤਾਂ ਦੇ ਨਿਯਮ ਵਾਂਗ ਚਲ ਤਾਂ ਕਿ ਦੁਖੀ ਨ ਹੋਵੇਂ।

ਪਰ ਬੰਦਾ ਉਸ ਹੁਕਮ ਨੂੰ ਮੰਨਦਾ ਹੈ, ਜਿਹੜਾ ਹੁਕਮ ਇਸ ਦੇ ਮਨ ਨੂੰ ਭਾਵੇ ਜਿਹੜਾ ਇਸ ਦੇ ਮਨ ਨਾ ਭਾਵੇ ਉਸ ਲਈ ਇਹ ਬੜੀ ਉਕਤ ਜੁਗਤ ਕਰਦਾ ਹੈ।

ਭਾਵ ਸਪੱਸ਼ਟ ਹੈ, ਕਿ ਮਨੁੱਖ ਹੁਕਮ ਤਾਂ ਮੰਨਦਾ ਹੈ ਪਰ ਮੰਨਦਾ ਆਪਣੀ ਮਰਜ਼ੀ ਦਾ। ਪਰ ਪਰਮਾਤਮਾ ਦਾ ਹੁਕਮ ਤਾਂ ਐਸਾ ਹੈ, ਕਿ ਨਾ ਮੰਨਦੇ ਹੋਏ ਵੀ ਮੰਨਣਾ ਹੀ ਪੈਂਦਾ ਹੈ। ਬੰਦੇ ਦਾ ਮਨ ਸਹਿਮਤ ਨਹੀਂ। ਪਰ ਸਾਰਾ ਕੰਮ ਹੁਕਮ ਅਨੁਸਾਰ ਹੀ ਕਰਨਾ ਪੈ ਰਿਹਾ ਹੈ। ਸੁਆਸ ਹੁਕਮ ਅਨੁਸਾਰ ਲਏ ਜਾ ਰਹੇ ਹਨ। ਜੇ ਚਾਹੀਏ ਕਿ ਰੋਕ ਲਈਏ ਤਾਂ ਵੀ ਰੋਕ ਨਹੀਂ ਸਕਾਂਗੇ। ਸਰੀਰ ਨੂੰ ਭੁੱਖ ਤੇ ਪਿਆਸ ਲੱਗਦੀ ਹੈ। ਬੰਦਾ ਮੰਨਦਾ ਹੈ ਕਿ ਸਰੀਰ ਮੇਰਾ ਹੈ। ਪੁੱਛੋ ਤੇਰੇ ਸਰੀਰ ਨੂੰ ਭੁੱਖ ਪਿਆਸ ਲੱਗੀ ਹੈ ਤੈਨੂੰ ਪੁੱਛ ਕੇ ਲੱਗੀ ਹੈ? ਫਿਰ ਇਹ ਸਰੀਰ ਤੇਰਾ ਕਿਸ ਤਰ੍ਹਾਂ ਹੋਇਆ। ਬਚਪਨ ਤੋਂ ਜੁਆਨੀ ਆਈ। ਜੁਆਨੀ ਤੋਂ ਬੁਢੇਪਾ ਆਇਆ। ਪਰ ਕੌਣ ਕਹੇ ਕਿ ਤੂੰ ਤਾਂ ਹੁਕਮ ਮੰਨਦਾ ਹੀ ਨਹੀਂ। ਮਰਜ਼ੀ ਦਾ ਹੁਕਮ ਮੰਨਦਾ ਹੈਂ। ਹੁਣ ਆਪਣੀ ਮਰਜ਼ੀ ਨਾਲ ਤੂੰ ਜੁਆਨ ਹੀ ਰਹਿ। ਕਿਉਂ ਬੁੱਢਾ ਹੋ ਰਿਹਾ ਹੈਂ। ਇਹ ਸਾਰੇ ਕੁਝ ਦੇ ਨਾਲ ਬੰਦੇ ਦਾ ਮਨ ਸਹਿਮਤ ਨਹੀਂ ਪਰ ਮਜ਼ਬੂਰੀ ਵੱਸ ਸਹਿਮਤ ਹੋਣਾ ਪੈ ਰਿਹਾ ਹੈ। ਹੁਕਮ ਮੰਨਦਾ ਹੈ ਪਰ ਖੁਸ਼ੀ ਨਾਲ ਨਹੀਂ। ਰੋਂਦਾ ਧੋਂਦਾ ਹੀ ਮੰਨਦਾ ਹੈ। ਗੁਰਦੇਵ ਕਹਿੰਦੇ ਹਨ ਕਿ ਇਹ ਬੰਦਾ ਪਰਮਾਤਮਾ ਦੇ ਹੁਕਮ ਨੂੰ ਪਛਾਣਦਾ ਨਹੀਂ। ਇਸ ਕਰਕੇ ਦੁਖੀ ਹੁੰਦਾ ਹੈ। ਜਿਨ੍ਹਾਂ ਨੂੰ ਕਰਤੇ ਦੇ ਹੁਕਮ ਦੀ ਪਛਾਣ ਆ ਗਈ ਹੈ ਦੁੱਖ ਤਾਂ ਉਨ੍ਹਾਂ ਕੋਲ ਵੀ ਆਉਂਦੇ ਹਨ, ਪਰ ਉਹ ਦੁਖੀ ਨਹੀਂ ਹੁੰਦੇ। ਉਹ ਇਹ ਗੱਲ ਮੰਨਦੇ ਹਨ ਪਈ:-

ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ॥
....
ਜਿਨੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ॥
(ਗੂਜਰੀ ਵਾਰ ਮਹਲਾ ੫, ਪੰਨਾ ੫੨੩)

ਇਕ ਹੋਰ ਅਜ਼ੀਮ ਵਿਦਵਾਨ ਦਾ ਕਹਿਣਾ ਹੈ ਕਿ

ਦੁਖ ਸੁਖ ਕੇ ਸਮੇਂ ਕੋ ਕਾਟ ਲੇਤ ਹੈ ਦੋਇ।

ਗਿਆਨੀ ਕਾਟੇ ਹੰਸ ਕਰ ਅਗਿਆਨੀ ਕਾਟੇ ਰੋਏ।

(ਇਕ ਵਿਦਵਾਨ)

ਹੁਕਮ ਦੀ ਪਹਿਚਾਨ ਦੀ ਵਿਆਖਿਆ ਗੁਰਬਾਣੀ ਵਿੱਚ ਬਹੁਤ ਹੈ। ਇਹ ਬਹੁਤ ਵਿਆਖਿਆ ਗੁਰੂ ਸਾਹਿਬਾਂ ਨੇ ਇਸੇ ਵਾਸਤੇ ਕੀਤੀ ਹੈ ਕਿ ਪ੍ਰਭੂ ਦੇ ਮਿਲਣ ਦਾ ਭੇਦ ਮਿਲ ਸਕੇ। ਜਿਸ ਨੂੰ ਹੁਕਮ ਦੀ ਪਛਾਣ ਆ ਗਈ ਉਸ ਨੂੰ ਪ੍ਰਭੂ ਦੀ ਪਹਿਚਾਨ ਵੀ ਆ ਜਾਏਗੀ। ਇਸੇ ਵਾਸਤੇ ਗੁਰਦੇਵ ਦਾ ਕਥਨ ਹੈ:-

ਕਹੁ ਨਾਨਕ ਜਿਨਿ ਹੁਕਮੁ ਪਛਾਤਾ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥

(ਰਾਮਕਲੀ ਮਹਲਾ ੫, ਪੰਨਾ ੮੮੫)

ਇਹ ਸੰਸਾਰ ਸ੍ਰਿਸ਼ਟੀ ਪ੍ਰਭੂ ਦੇ ਹੁਕਮ ਦਾ ਵਿਸਥਾਰ ਹੈ। ਇਸ ਹੁਕਮ ਦੇ ਅੰਦਰ ਹੀ ਹੁਕਮ ਕਰਨ ਵਾਲਾ ਲੀਨ ਹੈ। ਜਿਸ ਨੂੰ ਉਸ ਹੁਕਮੀ ਦੀ ਅਤੇ ਹੁਕਮ ਦੀ ਸਮਝ ਪੈ ਗਈ। ਉਸੇ ਨੂੰ ਪਰਮਾਤਮਾ ਦੀ ਸਮਝ ਪੈ ਜਾਏਗੀ। ਉਸਦੇ ਹੁਕਮ ਤੋਂ ਬਾਹਰ ਕੋਈ ਨਹੀਂ ਅਤੇ ਨਾ ਹੀ ਉਹ ਕਿਧਰੇ ਬਾਹਰੋਂ ਹੁਕਮ ਕਰ ਰਿਹਾ ਹੈ। ਉਹ ਆਪਣੇ ਹੁਕਮ ਵਿੱਚ ਹੀ ਬੈਠਾ ਹੋਇਆ ਹੈ ਤੇ ਸਾਨੂੰ ਉਹ ਆਪਣੇ ਹੁਕਮ ਤੋਂ ਬਾਹਰ ਜਾਣ ਵੀ ਨਹੀਂ ਦੇਵੇਗਾ।

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥

(ਜਪੁਜੀ, ਪੰਨਾ ੧)

ਦਰਅਸਲ ਪ੍ਰਭੂ ਦੇ ਹੁਕਮ ਨੂੰ ਸਮਝ ਲੈਣ ਨਾਲ ਝੂਠ ਦੀ ਕੰਧ ਗਿਰਦੀ ਹੈ। (ਕੂੜ) ਦੀ ਪਾਲ (ਬੁਨਿਆਦ) ਗਿਰਦੀ ਹੈ। ਕੂੜ ਦੀ ਪਾਲ (ਪਰਦਾ) ਹੈ। ਉਸ ਪਰਦੇ ਕਰਕੇ ਹੀ ਪਰਮਾਤਮਾ ਤੋਂ ਦੁਈ ਭਾਸਦੀ ਹੈ ਗੁਰਦੇਵ ਕਹਿੰਦੇ ਹਨ ਕਿ ਉਸ ਸੱਚ ਅਤੇ ਸਰੀਰ ਦੇ ਵਿਚਕਾਰ ਇਕ ਕੂੜ ਦੀ ਪਾਲ (ਮਨ) ਹੈ। ਇਹ ਪਾਲ (ਪਰਦਾ) ਹੀ ਰੁਕਾਵਟ ਹੈ।

ਦਇਆ ਤੇ ਗੁਰੂ ਦੀ ਕਲਾ

1. ਦਇਆਲੂ ਅਤੇ ਦਇਆ

ਦਇਆ ਨੂੰ ਦੂਜੇ ਸ਼ਬਦਾਂ ਵਿੱਚ ਤਰਸ, ਮਿਹਰ, ਦਰਦਵੰਦੀ ਜਾਂ ਰਹਿਮ ਵੀ ਆਖਿਆ ਜਾਂਦਾ ਹੈ। ਦਇਆਲੂ ਪੁਰਖ ਦਾ ਦਿਲ ਦੂਜੇ ਦੇ ਦੁੱਖ ਨੂੰ ਵੇਖ ਕੇ ਦ੍ਰਵ ਜਾਂਦਾ ਹੈ। ਦਇਆਲੂ ਪੁਰਖ ਹਰ ਜੀਵ 'ਤੇ ਦਇਆ ਕਰ ਸਕਦਾ ਹੈ। ਕਿਸੇ ਨੂੰ ਦੁਖੀ ਵੇਖ ਕੇ ਦਿਲ ਦਾ ਦ੍ਰਵ ਕੇ ਪਾਣੀ ਪਾਣੀ ਹੋ ਜਾਣਾ। ਦਿਲੋਂ ਉਸ 'ਤੇ ਤਰਸ ਖਾਣ ਦੇ ਭਾਵ ਨੂੰ ਦਇਆ ਆਖਦੇ ਹਨ। ਦਇਆਵਾਨ ਪੁਰਸ਼ ਕਿਸੇ ਦੇ ਦੁੱਖ ਨੂੰ ਸਹਾਰ ਨਹੀਂ ਸਕਦਾ। ਬੇ ਅਖਤਿਆਰ ਉਸ ਦੇ ਦਰਦ ਨੂੰ ਵੰਡਦਾ ਹੈ। ਦਇਆਲੂ ਪੁਰਸ਼ ਦੂਜਿਆਂ ਦੇ ਦਰਦ ਨੂੰ ਤਨ ਕਰਕੇ, ਮਨ ਕਰਕੇ, ਅਤੇ ਧਨ ਕਰਕੇ ਹਰਨ ਦਾ (ਵੰਡਾਉਣ) ਦਾ ਪ੍ਰਬੰਧ ਕਰਦਾ ਹੈ। ਜਦ ਤੀਕ ਦੂਜੇ ਦਾ ਦੁੱਖ ਦੂਰ ਨਾ ਹੋ ਜਾਏ, ਦਇਆਲੂ ਨੂੰ ਚੈਨ ਨਹੀਂ ਆਉਂਦਾ। ਦਇਆਲੂ ਰੂਹਾਂ ਹੀ ਮਹਾਨ ਹੁੰਦੀਆਂ ਹਨ। ਦਇਆਲੂ ਦੇ ਅੰਦਰ ਦਇਆ ਦਾ ਭਾਵ ਪ੍ਰਬਲ ਹੋਣ ਕਰਕੇ, ਉਸ ਦੇ ਅੰਦਰ ਨਿਮਰਤਾ ਅਤੇ ਪ੍ਰੇਮ ਸੁਭਾਵਿਕ ਪੈਦਾ ਹੋ ਜਾਂਦੇ ਹਨ। ਜਿਥੇ ਪ੍ਰੇਮ ਹੋਵੇ ਉਥੇ ਨਿਮਰਤਾ ਤੇ ਸੁਭਾਅ ਮਿੱਠਾ ਹੁੰਦਾ ਹੈ। ਦਇਆ ਭਰੇ ਹਿਰਦੇ ਤੋਂ ਹੀ ਧਰਮ ਦਾ ਜਨਮ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ-

ਧੌਲੁ ਧਰਮੁ ਦਇਆ ਦਾ ਪੂਤੁ॥ *(ਜਪੁਜੀ)*

ਦਇਆ ਤੋਂ ਬਿਨਾਂ ਧਰਮੀ ਹੋਇਆ ਨਹੀਂ ਜਾ ਸਕਦਾ। ਜਿਥੇ ਦਇਆ ਨਾ ਰਹੇ ਉਥੇ ਧਰਮ ਵੀ ਨਹੀਂ ਰਹਿ ਸਕਦਾ। ਨਾ ਹੀ ਖਿਮਾ ਰਹਿ ਸਕਦੀ ਹੈ। ਦਇਆ ਤੇ ਧਰਮ ਦਾ ਜ਼ਬਰਦਸਤ ਸੰਬੰਧ ਹੈ। ਜਿਵੇਂ ਮਾਂ ਅਤੇ ਪੁੱਤਰ ਦਾ ਸਬੰਧ ਹੁੰਦਾ ਹੈ। ਜਦ ਤਕ ਦਇਆ ਰਹੇਗੀ ਉਦੋਂ ਤਕ ਧਰਮ ਵੱਧਦਾ ਹੀ ਰਹੇਗਾ। ਦਇਆ ਤੋਂ ਸਾਰੇ ਦੈਵੀ ਗੁਣ ਉਤਪੰਨ ਹੁੰਦੇ ਹਨ। ਦਇਆ ਨਾ ਰਹੇ, ਤਾਂ ਕੋਈ ਦੈਵੀ ਗੁਣ ਵੀ ਨਹੀਂ ਰਹਿ ਸਕਦਾ। ਗੁਸਾਈਂ ਤੁਲਸੀ ਦਾਸ ਦਾ ਕਹਿਣਾ ਹੈ, ਕਿ ਦਇਆ ਧਰਮ ਦਾ ਮੂਲ ਹੈ ਤੇ ਸਭ ਪਾਪਾਂ ਦਾ ਮੂਲ ਅਭਿਮਾਨ ਹੈ। ਇਸ ਕਰਕੇ ਸਾਨੂੰ ਅੰਤਲੇ ਸੁਆਸ ਤਕ ਵੀ ਦਇਆ ਦਾ ਤਿਆਗ ਨਹੀਂ ਕਰਨਾ ਚਾਹੀਦਾ।

ਦਯਾ ਧਰਮ ਕਾ ਮੂਲ ਹੈ ਪਾਪ ਮੂਲ ਅਭਿਮਾਨ॥

ਤੁਲਸੀ ਦਇਆ ਨ ਛੋੜੀਏ ਜਬ ਲੱਗ ਘਟ ਮੇ ਪ੍ਰਾਨ॥ (ਤੁਲਸੀ)

ਦਇਆਵਾਨ ਪੁਰਸ਼ ਪ੍ਰੇਮ ਦੇ ਅੰਮ੍ਰਿਤ ਦਾ ਭਰਿਆ ਹੋਇਆ ਪਿਆਲਾ ਹੁੰਦਾ ਹੈ। ਜਿੱਥੋਂ ਹਰੇਕ ਨੂੰ ਪ੍ਰੇਮ ਦਾ ਅੰਮ੍ਰਿਤ ਮਿਲਦਾ ਹੈ। ਦਇਆਵਾਨ ਦਾ ਜੀਵਨ ਧੰਨਤਾ ਦਾ ਪਾਤਰ ਬਣਦਾ ਹੈ। ਗੁਰੂ ਅਰਜਨ ਸਾਹਿਬ ਜੀ ਮਹਾਰਾਜ ਦਾ ਫੁਰਮਾਣ ਹੈ ਕਿ ਅਠਾਹਠ ਤੀਰਥਾਂ ਦੀ ਪਵਿੱਤ੍ਰਤਾ ਅਤੇ ਸਾਰੇ ਪੁੰਨਾਂ ਦਾ ਪੁੰਨ ਜੀਅ ਜੰਤ ਉਪਰ ਦਇਆ ਕਰਨ ਤੋਂ ਪ੍ਰਾਪਤ ਹੁੰਦਾ ਹੈ-

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥
(ਮਾਂਝ ਮਹਲਾ ੫, ਪੰਨਾ ੧੩੬)

ਇਸ ਤਰ੍ਹਾਂ ਦੀ ਪਵਿੱਤ੍ਰਤਾ ਤੇ ਮਹਾਂ ਪੁੰਨ ਨੂੰ ਬੰਦਾ ਸਭ ਤੀਰਥਾਂ 'ਤੇ ਅਨੇਕਾਂ ਦਾਨ ਦੇ ਕੇ ਵੀ ਪ੍ਰਾਪਤ ਨਹੀਂ ਕਰ ਸਕਦਾ। ਉਹੀ ਪੁਰਖ ਸਿਆਣਾ (ਸੁਜਾਨ) ਹੈ, ਜਿਸ ਦੇ ਹਿਰਦੇ ਵਿੱਚ ਦਇਆ ਦਾ ਨਿਯਮ ਹੈ। ਦਇਆਵਾਨ ਪੁਰਸ਼ ਕੋਲ ਪ੍ਰੇਮ ਸ਼ਾਂਤੀ ਹੁੰਦੀ ਹੈ। ਦਇਆਲੂ ਪੁਰਸ਼ ਦਾ ਖਿੜਿਆ ਮੱਥਾ ਤੇ ਰਹਿਮ ਭਰਿਆ ਦਿਲ, ਨਿਮੋਝੂਣੇ ਤੇ ਢੱਠੇ ਹੋਏ ਦਿਲਾਂ ਦਾ ਸਹਾਰਾ ਹੁੰਦਾ ਹੈ। ਉਸ ਦਾ ਮਿੱਠਬੋਲੜਾ ਸੁਭਾਅ, ਖਾਲੀ ਤੇ ਖੁਸ਼ਕ ਹਿਰਦਿਆਂ ਨੂੰ ਨਿਹਾਲ ਤੇ ਮਾਲੋ ਮਾਲ ਕਰ ਦੇਂਦਾ ਹੈ। ਇਨਸਾਨੀਅਤ ਦੇ ਸੱਚੇ ਹਮਦਰਦ ਹੀ ਦਇਆਲੂ ਪੁਰਸ਼ ਹੁੰਦੇ ਹਨ। ਜਿਨ੍ਹਾਂ ਤੋਂ ਦੁਨੀਆਂ ਦੇ ਜੀਅ ਜੰਤ ਪ੍ਰਫੁਲਤ ਹੋ ਜਾਂਦੇ ਹਨ। ਦਇਆਲੂ ਦੇ ਦਰਸ਼ਨਾਂ ਨਾਲ ਅਨੇਕਾਂ ਪਾਪ ਝੜਦੇ ਹਨ।

ਦਇਆਹੀਨ ਪੁਰਸ਼ਾਂ ਦੀ ਸ਼ਕਲ ਤਾਂ ਮਨੁੱਖਾਂ ਵਰਗੀ ਹੀ ਹੁੰਦੀ ਹੈ, ਪਰ ਮਨੁੱਖ ਅਖਵਾਉਣ ਦਾ ਹੱਕਦਾਰ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਦੇ ਅੰਦਰ ਸ਼ੈਤਾਨ ਤੇ ਹੈਵਾਨ ਬ੍ਰਿਤੀ ਦਾ ਜ਼ੋਰ ਹੁੰਦਾ ਹੈ। ਹਠ ਧਰਮੀ, ਖ਼ੁਦਗਰਜੀ ਤੇ ਜ਼ੁਲਮ ਕਰਨਾ ਉਨ੍ਹਾਂ ਦਾ ਸੁਭਾਅ ਹੁੰਦਾ ਹੈ ਜੋ ਸੰਸਾਰ ਵਿੱਚ ਬੇਚੈਨੀ ਫੈਲਾਉਣ ਦਾ ਕਾਰਨ ਹੁੰਦਾ ਹੈ। ਉਨ੍ਹਾਂ ਦਾ ਹਾਸਾ ਤੇ ਮਨੋਰੰਜਨ ਵੀ ਜੀਆਂ ਦਾ ਘਾਤ ਹੁੰਦਾ ਹੈ। ਦਇਆਹੀਨ ਪੁਰਸ਼ ਆਪਣੇ ਸੁਆਰਥ ਲਈ ਦੂਜਿਆਂ ਦਾ ਖ਼ੂਨ ਨਿਚੋੜਨ ਦੀ ਕ੍ਰਿਆ ਨੂੰ ਮਾਮੂਲੀ ਕ੍ਰਿਆ ਸਮਝਦਾ ਹੈ। ਦਇਆਹੀਨ ਵਿਕਾਰੀ ਹੁੰਦੇ ਹਨ। ਇਨ੍ਹਾਂ ਜ਼ਹਿਰ ਸੱਪ ਵਿੱਚ ਨਹੀਂ ਹੁੰਦਾ ਜਿੰਨਾ ਕਿ ਦਇਆਹੀਣ ਦੇ ਹਿਰਦੇ 'ਚ ਹੁੰਦਾ ਹੈ। ਸੱਪ ਤਾਂ ਕਦੇ ਕਦੇ ਕਿਸੇ ਨੂੰ ਡਸਦਾ ਹੈ, ਪਰ ਦਇਆਹੀਣ ਪੁਰਸ਼ ਇਕ ਕਬੋਲ ਨਾਲ ਹੀ ਡੱਸ ਦੇਂਦਾ ਹੈ। ਦਇਆਹੀਣ ਦੇ ਮੱਥੇ ਦਾ ਵੱਟ ਤੇ ਅੱਖਾਂ ਦੀ ਘੂਰੀ, ਆਸ ਪਾਸ ਦੇ ਲੋਕਾਂ ਨੂੰ ਸੌ ਸੌ ਵਾਰ ਡੰਗ ਮਾਰਦੀ ਹੈ।

ਦਇਆ ਕਰਨ ਵਾਸਤੇ ਵੀ ਬੜੀ ਸੋਚ ਵਿਚਾਰ ਦੀ ਲੋੜ ਹੈ। ਅਣਜਾਣੇ ਵਿੱਚ

ਬੰਦਾ ਦਇਆ ਨੂੰ ਅਜੇਹੀ ਥਾਈਂ ਵਰਤਦਾ ਹੈ ਜਿਥੇ ਉਹ ਦਇਆ ਨਾ ਰਹਿ ਕੇ ਕੁਦਇਆ ਹੋ ਜਾਂਦੀ ਹੈ। ਜਿਸ ਕਾਰਨ ਦੁਨੀਆਂ ਵਿੱਚ ਦਇਆ ਦਾ ਲਾਭ ਦਇਆ ਦੇ ਪਾਤਰ ਨੂੰ ਨਾ ਹੋ ਕੇ , ਸਗੋਂ ਪਾਖੰਡੀ ਅਤੇ ਚੋਰਾਂ ਨੂੰ ਹੋ ਜਾਂਦਾ ਹੈ। ਦਇਆਵਾਨ ਪੁਰਸ਼ ਇਸ ਸੰਸਾਰ ਵਿੱਚ ਬਹੁਤ ਘੱਟ ਹਨ। ਜਿਨ੍ਹਾਂ ਨੂੰ ਸਿਰਫ ਉਂਗਲੀਆਂ 'ਤੇ ਹੀ ਗਿਣਿਆਂ ਜਾ ਸਕਦਾ ਹੈ। ਕਬੀਰ ਸਾਹਿਬ ਜੀ ਦਾ ਕਹਿਣਾ ਹੈ ਕਿ ਕਾਮੀ, ਕ੍ਰੋਧੀਆਂ ਦੀ ਗਿਣਤੀ ਅਥਾਹ ਹੈ। ਧਨਵਾਨਾਂ ਦੀ ਵੀ ਅਥਾਹ ਗਿਣਤੀ ਹੈ। ਈਰਖਾਲੂਆਂ ਦੀ ਗਿਣਤੀ ਵੀ ਬਹੁਤ ਹੈ। ਬੰਦੇ ਕੋਲ ਕਾਮ, ਕ੍ਰੋਧ, ਨਸ਼ੇ, ਈਰਖਾ ਆਦਿ ਦਾ ਧਨ ਸੰਪਦਾ ਬਹੁਤ ਹੈ। ਪਰ ਦਇਆ ਮਨੁੱਖ ਕਦੀ ਸੁਪਨੇ ਵਿੱਚ ਵੀ ਨਹੀਂ ਕਰਦਾ।

ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ॥
ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ॥ ੪॥

(ਰਾਮਕਲੀ ਕਬੀਰ, ਪੰਨਾ ੯੭੧)

ਦਇਆਲੂ ਦਾ ਦਿਲ ਲੋਕਾਂ ਦੀ ਭਲਾਈ ਵਾਸਤੇ ਉਬਾਲੇ ਖਾਂਦਾ ਹੈ ਅਤੇ ਪ੍ਰਭੂ ਦੀ ਰਜ਼ਾ ਵਿੱਚ ਰਾਜੀ ਰਹਿੰਦਾ ਹੈ।

ਦਇਆਲੂ ਪੁਰਸ਼ ਆਪਣੇ ਸੁਖਾਂ ਦੀ ਕੁਰਬਾਨੀ ਕਰਦਾ ਹੈ ਤਾਂਕਿ ਦੂਸਰਿਆਂ ਦੇ ਦੁੱਖ ਦਰਦ ਦੂਰ ਹੋਣ ਅਤੇ ਉਨ੍ਹਾਂ ਨੂੰ ਸੁਖ ਪ੍ਰਾਪਤ ਹੋਵੇ।

ਹਜ਼ਰਤ ਮਸੀਹ ਨੇ ਕਿਹਾ ਹੈ ਕਿ ਜੋ ਕੋਈ ਆਪਣੀ ਜ਼ਿੰਦਗੀ ਨੂੰ ਪ੍ਰਭੂ ਦੇ ਬਣਾਏ ਜੀਆਂ ਦੀ ਸੇਵਾ ਵਿੱਚ ਮਿਟਾ ਦੇਂਦਾ ਹੈ ਉਹ ਸੱਚੀ ਜ਼ਿੰਦਗੀ ਦਾ ਲਾਭ ਖੱਟਦਾ ਹੈ। ਜੋ ਸੰਸਾਰ ਦੇ ਜੀਆਂ ਦਾ ਭਲਾ ਨਹੀਂ ਕਰਦਾ, ਪ੍ਰਭੂ ਉਸ ਦਾ ਵੀ ਭਲਾ ਨਹੀਂ ਕਰਦਾ।

ਐ ਬੰਦੇ! ਸਾਰੀ ਕਰਣੀਆਂ ਦਾ ਸਾਰ ਸਤ, ਸੰਤੋਖ ਤੇ ਦਇਆ ਦੀ ਕਮਾਈ ਹੈ। ਦਇਆਲੂ ਕੋਲ ਹਉਮੈ ਨਹੀਂ ਹੁੰਦੀ ਅਤੇ ਆਪ ਭਾਵ ਮਿਟ ਜਾਂਦਾ ਹੈ। ਪਰ ਇਸ ਦੌਲਤ ਨੂੰ ਹਰੇਕ ਕੋਈ ਨਹੀਂ ਪਾ ਸਕਦਾ। ਜਿਸ ਨੂੰ ਕਰਤਾਰ ਹੀ ਬਖਸ਼ੇ ਮਿਲਦੀ ਹੈ।

ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ॥
ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ॥

(ਸਿਰੀਰਾਗੁ ਮਹਲਾ ੫, ਪੰਨਾ ੫੧)

ਦਇਆਲੂ ਬੰਦੇ ਦੇ ਅੰਦਰ ਸਾਰੇ ਜੀਆਂ ਲਈ ਤਰਸ ਤੇ ਪ੍ਰੇਮ ਹੁੰਦਾ ਹੈ। ਗੁਰੂ ਨਾਨਕ ਸਾਹਿਬ ਜੀ ਦਾ ਕਥਨ ਹੈ, ਕਿ ਪਰਮਾਤਮਾ ਦੇ ਦਰ ਤੋਂ ਉਸੇ ਨੂੰ ਵਡਿਆਈ ਮਿਲਦੀ ਹੈ ਜੋ ਆਪੇ ਮਿਟਾਉਂਦੇ ਹਨ। ਜੀਉਂਦੇ ਜੀ ਮਰ ਕੇ ਹੀ ਦਇਆ ਕਮਾਈ ਜਾ ਸਕਦੀ ਹੈ ਵਰਨਾ ਨਹੀਂ। ਦਇਆਲੂ ਪੁਰਸ਼ ਵਿੱਚ ਇਹ ਖਾਸੀਅਤ ਵੀ ਹੁੰਦੀ ਹੈ ਕਿ ਜੋ

ਸੁਖ ਉਹ ਪ੍ਰਾਪਤ ਕਰਨਾ ਚਾਹੁੰਦਾ ਹੈ, ਉਹੀ ਸੁਖ ਸਾਰਿਆਂ ਨੂੰ ਦੇਣਾ ਚਾਹੁੰਦਾ ਹੈ। ਦਇਆਲੂ ਆਪਣੇ ਆਪ ਵਿੱਚ ਦੂਜਿਆਂ ਨੂੰ ਹੀ ਬੈਠਾ ਦੇਖਦਾ ਹੈ।

ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ॥
ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ॥

(ਰਾਮਕਲੀ ਮਹਲਾ ੧, ਪੰਨਾ ੯੪੦)

ਹੱਜ ਵੀ ਉਸੇ ਦਾ ਪ੍ਰਵਾਨ ਹੁੰਦਾ ਹੈ ਜੋ ਆਪਣੀ ਪ੍ਰਾਰਥਨਾਂ ਵਿੱਚ ਸਭ ਦਾ ਭਲਾ ਮੰਗਦਾ ਹੈ। ਜੋ ਸਭ ਦਾ ਭਲਾ ਮੰਗਦਾ ਹੈ, ਉਸ ਦਾ ਕੋਈ ਦੁਸ਼ਮਣ ਨਹੀਂ ਹੁੰਦਾ। ਦਇਆ ਚਾਲਾਕੀ ਨਾਲ ਨਹੀਂ ਕੀਤੀ ਜਾ ਸਕਦੀ। ਚਾਲਾਕ ਲੋਕ ਗ਼ਰੀਬਾਂ ਦੇ ਸਿਰਾਂ 'ਤੇ ਪੈਰ ਰੱਖਦੇ ਹਨ ਅਤੇ ਤਕੜਿਆਂ ਦੇ ਪੈਰਾਂ 'ਤੇ ਸਿਰ ਰੱਖਦੇ ਹਨ।

2. ਦੈਂਤ ਅਤੇ ਦਇਆ

ਇਕ ਰਾਜੇ ਨੇ ਇਕ ਕੈਦੀ ਨੂੰ ਮੌਤ ਦੀ ਸਜ਼ਾ ਸੁਣਾਈ। ਜਿਸ ਦਿਨ ਉਸ ਕੈਦੀ ਨੂੰ ਫਾਂਸੀ ਹੋਣੀ ਸੀ ਤਾਂ ਉਸ ਕੈਦੀ ਕੋਲੋਂ ਰਾਜੇ ਨੇ ਅੰਤਿਮ ਇੱਛਾ ਪੁੱਛੀ। ਉਸ ਮੰਦਭਾਗੇ ਕੈਦੀ ਨੇ ਨਿਰਾਸ਼ਤਾ ਵਿੱਚ ਆ ਕੇ, ਰਾਜੇ ਨੂੰ ਗਾਲ੍ਹਾਂ ਕੱਢੀਆਂ ਅਤੇ ਹੋਰ ਵੀ ਬਹੁਤ ਬੁਰਾ ਭਲਾ ਬੋਲਣਾ ਆਰੰਭ ਕਰ ਦਿੱਤਾ। ਕੈਦੀ ਕਹਿ ਰਿਹਾ ਸੀ ਕਿ ਮੌਤ ਦੀ ਸਜ਼ਾ ਮੈਨੂੰ ਹੋ ਗਈ ਹੈ। ਇਸ ਤੋਂ ਵੱਧ ਸਜ਼ਾ ਮੈਨੂੰ ਰਾਜਾ ਹੋਰ ਕੀ ਦੇ ਸਕਦਾ ਹੈ? ਜਦ ਭੱਜ ਕੇ ਬਚਣ ਦਾ ਕੋਈ ਹੀਲਾ ਨਹੀਂ ਰਹਿੰਦਾ ਤਾਂ ਬੰਦਾ ਅਗਲੇ ਦੇ ਗਲ ਹੀ ਪੈ ਜਾਂਦਾ ਹੈ। ਦੱਬੀ ਹੋਈ ਬਿੱਲੀ ਕੁੱਤੇ ਉਤੇ ਹੱਲਾ ਬੋਲ ਦੇਂਦੀ ਹੈ। ਬਾਦਸ਼ਾਹ ਉਸ ਕੈਦੀ ਦੀ ਬੋਲੀ (ਭਾਸ਼ਾ) ਨਹੀਂ ਸੀ ਜਾਣਦਾ। ਉਸ ਨੇ ਆਪਣੇ ਵਜ਼ੀਰ ਤੋਂ ਪੁੱਛਿਆ ਕਿ ਇਹ ਕੈਦੀ ਕੀ ਕਹਿੰਦਾ ਹੈ? ਉਸ ਦਇਆਲੂ ਵਜ਼ੀਰ ਨੂੰ ਕੈਦੀ ਉਪਰ ਤਰਸ ਆ ਗਿਆ। ਉਸ ਨੇਕ ਦਿਲ ਵਜ਼ੀਰ ਨੇ ਰਾਜੇ ਨੂੰ ਕਿਹਾ ਕਿ ਕੈਦੀ ਆਖਦਾ ਹੈ ਕਿ ਜੋ ਲੋਕ ਕਸੂਰਵਾਰਾਂ 'ਤੇ ਵੀ ਦਇਆ ਕਰਦੇ ਹਨ, ਪਰਮਾਤਮਾ ਉਨ੍ਹਾਂ ਉਪਰ ਵੀ ਦਇਆ ਕਰਦਾ ਹੈ। ਜੋ ਦੂਜਿਆਂ ਦੇ ਕਸੂਰ ਮੁਆਫ ਕਰਦਾ ਹੈ, ਪਰਮਾਤਮਾ ਉਨ੍ਹਾਂ ਦੇ ਕਸੂਰ ਮੁਆਫ ਕਰ ਦੇਂਦਾ ਹੈ।

ਨੇੜੇ ਇਕ ਹੋਰ ਵਜ਼ੀਰ ਖੜਾ ਸੀ। ਉਹ ਵੀ ਕੈਦੀ ਦੀ ਬੋਲੀ ਸਮਝਦਾ ਸੀ। ਪਰ ਉਹ ਪਹਿਲੇ ਵਜ਼ੀਰ ਨਾਲ ਈਰਖਾ ਵੀ ਰਖਦਾ ਸੀ। ਉਹ ਵਜ਼ੀਰ ਨੂੰ ਕਹਿਣ ਲੱਗਾ ਕਿ ਸਾਡੇ ਦਰਜੇ ਦੇ ਲੋਕਾਂ ਨੂੰ ਝੂਠ ਨਹੀਂ ਬੋਲਣਾ ਚਾਹੀਦਾ। ਹੇ ਰਾਜਨ! ਇਸ ਕੈਦੀ ਨੇ ਬਾਦਸ਼ਾਹ ਦੀ ਸ਼ਾਨ ਦੇ ਖਿਲਾਫ ਬੋਲਿਆ ਹੈ। ਮੰਦ ਸ਼ਬਦਾਂ ਵਿੱਚ ਕਬੋਲ ਬੋਲੇ ਹਨ, ਪਰ ਵਜ਼ੀਰ ਨੇ ਝੂਠ ਬੋਲਿਆ ਹੈ।

ਉਹ ਬਾਦਸ਼ਾਹ ਕ੍ਰੋਧਵਾਨ ਹੋਇਆ ਅਤੇ ਆਖਿਆ, "ਤੂੰ ਚੁਪ ਰਹਿ, ਤੇਰੀ ਸੱਚੀ ਗੱਲ ਨਾਲੋਂ ਉਸ ਦੀ ਝੂਠੀ ਗੱਲ ਮੈਨੂੰ ਬਹੁਤ ਚੰਗੀ ਲੱਗੀ ਹੈ, ਕਿਉਂਕਿ ਉਸਨੇ ਝੂਠ, ਸ਼ੁੱਧ ਤੇ ਨਿਰਮਲ ਭਾਵਨਾ ਨਾਲ ਆਖਿਆ ਹੈ, ਜਿਸ ਵਿੱਚ ਕਿਸੇ ਦੀ ਭਲਾਈ ਹੈ, ਪਰ ਤੇਰੀ ਸੱਚੀ ਗੱਲ ਦੀ ਨੀਂਹ (ਬੁਨਿਆਦ) ਬੁਰਾਈ ਉਤੇ ਹੈ।"

ਜਿਸ ਸੱਚ ਨਾਲ ਕਿਸੇ ਦਾ ਬੁਰਾ ਹੋਵੇ ਉਹ ਸੱਚ ਨਹੀਂ ਹੋ ਸਕਦਾ। ਜਿਸ ਝੂਠ ਨਾਲ ਕਿਸੇ ਦਾ ਭਲਾ ਹੋਵੇ, ਉਹ ਝੂਠ ਨਹੀਂ ਹੋ ਸਕਦਾ।

ਐ ਬੰਦੇ! ਦਇਆਲੂ ਬੰਦੇ ਦੇ ਨੇਕ ਕਰਮ ਉਸ ਨੂੰ ਮੌਤ ਪਿੱਛੋਂ ਵੀ ਜੀਉਂਦਿਆਂ ਰੱਖਦੇ ਹਨ, ਇਸ ਕਰਕੇ ਤੂੰ ਵੀ ਦਇਆ ਕਰ। ਦਇਆਲੂ ਲੋਕ ਹਮੇਸ਼ਾਂ ਇਨਸਾਫ ਪਸੰਦ ਹੁੰਦੇ ਹਨ, ਉਹ ਕਿਸੇ ਨਾਲ ਵੀ ਬੇਇਨਸਾਫੀ ਨਹੀਂ ਕਰਦੇ। ਦਇਆਲੂ ਦੇ ਆਪਣਿਆਂ ਵਿੱਚ ਵੀ ਕੋਈ ਗਲਤ ਹੋਵੇ ਤਾਂ ਉਹ ਪਰਦਾ ਨਹੀਂ ਪਾਉਂਦੇ। ਉਹ ਦੋਸ਼ ਵੀ ਆਪਣਿਆਂ ਨੂੰ ਦੇਂਦੇ ਹਨ। ਦਇਆਲੂ ਦੀ ਦ੍ਰਿਸ਼ਟੀ ਹਮੇਸ਼ਾ ਇਨਸਾਫ ਤੋਲਦੀ ਹੈ।

3. ਦੇਵਤਾ ਅਤੇ ਦਇਆ

ਹਾਰੂੰ ਰਸੀਦ ਦੇ ਪੁੱਤਰ ਨੂੰ ਇਕ ਸਿਪਾਹੀ ਦੇ ਪੁੱਤਰ ਨੇ ਮਾਂ ਦੀ ਗਾਲ੍ਹ ਕੱਢੀ। ਪੁੱਤਰ ਨੇ ਆਪਣੇ ਬਾਪ ਰਾਜੇ, ਹਾਰੂੰ ਰਸੀਦ ਕੋਲ ਸ਼ਿਕਾਇਤ ਕੀਤੀ ਕਿ ਫਲਾਂ ਸਿਪਾਹੀ ਦੇ ਪੁੱਤਰ ਨੇ ਮੈਨੂੰ ਮਾਂ ਦੀ ਗਾਲ੍ਹ ਕੱਢੀ ਹੈ। ਹਾਰੂੰ ਰਸੀਦ ਨੇ ਆਪਣੇ ਰਾਜ ਦੇ ਸਾਰੇ ਆਲਾ ਦਰਜੇ ਦੇ ਅਫਸਰਾਂ ਕੋਲੋਂ ਪੁੱਛਿਆ ਕਿ ਸਿਪਾਹੀ ਦੇ ਪੁੱਤਰ ਨੂੰ ਕੀ ਸਜ਼ਾ ਦੇਣੀ ਚਾਹੀਦੀ ਹੈ। ਸਾਰਿਆਂ ਨੇ ਆਪਣੀ ਸਲਾਹ ਦੱਸੀ। ਕਿਸੇ ਨੇ ਕਿਹਾ ਕਿ ਸਿਪਾਹੀ ਦੇ ਪੁੱਤਰ ਦੀ ਜ਼ਬਾਨ ਕੱਟ ਦੇਣੀ ਚਾਹੀਦੀ ਹੈ। ਕਿਸੇ ਨੇ ਉਮਰ ਕੈਦ, ਕਿਸੇ ਨੇ ਦੇਸ਼ ਨਿਕਾਲਾ ਦਿੱਤੇ ਜਾਣ ਦੀਆਂ ਸਲਾਹਾਂ ਦਿੱਤੀਆਂ। ਅਖੀਰ 'ਤੇ ਰਾਜਾ ਹਾਰੂੰ ਰਸੀਦ ਬੋਲਿਆ ਤੇ ਆਪਣੇ ਪੁੱਤਰ ਨੂੰ ਕੋਲ ਬੁਲਾ ਕੇ ਕਹਿਣ ਲੱਗਾ "ਕਿ ਦੇਖੋ ਮੇਰੇ ਬੱਚੇ ਜੇਕਰ ਮੇਰਾ ਕਹਿਣਾ ਮੰਨੇ, ਤਾਂ ਤੂੰ ਸਿਪਾਹੀ ਦੇ ਪੁੱਤਰ ਨੂੰ ਮੁਆਫ ਕਰ ਦੇ, ਨਹੀਂ ਤਾਂ ਤੂੰ ਵੀ ਉਸ ਨੂੰ ਮਾਂ ਦੀ ਗਾਲ੍ਹ ਕੱਢ ਲੈ। ਜੁਰਮਾਨੇ ਵਜੋਂ ਇਕ ਹੋਰ ਗਾਲ੍ਹ ਕੱਢ ਲੈ, ਮਗਰ ਇਸ ਤੋਂ ਅੱਗੇ ਨ ਵਧੀ। ਜੇਕਰ ਅੱਗੇ ਵਧਿਆ ਤਾਂ ਮੈਂ ਤੇਰਾ ਜ਼ੁਲਮ ਗਿਣਾਂਗਾ ਅਤੇ ਮੁਕੱਦਮਾ ਸਿਪਾਹੀ ਦੇ ਪੁੱਤਰ ਵਲੋਂ ਚਲਾਵਾਂਗਾ।"

ਦਇਆ ਹਮੇਸ਼ਾ ਦੂਜੇ ਉਪਰ ਹੀ ਹੁੰਦੀ ਹੈ। ਦਇਆ ਸੰਸਾਰ 'ਤੇ ਹੀ ਕਰ ਸਕਦੇ ਹਾਂ। ਦੂਜੇ ਲਈ ਜੋ ਵੀ ਹੋ ਸਕੇ ਮਨੁੱਖ ਨੂੰ ਕਰਨਾ ਚਾਹੀਦਾ ਹੈ। ਦੂਜੇ ਨੂੰ ਜਿੰਨਾ ਸੁਖ ਦਿੱਤਾ ਜਾਵੇ ਦੇਣਾ ਚਾਹੀਦਾ ਹੈ। ਇਹ ਦਇਆਵਾਨਾਂ ਦਾ ਸੁਭਾਅ ਹੁੰਦਾ ਹੈ ਜਿਵੇਂ ਸੂਰਜ ਦਾ ਸੁਭਾਅ ਪ੍ਰਕਾਸ਼ ਦੇਣਾ ਹੈ। ਜੇਕਰ ਉਹ ਪ੍ਰਕਾਸ਼ ਹੀ ਨਹੀਂ ਦੇਂਦਾ, ਤਾਂ ਉਸ ਨੂੰ

ਸੂਰਜ ਕਿਸ ਨੇ ਕਹਿਣਾ ਹੈ? ਜੇਕਰ ਦਇਆਵਾਨ ਕੋਲ ਦੂਜੇ ਪ੍ਰਤੀ ਦਯਾ ਹੀ ਨਹੀਂ ਤਾਂ ਉਸ ਨੂੰ ਦਇਆਵਾਨ ਕਿਸ ਨੇ ਕਹਿਣਾ ਹੈ?

ਜਿਸ ਦੇਸ਼ ਦੇ ਲੋਕ ਦਇਆਵਾਨ ਨਹੀਂ ਹੁੰਦੇ, ਉਹ ਦੇਸ਼ ਬਹੁਤ ਗ਼ਰੀਬ ਦੇਸ਼ ਹੁੰਦਾ ਹੈ। ਉਸ ਦੇਸ਼ ਵਿੱਚ ਗਰੀਬ ਦੀ ਕੋਈ ਬਾਂਹ ਨਹੀਂ ਫੜਦਾ। ਬੀਮਾਰ ਦਾ ਕੋਈ ਇਲਾਜ ਨਹੀਂ ਹੋ ਸਕਦਾ। ਰਸਤੇ ਵਿੱਚ ਡਿਗ ਗਿਆ ਹੈ, ਤਾਂ ਕੋਈ ਵੀ ਨਹੀਂ ਉਠਾਉਂਦਾ। ਕਿਸੇ ਕੋਲ ਕੁਝ ਹੋਵੇ ਉਸ ਤੋਂ ਖੋਹਣ ਦੀ ਆਦਤ ਹੋਵੇਗੀ। ਗਰੀਬੀ ਤੇ ਨਿਰਧਨਤਾ ਵੱਧਦੀ ਜਾਵੇਗੀ। ਗਰੀਬ ਨੂੰ ਜੀਵਨ ਵਿੱਚ ਅੱਗੇ ਵੱਧਣ ਲਈ ਕੋਈ ਮੌਕਾ ਨਹੀਂ ਮਿਲੇਗਾ। ਗ਼ੁਲਾਮ ਦੀ ਜ਼ਿੰਦਗੀ ਨੂੰ ਬਦਲਣ ਲਈ ਕੋਈ ਹਮਦਰਦ ਨਹੀਂ ਹੋਵੇਗਾ। ਬੰਦਾ ਆਪਣੇ ਉੱਪਰ ਤਾਂ ਦਇਆ ਚਾਹੁੰਦਾ ਹੈ ਪਰ ਦੂਜੇ ਉੱਪਰ ਦਇਆ ਕਰਦਾ ਨਹੀਂ ਹੈ। ਜੇਕਰ ਦਇਆ ਪੈਦਾ ਹੋ ਗਈ, ਤਾਂ ਹੀ ਸੇਵਾ ਦਾ ਜਨਮ ਹੋ ਸਕੇਗਾ, ਵਰਨਾ ਨਹੀਂ। ਦੂਜੇ ਉੱਪਰ ਦਇਆ ਕਰ ਸਕੇ ਤਾਂ ਜੀਵਨ ਵਿੱਚ ਪੁੰਨ, ਪ੍ਰਾਰਥਨਾ ਅਤੇ ਆਰਾਧਨਾ ਹੋ ਸਕੇਗੀ। ਦੂਜੇ ਉੱਪਰ ਦਇਆ ਕਰ ਸਕਾਂਗੇ ਤਾਂ ਪਰਮਾਤਮਾ ਦੇ ਵੱਲ ਰਸਤਾ ਖੁਲ੍ਹ ਸਕੇਗਾ। ਦਇਆ ਤੋਂ ਬਿਨਾਂ ਧਰਮ ਵੀ ਪੈਦਾ ਨਹੀਂ ਹੋ ਸਕਦਾ। ਜੇਕਰ ਧਰਮ ਹੀ ਨਾ ਪੈਦਾ ਹੋ ਸਕਿਆ ਤਾਂ ਬੰਦਾ ਧਾਰਮਿਕ ਕਿਵੇਂ ਹੋ ਸਕੇਗਾ। ਧਰਮ ਤਾਂ ਦਇਆ ਦਾ ਹੀ ਬੱਚਾ ਹੈ।

ਧੌਲੁ ਧਰਮੁ ਦਇਆ ਕਾ ਪੂਤੁ॥ *(ਜਪੁਜੀ)*

ਜਿਸ ਸਾਧੂ ਅੰਦਰ ਦਇਆ ਨਹੀਂ, ਉਹ ਮੁਰਦਾ ਸਾਧੂ ਹੈ। ਸੱਚਾ ਸਾਧੂ ਦਇਆਵਾਨ ਹੁੰਦਾ ਹੈ। ਦਇਆਹੀਣ ਮਨੁੱਖ ਸੁਆਰਥੀ ਹੁੰਦੇ ਹਨ। ਉਹ ਆਪਣਾ ਸੁਖ ਤਾਂ ਚਾਹੁੰਦੇ ਹਨ ਪਰ ਦੂਜੇ ਦੇ ਸੁਖ ਦਾ ਖਿਆਲ ਨਹੀਂ ਰੱਖਦੇ। ਜਿਨ੍ਹਾਂ ਲੋਕਾਂ ਕੋਲ ਦਇਆ ਨਹੀਂ ਹੁੰਦੀ, ਉਹ ਬੜੇ ਕਠੋਰ ਹਿਰਦੇ ਦੇ ਮਾਲਕ ਹੁੰਦੇ ਹਨ। ਦਇਆ ਪਰਮ ਰਸ ਦੀ ਬੁਨਿਆਦ ਹੁੰਦੀ ਹੈ। ਦਇਆ, ਧਰਮ ਦਾ ਪਹਿਲਾ ਅੰਗ ਹੈ (ਕਦਮ ਹੈ) ਜੇਕਰ ਬੰਦਾ ਗਿਆਨੀ ਹੈ ਤੇ ਉਸ ਕੋਲ ਦਇਆ ਨਹੀਂ ਹੈ, ਤਾਂ ਉਸ ਦਾ ਗਿਆਨ ਝੂਠਾ ਹੋਵੇਗਾ ਧਰਮ ਦਾ ਜਨਮ ਦਇਆ ਤੋਂ ਹੁੰਦਾ ਹੈ। ਤਾਂ ਹੀ ਤਾਂ ਇਸ ਵਾਸਤੇ ਗੁਰੂ ਪਾਤਿਸ਼ਾਹ ਦਾ ਕਥਨ ਹੈ-

ਸੁਖ ਸਹਜ ਦਇਆ ਕਾ ਪੋਤਾ॥ ਹਰਿ ਭਗਤਾ ਹਵਾਲੈ ਹੋਤਾ॥੧॥

(ਰਾਮਕਲੀ ਮਹਲਾ ੫, ਪੰਨਾ ੮੯੩)

ਜੇਕਰ ਅੰਦਰ ਦਇਆ ਨਾ ਹੋਵੇ ਤੇ ਵਿਖਾਵਾ ਦਇਆਲੂ ਦਾ ਹੋਵੇ, ਤਾਂ ਇਸ ਤਰ੍ਹਾਂ ਦੇ ਦਇਆਲੂ ਹਮੇਸ਼ਾ ਵੈਰ ਬਿਰਤੀ ਵਾਲੇ ਹੋਣਗੇ। ਫਿਰਕਾਪ੍ਰਸਤ ਹੋਣਗੇ।

ਦਇਆਹੀਣ ਦਇਆਲੂ ਕੋਲੋਂ ਵੈਰ ਵਿਰੋਧ ਦੇ ਭੇਦ ਭਾਵ ਦੀ ਸੜ੍ਹਾਂਦ ਆਉਂਦੀ ਹੈ। ਭਗਤ ਨਾਮ ਦੇਵ ਜੀ ਦੇ ਜੀਵਨ ਵਿੱਚ ਇਕ ਘਟਨਾ ਦਾ ਜ਼ਿਕਰ ਆਉਂਦਾ ਹੈ-

4. ਦਰਦ ਅਤੇ ਦਇਆ

ਭਗਤ ਨਾਮ ਦੇਵ ਇਕ ਦਿਨ ਮੰਦਰ ਵਿੱਚ ਸਵੇਰੇ ਸਵੇਰੇ ਗਏ। ਜਦੋਂ ਮੰਦਰ ਵਿੱਚ ਪੁੱਜੇ, ਤਾਂ ਮੰਦਰ ਦੀ ਮੂਰਤੀ ਦੇ ਅੱਗੇ ਹੱਥ ਜੋੜ ਕੇ ਬ੍ਰਾਹਮਣ ਪੁਜਾਰੀ ਪੂਜਾ ਕਰਦਾ ਸੀ। ਪੁਜਾਰੀ ਕੋਲ ਕੁਝ ਪ੍ਰਸ਼ਾਦ ਸਮੱਗਰੀ, ਦੁੱਧ ਆਦਿ ਵੀ ਸੀ। ਇਕ ਗਰੀਬ ਔਰਤ ਆਪਣੀ ਗੋਦ ਵਿੱਚ ਬੱਚਾ ਲੈ ਕੇ ਮੰਦਰ ਦੇ ਬਾਹਰ ਬੈਠੀ ਸੀ। ਬੱਚਾ ਰੋਂਦਾ ਸੀ ਅਤੇ ਗ਼ਰੀਬ ਔਰਤ ਪੁਜਾਰੀ ਦੀ ਆਸ ਵਿੱਚ ਬੈਠੀ ਸੀ ਕਿ ਬ੍ਰਾਹਮਣ ਪਾਸੋਂ ਕੁਝ ਦੁੱਧ ਲੈ ਕੇ ਇਕ ਭੁੱਖੇ ਬੱਚੇ ਨੂੰ ਪਿਲਾਵੇਗੀ। ਪੰਡਿਤ ਪੁਜਾਰੀ ਦੁੱਧ ਲੈ ਕੇ ਮੂਰਤੀ ਅੱਗੇ ਪ੍ਰਾਰਥਨਾ ਕਰ ਰਿਹਾ ਸੀ। ਨਾਮਦੇਵ ਔਰਤ ਨੂੰ ਪੁੱਛਦੇ ਹਨ ਬੱਚਾ ਕਿਉਂ ਰੋਂਦਾ ਹੈ? ਔਰਤ ਕਹਿੰਦੀ ਹੈ, "ਕਿ ਬੱਚੇ ਨੂੰ ਇਕ ਰਾਤ ਅਤੇ ਇਕ ਦਿਨ ਤੋਂ ਦੁੱਧ ਮਿਲਿਆ ਨਹੀਂ। ਮੇਰੇ ਅਸਥਨਾਂ ਵਿੱਚ ਦੁੱਧ ਹੈ ਨਹੀਂ। ਪੈਸੇ ਮੇਰੇ ਕੋਲ ਹੈ ਨਹੀਂ, ਕਿ ਦੁੱਧ ਮੁੱਲ ਲੈ ਕੇ ਪਿਆ ਸਕਾਂ। ਇਸ ਕਰਕੇ ਬੱਚਾ ਭੁੱਖ ਦੇ ਦੁੱਖ ਨਾਲ ਰੋਂਦਾ ਹੈ।"

ਮੰਦਰ ਦਾ ਪੁਜਾਰੀ ਅੰਦਰ ਪੱਥਰ ਦੀ ਮੂਰਤੀ ਨੂੰ ਕਹਿ ਰਿਹਾ ਸੀ ਕਿ ਹੇ ਭਗਵਾਨ! ਦੁੱਧ, ਖੀਰ ਪ੍ਰਸ਼ਾਦਿ ਆਦਿ ਸੁਚਤਮ ਸਹਿਤ ਤਿਆਰ ਹੋਇਆ ਹੈ। ਆਪ ਨੂੰ ਭੋਗ ਲੱਗੇ।

ਬਾਹਰ ਮਾਸੂਮ ਬੱਚਾ ਭੁੱਖ ਨਾਲ ਵਿਲਕ ਰਿਹਾ ਸੀ। ਪਰ ਮੰਦਰ ਦੇ ਅੰਦਰ ਪੱਥਰ ਦੀ ਮੂਰਤੀ ਨੂੰ ਦੁੱਧ ਪਿਲਾਇਆ ਜਾ ਰਿਹਾ ਸੀ। ਸ਼ਾਇਦ ਮੰਦਰ ਦਾ ਪੁਜਾਰੀ, ਭੁੱਖੇ ਬੱਚੇ ਵਾਸਤੇ ਥੋੜ੍ਹਾ ਦੁੱਧ ਦੇਵੇਗਾ। ਪ੍ਰਾਰਥਨਾ ਤੋਂ ਬਾਅਦ ਉਸ ਔਰਤ ਨੇ ਆਸ ਕਰਕੇ ਪੁਜਾਰੀ ਨੂੰ ਕਿਹਾ, "ਪਰਮਾਤਮਾ ਦੇ ਵਾਸਤੇ ਥੋੜ੍ਹਾ ਜਿਹਾ ਦੁੱਧ ਬੱਚੇ ਨੂੰ ਦੇ ਦਿਉ।" ਪਰ ਉਸ ਗ਼ਰੀਬ ਔਰਤ ਨੂੰ ਪੁਜਾਰੀ ਨੇ, ਸ਼ੂਦਰ ਕਹਿ ਕੇ ਪਿੱਛੇ ਹਟਾ ਦਿੱਤਾ ਅਤੇ ਨਾਲ ਹੀ ਕਿਹਾ ਆਪ ਵਰਗੀਆਂ ਸ਼ੂਦਰ ਔਰਤਾਂ ਮੰਦਰ ਵਿਚ ਨਹੀਂ ਆ ਸਕਦੀਆਂ। ਇਸ ਤਰ੍ਹਾਂ ਦੀ ਦਸ਼ਾ ਵੇਖ ਕੇ ਨਾਮਦੇਵ ਤੋਂ ਰਿਹਾ ਨਾ ਗਿਆ ਤੇ ਨਾਮਦੇਵ ਜੀ ਨੇ ਅੱਗੇ ਹੋ ਕੇ ਕਿਹਾ, "ਪੰਡਿਤ ਜੀ! ਇਸ ਔਰਤ ਨੂੰ ਥੋੜ੍ਹਾ ਦੁੱਧ ਦਿਉ।" ਪੰਡਿਤ ਕਹਿਣਾ ਲੱਗਾ, "ਤੂੰ ਸ਼ੂਦਰ ਕੌਣ ਹੁੰਦਾ ਹੈਂ? ਕਿ ਮੈਨੂੰ ਕੁਝ ਕਹਿ ਸਕੇਂ" ਨਾਮਦੇਵ ਕਹਿਣ ਲੱਗੇ, "ਜੇਕਰ ਤੂੰ ਦੁੱਧ ਆਪਣੇ ਆਪ ਨਾ ਦਿੱਤਾ ਤਾਂ ਮੈਂ ਤੇਰੇ ਪਾਸੋਂ ਦੁੱਧ ਖੋਹ ਕੇ ਇਸ ਔਰਤ ਨੂੰ ਦੇ ਦਿਆਂਗਾ। ਠੀਕ ਇਸੇ ਤਰ੍ਹਾਂ ਹੀ ਹੋਇਆ, ਕਿ ਨਾਮ ਦੇਵ ਨੇ ਉਸ ਪੰਡਿਤ ਦੇ ਹੱਥੋਂ ਦੁੱਧ ਵਾਲਾ ਗੜਵਾ ਖੋਹ ਲਿਆ ਤੇ ਉਸ ਗਰੀਬ ਔਰਤ ਨੂੰ ਦੇ ਦਿੱਤਾ।

ਪੁਜਾਰੀ ਨੇ ਨਾਮਦੇਵ ਨੂੰ ਬਹੁਤ ਕੁਝ ਕੋਸਿਆ। ਬੁਰਾ ਭਲਾ ਆਖਿਆ, ਤੂੰ ਪਾਪੀ ਹੈਂ। ਮੰਦਰ ਵਿੱਚ ਆ ਕੇ ਪਾਪ ਕੀਤਾ ਹੈ। ਮੇਰੇ ਨਾਲ ਧੱਕੇਸ਼ਾਹੀ ਕੀਤੀ ਹੈ। ਪਰ ਨਾਮਦੇਵ ਕਹਿਣ ਲੱਗੇ ਕਿ "ਤੇਰੀ ਮੁਰਦਾ ਪੂਜਾ ਨਾਲੋਂ, ਮੇਰਾ ਮੈਨੂੰ ਪਾਪ ਹੀ ਚੰਗਾ ਹੈ।" ਸੋ ਅੱਜ ਦੇ ਸਮੇਂ ਵਿੱਚ ਨਾਮਦੇਵ ਵਰਗੇ ਦਇਆਲੂ ਮਹਾਂਪੁਰਖ ਦੇ ਦਰਸ਼ਨ ਦੁਰਲਭ ਹਨ। ਸੈਂਕੜਿਆਂ ਵਿੱਚੋਂ ਕੋਈ ਇਸ ਤਰ੍ਹਾਂ ਦਾ ਮਹਾਂਪੁਰਖ ਮਿਲੇ ਤਾਂ ਮੰਨ ਲੈਣਾ ਕਿ ਅੱਜ ਅਠਾਹਠ ਤੀਰਥਾਂ ਦਾ ਇਸ਼ਨਾਨ ਹੀ ਹੋ ਗਿਆ ਹੈ।

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਣੁ॥

(ਮਾਂਝ ਮਹਲਾ, ਪੰਨਾ ੧੩੬)

ਜਿਸ ਦੇ ਅੰਦਰ ਦਇਆ ਨਾ ਹੋਵੇ, ਉਹ ਜੀਅ ਜੰਤ ਦਾ ਭਲਾ ਨਹੀਂ ਕਰਦਾ। ਭਲੇ ਤੋਂ ਬਿਨਾਂ ਸੇਵਾ ਜਨਮ ਨਹੀਂ ਲੈ ਸਕਦੀ। ਦਇਆ ਤੋਂ ਬਿਨਾਂ ਕੀਤੀ ਹੋਈ ਸੇਵਾ, ਇਕ ਸੌਦਾ ਹੈ। ਇਕ ਰਾਜਨੀਤਕ ਵੀ ਵੋਟ ਮੰਗਦਾ ਹੈ। ਲੋਕਾਂ ਨੂੰ ਇਹ ਆਖਕੇ ਠੱਗਦਾ ਹੈ ਕਿ ਮੈਂ ਦੇਸ਼ ਦੀ ਸੇਵਾ, ਕੌਮ ਦੀ ਸੇਵਾ ਕਰਾਂਗਾ। ਤੁਸੀਂ ਮੈਨੂੰ ਵੋਟ ਦਿਓ, ਰਾਜਨੀਤਕ ਦੀ ਸੇਵਾ ਵਿੱਚ ਸੁਆਰਥ ਹੈ। ਦਿਆਲੂ ਦੀ ਸੇਵਾ ਵਿੱਚ ਪ੍ਰੇਮ ਰਸ ਹੈ।

ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥

(ਸੁਖਮਨੀ, ਪੰਨਾ ੨੮੬)

ਦਇਆ ਤੋਂ ਜੋ ਸੇਵਾ ਨਿਕਲਦੀ ਹੈ ਉਹ ਅੱਗੇ ਜਾ ਕੇ ਪਰਮ ਆਨੰਦ ਨੂੰ ਜਨਮ ਦੇਂਦੀ ਹੈ। ਹਰ ਇਨਸਾਨ ਦੇ ਅੰਦਰ ਇਸ ਖਿਆਲ ਦੀ ਰੁਚੀ ਹੈ, ਕਿ ਮੇਰਾ ਨਾਮ ਹਰ ਥਾਂ ਜਾਣਿਆ ਜਾਵੇ। ਹਰ ਫੈਸਲੇ ਦਾ ਕਰਨਹਾਰ ਮੈਂ ਹੋਵਾਂ। ਯਾਨੀ ਕਿ ਮੇਰੀ ਪ੍ਰਧਾਨਤਾ ਹੋਵੇ। ਪਰ ਇਹ ਤਾਂ ਹੀ ਹੋ ਸਕਦਾ ਹੈ, ਜੇਕਰ ਇਨਸਾਨ ਦਇਆਲੂ ਹੋਵੇ। ਬਦਲੇ ਦੀ ਥਾਂ ਖਿਮਾ ਕਰ ਦੇਣ ਦੀ ਸ਼ਕਤੀ ਰੱਖਦਾ ਹੋਵੇ। ਸਗੋਂ ਖਿਮਾ ਕਰ ਦੇਣਾ ਤੇ ਆਪਣੇ ਦੁਸ਼ਮਣ ਨੂੰ ਵੀ ਖਿਮਾ ਕਰ ਦੇਣਾ, ਉਹ ਹੀ ਸੱਚਾ ਦਿਆਵਾਨ ਹੈ।

ਗੁਰੂ ਨਾਨਕ ਜੀ ਦਾ ਕਥਨ ਹੈ-

ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥

(ਸਾਰਗ ਕੀ ਵਾਰ ਮਹਲਾ ੧, ਪੰਨਾ ੧੨੪੫)

ਸੋ ਇਸ ਤਰ੍ਹਾਂ ਦੀ ਦਇਆ ਹੀ ਧਰਮ ਨੂੰ ਪੈਦਾ ਕਰਨ ਵਿੱਚ ਸਹਾਇਕ ਹੁੰਦੀ ਹੈ। ਇਹ ਦਇਆ ਸਤ ਚਿੱਤ ਭਗਤਾਂ ਪਾਸ ਹੀ ਹੁੰਦੀ ਹੈ। ਸੋ ਸਾਰਿਆਂ ਨੂੰ ਇਸ ਤਰ੍ਹਾਂ ਦੀ ਦਇਆ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ।

ਮਨਿ ਸੰਤੋਖੁ ਸਰਬ ਜੀਅ ਦਇਆ॥
ਇਨ ਬਿਧਿ ਬਰਤੁ ਸੰਪੂਰਨ ਭਇਆ॥
(ਗਉੜੀ ਮਹਲਾ ੫, ਪੰਨਾ ੨੯੯)

ਸਾਰਕੁਤਾਵਲੀ ਵਿੱਚ ਬੜਾ ਸੁੰਦਰ ਜ਼ਿਕਰ ਆਇਆ ਹੈ ਕਿ ਜੋ ਸੁਖ, ਸੰਤੋਖ ਤੋਂ ਮਿਲਦਾ ਹੈ, ਹੋਰ ਕਿਧਰੋਂ ਐਸਾ ਸੁਖ ਪ੍ਰਾਪਤ ਨਹੀਂ ਹੋ ਸਕਦਾ। ਖਿਮਾ ਵਰਗੀ ਕੋਈ ਤਪੱਸਿਆ ਨਹੀਂ। ਸਮਦ੍ਰਿਸ਼ਟੀ ਵਰਗਾ ਬ੍ਰਹਮ ਗਿਆਨ ਨਹੀਂ। ਦਇਆ ਵਰਗਾ ਧਰਮ ਹੋਰ ਨਹੀਂ, ਜ਼ਿਕਰ ਹੈ-

ਸਮ ਸੰਤੋਖ ਨ ਔਰ ਸੁਖ ਤਪ ਨਾ ਖਿਮਾ ਸਮ ਜਾਨ॥
ਬ੍ਰਹਮ ਗਿਆਨ ਸਮ ਦਾਨ ਨਹਿ ਧਰਮ ਨ ਦਯਾ ਸਮਾਨ॥ ੧੫॥
(ਸਾਰਕੁਤਾਵਲੀ ਪੰਨਾ ੫)

ਗੁਰਦੇਵ ਪਾਤਿਸ਼ਾਹ ਨੇ ਇਕ ਸਚਾਈ ਖੁਲ੍ਹੇ ਸ਼ਬਦਾਂ ਵਿੱਚ ਸਾਡੇ ਸਾਹਮਣੇ ਰੱਖੀ ਹੈ। ਜਦ ਬੰਦਾ ਆਪਣੇ ਹਿਰਦੇ ਵਿਚ ਦਇਆ ਧਾਰਨ ਕਰੇਗਾ, ਤਾਂ ਉਸ ਅੰਦਰ ਇਕ ਪਵਿੱਤ੍ਰਤਾ ਪੈਦਾ ਹੋਵੇਗੀ। ਕੰਮ ਸੇ ਕੰਮ ਬੁਰਾਈ ਨਹੀਂ ਕਿਸੇ ਦੀ ਵੀ ਮੰਗੇਗਾ। ਜਦੋਂ ਅਸੀਂ ਅਗਲੇ ਦਾ ਭਲਾ ਮੰਗਦੇ ਹਾਂ ਤਾਂ ਅਗਲਾ ਵੀ ਅੰਦਰੂਨੀ ਤੌਰ 'ਤੇ ਪ੍ਰਭਾਵਿਤ ਹੁੰਦਾ ਹੈ। ਉਹ ਵੀ ਸਾਡਾ ਭਲਾ ਮੰਗਣ ਲੱਗ ਪੈਂਦਾ ਹੈ। ਸਰਬਤ ਦੇ ਭਲੇ ਵਿੱਚ ਪਸ਼ੂ, ਪੰਛੀ, ਬਨਸਪਤੀ, ਕੀੜੇ ਮਕੌੜੇ ਵੀ ਆ ਜਾਂਦੇ ਹਨ। ਸਰਬਤ ਦੀ ਭਲਾਈ ਦੇ ਜਜ਼ਬਾਤ ਨਾਲ ਭਰੇ ਹੋਏ ਜੋ ਮਨੁੱਖ ਹਨ। ਉਨ੍ਹਾਂ ਨੂੰ ਖੂੰਖਾਰ ਜਾਨਵਰ ਵੀ ਪ੍ਰਣਾਮ ਕਰਦੇ ਹਨ। ਜ਼ਹਿਰੀਲੇ ਕੀੜੇ ਵੀ ਦੂਰ ਰਹਿੰਦੇ ਹਨ। ਦੇਵ ਕਿਸੇ ਜ਼ਾਤ ਬਰਾਦਰੀ ਨੂੰ ਨਹੀਂ ਕਹਿੰਦੇ ਬਲਕਿ ਦਇਆ ਨਾਲ ਭਰਪੂਰ ਦੈਵੀ ਬਿਰਤੀ ਦਾ ਨਾਂ ਹੀ ਦੇਵ ਹੁੰਦਾ ਹੈ। ਹਰਨਾਖਸ਼ ਨੂੰ ਅਸੀਂ ਦੈਂਤ ਆਖਦੇ ਹਾਂ। ਪਰ ਉਸੇ ਦੇ ਪੁੱਤਰ ਪ੍ਰਹਿਲਾਦ ਨੂੰ ਦੇਵਤਾ ਆਖਦੇ ਹਾਂ ਕਿਉਂ ਜੋ ਉਸ ਅੰਦਰ ਬਿਰਤੀ ਹੀ ਦੈਵੀ ਹੈ। ਜੋ ਆਪਣੇ ਅੰਦਰ ਦਿਵ ਜੋਤੀ ਰੱਖਦਾ ਹੈ। ਦੂਰ ਦ੍ਰਿਸ਼ਟ ਹੈ। ਪਵਿੱਤਰ ਆਚਰਨ ਹੈ। ਖੁਦ ਤਾਂ ਦੁੱਖ ਸਹਾਰਦਾ ਹੈ ਪਰ ਕਿਸੇ ਨੂੰ ਵੀ ਦੁਖੀ ਨਹੀਂ ਦੇਖ ਸਕਦਾ। ਉਸ ਨੂੰ ਹੀ ਦੇਵਤਾ ਆਖਿਆ ਜਾਂਦਾ ਹੈ।

ਸੰਸਾਰ ਉਸ ਵਕਤ ਤਰਸ ਦਾ ਪਾਤਰ ਬਣਦਾ ਹੈ ਜਦੋਂ ਇਸ ਤਰ੍ਹਾਂ ਦੇ ਲੋਕਾਂ ਦੀ ਘਾਟ ਹੁੰਦੀ ਹੈ। ਇਸ ਤਰ੍ਹਾਂ ਦੀ ਦੈਵੀ ਬਿਰਤੀ ਵਾਲਾ ਬੰਦਾ, ਘਰ ਵਿੱਚ ਹੋਵੇ, ਤਾਂ ਉਹ ਸਾਰੇ ਸੰਬੰਧੀਆਂ ਵਾਸਤੇ ਮਾਣ ਤੇ ਸੁਖ ਦਾ ਸਨਮਾਨ ਬਣਦਾ ਹੈ। ਇਸ ਤਰ੍ਹਾਂ ਦਾ ਬੰਦਾ ਹਰ ਘਰ ਵਿੱਚ ਹੋਵੇ ਤਾਂ ਕਿਸੇ ਸੁਰਗ ਦੀ ਕਲਪਨਾ ਕਰਨ ਦੀ ਲੋੜ ਨਹੀਂ। ਸਾਰਾ ਜਗਤ ਸਵਰਗ ਬਣ ਜਾਏਗਾ।

ਕਿਸੇ ਵਕਤ ਭਾਰਤ ਨੂੰ ਤੇਤੀ ਕਰੋੜ ਦੇਵਤਿਆਂ ਦੀ ਧਰਤੀ ਆਖਿਆ ਜਾਂਦਾ ਸੀ। ਤੇਤੀ ਕਰੋੜ ਤਾਂ ਉਦੋਂ ਸਾਰੇ ਭਾਰਤ ਦੀ ਆਬਾਦੀ ਸੀ। ਦਰਅਸਲ ਅੱਜ ਉਹ ਦੈਵੀ ਜੋਤਾਂ ਘੱਟ ਹਨ। ਜਿਸ ਕਰਕੇ ਸੰਸਾਰ ਦਇਆ ਦੀਆਂ ਮੂਰਤੀਆਂ ਤੋਂ ਖਾਲੀ ਹੈ। ਹਰ ਪ੍ਰਾਣੀ ਨੂੰ ਪ੍ਰਣ ਲੈਣਾ ਚਾਹੀਦਾ ਹੈ, ਕਿ ਦਇਆ ਬਿਰਤੀ ਪੈਦਾ ਹੋ ਸਕੇ। ਜਗਤ ਦੇ ਸੁਖ ਦਾ ਵਸੀਲਾ ਬਣ ਸਕੇ।

ਅੱਜ ਦੇ ਯੁੱਗ ਵਿਚ ਦਇਆ ਮੁਕਦੀ ਜਾਂਦੀ ਹੈ। ਜਦ ਦਇਆ ਹੀ ਨਾ ਰਹੀ ਤਾਂ ਧਰਮ ਵੀ ਨਹੀਂ ਰਹਿ ਸਕਦਾ। ਧਰਮ ਦੇ ਨਾਲ ਹੀ ਬਾਕੀ ਅੰਗ ਹਨ। ਜਿਵੇਂ ਸਾਡੇ ਸਰੀਰ ਦੇ ਅੰਗ ਹਨ। ਇਸੇ ਤਰ੍ਹਾਂ ਧਰਮ ਦੇ ਅੰਗ ਹਨ। ਦਇਆ ਤਾਂ ਮਾਂ ਹੈ ਜਿਸ ਵਿਚੋਂ ਧਰਮ ਦਾ ਜਨਮ ਹੁੰਦਾ ਹੈ। ਦਇਆ ਤੋਂ ਬਿਨਾਂ ਤਾਂ ਧਰਮ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਪਰ ਧਰਮ ਮਰ ਜਾਏ ਤਾਂ ਬਾਕੀ ਅੰਗ ਸੰਤੋਖ, ਸੇਵਾ, ਸਿਮਰਨ ਸਭ ਮਰ ਜਾਂਦੇ ਹਨ। ਜਿਵੇਂ ਸਰੀਰ ਦੇ ਮਰਨ ਨਾਲ ਹੱਥ, ਪੈਰ, ਅੱਖਾਂ, ਨੱਕ, ਕੰਨ ਆਪੇ ਹੀ ਮਰ ਜਾਂਦੇ ਹਨ।

ਸਾਰੀ ਕਾਇਨਾਤ ਪ੍ਰਭੂ ਦੀ ਦਇਆ ਤੋਂ ਬਣੀ ਹੈ ਤੇ ਪ੍ਰਭੂ ਦੀ ਦਇਆ ਕਰਕੇ ਹੀ ਹੋਂਦ ਵਿੱਚ ਹੈ। ਪ੍ਰਭੂ ਦੀ ਦਇਆ ਦਾ ਹੀ ਮਨੁੱਖ ਅੰਦਰ ਅੰਸ਼ ਹੋਣ ਕਰਕੇ ਮਨੁੱਖ ਦੇ ਦਿਲ ਅੰਦਰ ਦਇਆ ਤੇ ਦਰਦ ਹੈ। ਦਇਆ ਕਰਕੇ ਹੀ ਬੰਦਾ ਦੂਜਿਆਂ ਦੇ ਦੁੱਖ ਵੰਡਾਉਂਦਾ ਹੈ, ਵਰਨਾ ਦੁੱਖ ਵੰਡਾਉਣੇ ਬੜੇ ਕਠਿਨ ਹਨ। ਦਇਆ ਕਰਕੇ ਹੀ ਸੰਸਾਰ ਦੀ ਸੇਵਾ ਕਰਦਾ ਹੈ, ਤੇ ਸੰਬੰਧ ਸੰਸਾਰ ਨਾਲ ਬਣਦੇ ਹਨ। ਦਇਆਵਾਨ ਪੁਰਸ਼ ਹਮੇਸ਼ਾ ਪਰਉਪਕਾਰੀ ਅਤੇ ਦਾਨੀ ਸੁਭਾਅ ਦੇ ਹੁੰਦੇ ਹਨ। ਦਇਆਵਾਨ ਬੰਦੇ ਦੇ ਸੁਭਾਅ ਵਿੱਚ ਸੇਵਾ ਆਪਣੇ ਆਪ ਰਉਂ ਹੋ ਜਾਂਦੀ ਹੈ।

ਇਸਲਾਮ ਦੇ ਇਤਿਹਾਸ ਦੀ ਬੜੀ ਪਿਆਰੀ ਘਟਨਾ ਹੈ। ਜਦੋਂ ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਅੰਤਮ ਦਿਨਾਂ ਵਿੱਚ ਸਨ। ਉਨ੍ਹਾਂ ਦਿਨਾਂ ਦੀ ਇਹ ਘਟਨਾ ਹੈ। ਹਜ਼ਰਤ ਮੁਹੰਮਦ ਸਾਹਿਬ ਬਾਰੇ ਕਿਹਾ ਜਾਂਦਾ ਹੈ ਕਿ ਜੋ ਕੁਝ ਉਨ੍ਹਾਂ ਦੇ ਸ਼ਰਧਾਲੂ ਸ਼ਰਧਾ ਵਜੋਂ ਉਨ੍ਹਾਂ ਨੂੰ ਪ੍ਰੇਮ ਸਹਿਤ ਦੇ ਜਾਂਦੇ ਸਨ ਮੁਹੰਮਦ ਸਾਹਿਬ ਉਹ ਸਾਰਾ ਧਨ ਗਰੀਬਾਂ ਤੇ ਲੋੜਵੰਦਾਂ ਵਿੱਚ ਵੰਡ ਦਿੰਦੇ ਸਨ। ਸ਼ਰਧਾਲੂ ਅਕਸਰ ਹੀ ਚੰਗੀਆਂ ਚੰਗੀਆਂ ਭੇਟਾ ਲੈ ਕੇ ਆਉਂਦੇ ਸਨ। ਸਾਰੇ ਦਿਨ ਦੀ ਸਮੱਗਰੀ (ਭੇਟਾ) ਸ਼ਾਮ ਵੇਲੇ ਲੋੜਵੰਦਾਂ ਨੂੰ ਵੰਡ ਦਿੱਤੀ ਜਾਂਦੀ ਸੀ। ਰਾਤ ਨੂੰ ਸੌਣ ਵੇਲੇ ਬਿਲਕੁਲ ਖਾਲੀ ਹੱਥ ਸਿਰਫ਼ ਪਰਮਾਤਮਾ ਦੇ ਭਰੋਸੇ 'ਤੇ ਸੌਂਦੇ ਸਨ। ਸਾਰੀ ਜ਼ਿੰਦਗੀ ਹੀ ਇਸ ਤਰ੍ਹਾਂ ਬਤੀਤ ਹੋਈ। ਅੰਤਮ ਦਿਨਾਂ ਵਿੱਚ ਵੀ ਇਹੀ ਮਰਿਆਦਾ ਚਲਦੀ ਸੀ। ਇਕ ਵਾਰ ਮੁਹੰਮਦ

ਸਾਹਿਬ ਬੀਮਾਰ ਹੋ ਗਏ। ਬਹੁਤ ਸਖਤ ਬੀਮਾਰ ਹੋ ਗਏ। ਸ਼ਾਮ ਵੇਲੇ ਸਾਰੀ ਮਾਇਆ ਤੇ ਹੋਰ ਭੇਟਾ ਵੰਡੀ ਜਾ ਰਹੀ ਸੀ। ਮੁਹੰਮਦ ਸਾਹਿਬ ਦੀ ਧਰਮ ਪਤਨੀ ਕੁਝ ਚਿੰਤਾਤੁਰ ਸਨ ਕਿ ਰਾਤ ਆ ਗਈ ਹੈ। ਹਜ਼ਰਤ ਸਾਹਿਬ ਸਖ਼ਤ ਬੀਮਾਰ ਹਨ। ਰਾਤ ਵੇਲੇ ਦਵਾਈ ਦੀ ਲੋੜ ਪੈ ਸਕਦੀ ਹੈ। ਵੈਦ, ਹਕੀਮ ਨੂੰ ਵੀ ਬੁਲਾਉਣਾ ਪੈ ਸਕਦਾ ਹੈ। ਪਰ ਆਪਣੇ ਕੋਲ ਕੁਛ ਪੈਸੇ ਹੋਣੇ ਵੀ ਜ਼ਰੂਰੀ ਹਨ। ਧਰਮ ਪਤਨੀ ਨੇ ਉਸ ਵੰਡੀ ਜਾ ਰਹੀ ਸੇਵਾ ਵਿੱਚੋਂ ਸੋਨੇ ਦੀਆਂ ਪੰਜ (ਮੋਹਰਾਂ) ਦੀਨਾਰਾਂ ਛੁਪਾ ਕੇ ਰੱਖ ਲਈਆਂ। ਸਭ ਲੋਕ ਚਲੇ ਗਏ। ਅੱਧੀ ਰਾਤ ਹੋ ਗਈ ਹਜ਼ਰਤ ਮੁਹੰਮਦ ਸਾਹਿਬ ਅਜੇ ਸੁੱਤੇ ਨਹੀਂ। ਪਾਸਾ (ਕਰਵਟ) ਬਦਲਣ ਲੱਗੇ। ਹਜ਼ਰਤ ਸਾਹਿਬ ਨੇ ਆਪਣੀ ਧਰਮ ਪਤਨੀ ਨੂੰ ਬੁਲਾ ਕੇ ਕਿਹਾ, "ਕਿ ਮੈਨੂੰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਮੈਂ ਅੱਜ ਖਾਲੀ ਹੱਥ ਨਹੀਂ ਹਾਂ। ਅੱਜ ਆਖਰੀ ਸਮੇਂ 'ਤੇ ਕੁਝ ਮੇਰੇ ਪਾਸ ਹੈ।" ਧਰਮ ਪਤਨੀ ਬਹੁਤ ਘਬਰਾ ਗਈ, ਸੋਚਣ ਲੱਗੀ, ਹਜ਼ਰਤ ਸਾਹਿਬ ਨੂੰ ਕਿਵੇਂ ਪਤਾ ਲੱਗਿਆ ਹੈ? ਘਬਰਾ ਕੇ ਉਸ ਨੇ ਪੁੱਛਿਆ ਕਿ ਆਪ ਨੂੰ ਕਿਵੇਂ ਪਤਾ ਲੱਗਿਆ ਹੈ? ਮੁਹੰਮਦ ਸਾਹਿਬ ਕਹਿਣ ਲੱਗੇ, "ਮੈਂ ਜ਼ਿੰਦਗੀ ਭਰ ਖਾਲੀ ਹੱਥ ਸੋਇਆ ਹਾਂ। ਬਿਨਾਂ ਕੁਝ ਕੋਲ ਰੱਖੇ ਸਾਉਂਦਾ ਹਾਂ। ਹੁਣ ਆਦਤ ਬਣ ਗਈ ਹੈ। ਪਰ ਅੱਜ ਮੈਨੂੰ ਪ੍ਰਤੀਤ ਹੋ ਰਿਹਾ ਹੈ, ਕਿ ਘਰ ਵਿੱਚ ਕੁਝ ਬਚਿਆ ਜ਼ਰੂਰ ਹੈ। ਜੇਕਰ ਸੱਚ ਹੈ ਤਾਂ ਦੱਸ?" ਧਰਮ ਪਤਨੀ ਉਹ ਪੰਜ ਮੋਹਰਾਂ (ਦੀਨਾਰਾਂ) ਅੰਦਰੋਂ ਲੈ ਆਈ ਅਤੇ ਮੁਹੰਮਦ ਸਾਹਿਬ ਦੇ ਅੱਗੇ ਰੱਖ ਦਿੱਤੀਆਂ ਤੇ ਕਿਹਾ, "ਸੁਆਮੀ! ਆਪ ਦੇ ਬੀਮਾਰ ਹੋਣ ਸਮੇਂ, ਲੋੜ ਪੈ ਸਕਦੀ ਸੀ। ਦਵਾਈ ਦੀ ਲੋੜ ਨੂੰ ਮੁੱਖ ਰੱਖਕੇ, ਮੈਂ ਇਹ ਮੋਹਰਾਂ ਛੁਪਾ ਕੇ ਰੱਖ ਲਈਆਂ ਸਨ। ਉਸੇ ਵੇਲੇ ਅੱਧੀ ਰਾਤ ਨੂੰ ਹੀ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੀ ਪਤਨੀ ਨੂੰ ਕਿਹਾ, "ਇਹ ਬਾਹਰ ਲੈ ਜਾ ਅਤੇ ਕਿਸੇ ਗਰੀਬ ਨੂੰ ਦੇ ਆ। ਨਹੀਂ ਤਾਂ ਮੈਂ ਖ਼ੁਦਾ ਕਰੀਮ ਦੇ ਸਾਹਮਣੇ ਨਹੀਂ ਜਾ ਸਕਾਂਗਾ। ਅੱਲ੍ਹਾ ਤਾਲਾ ਦੇ ਸਾਹਮਣੇ ਕੀ ਜੁਆਬ ਦਿਆਂਗਾ ਕਿ ਮੈਂ ਆਖਰੀ ਦਿਨ ਆਪ ਤੋਂ ਵਿਸਵਾਸ਼ ਖੋ ਬੈਠਾ ਹਾਂ। ਕੀ ਜਿਸ ਨੇ ਸਾਰੀ ਜ਼ਿੰਦਗੀ ਰਿਜ਼ਕ ਦਿੱਤਾ ਹੈ ਜੋ ਆਖਰੀ ਸੁਆਸ ਤਕ ਧਿਆਨ ਵਿੱਚ ਰੱਖਦਾ ਹੈ, ਉਹ ਰਾਤ ਵੇਲੇ ਕਿਸੇ ਵੈਦ ਨੂੰ ਨਹੀਂ ਭੇਜੇਗਾ। ਜ਼ਿੰਦਗੀ ਭਰ ਜੋ ਭੋਜਨ ਦੇ ਸਕਦਾ ਹੈ, ਉਹ ਆਖ਼ਰੀ ਦਿਨ ਦਵਾਈ ਨਹੀਂ ਦੇ ਸਕਦਾ। ਜੇਕਰ ਉਹ ਦਵਾਈ ਨਹੀਂ ਦੇ ਸਕਦਾ ਤਾਂ ਫਿਰ ਕੋਈ ਵੈਦ ਆ ਕੇ ਦਵਾਈ ਦੇ ਸਹਾਰੇ ਵੀ ਨਹੀਂ ਬਚਾ ਸਕਦਾ। ਹੁਣ ਆਖ਼ਰੀ ਸਮੇਂ ਜਦੋਂ ਮੈਂ ਸਰੀਰ ਛੱਡਣ ਹੀ ਵਾਲਾ ਹਾਂ ਤਾਂ ਉਸ ਦੇ ਸਾਹਮਣੇ ਕੀ ਮੂੰਹ ਲੈ ਕੇ ਜਾਵਾਂਗਾ? ਉਹ ਮੇਰੇ ਕੋਲੋਂ ਪੁੱਛੇਗਾ ਕਿ ਮੈਨੂੰ ਛੱਡ ਕੇ ਪੰਜ ਰੁ: (ਦੀਨਾਰਾਂ) 'ਤੇ ਵਿਸ਼ਵਾਸ ਕਰ ਲਿਆ ਹੈ। ਪਰਮਾਤਮਾ ਨਾਲੋਂ ਪੰਜ ਰੁਪਏ ਜ਼ਿਆਦਾ ਤਾਕਤਵਰ ਸਮਝੇ। ਤੂੰ ਉਹ ਰੁਪਏ

ਬਾਹਰ ਜਾ ਕੇ ਕਿਸੇ ਲੋੜਵੰਦ ਨੂੰ ਦੇ ਕੇ ਆ।

ਪਤਨੀ ਜਦੋਂ ਪੰਜ ਰੁਪਏ ਲੈ ਕੇ ਬਾਹਰ ਨਿਕਲੀ ਤਾਂ ਦੇਖ ਕੇ ਬਹੁਤ ਹੈਰਾਨ ਹੋਈ ਕਿ ਅੱਧੀ ਰਾਤ ਵੇਲੇ ਵੀ ਇਕ ਆਦਮੀ ਬਾਹਰ ਆਸ ਲਾਈ ਦਰਵਾਜ਼ਿਆਂ ਵੱਲ ਦੇਖ ਰਿਹਾ ਸੀ। ਉਸ ਆਦਮੀ ਨੇ ਕਿਹਾ ਕਿ ਮੈਂ ਬੜਾ ਮੁਸੀਬਤ ਵਿੱਚ ਹਾਂ। ਮੇਰਾ ਭਾਈ ਬੀਮਾਰ ਪਿਆ ਹੈ। ਦਵਾ ਦੀ ਲੋੜ ਹੈ। ਪੈਸਾ ਮੇਰੇ ਕੋਲ ਕੋਈ ਨਹੀਂ ਹੈ। ਮੈਂ ਸੋਚਦਾ ਸੀ ਕਿ ਅੱਧੀ ਰਾਤ ਵੇਲੇ ਕੌਣ ਦਏਗਾ? ਕਿਸਨੂੰ ਕਹਾਂਗਾ? ਪਰ ਆਪਣੇ ਆਪ ਦਰਵਾਜ਼ਾ ਖੁਲ੍ਹ ਗਿਆ ਅਤੇ ਇਹ ਪੰਜ ਰੁਪਏ ਤੁਸੀਂ ਮੈਨੂੰ ਦੇ ਰਹੇ ਹੋ।

ਹਜ਼ਰਤ ਮੁਹੰਮਦ ਸਾਹਿਬ ਨੇ ਆਪਣੀ ਪਤਨੀ ਨੂੰ ਕਿਹਾ "ਕਿ ਦੇਖ ਉਹ ਕਾਦਰ ਕਰੀਮ ਦੇ ਰਸਤੇ ਕਿੰਨੇ ਅਨੂਠੇ ਹਨ, ਜਿਸ ਨੂੰ ਜ਼ਰੂਰਤ ਸੀ ਉਸ ਨੂੰ ਰੁਪਏ ਮਿਲ ਗਏ ਹਨ।" ਜਦੋਂ ਹੀ ਉਹ ਰੁਪਏ ਦੇ ਦਿੱਤੇ ਗਏ ਉਦੋਂ ਹੀ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੇ ਉਪਰ ਚਾਦਰ ਲੈ ਲਈ। ਆਪਣੀ ਪਤਨੀ ਨੂੰ ਕਿਹਾ ਕਿ ਹੁਣ ਮੈਂ ਨਿਸਚਿੰਤ ਜਾ ਸਕਦਾ ਹਾਂ। ਤਤ ਛਿਨ ਹੀ ਉਨ੍ਹਾਂ ਨੇ ਆਪਣਾ ਸਰੀਰ ਛੱਡ ਦਿੱਤਾ।

ਇਸ ਘਟਨਾ ਤੋਂ ਬਹੁਤ ਵੱਡੀ ਪ੍ਰੇਰਨਾ ਮਿਲਦੀ ਹੈ ਕਿ ਦਇਆਵਾਨ ਪੁਰਸ਼ ਅੰਦਰ, ਅਖੀਰਲੇ ਦਮ ਤਕ ਵੀ ਪਰਉਪਕਾਰ ਰਮਿਆ ਰਹਿੰਦਾ ਹੈ। ਆਖਰੀ ਸੁਆਸ ਤਕ ਦੁਨੀਆਂ ਦਾ ਭਲਾ ਕਰਨਾ ਹੈ। ਦਇਆਵਾਨ ਪੁਰਸ਼ ਦੇ ਅੰਦਰ ਦਇਆ, ਉਸ ਦੇ ਪ੍ਰਾਣਾਂ ਵਿੱਚ ਰਉਂ ਹੋ ਜਾਂਦੀ ਹੈ।

ਜਿਸ ਇਨਸਾਨ ਵਿੱਚ ਦਇਆ ਨਾ ਹੋਵੇ, ਉਹ ਬੰਦਾ ਪੱਥਰ ਦੀ ਤਰ੍ਹਾਂ ਕਠੋਰ ਦਿਲ ਹੋਵੇਗਾ। ਪੱਥਰ (ਕਠੋਰ) ਜਿਸ ਵਸਤੂ ਨਾਲ ਟਕਰਾਏ, ਉਹ ਵਸਤੂ ਟੁੱਟ ਜਾਂਦੀ ਹੈ। ਦਇਆਹੀਣ ਬੰਦਾ ਕਠੋਰ ਹੁੰਦਾ ਹੈ ਅਨੇਕਾਂ ਦੇ ਦਿਲ ਤੋੜਦਾ ਹੈ। ਪੱਥਰ ਸਰੀਰ ਨੂੰ ਵੱਜੇ ਤਾਂ ਸਰੀਰ ਜ਼ਖਮੀ ਹੁੰਦਾ ਹੈ। ਪੱਥਰ ਦਿਲ ਬੰਦਾ ਅੰਦਰੋਂ ਚੋਟ ਕਰਦਾ ਹੈ ਅਤੇ ਜ਼ਮੀਰ ਜ਼ਖਮੀ ਹੁੰਦੀ ਹੈ।

ਇਕ ਕਹਾਣੀ ਹੈ, ਬੜੀ ਪਿਆਰੀ:-

ਇਕ ਸੰਗ ਤ੍ਰਾਸ਼ (ਪੱਥਰ ਘੜਨ ਵਾਲਾ) ਕਾਰੀਗਰ ਤੁਰਿਆ ਜਾਂਦਾ ਸੀ। ਰਸਤੇ ਵਿਚ ਉਸ ਦਾ ਪੈਰ ਇਕ ਪੱਥਰ ਨਾਲ ਵੱਜ ਗਿਆ। ਪੈਰ ਜ਼ਖਮੀ ਹੋ ਗਿਆ। ਨੇੜੇ ਇਕ ਸਾਧੂ ਵੇਖਦਾ ਸੀ। ਉਸਨੇ ਉਸ ਸੰਗ ਤ੍ਰਾਸ਼ ਨੂੰ ਮੁਖਾਤਿਬ ਹੋ ਕੇ ਕਿਹਾ, ਪੱਥਰ ਬਾਹਰੋਂ ਕਠੋਰ ਹੈ ਅਤੇ ਬੰਦਾ ਅੰਦਰੋਂ ਕਠੋਰ ਹੈ। ਪੱਥਰ ਬਾਹਰੋਂ ਚੋਟ ਕਰਦਾ ਹੈ ਅਤੇ ਬੰਦਾ ਅੰਦਰੋਂ ਚੋਟ ਕਰਦਾ ਹੈ। ਪੱਥਰ ਨਾਲ ਸਰੀਰ ਜ਼ਖਮੀ ਹੁੰਦਾ ਹੈ ਅਤੇ ਪੱਥਰ ਦਿਲ ਜਦੋਂ ਚੋਟ ਕਰਦਾ ਹੈ ਤਾਂ ਸੁਰਤ ਜ਼ਖਮੀ ਹੁੰਦੀ ਹੈ। ਕਹਿੰਦੇ ਹਨ ਕਿ ਉਸ ਸੰਗ ਤ੍ਰਾਸ ਨੇ ਉਸ ਸਾਧੂ

ਦੀ ਗੱਲ ਸੁਣ ਕੇ ਕਿਹਾ ਕਿ ਜੇਕਰ ਇਸ ਪੱਥਰ ਦੀ ਮੈਂ ਮੂਰਤੀ ਘੜ ਦਿਆਂ ਤਾਂ, ਉਹ ਸਾਧੂ ਕਹਿਣ ਲੱਗਾ ਫਿਰ ਇਹੀ ਪੱਥਰ ਕਿਸੇ ਮੰਦਰ ਵਿੱਚ ਪੂਜਿਆ ਜਾਵੇਗਾ। ਉਸ ਮੂਰਤੀ ਨੂੰ ਬਜ਼ਾਰ ਵਿੱਚ ਵੇਚਿਆ ਤੇ ਖਰੀਦਿਆ ਜਾਵੇਗਾ। ਉਹੀ ਪੱਥਰ ਮੁੱਲਵਾਨ ਹੋਵੇਗਾ। ਉਹੀ ਸੰਗ ਤ੍ਰਾਸ ਉਸ ਸਾਧੂ ਨੂੰ ਪੁੱਛਣ ਲੱਗਾ, ਮਹਾਰਾਜ! ਪੱਥਰ ਨੂੰ ਤੇ ਕੋਈ ਕਾਰੀਗਰ ਹਥਿਆਰ ਨਾਲ ਘੜੇਗਾ ਪਰ ਪੱਥਰ ਦਿਲ ਬੰਦੇ ਨੂੰ ਕਿਵੇਂ ਘੜਿਆ ਜਾਵੇ?

ਤਾਂ ਉਸ ਸਾਧੂ ਨੇ ਜਵਾਬ ਦਿੱਤਾ "ਕਿ ਪੱਥਰ ਦੇ ਅੰਦਰ ਮੂਰਤੀ ਹੈ। ਉਸ ਮੂਰਤੀ ਨੂੰ ਉਜਾਗਰ ਕਰਨਾ ਪੈਂਦਾ ਹੈ। ਪੱਥਰ ਦੇ ਫਾਲਤੂ ਟੁੱਕੜੇ ਤ੍ਰਾਸ ਕੇ ਮੂਰਤੀ ਨੂੰ ਪੱਥਰ ਦੇ ਵਿੱਚੋਂ ਉਜਾਗਰ ਕਰਨਾ ਪੈਂਦਾ ਹੈ। ਪੱਥਰ ਦਿਲ ਇਨਸਾਨਾਂ ਦੇ ਵਿਚੋਂ ਦਇਆ ਨੂੰ ਉਘਾੜਨਾ ਪੈਂਦਾ ਹੈ। ਬਿਨਾਂ ਸ਼ਬਦ ਗਿਆਨ ਤੋਂ, ਬੰਦੇ ਦੇ ਫਾਲਤੂ ਟੁੱਕੜੇ (ਸ਼ੈਤਾਨ ਬ੍ਰਿਤੀਆਂ) ਨਹੀਂ ਝੜ ਸਕਦੀਆਂ। ਜਿੰਨੀ ਦੇਰ ਬੰਦੇ ਵਿੱਚੋਂ ਦਇਆ ਨਹੀਂ ਉਜਾਗਰ ਹੋ ਜਾਂਦੀ ਉਨੀ ਦੇਰ ਬੰਦੇ ਨੂੰ ਧਰਮੀ ਨਹੀਂ ਬਣਾਇਆ ਜਾ ਸਕਦਾ ਕਿਉਂਕਿ ਦਇਆ ਹੀ ਤਾਂ ਧਰਮ ਦੀ ਮਾਂ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ, ਕਿ ਜਿਵੇਂ ਇਕ ਸੁਨਿਆਰਾ, ਸੋਨੇ ਨੂੰ ਕੁਠਾਲੀ ਵਿੱਚ ਫਿਰ ਅਹਿਰਣ 'ਤੇ ਰੱਖ ਕੇ ਘੜਦਾ ਹੈ ਇਸੇ ਤਰ੍ਹਾਂ ਹੀ (ਜਤ) ਸ਼ੁੱਧ ਆਚਰਨ ਦੀ ਭੱਠੀ (ਪਹਾਰਾ) ਹੌਸਲੇ (ਧੀਰਜ) ਨੂੰ ਸੁਨਿਆਰ ਬਣਾ ਕੇ, ਮਤ ਦੀ (ਬੁੱਧੀ) ਅਹਿਰਣ ਉਤੇ ਗਿਆਨ (ਵੇਦ) ਹਥਿਆਰ, ਸੱਟ ਮਾਰਨ ਨਾਲ, ਇਨਸਾਨ ਦੇ ਫਾਲਤੂ ਟੁੱਕੜੇ (ਸ਼ੈਤਾਨ ਬ੍ਰਿਤੀਆਂ) ਮਲੀਨ ਬੁੱਧੀ ਸਾਫ ਹੋ ਜਾਵੇਗੀ। ਇਨਸਾਨ ਹੀ ਭਗਵਾਨ ਹੋ ਜਾਏਗਾ। ਫਿਰ ਇਸ ਦੀ ਕਦਰ ਹੋਵੇਗੀ ਅਤੇ ਅਮੁਲਕ ਹੋਵੇਗਾ।

ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਿਰਣਿ ਮਤਿ ਵੇਦੁ ਹਥੀਆਰੁ॥

....

ਘੜੀਐ ਸਬਦੁ ਸਚੀ ਟਕਸਾਲ॥ (ਜਪੁਜੀ, ਪੰਨਾ ੮)

ਜਿੰਨੀ ਦੇਰ ਤਕ ਬੰਦਾ ਘੜਿਆ ਨਾ ਜਾਵੇ। ਫਾਲਤੂ ਟੁੱਕੜੇ ਗਿਰ ਨਾ ਜਾਣ, ਉਨੀ ਦੇਰ ਤਕ ਮਨੁੱਖ ਦੇ ਅੰਦਰੋਂ ਦਇਆ ਦੀ ਦੈਵੀ ਮੂਰਤੀ ਪ੍ਰਗਟ ਨਹੀਂ ਹੁੰਦੀ। ਇਕ ਵਿਦਵਾਨ ਦਾ ਕਥਨ ਹੈ ਕਿ:-

ਬੁਤੋ ! ਸਾਬਾਸ਼ ! ਤਰੱਕੀ ਇਸੀ ਕੋ ਕਹਿਤੇ ਹੈ॥

ਜਬ ਤਰਾਸ਼ੇ ਨ ਥੇ ਪੱਥਰ ਥੇ॥ ਤਰਾਸ਼ੇ ਤੋਂ ਖ਼ੁਦਾ ਬਨ ਗਏ॥

ਪੰਚਤੰਤਰ ਅੰਦਰ ਇਸ ਤਰ੍ਹਾਂ ਦਾ ਗਿਆਨ ਆਇਆ ਹੈ। ਪਈ ਸਰੀਰ ਨੂੰ ਪੱਥਰ ਵੱਜਣ ਦਾ ਜ਼ਖ਼ਮ ਮਿਲ ਜਾਂਦਾ ਹੈ। ਸੂਲ ਦਾ ਜ਼ਖ਼ਮ ਵੀ ਤੇ ਤਲਵਾਰ ਦਾ ਫੱਟ ਵੀ ਮਿਲ ਜਾਂਦਾ ਹੈ। ਪਰ ਦਇਆਹੀਣ ਦਿਲੋਂ ਨਿਕਲੀ ਹੋਈ ਆਵਾਜ਼, ਤਲਵਾਰ ਨਾਲੋਂ

ਜ਼ਿਆਦਾ ਤੇਜ, ਸੂਲ ਤੋਂ ਜ਼ਿਆਦਾ ਤਿੱਖੀ ਅਤੇ ਅਣਦਿਸਿਆ ਖੰਜਰ ਹੈ। ਜਿਸ ਦਾ ਜ਼ਖ਼ਮ ਵੀ ਅੰਦਰ ਹੁੰਦਾ ਹੈ।

ਸਾਇਕ ਵੇਧਾ ਮਿਲਤ ਹੈ, ਖੜਗ ਵੇਧ ਮਿਲ ਜਾਏ॥
ਬਾਣੀ ਬੇਧਾ ਨ ਮਿਲੈ ਸਾਚ ਕਹੋਂ ਸਮਝਾਇ॥ (ਪੰਚਤੰਤਰ)

5. ਨਿਰਦਈ ਅਤੇ ਦਇਆ

ਜਿਸ ਇਨਸਾਨ ਕੋਲ ਦਇਆ ਦਾ ਰਸ ਨਹੀਂ, ਉਹ ਬੜਾ ਜ਼ਾਲਮ ਹੋਵੇਗਾ। ਅਕਸਰ ਦਇਆਹੀਣ ਬੰਦੇ ਬੜੇ ਜ਼ਾਲਮ ਹੁੰਦੇ ਹਨ। ਦਇਆਹੀਣ ਬੰਦਾ ਇਕ ਸੁੱਕੇ ਹੋਏ ਦਰੱਖ਼ਤ ਵਾਂਗ ਹੁੰਦਾ ਹੈ। ਜਿਸ ਨੂੰ ਫਲ ਫੁੱਲ ਤੇ ਪੱਤਾ ਵੀ ਨਹੀਂ ਲੱਗਦਾ ਬਲਕਿ ਉਸ ਦੀ ਛਾਂ ਵੀ ਕਿਸੇ ਨੂੰ ਨਸੀਬ ਨਹੀਂ ਹੁੰਦੀ। ਸੁੱਕਾ ਹੋਇਆ ਦਰੱਖ਼ਤ ਕਰੂਪ ਤੇ ਕਠੋਰ ਹੁੰਦਾ ਹੈ।

ਜਿਨ੍ਹਾਂ ਬੰਦਿਆਂ ਦੇ ਅੰਦਰੋਂ ਦਇਆ ਮੁਕ ਜਾਂਦੀ ਹੈ, ਉਹਨਾਂ ਦਾ ਦਿਲ ਵੀ ਬੜਾ ਕਰੂਪ ਤੇ ਕਠੋਰ ਹੋਵੇਗਾ। ਇਸ ਤਰ੍ਹਾਂ ਦੇ ਲੋਕਾਂ ਕੋਲੋਂ ਸੰਸਾਰ ਨੂੰ ਸੁਖ ਘੱਟ ਤੇ ਦੁੱਖ ਜ਼ਿਆਦਾ ਮਿਲਦਾ ਹੈ। ਇਤਿਹਾਸ ਦੀ ਇਹ ਵਾਰਤਾ ਹੈ ਕਿ ਜਦੋਂ ਔਰੰਗਜ਼ੇਬ ਰਾਜਾ ਬਣਿਆ, ਤਾਂ ਉਸਨੇ ਆਪਣੇ ਬਾਪ ਸ਼ਾਹ ਜਹਾਨ ਨੂੰ ਕੈਦ ਕਰ ਲਿਆ। ਫਿਰ ਬਾਪ ਉੱਪਰ ਉਹ ਆਪ ਨਿਗਾਹ ਰੱਖਦਾ ਸੀ ਕਿ ਬਾਪ ਕਿਤੇ ਦੌੜ ਨਾ ਜਾਏ। ਉਸ ਬੰਦੀਖਾਨੇ ਦੀ ਚਾਬੀ ਆਪਣੇ ਕੋਲ ਰੱਖਦਾ ਸੀ ਜਿਸ ਵਿੱਚ ਇਸਦਾ ਬਾਪ ਕੈਦ ਸੀ। ਬੜਾ ਸ਼ੱਕੀ ਸੀ। ਸੋਚਦਾ ਹੈ ਕਿ ਕਿਤੇ ਕੋਈ ਪਹਿਰੇਦਾਰ ਦਇਆ ਕਰਕੇ ਬਾਹਰ ਹੀ ਨ ਕੱਢ ਦੇਵੇ। ਧਨ ਦੀ ਦੁਨੀਆਂ ਵਿੱਚ ਦਇਆ ਉਸ ਤਰ੍ਹਾਂ ਵੀ ਖ਼ਤਮ ਹੀ ਤਕਰੀਬਨ ਹੋ ਜਾਂਦੀ ਹੈ। ਧਨ ਇਕੱਠਾ ਹੀ ਦਇਆਹੀਣ ਕਰ ਸਕਦਾ ਹੈ।

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥
(ਆਸਾ ਮਹਲਾ ੧, ਪੰਨਾ ੪੧੭)

ਦਇਆਹੀਣ ਬੰਦਾ ਤਾਂ ਆਪਣੇ ਬਾਪ ਨੂੰ ਵੀ ਬਾਪ ਨਹੀਂ ਸਮਝਦਾ। ਸ਼ਾਹ ਜਹਾਨ ਨੇ ਇਕ ਦਿਨ ਬੰਦੀਖਾਨੇ ਦੇ ਪਹਿਰੇਦਾਰ ਨੂੰ ਕਿਹਾ ਕਿ ਮੈਨੂੰ ਪੀਣ ਵਾਸਤੇ ਪਾਣੀ ਚਾਹੀਦਾ ਹੈ, ਸੁਰਾਹੀ ਖਾਲੀ ਹੋ ਗਈ ਹੈ?'' ਉਹ ਪਹਿਰੇਦਾਰ ਕਹਿਣ ਲੱਗਾ ਕਿ ਬੰਦੀਖਾਨੇ ਦੀ ਚਾਬੀ ਤਾਂ ਔਰੰਗਜ਼ੇਬ ਕੋਲ ਹੈ। ਮੈਂ ਆਪ ਨੂੰ ਪਾਣੀ ਕਿਵੇਂ ਦੇ ਸਕਦਾ ਹਾਂ। ਸ਼ਾਹ ਜਹਾਨ ਨੇ ਕਿਹਾ, ਜਾ ਕੇ ਲੈ ਆ। ਪਹਿਰੇਦਾਰ ਗਿਆ, ਉਸ ਪਹਿਰੇਦਾਰ ਨੇ ਔਰੰਗਜ਼ੇਬ ਨੂੰ ਕਿਹਾ ਕਿ ਆਪ ਦੇ ਬਾਪ ਨੇ ਪਾਣੀ ਮੰਗਿਆ ਹੈ। ਔਰੰਗਜ਼ੇਬ ਕਹਿਣ ਲੱਗਾ, ਪਾਣੀ ਤਾਂ ਸ਼ਾਮ ਨੂੰ ਰੋਟੀ ਦੇ ਨਾਲ ਹੀ ਮਿਲੇਗਾ। ਹੁਣ ਨਹੀਂ ਮਿਲ ਸਕਦਾ। ਉਸ

ਪਹਿਰੇਦਾਰ ਨੇ ਕਿਹਾ, ਆਪ ਦੇ ਬਾਪ ਨੇ ਆਹ ਦੋ ਅੱਖਰ ਵੀ ਲਿੱਖ ਕੇ ਦਿੱਤੇ ਹਨ:-

ਬਾਬੰਨ ਬਹਾਦਰੂ ਮਨ ਨਿਰੋਧ ਲਖ ਵਾਰ ਬੁਝੰਤ॥

ਇਨਰੋਧ ਮੁਪਾਦ ਯਕ ਆਸਾ ਏ ਆਮਬੰਮ॥

ਦਰੀ ਦੁਨੀਆਂ ਮਗਰੂਰ ਨ ਬਾਇਦ॥

ਅਰਥ--ਐ ਮੇਰੇ ਬਹਾਦਰ ਪੁੱਤਰ! ਕਦੇ ਮੈਂ ਲੱਖਾਂ ਅਸਵਾਰਾਂ ਦਾ ਮਾਲਕ ਸਾਂ। ਅੱਜ ਪਾਣੀ ਦੇ ਪਿਆਲੇ ਤੋਂ ਬਿਨਾਂ ਪਿਆਸਾ ਮਰ ਰਿਹਾ ਹਾਂ। ਰਾਜ ਭਾਗ ਦਾ ਦੁਨੀਆਂ ਵਿੱਚ ਗੁਮਾਨ ਨਹੀਂ ਕਰਨਾ ਚਾਹੀਦਾ। ਹੋ ਸਕਦਾ ਹੈ ਕਲ੍ਹ ਨੂੰ ਤੇਰੇ 'ਤੇ ਵੀ ਇਹ ਦਿਨ ਆ ਜਾਣ। ਇਹ ਅੱਖਰ ਔਰੰਗਜ਼ੇਬ ਨੇ ਪੜ੍ਹੇ ਤੇ ਕਿਹਾ, ਇਹ ਅੱਖਰ ਲਿਖੇ ਹਨ ਸਿਆਹੀ ਨਾਲ, ਸਿਆਹੀ ਲਈ ਪਾਣੀ ਮਿਲ ਗਿਆ ਹੈ ਪਰ ਪੀਣ ਲਈ ਨਹੀਂ। ਇਹ ਤਰਕ ਔਰੰਗਜ਼ੇਬ ਨੇ ਕੀਤਾ ਆਪਣੇ ਬਾਪ ਨੂੰ। ਪਹਿਰੇਦਾਰ ਨੇ ਜਾ ਕੇ ਦੱਸ ਦਿੱਤਾ। ਸ਼ਾਹ ਜਹਾਨ ਨੇ ਇਕ ਰੁੱਕਾ ਹੋਰ ਦੋ ਅੱਖਰ ਲਿਖ ਕੇ ਭੇਜਿਆ ਤੇ ਕਿਹਾ:-

ਆਪਨਾਬਾਦ ਹਿੰਦੂਆ ਹਰਿ ਬਾਦ॥ ਮੁਰਦਾਰਾਹਿ ਦਿਹੰਦ ਦਾਨ॥

(ਇਕ ਵਿਦਵਾਨ)

ਐ ਪੁੱਤਰ! ਤੂੰ ਕਿਸ ਤਰ੍ਹਾਂ ਦਾ ਮੁਸਲਮਾਨ ਹੈਂ? ਤੇਰੇ ਨਾਲੋਂ ਤਾਂ ਹਿੰਦੂਆਂ ਦੇ ਪੁੱਤਰ ੧੦੦ ਦਰਜੇ ਚੰਗੇ ਹਨ। ਉਹ ਆਪਣੇ ਬਜ਼ੁਰਗਾਂ ਦੇ ਮਰਨ ਤੋਂ ਬਾਅਦ ਵੀ ਸੂਰਜ ਨੂੰ ਪਾਣੀ ਦੇਂਦੇ ਹਨ ਅਤੇ ਪਿੱਤਰਾਂ ਦੇ ਸ਼ਰਾਧ ਕਰਦੇ ਹਨ। ਇਕ ਤੂੰ ਪੁੱਤਰ ਹੈਂ? ਜੋ ਆਪਣੇ ਜੀਉਂਦੇ ਬਾਪ ਨੂੰ ਕੈਦ ਕਰ ਰੱਖਿਆ ਹੈ ਅਤੇ ਪਾਣੀ ਤਕ ਵੀ ਪੀਣ ਨਹੀਂ ਦਿੰਦਾ। ਮੇਰੀ ਤੂੰ ਕੀ ਸੇਵਾ ਕਰਨੀ ਹੈ? ਤੂੰ ਇੰਨਾ ਨਿਰਦਈ ਹੈ ਕਿ ਪਾਣੀ ਪੀਣ ਤਕ ਨਹੀਂ ਦੇਂਦਾ। ਦਰਅਸਲ ਨਿਰਦਈਆਂ ਕੋਲ ਦਇਆ ਹੋ ਹੀ ਨਹੀਂ ਸਕਦੀ।

ਹਿੰਸਾ ਕੀ ਹੈ?

ਨਿਰਦਈਆਂ ਕੋਲ ਦੂਸਰੇ ਦਾ ਭਲਾ ਕਦੇ ਨਹੀਂ ਹੁੰਦਾ। ਬੁਰਾ ਹੀ ਕਰਦੇ ਹਨ। ਦੂਜੇ ਦੇ ਵਿਨਾਸ਼ ਦੀ ਭਾਵਨਾ ਦਾ ਨਾਮ ਜ਼ੁਲਮ (ਹਿੰਸਾ) ਹੈ। ਜ਼ਾਲਮ ਹਮੇਸ਼ਾ ਹਿੰਸਾ ਕਰਦੇ ਹਨ। ਤੋੜ ਫੋੜ ਵਿੱਚ ਉਨ੍ਹਾਂ ਦਾ ਰਸ ਹੁੰਦਾ ਹੈ। ਹਰ ਜਮਾਤ, ਸੰਪਰਦਾ ਅਤੇ ਫਿਰਕੇ ਦੇ ਧਰਮ ਆਗੂ, ਇਹ ਸਿੱਖਿਆ ਦੇਂਦੇ ਹਨ ਕਿ ਸਰਬੱਤ ਦਾ ਭਲਾ ਮੰਗੋ। ਬੁਰਾ ਮੰਗਣਾ ਤਾਂ ਕਿਸੇ ਧਰਮ ਨੂੰ ਸਿਖਾਇਆ ਨਹੀਂ, ਜੇ ਸਾਰੇ ਧਰਮ ਸਰਬੱਤ ਦਾ ਭਲਾ ਸਿਖਾਉਂਦੇ ਹਨ ਤਾਂ ਬੰਦਾ, ਬੰਦੇ ਦਾ ਬੁਰਾ ਕਿਉਂ ਕਰ ਰਿਹਾ ਹੈ। ਬੰਦਾ ਯਤਨ ਕਰਦਾ ਹੈ ਕਿ ਕਿਵੇਂ ਦੂਸਰਾ ਮੁੱਕ ਜਾਵੇ। ਇਸ ਦੀ ਥਾਂ ਮੈਂ ਬੈਠ ਜਾਵਾਂ । ਕਈ ਵਾਰ ਸਰਬੱਤ ਦਾ ਭਲਾ ਕਹਿੰਦਾ ਵੀ ਬੰਦਾ ਦੂਜੇ ਦਾ ਬੁਰਾ ਮੰਗੀ ਜਾਂਦਾ ਹੈ। ਇਸ ਤਰ੍ਹਾਂ ਦੀ ਭਾਵਨਾ

ਵਾਲੇ ਬੰਦੇ ਜਿਧਰ ਜਾਣਗੇ ਤੋੜਦੇ ਹੀ ਜਾਣਗੇ. ਤੋੜਦੇ ਹੀ ਜਾਣਗੇ। ਕਿਉਂਕਿ ਜੋੜਨ ਦੀ ਤਾਂ ਉਨ੍ਹਾਂ ਨੂੰ ਜਾਚ ਨਹੀਂ ਹੈ। ਉਹ ਚਾਹੁੰਣਗੇ ਜਿਸ ਪਰਵਾਰ ਵਿੱਚ ਇਕ ਰਾਤ ਰਹਿ ਜਾਈਏ ਪਿਉ ਨਾਲੋਂ ਪੁੱਤਰ ਨੂੰ ਅਤੇ ਭਰਾ ਨਾਲੋਂ ਭਰਾ ਨੂੰ ਤੋੜ ਜਾਈਏ। ਬਹੁਤਾ ਨਹੀਂ ਤਾਂ ਪਤੀ ਪਤਨੀ ਦਾ ਕਲੇਸ਼ ਤਾਂ ਜ਼ਰੂਰ ਪੈਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਭਾਵਨਾ ਨਾਲ ਜੇਕਰ ਬੰਦਾ ਮੰਦਰ, ਮਸਜਿਦ ਕੋਲੋਂ ਲੰਘ ਜਾਵੇ, ਤਾਂ ਇਨ੍ਹਾਂ ਨੂੰ ਆਪਸ ਵਿੱਚ ਟਕਰਾ ਦਏਗਾ। ਧਰਮ ਦੇ ਨਾਮ 'ਤੇ ਇੰਨੇ ਦੰਗੇ ਫਸਾਦ ਸਦੀਆਂ ਤੋਂ ਹੁੰਦੇ ਹਨ ਕਿ ਇਹਨਾਂ ਦੰਗੇ ਫਸਾਦਾਂ ਵਿੱਚ ਬੜੀਆਂ ਕੀਮਤੀ ਜਾਨਾਂ ਗੁਆਚਦੀਆਂ ਰਹੀਆਂ ਹਨ। ਮੰਦਰ ਟੁੱਟੇ, ਮੂਰਤੀਆਂ ਤੋੜੀਆਂ, ਕਾਰਨ ਇਕੋ ਹੈ ਕਿ ਅੰਦਰ ਦਇਆ ਪੈਦਾ ਨਹੀਂ ਹੋ ਸਕੀ। ਨਿਰਦਈ ਬੰਦੇ ਅੰਦਰ ਵਿਨਾਸ਼ ਦੀ ਭਾਵਨਾ ਹੁੰਦੀ ਹੈ। ਇਸ ਤਰ੍ਹਾਂ ਦੀ ਭਾਵਨਾ ਵਾਲਾ ਬੰਦਾ ਤੋੜਨ ਵਿੱਚ ਹੀ ਰਸ ਰੱਖਦਾ ਹੈ। ਜਿਸ ਦਿਨ ਜੋੜਨ ਵਿਚ ਰਸ ਆ ਗਿਆ ਉਸ ਦਿਨ ਦਇਆਵਾਨ ਹੋ ਜਾਵੇਗਾ। ਧਰਮ ਦੀ ਆਰੰਭਤਾ ਹੋਵੇਗੀ। ਦਇਆ ਭਾਵਨਾ ਨਾਲ ਅੰਧੇ ਬੰਦਿਆਂ ਨੂੰ ਵੀ ਕਾਮਯਾਬੀ ਮਿਲ ਜਾਂਦੀ ਹੈ ਪੈਰਹੀਣ ਲੂਲੇ, ਲੰਗੜੇ ਵੀ ਕਿਸੇ ਮੰਜ਼ਲ ਤਕ ਪਹੁੰਚ ਜਾਂਦੇ ਹਨ, ਪਰ ਈਰਖਾ ਤੇ ਵਿਨਾਸ਼ ਦੀ ਭਾਵਨਾ ਨਾਲ ਕਰੋੜਾਂਪਤੀ ਵੀ ਕੱਖਾਂ ਤੋਂ ਹੌਲੇ ਹੋ ਜਾਂਦੇ ਹਨ।

6. ਦਵੈਤ ਤੇ ਦਇਆ

ਇਕ ਕਹਾਣੀ ਹੈ, ਕਿ ਇਕ ਲੰਗੜਾ ਭਿਖਾਰੀ ਸੀ ਜਿਸ ਕੋਲੋਂ ਚੱਲਿਆ ਫਿਰਿਆ ਨਹੀਂ ਸੀ ਜਾਂਦਾ। ਇਕ ਅੰਧਾ ਭਿਖਾਰੀ ਸੀ ਜਿਸ ਨੂੰ ਦਿਸਦਾ ਨਹੀਂ ਸੀ। ਉਨ੍ਹਾਂ ਨੂੰ ਇਕ ਸਾਧੂ ਨੇ ਦੇਖਿਆ ਤਾਂ ਬੜਾ ਤਰਸ ਆਇਆ। ਉਸ ਸਾਧੂ ਨੇ ਦਇਆ ਦੀ ਭਾਵਨਾ ਨਾਲ ਇਕ ਸਲਾਹ ਦਿੱਤੀ ਤੇ ਕਿਹਾ ਕਿ ਅੰਧਾ ਬੰਦਾ ਤੁਰ ਸਕਦਾ ਹੈ। ਲੰਗੜਾ ਬੰਦਾ ਦੇਖ ਸਕਦਾ ਹੈ। ਤੁਸੀਂ ਆਪਸ ਵਿਚ ਮਿਲ ਜਾਉ। ਅੰਧਾ ਲੰਗੜੇ ਨੂੰ ਆਪਣੇ ਕੰਧਿਆਂ 'ਤੇ ਚੁੱਕ ਲਵੇ ਅਤੇ ਲੰਗੜਾ ਅੰਧੇ ਨੂੰ ਰਸਤਾ ਦੱਸੀ ਜਾਵੇ। ਇਸ ਤਰ੍ਹਾਂ ਨਾਲ ਤੁਸੀਂ ਜ਼ਿਆਦਾ ਭੀਖ ਮੰਗ ਸਕੋਗੇ। ਅਤੇ ਦੁਨੀਆਂ ਵਿੱਚ ਵੀ ਵਿੱਚਰ ਸਕੋਗੇ ਦੋਹਾਂ ਨੇ ਉਸ ਸਾਧੂ ਦੀ ਸਲਾਹ ਮੰਨ ਲਈ। ਬਹੁਤ ਚਿਰ ਦੋਹਾਂ ਨੇ ਇਸ ਤਰ੍ਹਾਂ ਨਾਲ ਆਪਣੀ ਜ਼ਿੰਦਗੀ ਬਤੀਤ ਕੀਤੀ। ਚੰਗਾ ਗੁਜ਼ਾਰਾ ਚਲਦਾ ਜਾਂਦਾ ਸੀ।

ਇਕ ਦਿਨ ਦੋਹਾਂ ਦਾ ਕਿਸੇ ਗੱਲੋਂ ਝਗੜਾ ਹੋ ਗਿਆ। ਨਾ ਅੰਧੇ ਨੇ ਚੁੱਕਿਆ ਅਤੇ ਨਾ ਲੰਗੜੇ ਨੇ ਰਸਤਾ ਦੱਸਿਆ। ਦੋਵੇਂ ਈਰਖਾ ਵੱਸ ਬੈਠੇ ਰਹੇ। ਨਾ ਭੀਖ ਮਿਲੀ ਤੇ ਨਾ ਉਨ੍ਹਾਂ ਕੁਝ ਖਾਧਾ। ਇਨ੍ਹਾਂ ਭਿਖਾਰੀਆਂ ਨੂੰ ਦੇਖ ਕੇ ਉਸੇ ਸਾਧੂ ਨੂੰ ਫਿਰ ਬੜੀ ਦਇਆ

ਆਈ। ਉਸ ਨੇ ਆ ਕੇ ਅੰਧੇ ਨੂੰ ਕਿਹਾ, ਮੇਰੇ ਕੋਲੋਂ ਤੂੰ ਕੁਝ ਮੰਗ ਲੈ ਤਾਂਕਿ ਤੇਰਾ ਭਲਾ ਹੋ ਸਕੇ। ਉਹ ਅੰਧਾ ਕਹਿਣ ਲੱਗਾ ਜੇਕਰ ਮੈਨੂੰ ਕੁਝ ਦੇਣਾ ਹੈ ਤਾਂ ਇਹ ਦਿਉ, ਕਿ ਮੇਰਾ ਸਾਥੀ ਹੈ ਨ ਲੰਗੜਾ ਉਸ ਨੂੰ ਵੀ ਅੰਧਾ ਕਰ ਦਿਉ। ਉਸ ਸਾਧੂ ਨੇ ਕਿਹਾ ਠੀਕ ਹੈ। ਫਿਰ ਉਹ ਸਾਧੂ ਲੰਗੜੇ ਕੋਲ ਗਿਆ ਤੇ ਕਹਿਣ ਲੱਗਾ ਤੂੰ ਵੀ ਭੁੱਖਾ ਬੈਠਾ ਹੈਂ ਮੇਰੇ ਕੋਲੋਂ ਕੁਝ ਮੰਗ ਲੈ। ਉਸਨੇ ਕਿਹਾ ਕਿ ਮੈਨੂੰ ਕੁਝ ਦੇਣਾ ਹੈ ਤਾਂ ਉਸ ਅੰਧੇ ਨੂੰ ਵੀ ਮੇਰੇ ਵਾਂਗ ਲੰਗੜਾ ਕਰ ਦਿਉ। ਉਸ ਸਾਧੂ ਨੇ ਕਿਹਾ, ਮੈਂ ਤੁਹਾਨੂੰ ਲੱਤਾਂ ਤੇ ਅੱਖਾਂ ਦੇ ਸਕਦਾ ਹਾਂ, ਲੈ ਨਹੀਂ ਸਕਦਾ। ਮੈਂ ਤੁਹਾਡਾ ਭਲਾ ਕਰ ਸਕਦਾ ਹਾਂ, ਬੁਰਾ ਨਹੀਂ। ਜੇਕਰ ਬੰਦਾ ਈਰਖਾ ਵੱਸ ਹੋਵੇ ਤਾਂ ਉਹ ਕਿਸੇ ਨੂੰ ਤੇ ਦੁਖੀ ਕਰਦਾ ਹੀ ਹੈ, ਪਰ ਆਪਣਾ ਵੀ ਭਲਾ ਨਹੀਂ ਕਰ ਸਕਦਾ। ਜੇਕਰ ਬੰਦਾ ਦਇਆ ਵੱਸ ਹੋਵੇ ਤਾਂ ਕਿੰਨੇ ਵੀ ਦੁੱਖ ਮੁਸੀਬਤਾਂ ਉਸ ਉਪਰ ਆਉਣ ਉਹ ਬਚ ਜਾਏਗਾ ਅਤੇ ਦੁਖੀ ਨਹੀਂ ਹੋਵੇਗਾ। ਈਰਖਾਲੂਆਂ ਕੋਲ ਪਰਮਾਤਮਾ ਵੀ ਆ ਜਾਵੇ, ਤਾਂ ਉਹ ਦੁੱਖ ਮੰਗਣਗੇ। ਦਇਆਲੂਆਂ ਕੋਲ ਸ਼ੈਤਾਨ ਵੀ ਆ ਜਾਏ, ਤਾਂ ਵੀ ਉਹ ਭਲਾ ਹੀ ਮੰਗਣਗੇ। ਈਰਖਾ ਇਕ ਅੱਗ ਹੈ ਜਿਸ ਵਿਚ ਬੰਦੇ ਦੇ ਸ਼ੁਭ ਗੁਣ ਸੜ ਜਾਂਦੇ ਹਨ। ਦਇਆ ਇਕ ਸੀਤਲ ਜਲ ਹੈ। ਜਿਸ ਨਾਲ ਤੱਪਦੇ ਹਿਰਦੇ ਠੰਢੇ ਹੁੰਦੇ ਹਨ। ਦਇਆਵਾਨ ਕਿੰਨਾ ਵੀ ਨਿਰਗੁਨਿਆਰਾ ਹੋਵੇ ਪਰ ਉਸ ਦੀ ਹਰ ਥਾਂ ਇੱਜ਼ਤ ਹੁੰਦੀ ਹੈ। ਪਰ ਈਰਖਾ ਤਾਂ ਅੱਗ ਦੀ ਹਨੇਰੀ ਹੈ, ਜਿਸ ਨਾਲ ਬੜੇ ਬੜੇ ਵਿਦਵਾਨਾਂ ਦਾ ਵੀ ਨੁਕਸਾਨ ਹੋ ਜਾਂਦਾ ਹੈ। ਇਤਿਹਾਸਕ ਘਟਨਾ ਹੈ।

ਪੰਡਿਤ ਗੁਲਾਬ ਸਿੰਘ ਬੜੇ ਉੱਚ ਕੋਟੀ ਦੇ ਵਿਦਵਾਨ ਹੋਏ ਹਨ। ਪਰ ਬੜੀ ਮਿਹਨਤ ਨਾਲ ਅਤੇ ਇਕ ਇਸਤਰੀ ਦੀ ਦਇਆ ਦ੍ਰਿਸ਼ਟੀ ਸਦਕਾ ਇਹ ਵਿਦਿਆ ਹਾਸਲ ਹੋਈ। ਕਟੜ ਪੰਥੀਆਂ ਅਤੇ ਈਰਖਾਲੂਆਂ ਦੀ ਈਰਖਾ ਸਦਕਾ ਵਿਦਿਆ ਦਾ ਬੜਾ ਨੁਕਸਾਨ ਹੋਇਆ।

ਘਟਨਾ ਇਸ ਤਰ੍ਹਾਂ ਹੈ ਕਿ ਪੰਡਿਤ ਗੁਲਾਬ ਸਿੰਘ ਜੱਟ ਘਰਾਣੇ ਦੀ ਅੰਸ਼ ਸਨ। ਕਾਂਸ਼ੀ ਵਿੱਚ ਵਿਦਾਂਤ ਦੀ ਵਿਦਿਆ ਪ੍ਰਾਪਤ ਕਰਨ ਵਾਸਤੇ ਚਲੇ ਗਏ। ਕਿਸੇ ਪੰਡਿਤ ਨੇ ਪੜ੍ਹਾਉਣ ਵਾਸਤੇ ਹਾਂ ਹੀ ਨਾ ਕੀਤੀ। ਅਖੀਰ ਇਕ ਵਿਦਵਾਨ ਬ੍ਰਾਹਮਣ ਦੇ ਘਰ ਉਨ੍ਹਾਂ ਦੀਆਂ ਮੱਝਾਂ ਗਾਵਾਂ ਸੰਭਾਲਣ ਵਾਸਤੇ ਹੀ ਰਹਿ ਪਏ। ਬਹੁਤ ਦੇਰ ਸੇਵਾ ਕਰਨ ਤੋਂ ਉਪਰੰਤ ਉਸ ਬ੍ਰਾਹਮਣ ਨੇ ਪੁੱਛਿਆ, ਗੁਲਾਬ ਸਿੰਘ ਤੂੰ ਸੇਵਾ ਬਹੁਤ ਕਰਦਾ ਹੈਂ। ਆਖਰ ਤੂੰ ਕਿਸ ਮਨੋਰਥ ਲਈ ਸੇਵਾ ਕਰਦਾ ਹੈਂ? ਪੰਡਿਤ ਗੁਲਾਬ ਸਿੰਘ ਨੇ ਕਿਹਾ ਕਿ ਮੈਨੂੰ ਵਿਦਿਆ ਚਾਹੀਦੀ ਹੈ। ਮੈਨੂੰ ਪੜ੍ਹਾਓ। ਉਹ ਪੰਡਿਤ ਮਾਨ ਸਿੰਘ ਕਹਿਣ ਲੱਗੇ, ਸ਼ਾਸਤਰ ਅਨੁਸਾਰ ਮੈਂ ਤੈਨੂੰ ਵਿਦਿਆ ਨਹੀਂ ਪੜ੍ਹਾ ਸਕਦਾ। ਸ਼ਾਸਤਰ ਨੇ ਜੱਟ ਨੂੰ ਪੜ੍ਹਾਉਣ 'ਤੇ

ਪੜ੍ਹਨ ਲਈ ਮਨਾਹੀ ਕੀਤੀ ਹੈ। ਤੂੰ ਕੋਈ ਹੋਰ ਮਨੋਰਥ ਦੱਸ। ਪੰਡਿਤ ਗੁਲਾਬ ਸਿੰਘ ਕਹਿਣ ਲੱਗੇ, ਸ਼ਾਸਤਰ ਅਨੁਸਾਰ ਮੈਨੂੰ ਵਿਦਿਆ ਤੇ ਪੜ੍ਹਨ ਲਈ ਮਨਾਹੀ ਹੈ ਫਿਰ ਹੋਰ ਤਾਂ ਕੋਈ ਮਨੋਰਥ ਨਹੀਂ। ਪੰਡਿਤ ਮਾਨ ਸਿੰਘ, ਪੰਡਤ ਗੁਲਾਬ ਸਿੰਘ ਨੂੰ ਕਹਿਣ ਲੱਗੇ ਮੈਨੂੰ ਅਫਸੋਸ ਹੈ ਕਿ ਤੂੰ ਸਾਡੀ, ਸਾਡੇ ਪਰਵਾਰ ਦੀ ਅਤਿਅੰਤ ਸੇਵਾ ਕੀਤੀ ਹੈ। ਪਰ ਅਸੀਂ ਤੈਨੂੰ ਕੁਝ ਨਹੀਂ ਦੇ ਸਕਦੇ। ਜੇਕਰ ਇਹ ਵਿਦਿਆ ਜੋ ਕਾਂਸ਼ੀ (ਬਨਾਰਸ) ਵਿੱਚ ਪੜ੍ਹਾਈ ਜਾਂਦੀ ਹੈ। ਸਿਖਾਦਿਆਂ ਤਾਂ ਪੰਡਿਤ ਬਰਾਦਰੀ ਨੇ ਮੈਨੂੰ ਬਰਾਦਰੀ ਵਿਚੋਂ ਕੱਢ ਦੇਣਾ ਹੈ। ਫਿਰ ਮੈਂ ਕਾਂਸ਼ੀ ਦਾ ਸਭ ਤੋਂ ਵਿਦਿਵਾਨ ਪੰਡਿਤ ਹਾਂ। ਗੁਲਾਬ ਸਿੰਘ ਨੇ ਪੰਡਿਤ ਦੀ ਮਜ਼ਬੂਰੀ ਦੇਖ ਕੇ ਨਮਸ਼ਕਾਰ ਕਰ ਦਿੱਤੀ। ਪੰਡਿਤ ਪੰਡਿਤਾਣੀ ਨੂੰ ਨਮਸ਼ਕਾਰ ਕਰਕੇ ਆ ਗਏ।

ਪੰਡਿਤ ਗੁਲਾਬ ਸਿੰਘ ਜੀ ਤਾਂ ਆ ਗਏ। ਪਰ ਮੱਝਾਂ ਗਾਵਾਂ ਗੁਲਾਬ ਸਿੰਘ ਦੇ ਹੱਥ ਪਈਆਂ ਹੋਈਆਂ ਸਨ। ਉਹ ਦੁੱਧ ਦੇਣੋਂ ਹਟ ਗਈਆਂ। ਪੰਡਿਤ ਮਾਨ ਸਿੰਘ ਦੇ ਛੋਟੇ ਛੋਟੇ ਬੱਚਿਆਂ ਨੂੰ ਬੜੇ ਪਿਆਰ ਨਾਲ ਦੋ ਸਾਲ ਤਕ ਪੰਡਿਤ ਗੁਲਾਬ ਸਿੰਘ ਜੀ ਖਿਡਾਉਂਦੇ ਰਹੇ ਸਨ। ਚਲੇ ਜਾਣ ਤੋਂ ਬਾਅਦ ਬੱਚਿਆਂ ਦਾ ਦਿਲ ਨਹੀਂ ਸੀ ਲੱਗਦਾ। ਉਹ ਸਾਰੇ ਓਦਰ ਗਏ। ਪੰਡਿਤਾਣੀ ਇਹ ਵੇਖ ਕੇ ਝਗੜਾ ਕਰਨ ਲੱਗੀ ਕਿ ਉਹ ਵਿਚਾਰਾ ਜੱਟ ਦੋ ਸਾਲ ਗਊਆਂ ਮੱਝਾਂ ਨੂੰ ਪੱਠੇ ਪਾਉਂਦਾ ਰਿਹਾ ਹੈ। ਉਸ ਨੇ ਕੋਈ ਮੰਗ ਨਹੀਂ ਕੀਤੀ ਜੇਕਰ ਉਸਨੇ ਵਿਦਿਆ ਪ੍ਰਾਪਤੀ ਲਈ ਮਨੋਰਥ ਰੱਖਿਆ ਸੀ, ਤਾਂ ਹਰਜ਼ ਵੀ ਕੀ ਸੀ। ਮੇਰੇ ਕੋਲ ਇੰਨੀ ਵਿਦਿਆ ਹੁੰਦੀ ਤਾਂ ਮੈਂ ਹੀ ਪੜ੍ਹਾ ਦਿਆ ਕਰਦੀ। ਪਰ ਤੁਸੀਂ ਉਸ ਨੂੰ ਢੰਗ ਨਾਲ ਦੋ ਅੱਖਰ ਵੀ ਨਹੀਂ ਦੱਸ ਸਕੇ।

ਪੰਡਿਤਾਣੀ ਨੂੰ ਨਰਾਜ਼ ਹੋਈ ਪੰਡਿਤ ਮਾਨ ਸਿੰਘ ਨੇ ਦੇਖਿਆ ਤੇ ਸੋਚਿਆ ਕਿ ਪੰਡਿਤਾਣੀ ਕੋਈ ਗਲਤ ਨਹੀ ਕਹਿੰਦੀ। ਗੁਲਾਬ ਸਿੰਘ ਹੈ ਵੀ ਵਿਦਿਆ ਦੇ ਯੋਗ ਇਕ ਵਾਰ ਉਸ ਨੂੰ ਸਮਝਾ ਦੇਣਾ ਹੀ ਚਾਹੀਦਾ ਹੈ।

ਅਗਲੇ ਦਿਨ ਪੰਡਿਤ ਮਾਨ ਸਿੰਘ ਨੇ ਗੁਲਾਬ ਸਿੰਘ ਨੂੰ ਕਿਤੋਂ ਲੱਭ ਕੇ ਫਿਰ ਆਪਣੇ ਘਰ ਲੈ ਆਂਦਾ। ਘਰ ਆ ਕੇ ਪੰਡਿਤ ਮਾਨ ਸਿੰਘ ਨੇ ਕਿਹਾ ਕਿ ਮੇਰੀ ਘਰਵਾਲੀ ਦੀ ਦਇਆ ਦ੍ਰਿਸ਼ਟੀ ਹੈ ਤੇਰੇ ਉੱਪਰ। ਵਰਨਾ ਮੈਂ ਤੈਨੂੰ ਕਦੇ ਵਿਦਿਆ ਨਹੀਂ ਪੜ੍ਹਾਉਣ ਵਾਲਾ। ਹੁਣ ਜੋ ਕੁਝ ਵੀ ਮੈਂ ਤੈਨੂੰ ਦੱਸਾਂਗਾ। ਮੈਂ ਇਕ ਵਾਰ ਹੀ ਦੱਸਾਂਗਾ। ਦੂਜੀ ਵਾਰ ਨਹੀਂ ਸਵਾਲ ਕਰਨਾ। ਇਸ ਸ਼ਰਤ ਉਪਰ ਹੀ ਪੰਡਿਤ ਗੁਲਾਬ ਸਿੰਘ ਜੀ ਵਿਦਿਆ ਪ੍ਰਾਪਤ ਕਰਨ ਲੱਗੇ ਅਤੇ ਆਪਣੇ ਵਿਦਿਆ ਗੁਰੂ ਦੇ ਪਰਵਾਰ ਦੀ ਸੇਵਾ ਕਰਨ ਲੱਗੇ। ਪਰ ਪੰਡਿਤਾਣੀ ਨੇ ਬੜਾ ਤਰਸ ਕੀਤਾ। ਗੁਲਾਬ ਸਿੰਘ ਜੀ ਨੇ ਬੜੀ ਕਠਿਨ ਮਿਹਨਤ

ਕਰਕੇ, ਆਪਣੇ ਵਿਦਿਆ ਗੁਰੂ ਪੰਡਿਤ ਮਾਨ ਸਿੰਘ ਤੋਂ ਵਿਦਿਆ ਹਾਸਲ ਕੀਤੀ ਤਾਂ ਗੁਲਾਬ ਸਿੰਘ ਤੋਂ ਪੰਡਿਤ ਗੁਲਾਬ ਸਿੰਘ ਹੋਏ। ਇਕ ਪਰਉਪਕਾਰੀ ਦ੍ਰਿਸ਼ਟੀ ਵਾਲੀ ਔਰਤ ਦੇ ਸਦਕਾ ਤਾਂ ਇਹ ਬੜੀ ਕਠਿਨ ਵਿਦਿਆ ਪ੍ਰਾਪਤ ਹੋਈ। ਪਰ ਈਰਖਾਲੂ ਬਿਰਤੀਆਂ ਦੇ ਕਰਕੇ ਵਿਦਿਆ ਤਬਾਹ ਹੋਈ। ਪੰਡਿਤ ਗੁਲਾਬ ਸਿੰਘ ਦੀ ਵਿਦਵਾਨਤਾ ਦਾ ਸਿੱਕਾ ਸਾਰੀ ਕਾਂਸ਼ੀ ਵਿੱਚ ਫੈਲਿਆ। ਵੱਡੇ ਵੱਡੇ ਪੰਡਿਤ ਪੁੱਛਣ ਲੱਗੇ ਕਿ ਗੁਲਾਬ ਸਿੰਘ ਜੀ! ਇਹ ਵਿਦਿਆ ਤੁਸੀਂ ਕਿਥੋਂ ਪ੍ਰਾਪਤ ਕੀਤੀ ਹੈ? ਆਪਣੇ ਗੁਰੂ ਦਾ ਨਾਮ ਪੰਡਿਤ ਜੀ ਦੱਸਦੇ। ਸਾਰੀ ਬਰਾਦਰੀ ਇਕੱਠੀ ਹੋ ਕੇ ਪੰਡਿਤ ਮਾਨ ਸਿੰਘ ਦੇ ਗਲ ਪੈ ਗਈ। ਸਾਰੇ ਕਹਿਣ ਲੱਗੇ ਕਿ ਇਹ ਪੇਂਡੂ ਜੱਟ ਨੂੰ ਤੂੰ ਵਿਦਿਆ ਦਿੱਤੀ ਹੈ। ਇਹ ਚੰਗੀ ਨਹੀਂ ਕੀਤੀ। ਸ਼ਾਸਤਰ ਦੀ ਉਲੰਘਣਾ ਹੈ। ਕੱਟੜ ਪੰਥੀਆਂ ਨੇ ਰਲ ਕੇ ਇਕ ਗੋਂਦ ਗੁੰਦ ਲਈ, ਕਿ ਪੰਡਿਤ ਗੁਲਾਬ ਸਿੰਘ ਦੀ ਵਿਦਿਆ ਦੀ ਕਿਵੇਂ ਹਾਨੀ ਹੋਵੇ। ਇਹ ਗੋਂਦ ਇਹ ਗੁੰਦੀ ਗਈ ਕਿ ਪੰਡਿਤ ਮਾਨ ਸਿੰਘ ਨੇ ਗੁਰੂ ਦੀਖਿਆ ਵੀ ਨਹੀਂ ਲਈ। ਅਤੇ ਭੇਟਾ (ਦਛਨਾ) ਵੀ ਨਹੀਂ ਲਈ। ਪਹਿਲੀ ਭੇਟਾ ਇਹ ਲਵੋ ਕਿ ਪੰਡਿਤ ਗੁਲਾਬ ਸਿੰਘ ਨੇ ਜੋ ਕੁਝ ਲਿਖਿਆ ਹੈ। ਸਾਰੇ ਗ੍ਰੰਥ ਗੁਰੂ ਭੇਟਾ ਕੀਤੇ ਜਾਣ। ਦੂਜੀ ਦਛਣਾ ਇਹ ਦਿਉ ਕਿ ਅੱਗੇ ਤੋਂ ਲਿਖਣਾ ਬੰਦ ਕਰ ਦਿਉ। ਜੇਕਰ ਪੰਡਿਤ ਮਾਨ ਸਿੰਘ ਇਹ ਨਹੀਂ ਕਰੇਗਾ ਤਾਂ ਉਸ ਨੂੰ ਸ਼ਾਸਤਰ ਨੀਤੀ ਦੇ ਵਿਰੁੱਧ ਚਲਣ ਕਰਕੇ ਬਰਾਦਰੀ ਵਿੱਚੋਂ ਛੇਕਿਆ ਜਾਵੇ ਅਤੇ ਵਿਦਿਆ ਪੜ੍ਹਾਉਣ ਦੀ ਮਨਾਹੀ ਕਰਕੇ ਬਨਾਰਸ ਵਿੱਚੋਂ ਕੱਢ ਦਿੱਤਾ ਜਾਵੇ। ਜਦੋਂ ਪੰਡਿਤ ਗੁਲਾਬ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਉਨ੍ਹਾਂ ਨੇ ਕੋਈ ਉਜਰ ਨਾ ਕੀਤਾ ਬਲਕਿ ਆਪ ਹੀ ਸਾਰੇ ਗ੍ਰੰਥ ਗੁਰੂ ਭੇਟਾ ਕਰ ਦਿੱਤੇ। ਅੰਤ ਅੱਗੋਂ ਲਿਖਣਾ ਵੀ ਬੰਦ ਕਰ ਦਿੱਤਾ। ਬੱਸ ਜੋ ਚਾਰ ਗ੍ਰੰਥ ਬਾਹਰ ਗਏ ਹੋਏ ਸਨ, ਪੜ੍ਹਨ ਲਈ, ਉਹੀ ਬਚ ਗਏ। ਬਾਕੀ ਸਭ ਜਲ ਪ੍ਰਵਾਹ ਕਰ ਦਿੱਤੇ ਗਏ।

ਦਇਆ ਨੇ ਸਦਾ ਦੁਨੀਆਂ ਨੂੰ ਕੁਝ ਦਿੱਤਾ ਹੀ ਦਿੱਤਾ ਹੈ। ਪਰ ਈਰਖਾ ਨੇ ਸਦਾ ਖੋਇਆ ਹੈ। ਪੰਡਿਤ ਗੁਲਾਬ ਸਿੰਘ ਨੇ ਆਪਣੇ ਭਾਵਰਸਾਮ੍ਰਿਤ ਨਾਮਕ ਗ੍ਰੰਥ ਵਿੱਚ ਇਸ ਤਰ੍ਹਾਂ ਦੇ ਲੋਕਾਂ ਬਾਰੇ ਬਹੁਤ ਵਧੀਆ ਲਿਖਿਆ ਹੈ:-

ਅਪਨੇ ਹਿਤ ਤਿਆਗ ਕਰੈ, ਪਰ ਕੌ ਹਿਤ ਤੇ ਨਰ ਉਤਮ ਹੈਂ ਜਗ ਮਾਂਹੀ॥

ਇਕ ਤੇ ਉਹ ਲੋਕ ਪਰਉਪਕਾਰੀ ਤੇ ਦਇਆਲੂ ਹਨ, ਜੋ ਆਪਣਾ ਨੁਕਸਾਨ ਕਰਕੇ ਵੀ ਪਰਾਇਆਂ ਦਾ ਭਲਾ ਕਰਦੇ ਹਨ।

ਆਪਨੇ ਹਿਤ ਸੰਗ ਕਰੇ, ਪਰ ਕੌ ਨਰ, ਆਹਿ ਸਮਾਨ ਵਹੀ ਭਵ ਮਾਂਹੀ॥

ਇਕ ਉਹ ਲੋਕ ਹਨ, ਜੋ ਆਪਣੇ ਲਾਭ ਲਈ ਹੀ ਦੂਜੇ ਦਾ ਲਾਭ ਕਰਦੇ ਹਨ।

ਜਿੱਥੇ ਆਪ ਨੂੰ ਕੁਝ ਪ੍ਰਾਪਤ ਨਹੀਂ, ਉਹ ਨਹੀਂ ਕਰਦੇ। ਉਹ ਆਮ ਬਰਾਬਰ ਦੀ ਜ਼ਿੰਦਗੀ ਦੇ ਇਨਸਾਨ ਹਨ।

ਅਪਨੇ ਹਿਤ, ਨਾਸ ਕਰੇ ਪਰ ਕੋ ਹਿਤ, ਰਾਕਸ਼ ਹੈਂ ਨਰ ਤੇ ਜਗ ਮਾਂਹੀ॥

ਇਕ ਉਹ ਲੋਕ ਹਨ ਜੋ ਆਪਣੇ ਲਾਭ ਵਾਸਤੇ ਪਤਾ ਨਹੀਂ ਕਿੰਨਿਆਂ ਦਾ ਨੁਕਸਾਨ ਕਰਦੇ ਹਨ। ਆਪਣਾ ਖ਼ੂਨ ਬਨਾਉਣ ਵਾਸਤੇ ਕਿੰਨਿਆਂ ਦਾ ਖ਼ੂਨ ਕਰਦੇ ਹਨ। ਸੰਸਾਰ ਵਿੱਚ ਇਸ ਤਰ੍ਹਾਂ ਦੇ ਲੋਕ ਦੈਂਤ ਹਨ।

ਬਿਨ ਹੀ ਅਪਨੇ ਹਿਤ, ਨਾਸ ਕਰੇ ਪਰ ਕੋ ਹਿਤ, ਤੇ ਨਰ ਕੌਣ ਕਰਾਂਹੀ॥

ਪਰ ਕੁਝ ਲੋਕ ਐਸੇ ਈਰਖਾਲੂ ਹਨ ਜੋ ਬਿਨਾ ਆਪਣੇ ਲਾਭ ਹਾਣ ਤੋਂ ਹੀ ਦੂਜਿਆਂ ਦਾ ਨੁਕਸਾਨ ਕਰਦੇ ਹਨ। ਉਹਨਾਂ ਨੂੰ ਕੀ ਆਖੀਏ। ਉਹ ਤਾਂ ਦੈਂਤਾਂ ਤੋਂ ਵੀ ਥੱਲੇ ਹਨ।

ਬੜੇ ਰੰਗ ਦੀ ਦੁਨੀਆਂ ਹੈ। ਜੇਕਰ ਬੁਰਾਈ ਦਾ ਅੰਤ ਨਹੀਂ ਹੈ ਤਾਂ ਨੇਕੀ ਦੀ ਵੀ ਕਮੀ ਨਹੀਂ। ਨੇਕ ਤੇ ਦਇਆਵਾਨ ਲੋਕਾਂ ਦਾ ਇਹ ਨਿਯਮ ਹੁੰਦਾ ਹੈ ਕਿ:-

ਨੇਕੀ ਕਰ ਕੂਏ ਮੈਂ ਡਾਲ॥ *(ਇਕ ਕਹਾਵਤ)*

ਨੇਕ ਦਇਆਵਾਨ ਲੋਕ ਨੇਕੀ ਅਤੇ ਦਇਆ ਦੇ ਬਦਲੇ, ਮੁੱਲ ਦੇ ਆਸਵੰਦ ਨਹੀਂ ਹੁੰਦੇ। ਨੇਕੀ ਕਰਕੇ ਉਹ ਇਸ ਤਰ੍ਹਾਂ ਪਿਛੇ ਪਰਤਦੇ ਹਨ, ਜਿਵੇਂ ਕੋਈ ਆਪਣੀ ਕੀਮਤੀ ਚੀਜ਼ ਕੋਈ ਖੂਹ ਵਿੱਚ ਸੁੱਟ ਦੇਵੇ। ਦਇਆਲੂਆਂ ਨੂੰ ਦਇਆ ਦਾ ਮੁਲ ਤਾਂ ਕੀ ਮਿਲਣਾ ਹੈ, ਸਗੋਂ ਉਲਟਾ ਦਇਆਲੂਆਂ ਨੂੰ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰੀ ਤਾਂ ਆਪਣੀ ਜਾਨ ਵੀ ਦਾਅ 'ਤੇ ਲਾਉਣੀ ਪੈਂਦੀ ਹੈ। ਦਰਅਸਲ ਕਿਸੇ ਨੂੰ ਅੱਗ ਵਿੱਚੋਂ ਕੱਢਣ ਵਾਸਤੇ ਆਪ ਅੱਗ ਵਿੱਚ ਵੜਨਾ ਪੈਂਦਾ ਹੈ। ਕਿਸੇ ਡੁੱਬਦੇ ਨੂੰ ਬਚਾਉਣ ਵਾਸਤੇ, ਡੁੱਬਣਾ ਵੀ ਪੈਂਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵਿੱਚ ਇਕ ਕਥਾ ਆਉਂਦੀ ਹੈ।

ਇਕ ਦਿਨ ਗੁਰੂ ਨਾਨਕ ਦੇਵ ਜੀ ਇਸ਼ਨਾਨ ਕਰਨ ਵਾਸਤੇ ਜਾ ਰਹੇ ਸਨ। ਨਾਲ ਦੋਵੇਂ ਬੱਚੇ ਸ੍ਰੀ ਚੰਦ ਅਤੇ ਲਖਮੀਦਾਸ ਵੀ ਸਨ। ਹੋਰ ਸਿੱਖ ਵੀ ਸਨ। ਭਾਈ ਲਹਿਣਾ ਵੀ ਨਾਲ ਸੀ। ਗੁਰੂ ਨਾਨਕ ਦੇਵ ਜੀ ਦੇ ਹੱਥ ਵਿੱਚ ਇਕ ਸੁਨਹਿਰੀ ਗੜਵਾ ਸੀ। ਰਸਤੇ ਵਿੱਚ ਕੁਝ ਗੰਦਾ ਪਾਣੀ ਖੜਾ ਸੀ। ਉਸ ਪਾਣੀ ਵਿੱਚ ਉਹ ਗੜਵਾ ਗੁਰੂ ਨਾਨਕ ਦੇਵ ਜੀ ਨੇ ਸੁੱਟ ਦਿੱਤਾ। ਫੇਰ ਸਤਿਗੁਰੂ ਨੇ ਆਪਣੇ ਬੱਚਿਆਂ ਨੂੰ ਕਿਹਾ, ਕਿ ਉਹ ਗੜਵਾ ਕੱਢ ਲਿਆਓ, ਪਰ ਸ੍ਰੀ ਚੰਦ ਕਹਿਣ ਲੱਗੇ ਕਿ ਕੱਢ ਕੇ ਲਿਆਉਣਾ ਸੀ ਤਾਂ ਸੁੱਟਿਆ ਕਿਉਂ ਹੈ, ਤੇ ਹੁਣ ਜੇਕਰ ਸੁੱਟ ਹੀ ਦਿੱਤਾ ਹੈ ਤਾਂ ਅਸੀਂ ਆਪ ਦੇ ਸਹਿਜਾਦੇ ਹਾਂ। ਇਹ ਕੰਮ ਕਿਸੇ ਸਿੱਖ ਸੇਵਕ ਕੋਲੋਂ ਕਰਵਾਉ।

ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ ਕਿਹਾ ਕਿ ਤੁਸੀਂ ਕੱਢ ਲਿਆਉ। ਲਹਿਣਾ ਇਕ ਦਮ ਉਸ ਚਿੱਕੜ ਵਿੱਚ ਵੜ ਗਏ ਅਤੇ ਉਹ ਗੜਵਾ ਕੱਢ ਲਿਆਂਦਾ। ਪਰ ਭਾਈ ਲਹਿਣੇ ਦੇ ਸੁੰਦਰ ਕੱਪੜੇ ਚਿੱਕੜ ਨਾਲ ਖਰਾਬ ਹੋ ਗਏ। ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਆਪਣੇ ਗਲ ਨਾਲ ਲਾਇਆ ਤੇ ਕਿਹਾ, ਲਹਿਣਿਆ! ਤੂੰ ਗੜਵਾ ਹੀ ਚਿੱਕੜ ਵਿੱਚੋਂ ਨਹੀਂ ਕੱਢਿਆ, ਬਲਕਿ ਪੂਰੀ ਦੁਨੀਆਂ ਨੂੰ ਚਿੱਕੜ ਵਿਚੋਂ ਕੱਢਿਆ ਹੈ। ਦੁਨੀਆਂ ਦੇਖੇਗੀ, ਇਕ ਦਿਨ ਤੂੰ ਮੇਰੇ ਸਿੰਘਾਸਨ 'ਤੇ ਬੈਠੇਂਗਾ।

ਦਰਅਸਲ ਕਿਸੇ ਨੂੰ ਚਿੱਕੜ ਵਿਚੋਂ ਕੱਢਣਾ ਹੋਵੇ, ਤਾਂ ਆਪ ਚਿੱਕੜ ਵਿੱਚ ਵੜਨਾ ਹੀ ਪੈਂਦਾ ਹੈ। ਜਿਹੜਾ ਆਪ ਚਿੱਕੜ ਤੋਂ ਡਰਦਾ ਹੈ, ਉਹ ਪਰਉਪਕਾਰ ਨਹੀਂ ਕਰ ਸਕਦਾ। ਪਰਉਪਕਾਰ ਦਾ ਮਤਲਬ ਇੰਨਾ ਹੈ, ਕਿ ਦੂਜੇ ਦੇ ਦੁੱਖ ਆਪਣੀ ਝੋਲੀ ਵਿੱਚ ਪਾਉਣਾ। ਜਿਹੜਾ ਦੁੱਖਾਂ ਤੋਂ ਡਰਦਾ ਹੈ, ਉਹ ਦੂਜੇ ਦਾ ਭਲਾ ਨਹੀਂ ਕਰ ਸਕਦਾ। ਪਰਉਪਕਾਰੀ ਨੂੰ ਪਰਉਪਕਾਰ ਦਾ ਬੜਾ ਵੱਡਾ ਮੁੱਲ ਚੁਕਾਉਣਾ ਪੈਂਦਾ ਹੈ। ਸਾਰਕੁਤਾਵਲੀ ਵਿੱਚ ਇਕ ਕਥਾ ਆਉਂਦੀ ਹੈ। ਬੜੀ ਭਾਵਪੂਰਵਕ ਕਥਾ ਹੈ ਕਿ:-

ਇਕ ਦਰੱਖਤ ਦੇ ਹੇਠਾਂ ਇਕ ਬਾਂਦਰ ਠਰੂੰ ਠਰੂੰ ਕਰ ਰਿਹਾ ਸੀ। ਸਰਦੀ ਦੀ ਰੁੱਤ ਸੀ। ਵਰਖਾ ਵੀ ਹੋ ਰਹੀ ਸੀ। ਇਕ ਚਿੜੀ ਜੋ ਉਸ ਦਰੱਖਤ ਉਪਰ ਆਪਣੇ ਆਲ੍ਹਣੇ ਵਿੱਚ, ਬੜੇ ਆਰਾਮ ਨਾਲ ਬੈਠੀ ਸੀ। ਉਸ ਨੇ ਵੇਖਿਆ ਕਿ ਦਰੱਖਤ ਦੇ ਹੇਠਾਂ ਇਕ ਬਾਂਦਰ ਸਰਦੀ ਨਾਲ ਕੰਬ ਰਿਹਾ ਹੈ। ਉਸ ਚਿੜੀ ਨੂੰ ਬੜਾ ਤਰਸ ਆਇਆ। ਉਸ ਨੇ ਬਾਂਦਰ ਨੂੰ ਕਹਿ ਦਿੱਤਾ ਕਿ ਦੇਖ! ਮੈਂ ਪੰਛੀਆਂ ਵਿੱਚ ਬਹੁਤ ਛੋਟਾ ਪੰਛੀ ਹਾਂ। ਮੈਂ ਆਪਣੀ ਨਿੱਕੀ ਚੁੰਜ ਨਾਲ ਆਪਣਾ ਘਰ ਬਣਾਇਆ ਹੈ। ਘਰ ਮੈਨੂੰ ਸਰਦੀ, ਗਰਮੀ ਹਨੇਰੀ ਅਤੇ ਵਰਖਾ ਤੋਂ ਬਚਾਉਂਦਾ ਹੈ। ਇਸੇ ਤਰ੍ਹਾਂ ਹੋਰ ਜਾਨਵਰਾਂ ਵੀ ਘਰ ਬਣਾਏ ਹਨ। ਪਰ ਤੂੰ ਵੇਖ! ਤੇਰੇ ਹੱਥ ਪੈਰ ਹਨ, ਮਨੁੱਖਾਂ ਵਰਗਾ ਸਰੀਰ ਹੈ। ਮੇਰੇ ਕੋਲ ਤਾਂ ਹੱਥ ਵੀ ਨਹੀਂ ਹਨ। ਇਕ ਚੁੰਜ ਹੈ। ਮੈਂ ਹੱਥਾਂ ਦਾ ਕੰਮ ਵੀ ਚੁੰਜ ਤੋਂ ਹੀ ਲਿਆ ਹੈ। ਕੱਖ ਇਕੱਠੇ ਕਰਕੇ ਆਪਣੇ ਘਰ ਨੂੰ ਕਿੰਨਾ ਸੋਹਣਾ ਬਣਾਇਆ ਹੈ। ਪਰ ਤੂੰ ਮਨੁੱਖ ਦੀ ਸ਼ਕਲ ਦਾ ਹੋ ਕੇ ਵੀ ਹਾਲ ਬੇਹਾਲ ਹੋ ਕੇ ਭਟਕ ਰਿਹਾ ਹੈਂ। ਤੈਨੂੰ ਵੀ ਆਪਣਾ ਘਰ ਬਣਾਉਣਾ ਚਾਹੀਦਾ ਹੈ।

ਬਾਂਦਰ ਇਹ ਉਪਦੇਸ਼ ਸੁਣ ਕੇ ਕ੍ਰੋਧਵਾਨ ਹੋ ਗਿਆ। ਕਹਿਣ ਲੱਗਾ, "ਮੈਂ ਆਪਣਾ ਘਰ ਨਾ ਬਣਾਇਆ ਹੈ ਅਤੇ ਨਾ ਹੀ ਅੱਗੋਂ ਬਣਾਉਣਾ ਹੈ। ਨਾ ਹੀ ਸਾਡੇ ਬਜ਼ੁਰਗਾਂ ਵਿੱਚੋਂ ਕਿਸੇ ਨੇ ਇਸ ਤਰ੍ਹਾਂ ਕੀਤਾ ਸੀ ਅਤੇ ਅੱਗੋਂ ਸੰਤਾਨ ਵਿੱਚ ਨਾ ਹੀ ਕੋਈ ਘਰ ਬਣਾਏਗਾ। ਅਸੀਂ ਤਾਂ ਸੰਸਾਰ ਤੋਂ ਮੋਹ ਤੋੜ ਕੇ ਰੱਖਿਆ ਹੈ। ਵਿਰਕਤ ਬਿਰਤੀ ਵਾਲੇ ਸਾਧੂ ਹਾਂ। ਤੂੰ ਕੌਣ ਹੋਵੇਂ ਸਾਨੂੰ ਉਪਦੇਸ਼ ਕਰਨ ਵਾਲੀ। ਤੇਰਾ ਕੀ ਇਖਲਾਕ ਹੈ? ਸੂਈ

ਵਰਗੀ ਤੇਰੀ ਬੂਥੀ ਹੈ। ਤੂੰ ਕਦੇ ਆਪਣੀ ਸ਼ਕਲ ਨਹੀਂ ਵੇਖੀ। ਮੈਂ ਤਾਂ ਆਪਣਾ ਘਰ ਬਣਾਇਆ ਨਹੀਂ। ਪਰ ਤੇਰਾ ਢਾਹ ਜ਼ਰੂਰ ਦੇਣਾ ਹੈ। ਇੰਨਾ ਕਹਿ ਕੇ ਬਾਂਦਰ ਨੇ ਚਿੜੀ ਦਾ ਘਰ ਢਾਹ ਦਿੱਤਾ। ਦਇਆਲੂ ਪੁਰਖਾਂ ਨੂੰ ਕਈ ਵਾਰ ਇਸ ਤਰ੍ਹਾਂ ਦੇ ਮੂਰਖ ਲੋਕਾਂ ਨਾਲ ਵਾਹ ਪੈਂਦਾ ਹੈ ਤਾਂ ਉਲਟ ਦਇਆਲੂ ਦਾ ਹੀ ਨੁਕਸਾਨ ਹੋ ਜਾਂਦਾ ਹੈ। ਸਾਰਕੁਤਾਵਲੀ ਦੇ ਕਰਤਾ ਨੇ ਇਸ ਪ੍ਰਥਾਇ ਇਹ ਬੰਦ ਸੁੰਦਰ ਆਖਿਆ ਹੈ।

ਦ੍ਵੈ ਕਰ ਦ੍ਵੈ ਪਗ ਆਹਿ ਤਵ ਦਿਸਯਤ ਪੁਰਖ ਅਕਾਰ॥
ਸੀਤ ਵਾਤ ਕੇ ਘਾਤ ਹਿਤ ਕਯੋਂ ਨਹਿ ਕਰੋ ਅਗਾਰ॥ ੧੪॥
ਸੂਚੀ ਮੁਖ ਵਿਭਚਾਰਨੀ ਰੰਡੇ ਪੰਡਿਤ ਰਾਰ॥
ਨਾਹਿ ਬਲ ਨਿਜ ਗ੍ਰਿਹ ਰਚਨ ਮੈ ਸਮਰਥ ਹਤ ਤਵ ਦ੍ਵਾਰ॥
ਜਸੇ ਕੈਸੇ ਪੁਰਖ ਕੋ ਦੈ ਉਪਦੇਸ਼ ਨ ਸੰਤ॥
ਮੂਰਖ ਕਪ ਬਿਨ ਗ੍ਰਿਹਿ ਕਰੀ ਚਟਕਾ ਜੋ ਗ੍ਰਿਹਿਵੰਤ॥ ੧੬॥

(ਸਾਰਕੁਤਾਵਲੀ, ਅਧਿਆਇ ਤੇਰਵਾਂ)

ਇਸ ਤਰ੍ਹਾਂ ਦੇ ਲੋਕਾਂ ਨਾਲ ਵੀ ਦਇਆਲੂ ਈਰਖਾ ਜਾਂ ਬੁਰਾ ਨਹੀਂ ਕਰਦੇ। ਕਿਉਂਕਿ ਬੁਰਾਈ ਬੁਰਿਆਂ ਦਾ ਸੁਭਾਅ ਹੈ, ਅਤੇ ਦਇਆ ਦਇਆਲੂ ਦਾ ਸੁਭਾਅ ਹੈ। ਜਿਵੇਂ ਡੰਗ ਮਾਰਨਾ ਸੱਪ ਦਾ ਸੁਭਾ ਹੁੰਦਾ ਹੈ। ਦਇਆ ਕਰਨੀ ਦਇਆਲੂ ਦਾ ਸੁਭਾਅ ਹੁੰਦਾ ਹੈ। ਜਿਵੇਂ ਸੱਪ ਜ਼ਹਿਰ ਨਹੀਂ ਛੱਡ ਸਕਦਾ। ਦਇਆਲੂ ਦਇਆ ਨਹੀਂ ਛੱਡ ਸਕਦਾ। ਪੁਰਾਤਨ ਭਗਤ ਮਾਲ ਵਿੱਚ ਇਕ ਕਥਾ ਹੈ, ਕਿ ਇਕ ਦਿਨ ਸੁਕਦੇਵ ਮੁਨੀ ਇਕ ਨਦੀ ਦੇ ਕਿਨਾਰੇ ਕਿਨਾਰੇ ਜਾ ਰਹੇ ਸਨ। ਇਕ ਬਿੱਛੂ ਨਦੀ ਵਿੱਚ ਰੁੜਦਾ ਜਾਂਦਾ ਸੀ। ਨਦੀ ਦੇ ਕਿਨਾਰੇ ਪਕੜ ਕੇ ਬਿੱਛੂ ਬਾਹਰ ਨਿਕਲਣ ਦਾ ਜਤਨ ਕਰਦਾ ਸੀ ਪਰ ਗਿਰ ਜਾਂਦਾ ਸੀ। ਕਿੰਨੀ ਵਾਰ ਉਹ ਬਿੱਛੂ ਬਾਰ ਬਾਰ ਪਾਣੀ ਵਿੱਚ ਡਿੱਗਿਆ। ਸੁਕਦੇਵ ਮੁਨੀ ਨੂੰ ਤਰਸ ਆ ਗਿਆ। ਉਹ ਬਿੱਛੂ ਨੂੰ ਫੜ ਕੇ ਬਾਹਰ ਕੱਢਣ ਲੱਗੇ ਤਾਂ ਬਿੱਛੂ ਨੇ ਡੰਗ ਮਾਰ ਦਿੱਤਾ, ਹੱਥ ਹਿਲ ਗਿਆ ਅਤੇ ਬਿੱਛੂ ਫਿਰ ਪਾਣੀ ਵਿੱਚ ਜਾ ਡਿੱਗਾ। ਸੁਕਦੇਵ ਮੁਨੀ ਨੇ ਫਿਰ ਉਸ ਨੂੰ ਫੜਿਆ ਤਾਂ ਉਸ ਨੇ ਫਿਰ ਡੰਗ ਮਾਰ ਦਿੱਤਾ। ਫਿਰ ਨਦੀ ਵਿੱਚ ਡਿੱਗ ਪਿਆ। ਤੀਜੀ ਵਾਰ ਫਿਰ ਉਸ ਨੂੰ ਕੱਢਣ ਲੱਗੇ ਤਾਂ ਨੇੜੇ ਖਲੋਤਾ ਇਕ ਰਾਹੀ ਕਹਿਣ ਲੱਗਾ, ਰੁੜਨ ਦਿਉ ਇਸ ਕੰਬਖ਼ਤ ਨੂੰ, ਬਚਾਉਣ ਵਾਲੇ ਨੂੰ ਵੀ ਡੰਗ ਮਾਰਦਾ ਹੈ। ਸੁਕਦੇਵ ਕਹਿਣ ਲੱਗੇ ਪਈ ਇਹ ਡੰਗ ਕਿਉਂ ਮਾਰਦਾ ਹੈ? ਜੀ ਡੰਗ ਮਾਰਨਾ ਇਸ ਦਾ ਸੁਭਾਅ ਹੈ। ਸੁਕਦੇਵ ਕਹਿਣ ਲੱਗੇ ਜੇਕਰ ਡੰਗ ਮਾਰਨਾ ਇਸ ਦਾ ਸੁਭਾਅ ਹੈ, ਤਾਂ ਦਇਆ ਕਰਨਾ ਮੇਰਾ ਸੁਭਾਅ ਹੈ। ਉਸ ਦਾ ਸੁਭਾਅ ਮਾਰਨਾ ਅਤੇ ਮੇਰਾ ਸੁਭਾਅ

ਬਚਾਉਣਾ ਹੈ। ਜੇਕਰ ਉਹ ਬੁਰਾਈ ਨਹੀਂ ਛੱਡਦਾ ਤਾਂ ਅਸੀਂ ਚੰਗਿਆਈ ਕਿਉਂ ਛੱਡੀਏ? ਦਇਆ, ਦਇਆਲੂ ਦਾ ਸੁਭਾਅ ਹੈ।

7. ਦੀਨ ਅਤੇ ਦਇਆ

ਇਸ ਤਰ੍ਹਾਂ ਦੇ ਦਇਆਲੂ ਲੋਕਾਂ ਦੇ ਸੰਸਾਰ ਵਿੱਚ ਮੌਜੂਦ ਹੋਣ ਕਰਕੇ, ਸੰਸਾਰ ਵਿੱਚ ਕੁਝ ਧਰਮ ਦਾ ਪ੍ਰਕਾਸ਼ ਹੈ। ਜੇਕਰ ਅੰਦਰ ਦਇਆ ਨਾ ਹੋਵੇ, ਤੇ ਬੰਦਾ ਧਰਮੀ ਹੋਣ ਦਾ ਦਾਹਵਾ ਕਰੇ, ਸਮਝੋ ਝੂਠ ਹੈ। ਰੂੰ ਦੇ ਪਰਦੇ ਪਿੱਛੇ ਛਿਪੀ ਹੋਈ ਅੱਗ ਹੈ। ਇਸ ਤਰ੍ਹਾਂ ਦੀ ਅੱਗ ਉਦੋਂ ਹੀ ਦਿਸਦੀ ਹੈ, ਜਦੋਂ ਪਰਦਾ ਹਟ ਜਾਏ। ਸਾਡੇ ਦੇਸ਼ ਵਿੱਚ ਬਹੁਤ ਸਮਾਂ ਧਰਮ ਦੇ ਨਾਮ 'ਤੇ ਜ਼ੁਲਮ ਹੋਇਆ ਹੈ। ਅਜੇ ਵੀ ਕਿਤੇ ਕਿਤੇ ਉਹ ਜ਼ੁਲਮ ਵੇਖਣ ਵਿੱਚ ਆ ਜਾਂਦਾ ਹੈ। ਧਾਰਮਿਕ ਮੰਦਰਾਂ ਵਿੱਚ ਬਲੀ ਪ੍ਰੰਪਰਾ ਚਲਦੀ ਸੀ। ਬਲੀ ਪ੍ਰੰਪਰਾ ਬੜਾ ਚਿਰ ਪ੍ਰਚਲਤ ਰਹੀ ਹੈ। ਹਿੰਦੂ ਲੋਕ ਇਸ ਧਾਰਮਿਕ ਕੰਮ ਨੂੰ ਬਲੀ ਆਖਦੇ ਹਨ ਅਤੇ ਮੁਸਲਮਾਨ ਕੁਰਬਾਨੀ ਆਖਦੇ ਹਨ। ਅੱਜ ਵੀ ਇਹ ਰਵਾਇਤ ਹੈ ਕਿ ਜੋ ਹਾਜ਼ੀ ਹੱਜ ਕਰਨ ਵਾਸਤੇ ਕਾਅਬੇ (ਮੱਕੇ) ਜਾਂਦੇ ਹਨ, ਉਹ ਇਕ ਜਾਨਵਰ ਦੀ ਬਲੀ ਜ਼ਰੂਰ ਦੇਂਦੇ ਹਨ। ਉਨ੍ਹਾਂ ਦਾ ਖ਼ਿਆਲ ਹੈ ਕਿ ਹੱਜ ਪ੍ਰਵਾਨ ਹੀ ਤਾਂ ਹੁੰਦਾ ਹੈ, ਜੇਕਰ ਕਿਸੇ ਜਾਨਵਰ ਦੀ ਬਲੀ ਦਿੱਤੀ ਜਾਵੇ।

ਗੁਰੂ ਨਾਨਕ ਦੇਵ ਜੀ ਮਹਾਰਾਜ ਜਦੋਂ ਪਹਿਲੀ ਪ੍ਰਚਾਰਕ ਫੇਰੀ ਸਮੇਂ ਹਰਿਦੁਆਰ ਲੰਘ ਕੇ ਅਲਮੋੜੇ ਵੱਲ ਗਏ ਕਹਿੰਦੇ ਹਨ ਉਸ ਸਮੇਂ ਵੀ ਚੰਦਰ-ਵੰਸ਼ੀਆਂ ਦੇ ਰਾਜਿਆਂ ਵਿੱਚ ਬਲੀ ਦੇਣ ਦੀ ਬੜੀ ਪ੍ਰਬਲ ਪ੍ਰੰਪਰਾ ਸੀ। ਅਲਮੋੜੇ ਦੇ ਇਲਾਕੇ ਵਿੱਚ ਉਨ੍ਹਾਂ ਦਾ ਬੜਾ ਜ਼ੋਰ ਸੀ। ਉਹ ਲੋਕ ਪ੍ਰਦੇਸੀ ਆਦਮੀ ਨੂੰ ਪਕੜ ਲੈਂਦੇ ਸਨ ਉਸ ਨੂੰ ਕਤਲ ਕਰਕੇ ਆਪਣੇ ਇਸ਼ਟ ਅੱਗੇ ਬਲੀ ਚੜ੍ਹਾ ਦਿੰਦੇ ਸਨ। ਇਥੋਂ ਤਕ ਕਿ ਉਸ ਆਦਮੀ ਦਾ ਪੇਟ ਪਾੜ ਕੇ, ਦਿਲ ਕੱਢ ਕੇ, ਆਪਣੇ ਇਸ਼ਟ ਦੀ ਮੂਰਤੀ ਦੇ ਅੱਗੇ ਭੇਟਾ ਰੱਖਣਾ, ਇਹ ਨਿਰਦਈ ਕੰਮ ਧਰਮ ਦੇ ਨਾਮ 'ਤੇ ਹੁੰਦਾ ਸੀ। ਇਸ ਤਰ੍ਹਾਂ ਦੀ ਬਲੀ, ਨੂੰ ਨਰਮੇਧ ਯੱਗ ਕਿਹਾ ਜਾਂਦਾ ਸੀ। ਨਰਮੇਧ ਯੱਗ ਦਾ ਜ਼ਿਕਰ ਸਨਾਤਨ ਧਰਮ ਗ੍ਰੰਥਾਂ ਵਿੱਚ ਵੀ ਆਉਂਦਾ ਹੈ। ਘੋੜਿਆਂ ਨੂੰ ਮਾਰ ਕੇ ਬਲੀ ਦੇਣੀ। ਫਿਰ ਇਕ ਯੱਗ ਨੂੰ ਅਸਵਮੇਧ ਯੱਗ ਦਾ ਨਾਮ ਦਿੱਤਾ ਜਾਣ ਲੱਗਾ।

ਸਿੱਖਾਂ ਵਿੱਚ ਕਈ ਭੁੱਲੜ ਪ੍ਰਚਾਰਕ ਹਨ। ਗਿਆਨਹੀਣ ਸਿੱਖ ਵੀ ਕਹਿ ਦੇਂਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਕ ਅਖੰਡਪਾਠ ਦਾ ਫਲ ਇਕ ਅਸਵਮੇਘ ਯੱਗ ਦੇ ਬਰਾਬਰ ਹੈ। ਇਹ ਗ਼ਲਤ ਹੈ। ਭੁਲੇਖਾ ਹੈ। ਗੁਰਬਾਣੀ ਦਾ ਪਾਠ ਤਾਂ ਅੰਮ੍ਰਿਤ ਗਿਆਨ ਹੈ। ਅਸਵਮੇਧ ਯੱਗ ਇਕ ਨਿਰਦਈ ਕ੍ਰਿਆ ਹੈ ਜਿਸ ਨੂੰ ਉਸ ਸਮੇਂ ਦੇ

ਸੁਆਰਥੀ ਤੇ ਲੋਭੀ ਲੋਕਾਂ ਆਰੰਭਿਆ ਤੇ ਪ੍ਰਚਾਰਿਆ। ਜਿਸ ਨਾਲ ਧਰਮ ਦਾ ਬੜਾ ਵੱਡਾ ਨੁਕਸਾਨ ਹੋਇਆ। ਇਸ ਕ੍ਰਿਆ ਕਰਕੇ ਅਨੇਕਾਂ ਲੋਕ ਧਰਮ ਤੋਂ ਮੂੰਹ ਹੀ ਮੋੜ ਗਏ। ਅਸਵਮੇਧ ਯੱਗ ਸੀ, ਘੋੜੇ ਨੂੰ ਮਾਰ ਕੇ ਬਲੀ ਦੇਣਾ। ਸੰਸਕ੍ਰਿਤ ਭਾਸ਼ਾ ਵਿੱਚ ਘੋੜੇ ਨੂੰ ਅਸਵ ਕਿਹਾ ਜਾਂਦਾ ਹੈ। ਮੌਤ ਨੂੰ ਮੇਧ ਕਿਹਾ ਜਾਂਦਾ ਹੈ। ਘੋੜੇ ਨੂੰ ਮਾਰ ਕੇ ਬਲੀ ਦੇਣ ਦਾ ਨਾਮ ਅਸਵਮੇਧ ਹੋਇਆ।

ਗੈਂਡਾ ਮਾਰ ਕੇ ਵੀ ਯੱਗ ਹੁੰਦਾ ਰਿਹਾ ਹੈ। ਇਸ ਦਾ ਵੀ ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ।

ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥

(ਮਲਾਰ ਮਹਲਾ ੧, ਪੰਨਾ ੧੨੮੯)

ਇਸ ਤਰੀਕੇ ਬੰਦਿਆਂ ਨੂੰ ਮਾਰ ਕੇ ਵੀ ਯੱਗ ਹੁੰਦੇ ਰਹੇ। ਇਨ੍ਹਾਂ ਯੱਗਾਂ ਨੂੰ ਧਰਮ ਦੇ ਨਾਮ 'ਤੇ ਮਨੁੱਖਾਂ ਦੀ ਹੱਤਿਆ ਕਰਕੇ ਹੀ ਕੀਤਾ ਜਾਂਦਾ ਰਿਹਾ। ਅਸਲ ਵਿਚ ਤਾਂ ਆਪਣੇ ਇੱਸ਼ਟ ਗੁਰੂ ਨੂੰ ਆਪਣਾ ਸਿਰ ਭੇਟਾ ਕਰਨਾ ਸੀ। ਪਰ ਆਦਮੀ ਬੜਾ ਸ਼ੈਤਾਨ ਹੈ। ਆਪਣਾ ਤਾਂ ਸਿਰ ਭੇਟਾ ਕੀਤਾ ਨਹੀਂ ਪਰ ਦੂਜਿਆਂ ਦੇ ਸਿਰ ਹੀ ਕਤਲ ਕਰ ਕਰਕੇ ਭੇਟਾ ਚੜ੍ਹਾਉਂਦਾ ਰਿਹਾ। ਬਲੀ ਜਾਂ ਕੁਰਬਾਨੀ ਦਾ ਭਾਵ ਹੈ ਕਿ ਗੁਰੂ ਜਾਂ ਪਰਮਾਤਮਾ ਅੱਗੇ ਆਪਣਾ ਸਿਰ ਰੱਖਿਆ ਜਾਵੇ, ਭਾਵ ਕਿ ਗੁਰੂ ਮੱਤ ਗ੍ਰਹਿਣ ਕੀਤੀ ਜਾਵੇ। ਮਨਮਤ ਦਾ ਤਿਆਗ ਕੀਤਾ ਜਾਵੇ। ਆਪਣੀ ਮਨਮਤ ਕੱਟ ਕੇ ਗੁਰੂ ਅੱਗੇ ਰੱਖਣੀ ਹੈ। ਜਿੰਨਾ ਚਿਰ ਜੀਵਨ ਹੈ ਗੁਰਮੁਖ ਬਣ ਕੇ ਜੀਉਣਾ ਹੈ।

ਬਿਹਾਰ ਦਾ ਇਕ ਡਾਕੂ ਸੀ। ਬੜਾ ਤਕੜਾ ਡਾਕੂ, ਇਸ ਦਾ ਨਾਮ ਸੀ 'ਅਗੁੰਲੀਮਾਲ'। ਅਗੁੰਲੀਮਾਲ ਨੇ ਇਹ ਪ੍ਰਣ ਲਿਆ ਸੀ ਕਿ ਮੈਂ ਇਕ ਹਜ਼ਾਰ ਮਨੁੱਖ ਦਾ ਸਿਰ ਵੱਢ ਕੇ ਦੇਵੀ ਦੀ ਭੇਟਾ ਕਰਾਂਗਾ। ਇਕ ਦਿਨ ਮਹਾਤਮਾ ਬੁੱਧ ਇਧਰ ਜਾ ਰਹੇ ਸਨ। ਕਿਸੇ ਨੇ ਕਿਹਾ, ਇਧਰ ਨਾ ਜਾਉ। ਬੁੱਧ ਕਹਿਣ ਲੱਗੇ ਕਿਉਂ? ਉੱਤਰ ਮਿਲਿਆ ਕਿਉਂਕਿ ਉਧਰ ਡਾਕੂ ਅਗੁੰਲੀਮਾਲ ਰਹਿੰਦਾ ਹੈ ਅਤੇ ਉਹ ਬੜਾ ਖ਼ਤਰਨਾਕ ਹੈ। ਨੌਂ ਸੌ ਨੜਿੰਨਵੇਂ ਸਿਰ ਉਹ ਕੱਟ ਚੁੱਕਾ ਹੈ, ਤੇ ਉਸ ਦਾ ਇਹ ਪ੍ਰਣ ਹੈ ਕਿ ਇਕ ਹਜ਼ਾਰ ਸਿਰ ਕੱਟ ਕੇ ਦੇਵੀ ਨੂੰ ਭੇਟਾ ਕਰਨਾ ਹੈ। ਹੁਣ ਸਿਰਫ ਇਕ ਸਿਰ ਬਾਕੀ ਰਹਿ ਗਿਆ ਹੈ ਤੇ ਤੁਸੀਂ ਇਧਰ ਨਾ ਜਾਉ। ਬੁੱਧ ਕਹਿਣ ਲੱਗੇ ਫਿਰ ਤਾਂ ਇਧਰ ਹੀ ਜਾਣਾ ਜ਼ਰੂਰੀ ਹੈ। ਉਹ ਡਾਕੂ ਹੈ ਤੇ ਮੈਂ ਸਾਧੂ ਹਾਂ। ਮੇਰਾ ਉਹਦਾ ਮੁਕਾਬਲਾ ਤੇ ਨਹੀਂ ਪਰ ਮੇਰਾ ਕੰਮ ਬਚਾਉਣਾ ਹੈ। ਉਸ ਦਾ ਕੰਮ ਮਾਰਨਾ ਹੈ। ਜੇਕਰ ਮੈਂ ਨਾ ਗਿਆ ਤਾਂ ਵੀ ਉਹ ਕਿਸੇ ਹੋਰ ਦਾ ਸਿਰ ਵੱਢ ਦੇਵੇਗਾ। ਮੇਰੇ ਵਰਗੀ ਹੀ ਜਾਨ ਕਿਸੇ ਹੋਰ ਵਿੱਚ ਹੋਵੇਗੀ। ਸਾਧੂ ਬੜੇ ਦਇਆਲੂ

ਹੁੰਦੇ ਹਨ। ਬੁੱਧ ਕਹਿਣ ਲੱਗੇ ਸ਼ਾਇਦ ਮੇਰੇ ਜਾਇਆਂ, ਇਕ ਸਿਰ ਬਚ ਹੀ ਜਾਵੇ। ਬੁੱਧ ਗਏ ਅਗੁੰਲੀਮਾਲ ਨੇ ਵੇਖ ਲਿਆ, ਕਿ ਇਕ ਆਦਮੀ ਆ ਰਿਹਾ ਹੈ। ਅਗੁੰਲੀਮਾਲ ਨੇ ਆਪਣਾ ਕੁਹਾੜਾ ਚੁਕਿਆ ਤੇ ਮਹਾਤਮਾ ਬੁੱਧ ਵੱਲ ਦੌੜਿਆ। ਬੁੱਧ ਵੇਖ ਕੇ ਨਾ ਡਰੇ, ਤੇ ਨਾ ਦੌੜੇ। ਅਗੁੰਲੀਮਾਲ ਦਾ ਤਜ਼ਰਬਾ ਸੀ ਕਿ ਜਦੋਂ ਉਹ ਕਿਸੇ ਬੰਦੇ ਦੇ ਪਿੱਛੇ ਦੌੜਦਾ ਸੀ, ਉਹ ਬੰਦਾ ਵੀ ਆਪਣਾ ਪੂਰਾ ਤਾਣ ਲਾ ਕੇ ਬਚਾਉ ਲਈ ਦੌੜਦਾ ਸੀ। ਪਰ ਮਹਾਤਮਾ ਬੁੱਧ ਨਾ ਡਰੇ ਤੇ ਨਾ ਦੌੜੇ। ਅਗੁੰਲੀਮਾਲ ਨੇੜੇ ਆ ਕੇ ਖੜਾ ਹੋ ਗਿਆ। ਸਾਹਮਣੇ ਹੋ ਕੇ ਪੁੱਛਣ ਲੱਗਾ, ਤੂੰ ਕੌਣ ਹੈਂ? ਬੁੱਧ ਕਹਿੰਦੇ ਹਨ ਮੈਂ ਬੰਦਾ ਹਾਂ, ਰੱਬ ਦਾ। ਅਗੁੰਲੀਮਾਲ ਕਹਿਣ ਲੱਗਾ, ਮੈਂ ਤੁਹਾਨੂੰ ਮਾਰਨਾ ਹੈ। ਬੁੱਧ ਕਹਿਣ ਲੱਗੇ ਮਾਰਨਾ ਤੇ ਪੈਦਾ ਕਰਨਾ ਸਿਰਫ ਪਰਮਾਤਮਾ ਦੇ ਹੱਥ ਵਿੱਚ ਹੈ। ਤੂੰ ਕਿਸੇ ਨੂੰ ਕੀ ਮਾਰ ਸਕਦਾ ਹੈਂ? ਬੜੇ ਜ਼ੋਰ ਨਾਲ ਇਹ ਵਜ਼ਨਦਾਰ ਲਫਜ ਬੁੱਧ ਨੇ ਅਗੁੰਲੀਮਾਲ ਨੂੰ ਕਹੇ, ਕਿ ਤੇਰੀ ਤਲਵਾਰ ਤਾਂ ਦਰੱਖਤ ਦੀ ਇਕ ਟਾਹਣੀ ਵੀ ਨਹੀਂ ਕੱਟ ਸਕਦੀ। ਅਗੁੰਲੀਮਾਲ ਨੇ ਕੁਹਾੜਾ ਚੁੱਕਿਆ ਤੇ ਨਾਲ ਖੜੇ ਦਰੱਖਤ ਤੋਂ ਜ਼ੋਰ ਨਾਲ ਮਾਰ ਕੇ ਇਕ ਮੋਟੀ ਟਾਹਣੀ ਕੱਟ ਸੁੱਟੀ। ਮਹਾਤਮਾ ਬੁੱਧ ਕਹਿਣ ਲੱਗੇ ਹੁਣ ਤੂੰ ਇਹ ਟਾਹਣੀ ਜੋੜ ਕੇ ਦਿਖਾ। ਅਗੁੰਲੀਮਾਲ ਕਹਿਣ ਲੱਗਾ ਜੋ ਇਕ ਦਫਾ ਟੁੱਟ ਜਾਏ ਉਹ ਦੁਬਾਰਾ ਨਹੀਂ ਜੁੜ ਸਕਦਾ। ਮਹਾਤਮਾ ਬੁੱਧ ਕਹਿਣ ਲੱਗੇ, ਜੇਕਰ ਉਹ ਦੁਬਾਰਾ ਨਹੀਂ ਜੁੜ ਸਕਦਾ ਤਾਂ ਤੂੰ ਕਿਉਂ ਕੱਟਦਾ ਹੈਂ? ਸਾਰੀ ਉਮਰ ਤੂੰ ਕੱਟਿਆ ਹੀ ਕੱਟਿਆ ਹੈ। ਅੱਜ ਤੇਰਾ ਕੁਹਾੜਾ ਚਲ ਰਿਹਾ ਹੈ, ਹੋ ਸਕਦਾ ਹੈ, ਕੱਲ ਨੂੰ ਕਿਸੇ ਹੋਰ ਦਾ ਕੁਹਾੜਾ ਤੇਰੇ ਉਪਰ ਚੱਲੇ। ਫਿਰ ਇਕ ਦਿਨ ਆਵੇਗਾ ਜੋ ਰੱਬ ਦੀ ਤਲਵਾਰ ਹੈ, ਉਹ ਸਭ ਉਪਰ ਚਲਦੀ ਹੈ ਤੇਰੇ ਉਪਰ ਵੀ ਚਲੇਗੀ। ਅੱਜ ਤੂੰ ਤੋੜ ਰਿਹਾ ਹੈਂ ਜਿਸ ਦਿਨ ਤੂੰ ਖੁਦ ਟੁੱਟੇਂਗਾ ਫਿਰ ਕੀ ਕਰੇਂਗਾ? ਕਹਿੰਦੇ ਹਨ ਕਿ ਮਹਾਤਮਾ ਬੁੱਧ ਦੇ ਉਪਦੇਸ਼ ਦਾ ਇੰਨਾ ਵੱਡਾ ਅਸਰ ਹੋਇਆ, ਇਸ ਡਾਕੂ ਉਪਰ ਕਿ ਇਹ ਕੁਹਾੜਾ ਸੁੱਟ ਕੇ ਸਾਧੂ ਹੋ ਗਿਆ। ਇਕ ਡਾਕੂ ਦੀ ਤਲਵਾਰ ਨਾਲੋਂ ਦਇਆਲੂ ਦੀ ਦਇਆ ਵਿੱਚ ਜ਼ਿਆਦਾ ਸ਼ਕਤੀ ਹੁੰਦੀ ਹੈ। ਦਇਆਲੂ ਦੀ ਦ੍ਰਿਸ਼ਟੀ, ਇਕ ਡਾਕੂ ਨੂੰ ਸਾਧੂ ਬਣਾ ਸਕਦੀ ਹੈ ਪਰ ਇਕ ਡਾਕੂ ਦੀ ਤਲਵਾਰ ਕਿਸੇ ਦਇਆਲੂ (ਸਾਧੂ) ਨੂੰ ਡਾਕੂ ਨਹੀਂ ਬਣਾ ਸਕਦੀ।

ਸੋ ਧਰਮ ਦੇ ਨਾਂ ਉਪਰ ਬੜੀ ਹਿੰਸਾ (ਜ਼ੁਲਮ) ਚਲਦੀ ਰਹੀ ਹੈ। ਕਿਸੇ ਅਸਵਮੇਧ, ਨਰਮੇਧ ਅਤੇ ਗੈਂਡੇ ਮਾਰ ਕੇ ਧਰਮ ਦੇ ਨਾਮ ਤੇ ਨਿਰਦਈ ਕੁਰੀਤੀਆਂ ਹੁੰਦੀਆਂ ਰਹੀਆਂ ਹਨ। ਇਹ ਜ਼ੁਲਮ ਇਕੱਲਾ ਹਿੰਦੂ ਮੰਦਰਾਂ ਵਿੱਚ ਹੀ ਨਹੀਂ ਹੁੰਦਾ ਰਿਹਾ ਬਲਕਿ ਇਸਲਾਮੀ ਅਦਾਰਿਆਂ ਵਿੱਚ ਵੀ ਹੁੰਦਾ ਸੀ, ਅਤੇ ਹੁੰਦਾ ਹੈ। ਫਰਕ

ਸਿਰਫ ਏਨਾ ਹੈ ਕਿ ਹਿੰਦੂ ਇਸ ਨੂੰ ਬਲੀ ਕਹਿੰਦੇ ਹਨ, ਮੁਸਲਮਾਨ ਕੁਰਬਾਨੀ ਕਹਿੰਦੇ ਹਨ। ਇਸਲਾਮ ਦੇ ਮਜ਼ਬ ਅਨੁਸਾਰ ਮੁਸਲਮਾਨ ਦਾ ਹੱਜ ਓਨੀ ਦੇਰ ਮੁਕੰਮਲ ਨਹੀਂ ਸਮਝਿਆ ਜਾਂਦਾ, ਜਿੰਨੀ ਦੇਰ ਉਹ ਕੁਰਬਾਨੀ ਨਾ ਦੇਵੇ। ਦਰਅਸਲ ਕੁਰਬਾਨੀ ਤਾਂ ਮੁਸਲਮਾਨ ਨੂੰ ਆਪਣੀ ਦੇਣੀ ਚਾਹੀਦੀ ਹੈ, ਪਰ ਦੇ ਦੂਜਿਆਂ ਦੀ ਕੁਰਬਾਨੀ ਦੇਂਦਾ ਹੈ।

ਹੱਜ ਦੀ ਸਾਰੀ ਕਿਰਿਆ ਹਿਜ਼ਰੀ ਸਾਲ ਦੇ ਬਾਰਵੇਂ ਮਹੀਨੇ "ਜ਼ੁਲਹਿਜਰ" ਵਿੱਚ ਹੁੰਦੀ ਹੈ। ਨੌਵੀਂ ਤਿਥਿ ਤੱਕ ਸਾਰਾ ਹੱਜ ਪੂਰਾ ਕਰਕੇ, ਦਸਵੀਂ "ਮੁਜ਼ਦ ਲਿਟਾ ਮੁਕਾਮ ਤੇ ਨਿਮਾਜ਼ ਪੜ੍ਹ ਕੇ, ਸ਼ੈਤਾਨ ਦੇ ਥੰਮ ਕੋਲ ਜਾ ਕੇ, ਸੱਤ ਪੱਥਰ ਸੁਟੇ ਜਾਂਦੇ ਹਨ।" ਫੇਰ "ਮਿਨਾ" ਪਹੁੰਚ ਕੇ ਕੁਰਬਾਨੀ ਦਿੱਤੀ ਜਾਂਦੀ ਹੈ। ਬੱਕਰਾ, ਦੁੰਬਾ, ਊਠ ਜਾਂ ਗਊ ਨੂੰ ਕਾਅਬੇ ਵੱਲ ਸਿਰ ਕਰਕੇ ਲਿਟਾਇਆ ਜਾਂਦਾ ਹੈ। ਪਸ਼ੂ ਦੇ ਸੱਜੇ ਪਾਸੇ ਖੜੇ ਹੋ ਕੇ "ਅਲ੍ਹਾ ਹੂ ਅਕਬਰ" ਕਹਿ ਕੇ ਛੁਰੀ ਚਲਾਈ ਜਾਂਦੀ ਹੈ। ਇਸ ਕੁਰਬਾਨੀ ਨੂੰ ਕੋਈ ਪਾਪ ਨਹੀਂ ਮੰਨਦਾ। ਬਲਕਿ ਧਰਮ ਦੀ ਇਕ ਜ਼ਰੂਰੀ ਕਿਰਿਆ ਮੰਨਿਆ ਜਾਂਦਾ ਹੈ। ਕੁਰਬਾਨੀ ਜਾਂ ਬਲੀ ਕੁਝ ਵੀ ਹੋਵੇ। ਇਸ ਨਾਲ ਦਇਆ ਤਾਂ ਮਰ ਹੀ ਜਾਂਦੀ ਹੈ। ਦਇਆ ਤੋਂ ਬਿਨਾਂ ਧਰਮ ਦਾ ਜਨਮ ਹੋ ਹੀ ਨਹੀਂ ਸਕਦਾ। ਹਿੰਸਾ ਨਾਲ ਮਨੁੱਖ ਵਿੱਚੋਂ ਦਇਆ ਤਾਂ ਖਤਮ ਹੋ ਹੀ ਜਾਂਦੀ ਹੈ। ਪਰ ਇਹ ਨਿਰਦਈਪਣ, ਬੰਦੇ ਦਾ ਬੰਦੇ ਨਾਲੋਂ ਪ੍ਰੇਮ ਵੀ ਖ਼ਤਮ ਕਰ ਦੇਂਦਾ ਹੈ। ਆਪਣੇ ਸੁਆਰਥ ਵਾਸਤੇ ਦੂਜੇ ਜੀਵਾਂ ਅਤੇ ਪ੍ਰਾਣੀ ਮਾਤਰ ਨੂੰ ਦੁਖੀ ਕਰਨਾ ਜਾਂ ਮਾਰ ਦੇਣਾ ਇਹ ਹਿੰਸਾ ਹੈ। ਮਨੁੱਖ ਦੇ ਅੰਦਰ ਹਿੰਸਕ ਬਿਰਤੀਆਂ ਬੜੀਆਂ ਪ੍ਰਬਲ ਹਨ। ਆਦਿ ਕਾਲ ਤੋਂ ਚੰਗੇ ਚਿੰਤਕ ਲੋਕਾਂ ਦਾ ਇਹ ਬੜਾ ਯਤਨ ਰਿਹਾ ਹੈ, ਕਿ ਮਨੁੱਖ ਹਿੰਸਾ ਨਾ ਕਰੇ, ਬਲਕਿ ਦਇਆਲੂ ਬਣੇ। ਆਪਣੇ ਅੰਦਰ ਦੂਜੇ ਦੇ ਵਿਨਾਸ਼ ਦੀ ਭਾਵਨਾ ਨਾ ਰੱਖੇ। ਕਿਸੇ ਨੂੰ ਮਾਨਸਿਕ ਤੌਰ 'ਤੇ ਵੀ ਦੁਖੀ ਕਰਨਾ ਹਿੰਸਾ (ਜ਼ੁਲਮ) ਹੈ।

ਗੁਰੂ ਨਾਨਕ ਦੇਵ ਜੀ ਤੋਂ ਮਲਕ ਭਾਗੋ ਪੁੱਛਦਾ ਹੈ, ਕਿ ਮਹਾਰਾਜ! ਤੁਸੀਂ ਇਕ ਗ਼ਰੀਬ ਤੇ ਸ਼ੂਦਰ ਤਰਖਾਣ ਦੇ ਘਰ ਦਾ ਭੋਜਨ ਤਾਂ ਬੜੀ ਖੁਸ਼ੀ ਨਾਲ ਛਕਦੇ ਹੋ। ਪਰ ਮੇਰੇ ਘਰ ਵਿੱਚ ਬ੍ਰਹਮ ਭੋਜਨ ਛਕਣ ਤੋਂ ਵੀ ਇਨਕਾਰੀ ਹੋ ਕਿਉਂ? ਗੁਰੂ ਨਾਨਕ ਕਹਿਣ ਲੱਗੇ ਐ ਮਲਕ! ਤੇਰੇ ਤੋਂ ਬਹੁਤ ਲੋਕ ਮਾਨਸਿਕ ਤੌਰ 'ਤੇ ਦੁਖੀ ਹਨ। ਉਹ ਤੈਨੂੰ ਕੁਝ ਕਹਿ ਨਹੀਂ ਸਕਦੇ ਪਰ ਤੇਰੇ ਵਲੋਂ ਲੋਕਾਂ ਨਾਲ ਇਨਸਾਫ ਨਹੀਂ ਕੀਤਾ ਜਾਂਦਾ। ਇਸ ਕਰਕੇ ਲੋਕ ਬੜੇ ਦੁਖੀ ਹਨ। ਜਿਸ ਤੋਂ ਲੋਕ ਦੁਖੀ ਹੋਣ ਉਸ ਤੋਂ ਰੱਬ ਵੀ ਬੜਾ ਦੁਖੀ ਹੁੰਦਾ ਹੈ। ਰੱਬ ਲੋਕਾਂ ਵਿੱਚ ਹੀ ਵੱਸਦਾ ਹੈ। ਜੇਕਰ ਲੋਕ ਦੁਖੀ ਹਨ ਤਾਂ ਰੱਬ ਆਪੇ ਹੀ ਦੁਖੀ ਹੋ ਗਿਆ। ਇਸ ਵਾਸਤੇ ਤੇਰੇ ਘਰ ਦਾ ਅੰਨ ਜਲ ਨਹੀਂ ਛਕਣਾ। ਭਾਵੇਂ ਇਹ ਭੋਜਨ ਛੱਤੀ ਪ੍ਰਕਾਰ ਦੇ ਪਦਾਰਥ ਹੀ ਕਿਉਂ ਨਾ ਹੋਵਣ। ਲਾਲੋ ਦੇ ਘਰ ਦਾ ਭੋਜਨ

ਬਹੁਤ ਪਵਿੱਤਰ ਹੈ। ਦਸ ਨੌਹਾਂ ਦੀ ਕਮਾਈ ਹੈ। ਉਸ ਤੋਂ ਕੋਈ ਵੀ ਦੁਖੀ ਨਹੀਂ ਹੈ। ਉਸਦੇ ਭੋਜਨ ਵਿਚ ਗ਼ਰੀਬਾਂ ਦੇ ਹੌਕੇ ਅਤੇ ਮਜ਼ਲੂਆਂ ਦੀ ਰੱਤ ਨਹੀਂ ਹੈ। ਪਰ ਤੇਰੀ ਕਮਾਈ ਵਿੱਚ ਕਈ ਨਿਰਦੋਸ਼ਾਂ ਦੇ ਸੁਹਾਗ ਤੇ ਕਈ ਸਤੀਆਂ ਦੇ ਸਤ ਕੁਰਲਾਂਦੇ ਹਨ। ਹੁਣ ਤੂੰ ਇਸ ਕਮਾਈ ਨਾਲ ਬ੍ਰਹਮ ਭੋਜਨ ਕਰਾਵੇਂ ਜਾਂ ਨਾ ਕਰਾਵੇਂ ਪਰ ਇਸ ਵਿੱਚ ਕੋਈ ਦਇਆ ਧਰਮ ਨਹੀਂ ਹੈ।

ਧਰਮ ਦੇ ਨਾਮ 'ਤੇ ਬੰਦੇ ਨੇ ਬਹੁਤ ਜ਼ੁਲਮ ਕੀਤਾ ਹੈ। ਜਦੋਂ ਗੁਰੂ ਨਾਨਕ ਪ੍ਰਯਾਗ (ਤ੍ਰਿਬੇਣੀ) ਇਲਾਹਾਬਾਦ ਗਏ ਸਨ। ਉਸ ਸਮੇਂ ਦੇ ਪੁਜਾਰੀ ਪੰਡਿਆਂ ਨੇ ਇਹ ਪ੍ਰਚਾਰ ਕਰ ਰੱਖਿਆ ਸੀ ਕਿ ਜਿਹੜਾ ਪ੍ਰਾਣੀ ਆਪਣਾ ਸਭ ਕੁਝ ਜ਼ਮੀਨ ਜਾਇਦਾਦ, ਦਾਨ ਕਰਕੇ ''ਅਕਸ਼ਯਵਟ'' ਤੋਂ ਡਿੱਗ ਕੇ ਮਰੇਗਾ, ਉਹ ਸਿੱਧਾ ਸਵਰਗ ਨੂੰ ਜਾਵੇਗਾ, ਅਮਰ ਹੋਏਗਾ। ''ਅਕਸ਼ਯ'' ਦਾ ਮਤਲਬ ਕਿ ਨਾਸ ਰਹਿਤ ਵੱਟ, ਜਾਨੀ ਬੋਹੜ। ਪ੍ਰਯਾਗਰਾਜ, ਇਲਾਹਾਬਾਦ ਦਾ ਪਹਿਲਾ ਨਾਮ ਸੀ। ਪ੍ਰਯਾਗਰਾਜ ਦਾ ਨਾਮ ਔਰੰਗਜ਼ੇਬ ਦੇ ਸਮੇਂ ਬਦਲਿਆ ਗਿਆ। ਅੱਜ ਕੱਲ ਇਸ ਦਾ ਨਾਮ ਇਲਾਹਾਬਾਦ ਪ੍ਰਚਲਤ ਹੈ। ਇਸੇ ਥਾਂ 'ਤੇ ਤਿੰਨ ਮਹਾਨ ਨਦੀਆਂ ਦਾ ਮੇਲ ਹੁੰਦਾ ਹੈ। ਇਸ ਕਰਕੇ ਇਸ ਨੂੰ ਤ੍ਰਿਬੇਣੀ ਤੀਰਥ ਕਿਹਾ ਜਾਂਦਾ ਹੈ। ਇਸ ਥਾਂ ਨੂੰ ਪੁੰਨ ਦਾਨ ਕਰਨ ਲਈ ਬੜਾ ਪਵਿੱਤਰ ਮੰਨਿਆ ਹੈ।

ਜਬ ਹੀ ਜਾਤ ਤ੍ਰਿਬੇਣੀ ਭਏ॥ ਪੁੰਨ ਦਾਨ ਦਿਨ ਕਰਤ ਬਿਤਏ॥

(ਦਸਮ ਗ੍ਰੰਥ)

ਪਰ ਪੁੰਨ ਦਾਨ ਦੇ ਪਰਦੇ ਹੇਠ ਬੜਾ ਪਾਪ ਹੁੰਦਾ ਰਿਹਾ ਹੈ। ਉਸ ਅਕਸ਼ਯ ਵੱਟ (ਬੋਹੜ) ਦੇ ਦਰੱਖਤ ਤੋਂ ਅਨੇਕਾਂ ਅੰਧ ਵਿਸ਼ਵਾਸੀ ਸ਼ਰਧਾਲੂਆਂ ਨੇ ਡਿੱਗ ਕੇ ਜਾਨਾਂ ਦਿੱਤੀਆਂ। ਇਹ ਨਿਰਦਈ ਦੁਕਾਨ ਬਹੁਤ ਚਿਰ ਚਲਦੀ ਰਹੀ ਹੈ। ਇਹ ਦੁਕਾਨ ਤਾਂ ਬਾਦਸ਼ਾਹ ਜਹਾਂਗੀਰ ਨੇ ਆਪਣੇ ਰਾਜ ਸਮੇਂ ਬੰਦ ਕਰਵਾ ਦਿੱਤੀ ਸੀ। ਉਸ ਨੇ ਇਹ ਬੋਹੜ ਕਟਵਾ ਕੇ ਸੁਟਵਾ ਦਿੱਤਾ ਸੀ। ਇਸ ਤਰ੍ਹਾਂ ਨਾਲ ਅਨੇਕਾਂ ਤੀਰਥਾਂ 'ਤੇ ਪੁੰਨ ਦੇ ਪਰਦੇ ਹੇਠ ਪਾਪ ਅਤੇ ਧਰਮ ਦੇ ਨਾਮ 'ਤੇ ਜ਼ੁਲਮ ਹੁੰਦਾ ਰਿਹਾ ਹੈ।

ਬਨਾਰਸ (ਕਾਸ਼ੀ) ਵਿੱਚ ਵੀ ਇਸੇ ਤਰ੍ਹਾਂ ਧਰਮ ਦੇ ਨਾਮ 'ਤੇ ਹਜ਼ਾਰਾਂ ਸਾਲ ਜ਼ੁਲਮ, (ਅਨਰਥ) ਹੋਇਆ ਹੈ। ਕਾਸ਼ੀ ਦਾ ਇਕ ਮਸ਼ਹੂਰ ਮੰਦਰ ਵਿਸ਼ੇਸ਼ਵਰਨਾਥ, ਹੈ। ਇਸ ਮੰਦਰ ਵਿੱਚ ਇਕ ਬਹੁਤ ਵੱਡਾ ਆਰਾ ਰੱਖਿਆ ਹੋਇਆ ਸੀ। ਜਿਸ ਨੂੰ ''ਸ਼ਿਵਕਰਵਤਰ'' ਕਿਹਾ ਜਾਂਦਾ ਸੀ। ਆਮ ਦੁਨੀਆਂ ਨੂੰ ਇਸ ਆਰੇ ਬਾਰੇ ਇਹ ਉਪਦੇਸ਼ ਦਿੱਤਾ ਜਾਂਦਾ ਸੀ, ਕਿ ਜਿਹੜਾ ਆਪਣੀ ਸਰਬੰਸ ਦੌਲਤ ਦਾਨ ਕਰਕੇ ਇਸ ਆਰੇ ਨਾਲ ਚਿਰਿਆ ਜਾਵੇਗਾ, ਉਸ ਨੂੰ ਸ਼ਿਵਪੁਰ ਵਾਸ ਮਿਲੇਗਾ। ਇਥੇ ਵੀ ਕਈ ਅੰਧ-

ਵਿਸ਼ਵਾਸੀ ਆਰੇ ਨਾਲ ਚਿਰੇ ਜਾਂਦੇ ਸਨ। ਕਈ ਸੰਸਾਰ ਪਰਵਾਰ ਤੋਂ ਸਤੇ ਹੋਏ ਆਉਂਦੇ ਸਨ, ਤੇ ਇਥੇ ਖੁਦਕਸ਼ੀ ਕਰਕੇ ਖਲਾਸੀ ਪਾਉਂਦੇ ਸਨ। ਗੁਰੂ ਨਾਨਕ ਦੇਵ ਜੀ ਇਸ ਆਰੇ ਦਾ ਜ਼ਿਕਰ ਆਪਣੀ ਬਾਣੀ ਵਿੱਚ ਕਰਦੇ ਹਨ:-

ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ॥

(ਸਿਰੀਰਾਗੁ ਮਹਲਾ ੧, ਪੰਨਾ ੬੨)

ਇਸ ਸ਼ਿਵਕਰਵਤਰ ਬਾਰੇ ਭਗਤ ਕਬੀਰ ਜੀ ਨੇ ਵੀ ਆਪਣੀ ਬਾਣੀ ਵਿੱਚ ਜ਼ਿਕਰ ਕੀਤਾ ਹੈ।

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥
ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥ ੩॥

(ਗਉੜੀ ਕਬੀਰ ਜੀ, ਪੰਨਾ ੩੩੫)

ਕਬੀਰ ਸਾਹਿਬ ਕਹਿੰਦੇ ਹਨ, ਕਿ ਮੈਂ ਕਾਸ਼ੀ ਦੇ ਪੰਡਿਤਾਂ ਨੂੰ ਪੁੱਛਿਆ ਕਿ ਤੁਸੀਂ ਮਨੁੱਖ ਨੂੰ ਜਿਊਂਦੇ ਜੀ ਆਰੇ ਨਾਲ ਚੀਰ ਕੇ, ਆਪਣੇ ਆਪ ਨੂੰ ਕੀ ਸਮਝਦੇ ਹੋ? ਜਵਾਬ ਮਿਲਿਆ ਕਿ ਇਸ ਨਾਲੋਂ ਸਵਾਬ (ਪੁੰਨ) ਹੋਰ ਕੀ ਹੋ ਸਕਦਾ ਹੈ। ਅਸੀਂ ਇਕ ਧਰਮ ਦਾ ਕਰਮ ਕਰਦੇ ਹਾਂ ਜੋ ਆਰੇ ਨਾਲ ਚੀਰਿਆ ਜਾਵੇਗਾ, ਉਹ ਮੁਕਤੀ ਪ੍ਰਾਪਤ ਕਰੇਗਾ। ਫਿਰ ਕਬੀਰ ਸਾਹਿਬ ਪੁੱਛਦੇ ਹਨ ਕਿ ਪੰਡਿਤ ਜੀ ਜੇਕਰ ਇਹ ਪੁੰਨ ਹੈ, ਧਰਮ ਹੈ ਤਾਂ ਫਿਰ ਤੁਸੀਂ ਪਾਪ ਕਿਸ ਨੂੰ ਕਹਿੰਦੇ ਹੋ? ਜੇਕਰ ਇਹ ਪੁੰਨ ਹੈ, (ਦਇਆ ਹੈ) ਤਾਂ ਫਿਰ ਪਾਪ ਕਿਸ ਨੂੰ ਆਖੋਗੇ। ਜਦੋਂ ਤੁਹਾਡੇ ਵਰਗੇ ਮੁਨੀਸ਼ਵਰ, ਸੰਤਾਂ ਦੇ ਸੰਤ ਹੀ, ਬੰਦੇ ਨੂੰ ਚੀਰ ਕੇ ਆਖਣ ਕਿ ਇਹ ਧਰਮ ਹੈ, ਤਾਂ ਫਿਰ ਦੱਸੋ ਕਸਾਈ ਕਿਸ ਨੂੰ ਆਖਿਆ ਜਾਵੇ?

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥ ੨॥

(ਮਾਰੂ ਕਬੀਰ ਜੀ, ਪੰਨਾ ੧੧੦੩)

ਜ਼ਰੂਰੀ ਨਹੀਂ ਕਿ ਹਿੰਸਾ, ਹਤਿਆ ਕੀਤਿਆਂ ਹੀ ਹੁੰਦੀ ਹੈ। ਸੁਆਮੀ ਪਰਮਾਨੰਦ ਜੀ ਮਹਾਰਾਜ ਦਾ ਕਹਿਣਾ ਹੈ ਕਿ ਚੋਰੀ ਕਰਨਾ, ਪਰਾਏ ਧਨ ਨੂੰ ਲੁੱਟਣਾ, ਧਾੜੇ ਮਾਰਨਾ ਵੀ ਹਿੰਸਾ ਹੈ। ਗੱਲ ਕੀ ਨਿਜਾਇਜ ਢੰਗ ਨਾਲ ਜੋ ਵੀ ਕੀਤਾ ਜਾਏ, ਹਿੰਸਾ ਹੈ। ਸੁਆਮੀ ਪਰਮਾਨੰਦ ਜੀ ਆਪਣੀ ਬਾਣੀ ਵਿੱਚ ਆਖਦੇ ਹਨ:-

ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥
ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ॥ ੨॥
ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥

ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥

(ਪੰਨਾ ੧੨੫੩)

ਪੰਚਤੰਤਰ ਵਿੱਚ ਜ਼ਿਕਰ ਆਇਆ ਹੈ ਕਿ ਪ੍ਰਾਣੀ ਮਾਤਰ ਨੂੰ ਦਇਆ ਰਖਣਾ ਅਤੇ ਹਿੰਸਾ ਤੋਂ ਬਚਣਾ ਹੀ ਸ੍ਰੇਸ਼ਟ ਗੁਣ ਹੈ। ਇਸ ਨਾਲ ਪ੍ਰਾਣੀ ਸਤਿਗੁਣੀ ਬਣਦਾ ਹੈ। ਬੁਧੀ ਤੀਖਣ ਤੇ ਸੂਖਸ਼ਮ ਹੁੰਦੀ ਹੈ। ਜੋ ਹਿੰਸਕ ਪੁਰਸ਼ ਹਨ, ਉਹ ਨਿਰਦਈ ਹੁੰਦੇ ਹਨ। ਨਿਰਦਈ ਪੁਰਸ਼ ਕਦੇ ਮੁਕਤ ਨਹੀਂ ਹੁੰਦਾ। ਜੋ ਲੋਕ ਜੀਵਾਂ ਦੀ ਬਲੀ ਜਾਂ ਕੁਰਬਾਨੀ ਦੇ ਕੇ ਪੂਜਾ ਕਰਦੇ ਹਨ, ਉਨ੍ਹਾਂ ਲੋਕਾਂ ਨਾਲੋਂ ਮਾਸ ਵੇਚਣ ਵਾਲੇ ਕਸਾਈ ਚੰਗੇ ਹਨ ਉਹ ਮਾਸ ਵੇਚਦੇ ਹਨ ਅਤੇ ਹਿੰਸਕ ਜੀਊਦਿਆਂ ਨੂੰ ਖਾਂਦਾ ਹੈ। ਬਲੀ ਦੇ ਕੇ ਪੂਜਾ ਕਰਨ ਵਾਲੇ ਮੰਦਰਾਂ ਨਾਲੋਂ ਬੁਚੜਖਾਨੇ ਚੰਗੇ ਹਨ। ਇਸ ਤਰ੍ਹਾਂ ਦੇ ਮੰਦਰ, (ਜਿਥੇ ਬਲੀਆਂ ਤੇ ਕੁਰਬਾਨੀਆਂ ਦਿੱਤੀਆਂ ਜਾਂਦੀਆਂ ਹਨ, ਉਥੇ ਜਾਣ ਨਾਲੋਂ ਕਿਸੇ ਬੁਚੜਖਾਨੇ ਚਲੇ ਜਾਣਾ ਸੌ ਦਰਜੇ ਚੰਗਾ ਹੈ) ਕਿਉਕਿ ਬੁਚੜਖਾਨੇ ਵਿੱਚ ਮਰਿਆਂ ਦੀ ਖੱਲ ਉਤਰਦੀ ਹੈ, ਜਿਊਦਿਆਂ ਦੀ ਨਹੀਂ। ਅਫਸੋਸ! ਕਿ ਇਸ ਸੰਸਾਰ ਦੀ ਭਰਮ ਚਾਲ ਹਮੇਸ਼ਾ ਉਲਟ ਰਹੀ ਹੈ। ਜੀਊਦਿਆਂ ਨੂੰ ਪਾਣੀ ਨਹੀਂ ਪਿਆਉਂਦੇ ਅਤੇ ਮਰਿਆਂ ਪਿਛੋਂ ਸਰਾਧ ਕੀਤੇ ਜਾਂਦੇ ਹਨ। ਪੰਚਤੰਤਰ ਵਿੱਚ ਜ਼ਿਕਰ ਆਇਆ ਹੈ:-

ਜੀਵ ਅਹਿੰਸਾ ਧਰਮ ਹੈ, ਸਰੇਸ਼ਟ ਪੁਰਖ ਭਾਖੰਡ।
ਤਾਂਤੇ ਸਤਗੁਣ ਯੁਥ ਕੋ, ਬੁਧਿ ਜਨ ਨਾਹਿ ਹਨੰਤ॥
ਸੋ ਹਿੰਸਕ ਜੀਵਨ ਹਨੈ, ਤਾਕੋ ਨਿਰਦਯ ਜਾਨ॥
ਨਰਕ ਮਾਹਿ ਸੋਈ ਜਾਤ ਹੈ, ਸ਼ੁਭ ਮਾਰੇ ਜੋ ਹਾਨ॥
ਬ੍ਰਿਛ ਕਾਟ ਪਸ਼ੂ ਮਾਰ ਕਰ, ਸ਼ੋਣਤ ਕਾ ਕਰ ਕੀਚ॥
ਯਦਿ ਸਵਰਗ ਮੇਂ ਜਾਤ ਹੈ, ਕਾਸੋ ਨਰਕ ਨ ਬੀਚ॥

(ਪੰਚਤੰਤਰ)

ਗੁਰੂ ਅਰਜਨ ਦੇਵ ਜੀ ਦਾ ਇਹ ਫੈਸਲਾ ਸਭ ਪ੍ਰਾਣੀ ਮਾਤਰ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ। ਆਤਮਿਕ ਰਸਤਾ ਬੜਾ ਲੰਬਾ ਹੈ। ਭਾਵ (ਹਉ ਆਇਆ ਦੂਰਹੁ ਚਲਿ ਕੈ)। ਪਰ ਪਾਪਾਂ ਦਾ ਭਾਰ ਆਤਮਾ 'ਤੇ ਜ਼ਿਆਦਾ ਹੁੰਦਾ ਜਾ ਰਿਹਾ ਹੈ। ਇਸ ਭਾਰ ਨੂੰ ਚੁੱਕਣ ਵਾਲਾ ਹੋਰ ਕੋਈ ਦੂਜਾ ਬੇਲੀ ਨਹੀਂ ਹੈ।

ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ॥
ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥

(ਬਿਹਾਗੜਾ ਮਹਲਾ ੫, ਪੰਨਾ ੫੪੬)

ਕਬੀਰ ਸਾਹਿਬ ਜੀ ਦਾ ਕਥਨ ਹੈ ਕਿ ਦਇਆ ਸਭ ਧਰਮ ਗੁਣਾਂ ਦਾ ਮੂਲ ਹੈ ਤੇ ਇਨਸਾਨ ਨੂੰ ਦਿਲ ਵਿੱਚ ਦਇਆ ਰਖਣੀ ਚਾਹੀਦੀ ਹੈ। ਕਦੀ ਨਿਰਦਈ ਨਹੀਂ ਹੋਣਾ ਚਾਹੀਦਾ। ਕੀੜੀ ਤੋਂ ਲੈ ਕੇ ਹਾਥੀ ਤਕ ਸਭ ਜੀਵ ਪਰਮਾਤਮਾ ਦੀ ਅੰਸ਼ ਹਨ।

ਦਯਾ ਦਿਲ ਮੇਂ ਰਾਖੀਐ ਨਿਰਦਈ ਕਬਈ ਨ ਹੋਇ॥
ਸਾਈ ਕੇ ਸਭ ਜੀਵ ਹੈ ਕੀੜੀ ਕੁੰਜਰ ਸੋਇ॥

(ਕਬੀਰ ਬੀਜਕ)

ਧਰਮ ਤੇ ਗੁਰੂ ਦੀ ਕਲਾ

ਇਕ ਸਕੂਲ ਵਿੱਚ ਸਾਲਾਨਾ ਇਮਤਿਹਾਨ ਹੋ ਰਹੇ ਸਨ। ਸਾਰੇ ਵਿਦਿਆਰਥੀ ਅੱਜ ਆਖ਼ਰੀ ਪੇਪਰ ਦੇ ਰਹੇ ਸਨ। ਸਾਰੇ ਵਿਦਿਆਰਥੀਆਂ ਨੂੰ ਬੜੀ ਖ਼ੁਸ਼ੀ ਸੀ ਕਿ ਸੁਖ ਨਾਲ ਸਾਰੇ ਪੇਪਰ ਹੋ ਗਏ ਹਨ। ਇਕ ਵਿਦਿਆਰਥੀ ਕਹਿ ਰਿਹਾ ਸੀ ਕਿ ਸਾਰੇ ਵਿਸ਼ਿਆਂ ਬਾਰੇ ਇਮਤਿਹਾਨ ਹੋ ਗਿਆ। ਹਿਸਾਬ, ਅੰਗਰੇਜ਼ੀ, ਭੂਗੋਲ, ਸਮਾਜਕ, ਹਿੰਦੀ, ਸਾਇੰਸ ਤੇ ਪੰਜਾਬੀ ਆਦਿ ਸਾਰੇ ਮਜ਼ਬੂਨਾਂ ਬਾਰੇ ਪੇਪਰ ਹੋ ਗਏ ਹਨ। ਪਰ ਸਾਰਾ ਸਾਲ ਮਾਸਟਰ ਨੇ ਧਾਰਮਿਕ ਮਜ਼ਬੂਨ ਵੀ ਪੜ੍ਹਾਇਆ ਹੈ। ਪਰ ਧਾਰਮਿਕ ਪੇਪਰ ਤਾਂ ਹੋਇਆ ਹੀ ਨਹੀਂ। ਧਰਮ ਬਾਰੇ ਕੁਝ ਵੀ ਨਹੀਂ ਪੁੱਛਿਆ ਗਿਆ। ਸਾਰੇ ਵਿਦਿਆਰਥੀ ਅਚੰਭਾ ਸਨ ਕਿ ਧਾਰਮਿਕ ਪੇਪਰ ਦੀ ਕੋਈ ਤਾਰੀਖ ਵੀ ਨਹੀਂ ਆਈ। ਇਕ ਬੱਚੇ ਨੇ ਆਪਣੇ ਮਾਸਟਰ ਨੂੰ ਪੁੱਛਿਆ, ਸਰ ! ਧਾਰਮਿਕ ਪੇਪਰ ਤਾਂ ਹੋਇਆ ਹੀ ਨਹੀਂ ? ਮਾਸਟਰ ਜੀ, ਕਹਿਣ ਲੱਗੇ ਕਿ ਧਰਮ ਬਾਰੇ ਪੇਪਰ ਨਹੀਂ ਲਿਆ ਜਾਂਦਾ। ਧਰਮ ਬਾਰੇ ਤਾਂ ਕੁਝ ਕਰਵਾਇਆ ਜਾਂਦਾ ਹੈ। ਧਰਮ ਤਾਂ ਕੁਝ ਕਰਨ ਦਾ ਵਿਸ਼ਾ ਹੈ। ਯਾਨੀ ਕਿ ਧਰਮ ਬਾਰੇ ਤਾਂ ਪ੍ਰੈਕਟੀਕਲ ਹੋਵੇਗਾ। ਕਿਸੇ ਵੇਲੇ ਕੁਝ ਕਰਵਾ ਕੇ ਦੇਖ ਲਵਾਂਗੇ ਕਿ ਤੁਸੀਂ ਧਰਮ ਬਾਰੇ ਕੀ ਕਰਦੇ ਤੇ ਜਾਣਦੇ ਹੋ? ਫਿਰ ਸਾਰੇ ਵਿਦਿਆਰਥੀਆਂ ਨੂੰ ਮਾਸਟਰ ਨੇ ਛੁਟੀ ਕਰਾ ਦਿੱਤੀ। ਸਾਰੇ ਬੱਚੇ ਸਕੂਲ ਤੋਂ ਬਾਹਰ ਆ ਗਏ। ਅਚਨਚੇਤ ਸਾਰੇ ਬੱਚਿਆਂ ਨੇ ਦੇਖਿਆ ਕਿ ਸਕੂਲ ਦੇ ਬਾਹਰ ਵਾਲੇ ਗੇਟ ਅੱਗੇ ਬੜਾ ਰਸਤਾ ਖ਼ਰਾਬ ਹੈ। ਸਾਰੇ ਹੈਰਾਨ ਹੋ ਗਏ ਕਿ ਜਦੋਂ ਅਸੀਂ ਸਵੇਰੇ ਸਕੂਲ ਆਏ ਸਾਂ। ਉਸ ਵਕਤ ਤਾਂ ਇਹ ਰਸਤਾ ਏਸ ਤਰ੍ਹਾਂ ਦਾ ਖ਼ਰਾਬ ਨਹੀਂ ਸੀ। ਹੁਣ ਏਸ ਰਸਤੇ ਤੋਂ ਅੱਗੇ ਨਿਕਲਣਾ ਬਹੁਤ ਮੁਸ਼ਕਲ ਹੈ। ਇਕ ਵਿਦਿਆਰਥੀ ਕਹਿਣ ਲੱਗਾ, ਤੁਸੀਂ ਰੁਕੋ! ਇਸ ਰਸਤੇ ਵਿਚ ਬੜਾ ਚਿੱਕੜ, ਕੰਕਰ, ਪੱਥਰ ਤੇ ਹੋਰ ਪਤਾ ਨਹੀਂ ਕੀ ਕੁਝ ਹੈ। ਪਹਿਲਾਂ ਮੈਂ ਇਕੱਲਾ ਇਸ ਵਿਚੋਂ ਲੰਘ ਕੇ ਦੇਖਦਾ ਹਾਂ। ਫਿਰ ਤੁਸੀਂ, ਜਿਵੇਂ ਮੈਂ ਲੰਘਾਂਗਾ ਓਸ ਤਰ੍ਹਾਂ ਹੀ ਲੰਘ ਜਾਇਓ। ਸਾਰੇ ਬੱਚੇ ਓਥੇ ਹੀ ਰੁੱਕ ਗਏ। ਇਕ ਬੜਾ ਹੁਸ਼ਿਆਰ ਬੱਚਾ ਓਸ ਰਸਤੇ ਵਿਚੋਂ ਆਪਣੇ ਆਪ ਨੂੰ ਬਚਾਉਂਦਿਆਂ ਹੋਇਆਂ ਲੰਘ ਗਿਆ। ਰਸਤੇ ਦੇ ਪਾਰ ਜਾ ਕੇ ਉਹ ਬੱਚਾ ਕਹਿਣ ਲਗਾ ਕਿ ਜਿਵੇਂ ਮੈਂ ਆਪਣੇ ਆਪ ਨੂੰ ਬਚਾ ਕੇ ਨਿਕਲ ਆਇਆ ਹਾਂ। ਏਵੇਂ ਹੀ ਤੁਸੀਂ ਆਪਣੇ ਆਪ ਨੂੰ ਬਚਾ ਕੇ ਨਿਕਲ ਆਓ। ਸਾਰੇ ਬੱਚੇ ਉਸ ਦੀ ਨਕਲ ਕਰਕੇ ਉਸ ਵਾਂਗ ਹੀ

ਆਪਣੇ ਆਪ ਨੂੰ ਬਚਾ ਕੇ ਅੱਗੇ ਨਿਕਲ ਆਏ। ਇੱਕ ਬੱਚਾ ਪਿੱਛੇ ਹੀ ਰਹਿ ਗਿਆ। ਸਾਰੇ ਉਸ ਨੂੰ ਆਵਾਜ਼ ਮਾਰ ਕੇ ਕਹਿਣ ਲੱਗੇ ਕਿ ਜਿਵੇਂ ਅਸੀਂ ਆਪਣੇ ਆਪ ਨੂੰ ਬਚਾ ਕੇ ਨਿਕਲ ਆਏ ਹਾਂ, ਤੂੰ ਵੀ ਨਿਕਲ ਆ। ਉਹ ਬੱਚਾ ਅੱਗੋਂ ਕਹਿਣ ਲਗਾ, ਮਿਤਰੋ! ਠੀਕ ਹੈ ਕਿ ਤੁਸੀਂ ਆਪਣੇ ਆਪ ਨੂੰ ਬਚਾ ਕੇ ਨਿਕਲ ਗਏ ਹੋ। ਮੈਂ ਵੀ ਤੁਹਾਡੇ ਵਾਂਗ ਆਪਣੇ ਆਪ ਨੂੰ ਬਚਾ ਕੇ ਨਿਕਲ ਸਕਦਾ ਹਾਂ। ਪਰ ਰਾਤ ਨੂੰ ਵੀ ਏਸ ਰਸਤੇ ਤੋਂ ਲੋਕਾਂ ਨੇ ਗੁਜ਼ਰਨਾ ਹੈ। ਉਹ ਕਿਵੇਂ ਆਪਣੇ ਆਪ ਨੂੰ ਬਚਾ ਕੇ ਨਿਕਲਣਗੇ। ਸਾਰੇ ਅੱਗੋਂ ਕਹਿਣ ਲਗੇ ਕਿ ਦੂਜਿਆਂ ਨਾਲ ਸਾਡਾ ਕੀ ਮਤਲਬ ਹੈ? ਤੂੰ ਆਪਣੇ ਆਪ ਨੂੰ ਬਚਾ ਕੇ ਆ ਜਾ। ਉਹ ਬੱਚਾ ਕਹਿਣ ਲੱਗਾ ਕਿ ਨਹੀਂ, ਮਿੱਤਰੋ! ਆਪਣੇ ਆਪ ਨੂੰ ਹੀ ਬਚਾ ਲੈਣਾ ਪਰ ਦੂਜਿਆਂ ਲਈ ਕੁਝ ਨਾ ਕਰਨਾ ਇਹ ਧਰਮ ਨਹੀਂ। ਸਾਰੇ ਪੁੱਛਣ ਲੱਗੇ ਕਿ ਤੇਰਾ ਕੀ ਮਤਲਬ ਹੈ? ਉਹ ਬੱਚਾ ਕਹਿਣ ਲਗਾ ਕਿ ਮੇਰਾ ਮਤਲਬ ਹੈ ਕਿ ਅਸੀਂ ਕਿੰਨੇ ਹੀ ਵਿਦਿਆਰਥੀ ਹਾਂ। ਅਸੀਂ ਇਹ ਸਾਰਾ ਰਸਤਾ ਬੜੇ ਸੁੰਦਰ ਢੰਗ ਨਾਲ ਸਾਫ਼ ਕਰ ਸਕਦੇ ਹਾਂ। ਸਾਫ਼ ਰਸਤਾ ਦੂਜਿਆਂ ਵਾਸਤੇ ਵੀ ਸੁਖ ਦਾ ਸਾਧਨ ਬਣੇਗਾ। ਕਹਿੰਦੇ ਹਨ ਕਿ ਸਾਰੇ ਬੱਚੇ ਕਹਿਣ ਲੱਗੇ ਕਿ ਸਾਡੇ ਕੋਲੋਂ ਤਾਂ ਨਹੀਂ ਇਹ ਸਾਰਾ ਚਿੱਕੜ ਸਾਫ਼ ਕੀਤਾ ਜਾਂਦਾ। ਜੇ ਤੂੰ ਆਉਣਾ ਹੈ ਤਾਂ ਆ। ਨਹੀਂ ਤਾਂ ਅਸੀਂ ਤਾਂ ਆਪਣੇ ਆਪਣੇ ਘਰਾਂ ਨੂੰ ਜਾ ਰਹੇ ਹਾਂ। ਉਹ ਇਕ ਬੱਚਾ ਕਹਿਣ ਲੱਗਾ ਕਿ ਮੈਂ ਤਾਂ ਇਸ ਰਸਤੇ ਨੂੰ ਸਾਫ਼ ਕਰਕੇ ਆਵਾਂਗਾ। ਸਾਰੇ ਕਹਿਣ ਲੱਗੇ ਇਹ ਰਸਤਾ ਤਾਂ ਸਾਰੀ ਰਾਤ ਹੀ ਸਾਫ਼ ਨਹੀਂ ਹੋਣ ਵਾਲਾ। ਉਹ ਇਕ ਬੱਚਾ ਕਹਿਣ ਲੱਗਾ ਕਿ ਜੇਕਰ ਮੈਂ ਸਾਫ਼ ਨਹੀਂ ਕਰ ਸਕਾਂਗਾ ਤਾਂ ਮੈਂ ਏਸ ਰਸਤੇ ਉੱਪਰ ਪਹਿਰਾ ਦਿਆਂਗਾ। ਤਾਂਕਿ ਆਏ ਮੁਸਾਫ਼ਰਾਂ ਨੂੰ ਦਸ ਸਕਾਂ ਕਿ ਅੱਗੇ ਚਿੱਕੜ ਹੈ, ਬਚ ਕੇ ਲੰਘੋ। ਕਹਿੰਦੇ ਹਨ ਕਿ ਉਹ ਸਾਰੇ ਬੱਚੇ ਉਸ ਨੂੰ ਕਹਿਣ ਲਗੇ ਕਿ ਤੂੰ ਇਹ ਪੁਆੜਾ ਕਰਦਾ ਫਿਰ। ਅਸੀਂ ਤਾਂ ਆਪਣੇ ਘਰਾਂ ਨੂੰ ਚਲੇ ਹਾਂ। ਜਦੋਂ ਹੀ ਉਹ ਸਾਰੇ ਵਿਦਿਆਰਥੀ ਉਸ ਇਕੱਲੇ ਬੱਚੇ ਨੂੰ ਛੱਡ ਕੇ ਚਲੇ ਚੱਲੇ ਤਾਂ ਅਚੇਤ ਹੀ ਕਿਸੇ ਨੇ ਪਿੱਛੋਂ ਆਵਾਜ਼ ਮਾਰੀ। ਕਿਹਾ ਰੁਕ ਜਾਓ! ਸਾਰੇ ਵਿਦਿਆਰਥੀ ਸਾਵਧਾਨੀ ਨਾਲ ਪਿੱਛੇ ਪਰਤ ਕੇ ਦੇਖਣ ਲੱਗੇ। ਇਹ ਆਵਾਜ਼ ਮਾਰਨ ਵਾਲਾ ਕੋਈ ਹੋਰ ਨਹੀਂ ਸੀ। ਬਲਕਿ ਉਹਨਾਂ ਵਿਦਿਆਰਥੀਆਂ ਦਾ ਆਪਣਾ ਵਿਦਿਆ ਦਾਤਾ ਉਸਤਾਦ ਸੀ। ਜਿਸ ਨੇ ਸਾਰਾ ਸਾਲ ਇਹਨਾਂ ਨੂੰ ਪੜ੍ਹਾਇਆ ਸੀ। ਉਸਤਾਦ ਨੇ ਸਾਰਿਆਂ ਨੂੰ ਕਿਹਾ ਕਿ ਇਹ ਰਸਤਾ ਖਰਾਬ ਨਹੀਂ। ਇਹ ਤਾਂ ਤੁਹਾਡਾ ਇਮਤਿਹਾਨ ਲੈਣ ਲਈ ਇਹ ਸੁਆਲ ਤੁਹਾਨੂੰ ਪਾਇਆ ਗਿਆ ਹੈ। ਤੁਸੀਂ ਇਸ ਸੁਆਲ ਨੂੰ ਹੱਲ ਕਰਨ ਵਿੱਚ ਨਾ ਕਾਮਯਾਬ ਰਹੇ ਹੋ। ਸਿਰਫ ਇਕ ਵਿਦਿਆਰਥੀ ਹੀ ਪਾਸ ਹੋਇਆ ਹੈ। ਤੁਹਾਡੇ ਅਗੇ ਸੁਆਲ ਹੈ ਕਿ ਜੀਵਨ

ਯਾਤਰਾ ਦੇ ਮਾਰਗ ਵਿੱਚ ਧਾਰਮਿਕ ਬੰਦੇ ਨੂੰ ਕਿਵੇਂ ਚੱਲਣਾ ਚਾਹੀਦਾ ਹੈ। ਤੁਸੀਂ ਸਾਰਿਆਂ ਨੇ ਇਹ ਜੁਆਬ ਦਿੱਤਾ ਹੈ ਕਿ ਧਾਰਮਿਕ ਆਦਮੀ ਨੂੰ ਆਪਣੇ ਆਪ ਨੂੰ ਬਚਾਉਣਾ ਚਾਹੀਦਾ ਹੈ। ਆਪਣੇ ਲਈ ਰਸਤਾ ਬਣਾਉਣਾ ਚਾਹੀਦਾ ਹੈ। ਸਿਰਫ਼ ਇਕ ਬੱਚੇ ਨੇ ਇਹ ਆਖਿਆ ਹੈ ਕਿ ਨਹੀਂ! ਆਪਣੇ ਆਪ ਨੂੰ ਹੀ ਬਚਾਉਣਾ ਧਰਮ ਨਹੀਂ। ਇਹ ਤਾਂ ਸੁਆਰਥ ਹੈ। ਆਪਣੇ ਆਪ ਨੂੰ ਬਚਾਉਣ ਵਾਲਾ ਤਾਂ ਆਪਣੇ ਬਚਾ ਲਈ ਦੂਸਰੇ ਨੂੰ ਧੋਖਾ ਵੀ ਦੇ ਸਕਦਾ ਹੈ। ਦੂਸਰੇ ਵਾਸਤੇ ਕੁਝ ਕਰਨਾ, ਇਹ ਧਰਮ ਹੈ। ਧਰਮ ਦੇ ਵਿਸ਼ੇ ਵਿੱਚ ਤਾਂ ਸਾਰੀ ਕਲਾਸ ਵਿਚੋਂ ਸਿਰਫ਼ ਇਕ ਬੱਚਾ ਹੀ ਪਾਸ ਹੋਇਆ ਹੈ। ਬਾਕੀ ਸਾਰੇ ਫੇਲ ਹੋ ਗਏ। ਉਸ ਮਾਸਟਰ ਨੇ ਕਿਹਾ, ਕਿ ਤੁਸੀਂ ਸਾਰੇ ਫਿਰ ਜਾ ਕੇ ਪੜ੍ਹੋ ਤੇ ਪਾਸ ਹੋਵੋ।

ਦਰਅਸਲ ਧਰਮ ਉਹਨਾਂ ਅਸੂਲਾਂ ਦਾ ਨਾਮ ਹੈ। ਜਿਨ੍ਹਾਂ ਅਸੂਲਾਂ ਕਰਕੇ ਸੰਸਾਰ ਦਾ ਸਾਰਾ ਜੀਵਨ ਸੁਖੀ ਹੁੰਦਾ ਹੈ। ਧਰਮ ਨੂੰ ਸਮਝਣ ਨਾਲ ਮਨੁੱਖ ਨੂੰ ਇਕ ਜੀਵਨ ਦੀ ਤਰਤੀਬ ਮਿਲਦੀ ਹੈ। ਇਕ ਇਕ ਬੰਦਾ ਵੀ ਧਰਮ ਨੂੰ ਸਮਝਣ ਲਗੇ ਤਾਂ ਸਾਰਾ ਸੰਸਾਰ ਕਿਸੇ ਤਰਤੀਬ ਵਿੱਚ ਜਿਉਣ ਲੱਗਦਾ ਹੈ। ਧਰਮ ਤਾਂ ਇਕ ਮਰਿਆਦਾ ਹੈ ਜਿਸ ਵਿਚ ਰਹਿਣ ਨਾਲ ਸੰਸਾਰ ਨੂੰ ਸੁੱਖ ਮਿਲਦਾ ਹੈ। ਵੈਸੇ ਧਰਮ ਦੇ ਸਮੁੱਚੇ ਗੁਣਾਂ ਦਾ ਨਾਮ ਇਨਸਾਨੀਅਤ ਹੈ। ਧਾਰਮਿਕ ਬੰਦੇ ਦੇ ਸਾਰੇ ਗੁਣ ਉਸ ਦੇ ਮਨ ਬੁਧ, ਚਿੱਤ ਕਰਮ ਅਤੇ ਬਚਨ ਵਿਚ ਸਮਾਏ ਹੁੰਦੇ ਹਨ। ਜਿਸ ਇਨਸਾਨ ਦਾ ਹਿਰਦਾ ਧਰਮ ਗੁਣਾਂ ਨਾਲ ਸਪੰਨ ਹੁੰਦਾ ਹੈ। ਉਸ ਦੇ ਹਿਰਦੇ ਵਿਚ ਕਦੇ ਵਿਕਾਰ ਨਹੀਂ ਪੈਦਾ ਹੁੰਦੇ। ਧਰਮਿਕ ਬੰਦੇ ਵਿੱਚ ਬੜਾ ਆਤਮਕ ਬੱਲ ਹੁੰਦਾ ਹੈ।

ਦਰਅਸਲ ਧਰਮ ਉਹਨਾਂ ਫ਼ਰਜ਼ਾਂ ਦਾ ਨਾਮ ਹੈ ਜਿਨ੍ਹਾਂ ਨੂੰ ਠੀਕ ਠੀਕ ਸਮਝਣ ਅਤੇ ਅਦਾ ਕਰਨ ਨਾਲ ਦੁਨੀਆਂ ਨੂੰ ਅਰਾਮ ਮਿਲਦਾ ਹੈ। ਜਿਨ੍ਹਾਂ ਕਰਮਾਂ ਨੂੰ ਕਰਦੇ ਸਮੇਂ ਆਪਣੇ ਆਪ ਨੂੰ ਤੇ ਦੁਨੀਆਂ ਨੂੰ ਅਰਾਮ ਮਿਲੇ ਉਹ ਸਾਰੇ ਕਰਮ ਧਰਮ ਵਿੱਚ ਸ਼ਾਮਲ ਹੁੰਦੇ ਹਨ। ਧਰਮ ਦੀ ਅਸਲੀ ਪਛਾਣ ਇਹੋ ਹੈ ਕਿ ਜੇ ਧਰਮ ਚੋਂ ਦੁਖ ਮਿਲਦਾ ਹੈ ਤਾਂ ਧਰਮ ਨੂੰ ਸਮਝਣ ਵਿੱਚ ਜ਼ਰੂਰ ਭੁਲ ਹੈ। ਅੱਜ ਦੇ ਸਮੇਂ ਵਿਚ ਧਰਮ ਨੂੰ ਸਮਝਣ ਦੀ ਬੜੀ ਲੋੜ ਹੈ। ਕਿਉਂਕਿ ਅੱਜ ਦਾ ਮਨੁੱਖ ਜਿੰਨਾ ਦੁਖੀ ਹੈ, ਉਸ ਦਾ ਕਾਰਨ ਧਰਮ ਦੀ ਨਾ ਸਮਝੀ ਹੈ, ਧਰਮ ਇਨਸਾਨ ਨੂੰ ਇਨਸਾਨੀਅਤ ਦੇ ਸ਼ੁਭ ਗੁਣ ਦ੍ਰਿੜ ਕਰਾਉਂਦਾ ਹੈ। ਧਰਮ ਪ੍ਰਮਾਤਮਾ ਦੀ ਪ੍ਰਾਪਤੀ ਲਈ ਪ੍ਰੇਰਦਾ ਹੈ। ਧਰਮ ਉੱਪਰ ਵਿਸ਼ਵਾਸ਼ ਤੇ ਅਮਲ ਹੋਣਾ ਜ਼ਰੂਰੀ ਹੈ। ਵਰਤਮਾਨ ਸਮੇਂ ਵਿੱਚ ਇਹ ਜ਼ਰੂਰੀ ਹੋ ਗਿਆ ਹੈ ਕਿ ਧਰਮ ਸਮਝਣ ਵਾਸਤੇ ਸਰਲ ਅੱਖਰਾਂ ਵਿੱਚ ਸਪੱਸ਼ਟ ਕੀਤਾ ਜਾਵੇ ਤਾਂ ਕਿ ਇਨਸਾਨ ਧਰਮ ਤੇ ਵਿਸ਼ਵਾਸ ਪੱਕਾ ਕਰ ਸਕੇ। ਧਰਮ ਇਕ ਬਿਬੇਕ ਦਨ ਵਿਸ਼ਾ ਹੈ। ਯਾਨੀ ਕਿ ਵਿਚਾਰ ਦਾ

ਵਿਸ਼ਾ ਹੈ। ਧਰਮ ਨੂੰ ਠੀਕ ਨਾ ਸਮਝ ਸਕਣ ਕਰਕੇ ਮਨੁੱਖਤਾ ਗੰਧਲੀ ਹੁੰਦੀ ਹੈ। ਸੰਸਾਰ ਅੰਦਰ ਧਰਮ ਦੇ ਨਾਮ ਤੇ ਜਿੰਨਾ ਅਧਰਮ ਹੁੰਦਾ ਹੈ। ਓਨਾ ਧਰਮ ਨਹੀਂ ਹੁੰਦਾ। ਧਾਰਮਿਕ ਰਸਮਾਂ ਬੜੀਆਂ ਗੰਧਲੀਆਂ ਹੁੰਦੀਆਂ ਜਾਂਦੀਆਂ ਹਨ। ਜਿੰਨੀਆਂ ਰਸਮਾਂ ਦਾ ਅਧਾਰ ਧਰਮ ਤੇ ਅਧਾਰਤ ਸੀ। ਉਹਨਾਂ ਸਾਰੀਆਂ ਰਸਮਾਂ ਦਾ ਸਮਾਜਕ ਦਖਲ ਅੰਦਾਜ਼ੀ ਕਾਰਨ ਰੂਪ ਹੀ ਵਿਗੜ ਗਿਆ ਹੈ। ਧਰਮ ਵਿੱਚ ਏਨੀ ਸ਼ਕਤੀ ਤਾਂ ਹੈ ਕਿ ਜੇ ਧਾਰਮਿਕ ਅਸੂਲ ਕਾਇਮ ਕੀਤੇ ਜਾਣ ਤਾਂ ਮਨੁੱਖਤਾ ਨੂੰ ਬੜੀ ਪਵਿਤਰਤਾ ਮਿਲਦੀ ਹੈ। ਪਰ ਜੇ ਧਰਮ ਦੇ ਨਾਮ ਤੇ ਵੀ ਪਾਪ ਹੀ ਹੋਣ ਤਾਂ ਫਿਰ ਮਨੁੱਖਤਾ ਦਾ ਭਲਾ ਨਹੀਂ ਹੋ ਸਕਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਬਣ ਕੱਪੜੇ ਧੋਣ ਵਾਸਤੇ ਹੁੰਦਾ ਹੈ। ਕੱਪੜੇ ਫਾੜਨ ਵਾਸਤੇ ਨਹੀਂ। ਧਰਮ ਮਨੁੱਖਤਾ ਨੂੰ ਜੋੜਨ ਵਾਸਤੇ ਹੁੰਦਾ ਹੈ। ਤੋੜਨ ਵਾਸਤੇ ਨਹੀਂ ਹੁੰਦਾ। ਪਰ ਅੱਜ ਦਾ ਬੰਦਾ ਧਰਮ ਦੇ ਨਾਮ ਤੇ ਜਿੰਨਾ ਟੁੱਟਦਾ ਤੇ ਤੋੜਦਾ ਹੈ। ਓਨਾ ਜੁੜਦਾ ਤੇ ਜੋੜਦਾ ਨਹੀਂ। ਅੱਜ ਦੇ ਧਰਮ ਪ੍ਰਚਾਰਕ ਨੂੰ ਸੰਬੋਧਨ ਕਰਦਿਆਂ ਕਿਸੇ ਵਿਦਵਾਨ ਨੇ ਬੜਾ ਖ਼ੂਬਸੂਰਤ ਬਿਆਨ ਕੀਤਾ ਹੈ ਕਿ-

ਧੋਨੇ ਕੀ ਹੈ ਐ ਰੀਫਾਰਮਰ ਜਾ ਬਾਕੀ॥
ਜਬ ਤਕ ਕਿ ਹੈ ਕੱਪੜੇ ਪਰ ਧੱਬਾ ਬਾਕੀ॥
ਧੋ ਸ਼ੌਕ ਸੇ ਤੂੰ, ਮਗਰ ਇਤਨਾ ਨਾ ਰਗੜ,
ਕਿ ਧੱਬਾ ਰਹੇ ਕਪੜੇ ਪਰ ਕਿ ਨਾ ਕਪੜਾ ਬਾਕੀ॥

ਮਨੁੱਖ ਨੇ ਅਜ ਦੇ ਅੰਧ ਵਿਸ਼ਵਾਸ ਦੇ ਦਾਗਾਂ ਨੂੰ ਧਰਮ ਰਾਹੀਂ ਧੋਣਾ ਸੀ। ਪਰ ਧਰਮ ਦੇ ਨਾਮ ਤੇ ਪਖੰਡ ਨੇ ਦਾਗ਼ ਬਹੁਤੇ ਲਾਏ ਹਨ। ਧਰਮ ਤੋਂ ਬਹੁਤਾ ਪਿੱਛੇ ਕੀਤਾ ਹੈ। ਮਨੁੱਖਤਾ ਨੂੰ ਪਵਿਤਰਤਾ ਮਿਲਣ ਦੀ ਬਜਾਏ ਬਹੁਤ ਮਲੀਨਤਾ ਮਿਲੀ ਹੈ। ਮਨੁੱਖਤਾ ਦਾ ਨੁਕਸਾਨ ਹੋਇਆ ਹੈ ਅਤੇ ਪਾਪ ਨੂੰ ਲਾਭ ਪਹੁੰਚਿਆ ਹੈ। ਇਸੇ ਕਰਕੇ ਹੀ ਅੱਜ ਦਾ ਪੜ੍ਹਿਆ ਲਿਖਿਆ ਨੌਜਵਾਨ ਧਰਮ ਨੂੰ ਮੰਨਣ ਤੋਂ ਇਨਕਾਰੀ ਹੈ। ਅੱਜ ਦੀ ਨਵੀਂ ਪੀੜੀ ਜਿਸ ਨੇ ਕਿ ਆਉਣ ਵਾਲੇ ਸਮੇਂ ਦੀ ਮਾਲਕ ਬਣਨਾ ਹੈ। ਉਹ ਸਮਝਣ ਲੱਗੀ ਹੈ ਕਿ ਧਰਮ ਇਕ ਬੇਲੋੜੀ ਦਿਮਾਗ਼ੀ ਗ਼ੁਲਾਮੀ ਹੈ।

ਧਰਮ ਕਮਾਉਣਾ ਕੋਈ ਬਚਿਆਂ ਦਾ ਖੇਲ ਨਹੀਂ, ਧਰਮ ਨੂੰ ਅਨੁਭਵ ਦੀਆਂ ਅੱਖ ਨਾਲ ਸਮਝਣਾ ਪੈਂਦਾ ਹੈ। ਧਰਮ ਦੀ ਸਮਝ ਕਰਕੇ ਹੀ ਇਨਸਾਨ ਇਨਸਾਨੀਅਤ ਦਾ ਮਾਲਕ ਹੈ। ਵਰਨਾ ਪਸ਼ੂ ਵਿਚ ਤੇ ਇਨਸਾਨ ਵਿਚ ਕੀ ਫ਼ਰਕ ਹੈ? ਪਸ਼ੂ ਬਿਰਤੀਆਂ ਤੋਂ ਉੱਚਾ ਉੱਠਣ ਵਾਸਤੇ ਹੀ ਤਾਂ ਧਰਮ ਦੀ ਲੋੜ ਹੈ। ਸੋ ਧਰਮ ਇਕ ਮਾਰਗ ਹੈ ਜਿਸ ਮਾਰਗ ਤੇ ਚਲ ਕੇ ਮੰਜ਼ਲੇ-ਮਕਸੂਦ ਨੂੰ ਪਾਇਆ ਜਾ ਸਕਦਾ ਹੈ। ਜਿਵੇਂ ਸੜਕ ਤੇ

ਤੁਰਨ ਦੇ ਅਸੂਲ ਹਨ ਠੀਕ ਉਸੇ ਤਰ੍ਹਾਂ ਧਰਮ ਮਾਰਗ ਦੇ ਅਸੂਲ ਹਨ। ਇਨ੍ਹਾਂ ਅਸੂਲਾਂ ਅਨੁਸਾਰ ਜੀਵਨ ਜੀਵਿਆ ਜਾਵੇ ਤਾਂ ਪੂਰਨ ਪੁਰਖ ਬਣਿਆ ਜਾ ਸਕਦਾ ਹੈ। ਇਕ ਕਾਮਯਾਬ ਇਨਸਾਨ ਹੋ ਸਕੀਦਾ ਹੈ। ਦੂਸਰੇ ਸ਼ਬਦਾਂ ਵਿਚ ਧਾਰਮਿਕ ਬੰਦਾ।

ਦੁਨੀਆਂ ਵਿਚ ਧਰਮ ਕਮਾਉਣ ਦੇ ਵੱਖਰੇ ਵੱਖਰੇ ਢੰਗ ਹਨ। ਜਿਵੇਂ ਧੰਨ ਕਮਾਉਣਾ। ਇਸੇ ਤਰ੍ਹਾਂ ਧਰਮ ਕਮਾਉਣ ਦੇ ਵੀ ਵੱਖ ਵੱਖ ਢੰਗ ਹਨ। ਕੋਈ ਹਿੰਦੂਆਂ ਵਾਂਗ ਧਰਮ ਕਮਾਉਂਦਾ ਹੈ ਤਾਂ ਉਹ ਹਿੰਦੂ ਹੈ। ਕੋਈ ਇਸਲਾਮ ਅਨੁਸਾਰ ਕਮਾਉਂਦਾ ਹੈ ਤਾਂ ਉਹ ਮੁਸਲਮਾਨ ਹੈ। ਕੋਈ ਈਸਾਈਆਂ ਵਾਂਗ ਕਮਾਉਂਦਾ ਹੈ ਤਾਂ ਉਹ ਈਸਾਈ ਹੈ। ਕੋਈ ਸਿੱਖਾਂ ਵਾਂਗ ਕਮਾਉਂਦਾ ਹੈ ਤਾਂ ਉਹ ਸਿੱਖ ਹੈ। ਵੱਖੋ ਵੱਖ ਢੰਗਾਂ ਨਾਲ ਧਰਮ ਕਮਾਉਣ ਕਰਕੇ ਹੀ ਵੱਖੋ ਵਖਰੇ ਮਜ਼ਬ ਹੋ ਗਏ ਹਨ। ਮਜ਼ਬਾਂ ਦੇ ਵਖਰੇਵੇਂ ਕਰਕੇ ਝਗੜਾ ਹੋ ਸਕਦਾ ਹੈ। ਪਰ ਧਰਮ ਦਾ ਝਗੜਾ ਨਹੀਂ ਹੁੰਦਾ ਅਤੇ ਧਰਮ ਦੇ ਅਸੂਲ ਸਾਰਿਆਂ ਲਈ ਇਕੋ ਹੀ ਹਨ। ਧਨ ਕਮਾਇਆ ਹੋਇਆ ਵੀ ਮਿਲ ਸਕਦਾ ਹੈ ਪਰ ਧਰਮ ਆਪ ਹੀ ਕਮਾਉਣਾ ਪੈਂਦਾ ਹੈ। ਧਰਮ ਵੀ ਕਮਾਉਣਾ ਪੈਂਦਾ ਹੈ ਅਤੇ ਧਨ ਵੀ ਕਮਾਉਣਾ ਪੈਂਦਾ ਹੈ। ਮੁਫ਼ਤ ਨਹੀਂ ਮਿਲਦਾ। ਮੁਫ਼ਤ ਧਰਮ ਵੀ ਨਹੀਂ ਮਿਲਦਾ ਕਮਾਉਣਾ ਪੈਂਦਾ ਹੈ। ਹੋ ਸਕਦਾ ਹੈ ਧਨ ਮੁਫ਼ਤ ਵਿਚ ਮਿਲ ਜਾਏ। ਪਿਉ ਨੇ ਕਮਾਇਆ ਸੀ ਪੁੱਤਰ ਨੂੰ ਮਿਲ ਗਿਆ ਹੈ। ਦਾਦੇ ਨੇ ਕਮਾਇਆ ਸੀ ਪੋਤਰੇ ਨੂੰ ਮਿਲ ਗਿਆ ਹੈ। ਭਰਾ ਭਰਾ ਨੂੰ ਦੇ ਸਕਦਾ ਹੈ। ਧਨ ਦੀ ਲਾਟਰੀ ਵੀ ਨਿਕਲ ਸਕਦੀ ਹੈ। ਧਨ ਦੀ ਦੁਨੀਆਂ ਵਿਚ ਤਾਂ ਬੰਦਾ ਜੰਮਦਾ ਹੀ ਕਈ ਵਾਰ ਧਨਵਾਨ ਹੋ ਸਕਦਾ ਹੈ। ਪਰ ਧਰਮ ਆਪ ਹੀ ਕਮਾਉਣਾ ਪੈਂਦਾ ਹੈ। ਬੜੀ ਰੋਚਕ ਇਹ ਇਤਿਹਾਸਕ ਘਟਨਾ ਹੈ ਕਿ-ਬੜੀ ਕੋਸ਼ਿਸ਼ ਸੀ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਕਿ ਮੇਰਾ ਇਹ ਵੱਡਾ ਸਾਹਿਬਜ਼ਾਦਾ "ਪ੍ਰਿਥੀ ਚੰਦ ਨਾਮ ਦਾ ਰਸੀਆ ਬਣੇ। ਭਜਨ ਕਰੇ। ਸੰਗਤ ਦੀ ਸੇਵਾ ਕਰੇ। ਪਰ ਨਹੀਂ ਹੋ ਸਕਿਆ। ਪ੍ਰਿਥੀ ਚੰਦ ਸਾਰੀ ਜ਼ਿੰਦਗੀ ਗੁਰੂ ਰਾਮਦਾਸ ਜੀ ਮਹਾਰਾਜ ਨਾਲ ਲੜਦਾ ਰਿਹਾ। ਝਗੜਦਾ ਰਿਹਾ ਰੋਜ਼ ਝਗੜਦਾ ਸੀ। ਗੁਰੂ ਅਰਜਨ ਦੇਵ ਜੀ ਨਾਲ ਝਗੜਦਾ ਸੀ।" ਨਾ ਟਿਕਣ ਦੇਂਦਾ ਸੀ ਭਰਾਵਾਂ ਨੂੰ ਤੇ ਨਾ ਟਿਕਣ ਦੇਂਦਾ ਸੀ ਸੰਗਤ ਨੂੰ। ਝਗੜਾ ਹੀ ਖੜਾ ਕਰੀ ਰੱਖਦਾ ਸੀ। ਦਿਨੇ ਰਾਤ ਤੇ ਸੁਬਾਹ ਸ਼ਾਮ ਲੜਦਾ ਸੀ। ਅਖੀਰ ਗੁਰੂ ਰਾਮਦਾਸ ਜੀ ਮਹਾਰਾਜ ਨੂੰ ਕਹਿਣਾ ਪਿਆ:-

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥

(ਸਾਰੰਗ ਮ: ੪, ਪੰਨਾ ੧੨੦੦)

ਕਿਉਂ ਝਗੜਦਾ ਹੈ। ਸਾਰਾ ਦਿਨ ਲੜਾਈ ਕਰੀ ਰੱਖਦਾ ਹੈ। ਕਦੀ ਛੋਟੇ ਭਰਾ ਨਾਲ ਝਗੜਦਾ ਹੈ, ਕਦੇ ਵੱਡੇ ਨਾਲ। ਪਾਤਸ਼ਾਹ ਦੀ ਬੜੀ ਕੋਸ਼ਿਸ਼ ਸੀ ਪਈ ਨਾਮ ਦੀ ਦੌਲਤ ਇਹ ਵੀ ਕਮਾਏ। ਇਸ ਕੋਲ ਵੀ ਧਰਮ ਦਾ ਧਨ ਹੋਵੇ ;ਪਰ ਨਹੀਂ। ਪ੍ਰਿਥੀ ਚੰਦ ਖਾਲੀ ਹੀ ਰਿਹਾ। ਇਥੇ ਪਿਤਾ ਪੁੱਤਰ ਨੂੰ ਨਹੀਂ ਦੇ ਸਕਦਾ। ਦੂਸਰੇ ਪਾਸੇ ਦੇਖੋ ਪੁੱਤਰ, ਪਿਤਾ ਨੂੰ ਵੀ ਇਹ ਦੌਲਤ ਨਹੀਂ ਦੇ ਸਕਦਾ। ਪ੍ਰਹਿਲਾਦ ਦੀ ਬੜੀ ਕੋਸ਼ਿਸ਼ ਸੀ ਕਿ ਜਿਹੜਾ ਨਾਮ ਦਾ ਰਸ ਮੇਰੇ ਕੋਲ ਹੈ, ਉਹ ਮੇਰੇ ਪਿਤਾ ਹਰਨਾਖਸ਼ ਕੋਲ ਵੀ ਹੋਵੇ। ਪਰ ਹਰਨਾਖਸ਼ ਕੋਲ ਨਹੀਂ ਹੋ ਸਕਿਆ। ਪਿਉ ਪੁੱਤਰਾਂ ਨੂੰ ਨਹੀਂ ਦੇ ਸਕਿਆ ਅਤੇ ਪੁੱਤਰ ਪਿਤਾ ਨੂੰ ਨਹੀਂ ਦੇ ਸਕਿਆ। ਇਹ ਦੌਲਤ ਅਜਿਹੀ ਹੈ ਜਿਹੜੀ ਆਪ ਹੀ ਕਮਾਉਣੀ ਪੈਂਦੀ ਹੈ। ਧਨ ਦੂਜੇ ਦਾ ਕਮਾਇਆ ਹੋਇਆ ਮਿਲ ਸਕਦਾ ਹੈ ਪਰ ਧਰਮ ਨਹੀਂ। ਧਰਮ ਆਪ ਕਮਾਉਣਾ ਪੈਂਦਾ ਹੈ। ਇਕ ਗੱਲ ਜ਼ਰੂਰ ਹੈ ਪਈ ਜਿਸ ਨੇ ਧਰਮ ਕਮਾਇਆ ਹੈ, ਉਸ ਕੋਲ ਬੈਠ ਕੇ ਧਰਮ ਕਮਾਉਣ ਦੀ ਪ੍ਰੇਰਣਾ ਮਿਲ ਸਕਦੀ ਹੈ। ਪਰ ਕਮਾਈ ਆਪ ਹੀ ਕਰਨੀ ਪਏਗੀ। ਜਪਣਾ ਆਪ ਪਏਗਾ। ਜਪਿਆ ਜਪਾਇਆ ਨਹੀਂ ਮਿਲੇਗਾ। ਇਹ ਉਹ ਕਾਜ ਹੈ ਜੋ ਖੁਦ ਕਰਨਾ ਪਏਗਾ।

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥ (ਪੰਨਾ ੪੭੪)

ਚੂੰਕਿ ਧਨ ਦੂਜੇ ਦਾ ਕਮਾਇਆ ਹੋਇਆ ਵੀ ਮਿਲ ਜਾਂਦੈ। ਧਰਮ ਖ਼ੁਦ ਦੀ ਦੌਲਤ ਹੈ। ਖੁਦ ਕਮਾਉਣੀ ਪੈਂਦੀ ਹੈ। ਇਸ ਵਾਸਤੇ ਸਮੁੱਚੇ ਸੰਸਾਰ ਵਿਚ ਧਨ ਵਧਦਾ ਜਾ ਰਿਹਾ ਹੈ। ਧਰਮ ਘਟਦਾ ਜਾ ਰਿਹਾ ਹੈ। ਇਸ ਦਾ ਕਾਰਨ ਹੈ ਕਿ ਜਿਸ ਜਿਸ ਤਰ੍ਹਾਂ ਦੀ ਬੰਦੇ ਦੀ ਯੋਗਤਾ ਹੁੰਦੀ ਹੈ ਉਸ ਉਸ ਤਰ੍ਹਾਂ ਦੀ ਵਸਤ ਮਿਲ ਜਾਂਦੀ ਹੈ। ਧਨ ਕਮਾਉਣ ਦੀ ਯੋਗਤਾ ਬੰਦੇ ਕੋਲ ਹੈ। ਬੰਦਾ ਧਨ ਕਮਾ ਸਕਦਾ ਹੈ। ਧਰਮ ਕਮਾਉਣ ਦੀ ਯੋਗਤਾ ਨਹੀਂ। ਇਸ ਕਰਕੇ ਅੱਜ ਦੀ ਦੁਨੀਆਂ ਵਿਚ ਧਰਮੀ ਘਟ ਗਏ ਹਨ। ਧਨਵਾਨ ਤੇ ਧਨ ਵਧ ਗਿਆ ਹੈ।

ਜਿੰਨੇ ਵੀ ਭਗਤ ਹੋਏ ਹਨ। ਗੁਰੂ ਗ੍ਰੰਥ ਸਾਹਿਬ ਵਿਚ ਜਿੰਨੇ ਵੀ ਭਗਤਾਂ ਦੀ ਬਾਣੀ ਆਈ ਹੈ। ਇਹ ਸਾਰੇ ਹੀ ਧਨ ਦੀ ਦੁਨੀਆਂ ਵਿਚ ਬੜੇ ਪਛੜੇ ਰਹੇ ਹਨ। ਇਹ ਕਈਆਂ ਨੂੰ ਭੁਲੇਖਾ ਹੈ ਕਿ ਨਾਮ ਦੇ ਜਪਣ ਨਾਲ ਦੌਲਤ ਦੇ ਖਜ਼ਾਨੇ ਖੁਲ੍ਹ ਜਾਂਦੇ ਹਨ। ਬੜੇ ਭਰਮ ਭੁਲੇਖੇ ਹਨ। ਨਾਮ ਧਨ ਇਕ ਐਸੀ ਦੌਲਤ ਹੈ, ਜਿਸ ਦੇ ਸਾਹਮਣੇ ਦੁਨੀਆਵੀ ਧਨ ਕੁਝ ਕੀਮਤ ਨਹੀਂ ਰੱਖਦਾ। ਉਂਝ ਇਸ ਤਰ੍ਹਾਂ ਇਸ ਸੰਸਾਰ ਵਿਚ ਬਹੁਤ ਹੋਇਆ ਹੈ ਕਿ ਧਰਮ ਦੀ ਦੌਲਤ ਕਮਾਉਣ ਵਾਲਿਆਂ ਨਾਲ ਬੜੇ ਬੜੇ ਧਨਵਾਨ ਤੇ ਰਾਜੇ ਮਹਾਰਾਜੇ ਵੀ ਈਰਖਾ ਕਰਦੇ ਰਹੇ ਹਨ। ਕਬੀਰ ਸਾਹਿਬ ਆਪ ਜ਼ਿਕਰ ਕਰਦੇ ਹਨ:-

ਹਮ ਨਿਰਧਨ ਜਿਉ ਇਹੁ ਧਨੁ ਪਾਇਆ, ਮਰਤੇ ਝੂਟਿ ਗੁਮਾਨੀ॥੩॥

(ਪੰਨਾ ੯੬੯)

ਕਬੀਰ ਸਾਹਿਬ ਜੀ ਕਹਿੰਦੇ ਹਨ। ਮੈਂ ਗਰੀਬ ਨੇ, (ਨਿਰਧਨ) ਨੇ ਜਿਸ ਦਿਨ ਨਾਮ ਧਨ (ਧਰਮ) ਪ੍ਰਾਪਤ ਕੀਤਾ ਹੈ ਬੜੇ ਬੜੇ ਹੰਕਾਰੀ ਝੁਟਕੇ ਮਰਦੇ ਹਨ। ਬੜੇ ਬੜੇ ਰਾਜੇ ਮਹਾਰਾਜੇ ਮੇਰੇ ਨਾਲ ਈਰਖਾ ਕਰਦੇ ਹਨ। ਬੜੇ ਬੜੇ ਧਨਾਢ ਮੇਰੇ ਨਾਲ ਖਹਿਣ ਲਗ ਪਏ ਹਨ। ਕਬੀਰ ਕਹਿੰਦੇ ਨੇ ਮੈਂ ਕੁੱਲੀ ਵਿਚ ਰਹਿ ਕੇ ਰੁਖੀ ਸੁਕੀ ਖਾ ਕੇ ਜਿੰਨਾ ਮਸਤ ਹਾਂ, ਦੁਨੀਆਂ ਭਰ ਦੀ ਦੌਲਤ ਇਕੱਠੀ ਕਰਕੇ ਵੀ ਇਹ ਮਸਤੀ ਨਸੀਬ ਨਹੀਂ ਹੁੰਦੀ। ਇਹ ਰਸ ਧਰਮੀ ਮਨੁੱਖ ਨੂੰ ਹੀ ਨਸੀਬ ਹੁੰਦਾ ਹੈ। ਧਨਵਾਨ ਨੂੰ ਨਹੀਂ।

ਹਮ ਨਿਰਧਨ ਜਿਉ ਇਹੁ ਧਨੁ ਪਾਇਆ ਮਰਤੇ ਝੂਟਿ ਗੁਮਾਨੀ॥੩॥

ਦੁਨੀਆਵੀ ਧਨ ਵਿਚ ਤਾਂ ਇਹ ਭਗਤ ਲੋਕ ਬੜੇ ਪਛੜੇ ਰਹੇ ਹਨ। ਲੇਕਿਨ ਧਰਮ ਦੀ ਦੁਨੀਆਂ ਵਿਚ ਬੜੇ ਅੱਗੇ ਰਹੇ ਹਨ। ਧਰਮ ਇਕ ਪਰਮ ਸ਼ਕਤੀ ਹੈ। ਇਕ ਸੱਚਾਈ ਹੈ। ਮਹਾਨ ਰੌਸ਼ਨੀ ਤੇ ਮਸਤੀ ਹੈ। ਅੰਦਰਲੀ ਪ੍ਰਸੰਨਤਾ ਹੈ। ਆਤਮਕ ਕਾਰਜ ਵਿਚ ਧਰਮ ਹੀ ਸਹਾਇਕ ਹੁੰਦਾ ਹੈ, ਪਰ ਸੰਸਾਰ ਦਾ ਕੋਈ ਕਾਰਜ ਧਨ ਤੋਂ ਬਿਨਾਂ ਸਿਰੇ ਨਹੀਂ ਚੜ੍ਹ ਸਕਦਾ। ਸੋ ਧਨ ਤੇ ਧਰਮ, ਮਨੁੱਖੀ ਜ਼ਿੰਦਗੀ ਦੇ ਦੋ ਪੈਰ ਹਨ। ਇਨ੍ਹਾਂ ਦੇ ਆਸਰੇ ਸਾਰਾ ਜੀਵਨ ਚਲਦਾ ਫਿਰਦਾ ਹੈ। ਸੰਸਾਰ ਦੀ ਖੁਸ਼ਹਾਲੀ ਧਨ ਦੇ ਆਸਰੇ ਹੈ ਪਰ ਆਤਮਕ ਖੁਸ਼ਹਾਲੀ ਧਰਮ ਦੇ ਆਸਰੇ ਤੇ ਖੜੀ ਹੈ ਸਦੀਆਂ ਤੋਂ ਭਾਰਤ ਵਿਚ ਇਸ ਤਰ੍ਹਾਂ ਹੁੰਦਾ ਆਇਆ ਹੈ ਕਿ ਜਿਹੜੇ ਲੋਕਾਂ ਨੇ ਧਰਮ ਕਮਾਇਆ ਉਹ ਧਰਮ ਕਮਾਉਣ ਤੇ ਹੀ ਜ਼ੋਰ ਦੇਂਦੇ ਰਹੇ। ਉਨ੍ਹਾਂ ਨੇ ਆਤਮਕ ਖੁਸ਼ਹਾਲੀ ਪ੍ਰਾਪਤ ਕਰ ਲਈ ਸੀ। ਪਰ ਸਰੀਰ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਧਨਵਾਨਾਂ ਦੇ ਬੂਹੇ ਮੰਗਣ ਲਗ ਪਏ। ਸਾਡੇ ਦੇਸ਼ ਦੇ ਸਾਧੂ ਧਰਮ ਦਾ ਪ੍ਰਚਾਰ ਤਾਂ ਬੜੇ ਜ਼ੋਰ ਨਾਲ ਕਰਦੇ ਰਹੇ। ਇਸ ਪ੍ਰਚਾਰ ਨੇ ਬੜੇ ਬੜੇ ਰਾਜਿਆਂ ਨੂੰ ਵੀ ਯੋਗੀ ਬਣਾਇਆ। ਰਾਜੇ ਭਰਥਰੀ ਤੇ ਗੋਪੀ ਚੰਦ ਵਰਗੇ ਰਾਜੇ ਸਾਧੂ ਹੋਏ। ਪਰ ਇਕ ਪੈਰ ਦੇ ਸਹਾਰੇ ਕਦੇ ਨਹੀਂ ਤੁਰਿਆ ਜਾ ਸਕਦਾ। ਇਨ੍ਹਾਂ ਸਾਧੂਆਂ ਦਾ ਪ੍ਰਚਾਰ, ਸੰਸਾਰ ਤੋਂ ਹਟਾਉਣਾ ਤੇ ਕਰਤਾਰ ਨਾਲ ਜੋੜਨਾ ਸੀ। ਪਰ ਸਰੀਰ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਫਿਰ ਧਨ ਦੀ ਲੋੜ ਹੈ। ਫਿਰ ਇਹ ਸੰਸਾਰ ਕੋਲੋਂ ਮੰਗਣ ਲੱਗੇ।

ਪਰ ਆਤਮਕ ਬਲ ਪ੍ਰਾਪਤ ਕਰਨ ਵਾਸਤੇ ਧਨਵਾਨਾਂ ਨੂੰ ਸਾਧੂਆਂ ਅੱਗੇ ਹੱਥ ਜੋੜਨੇ ਪੈਂਦੇ ਸਨ। ਧਰਮੀ, ਧਨਵਾਨ ਅੱਗੇ ਹੱਥ ਕਰਦਾ ਸੀ ਅਤੇ ਧਨਵਾਨ, ਧਰਮੀ ਅੱਗੇ ਹੱਥ ਜੋੜਦਾ ਸੀ। ਇਸ ਤਰ੍ਹਾਂ ਨਾਲ ਦੇਸ਼ ਦਾ ਬਹੁਤ ਨੁਕਸਾਨ ਹੋਇਆ। ਜਿਹੜੇ ਸੰਸਾਰ

ਨੂੰ ਤਿਆਗ ਗਏ ਉਹ ਆਲਸੀ ਤੇ ਵਿਹਲੜ ਹੋਣ ਲੱਗੇ। ਤੇ ਜਿਹੜੇ ਧਰਮ ਦਾ ਤਿਆਗ ਕਰ ਗਏ ਉਨ੍ਹਾਂ ਕਰਕੇ ਦੇਸ਼ ਵਿਚ ਉਪੱਧਰ ਵਧਿਆ। ਚਿੰਤਾਵਾਂ, ਲੋਭ, ਤ੍ਰਿਸ਼ਨਾ, ਹੰਕਾਰ, ਕ੍ਰੋਧ, ਨਿੰਦਾ ਆਦਿ ਸਭ ਰੋਗਾਂ ਦਾ ਦਬਾ ਵਧਦਾ ਰਿਹਾ।

ਇਕ ਕਹਾਣੀ ਹੈ ਕਿ ਇਕ ਲੰਗੜਾ ਤੇ ਇਕ ਅੰਨਾ ਭਿਖਾਰੀ ਇਕ ਸ਼ਹਿਰ ਵਿੱਚ ਭੀਖ ਮੰਗਦੇ ਸਨ। ਲੰਗੜੇ ਦੀਆਂ ਲੱਤਾਂ ਹੈ ਨਹੀਂ ਸਨ ਅਤੇ ਅੰਧੇ ਦੀਆਂ ਅੱਖਾਂ ਹੈ ਨਹੀਂ ਸਨ। ਦੋਵੇਂ ਹੀ ਬਹੁਤ ਦੁਖੀ ਸਨ। ਇਕ ਕੋਲੋਂ ਤੁਰਿਆ ਨਹੀਂ ਸੀ ਜਾਂਦਾ ਤੇ ਦੂਜੇ ਕੋਲੋਂ ਦੇਖਿਆ ਨਹੀਂ ਸੀ ਜਾਂਦਾ। ਇਕ ਦਿਨ ਉਨ੍ਹਾਂ ਨੂੰ ਇਕ ਸਕੀਮ ਸੁੱਝੀ ਅੰਧਾ ਕਹਿਣ ਲੱਗਾ ਕਿ ਮੈਨੂੰ ਦਿਸਦਾ ਨਹੀਂ ਪਰ ਤੁਰ ਸਕਦਾ ਹਾਂ। ਤੂੰ ਤੁਰ ਨਹੀਂ ਸਕਦਾ ਵੇਖ ਸਕਦਾ ਹੈ। ਇੰਜ ਤਰ੍ਹਾਂ ਕਰੀਏ ਕਿ ਮੈਂ ਤੈਨੂੰ ਆਪਣੇ ਕੰਧਿਆਂ (ਮੋਢਿਆਂ) ਉਪਰ ਚੁਕਦਾ ਹਾਂ। ਮੈਂ ਤੁਰਿਆ ਜਾਵਾਂਗਾ ਤੇ ਤੂੰ ਮੈਨੂੰ ਉਪਰੋਂ ਰਸਤਾ ਦਸਦਾ ਜਾਵੀਂ। ਇਸ ਤਰ੍ਹਾਂ ਅਸੀਂ ਜ਼ਿਆਦਾ ਭੀਖ ਮੰਗ ਲਵਾਂਗੇ। ਕਹਾਣੀ ਕਹਿੰਦੀ ਹੈ ਕਿ ਇਸੇ ਤਰ੍ਹਾਂ ਉਹ ਬਹੁਤ ਦੇਰ ਗੁਜ਼ਾਰਾ ਕਰਦੇ ਰਹੇ ਪਰ ਇਕ ਦੂਜੇ ਦਾ ਬੋਝ ਬਣੇ ਰਹੇ।

ਇਹੋ ਹਾਲ ਸਾਡੇ ਦੇਸ਼ ਦਾ ਰਿਹਾ ਹੈ। ਧਨ, ਧਰਮ ਦਾ ਬੋਝ ਬਣਿਆ ਰਿਹਾ ਹੈ। ਧਰਮ ਧਨ ਦਾ। ਸਾਧੂ, ਸੰਸਾਰ ਦਾ ਬੋਝ ਬਣਿਆ ਰਿਹਾ ਅਤੇ ਸੰਸਾਰ ਸਾਧੂਆਂ ਨੂੰ ਦੁਖੀ ਕਰਦਾ ਰਿਹਾ। ਗੁਰੂ ਨਾਨਕ ਸਾਹਿਬ ਜੀ ਮਹਾਰਾਜ ਜਦੋਂ ਇਸ ਸੰਸਾਰ ਵਿਚ ਪ੍ਰਕਾਸ਼-ਮਾਨ ਹੋਏ ਤਾਂ ਉਨ੍ਹਾਂ ਨੇ ਇਸ ਪੀੜਾਂ ਨੂੰ ਅੰਦਰੋਂ ਮਹਿਸੂਸ ਕੀਤਾ। ਇਸ ਪੀੜਾ ਨੂੰ ਦੂਰ ਕਰਨ ਵਾਸਤੇ ਉਨਾ ਇਕ ਐਸੇ ਮਿਸ਼ਨ ਨੂੰ ਜਨਮ ਦਿੱਤਾ, ਜਿਸ ਵਿਚ ਬੰਦਾ ਸੰਸਾਰ ਨੂੰ ਪੂਰਾ ਭੋਗਦਾ (ਮਾਣਦਾ) ਹੈ ਅਤੇ ਕਰਤਾਰ ਨੂੰ ਅੰਦਰੋਂ ਅਨੁਭਵ ਕਰਦਾ ਹੈ। ਇਕੋ ਸਮੇਂ ਬੰਦਾ ਧਰਮੀ ਵੀ ਹੈ ਅਤੇ ਸੰਸਾਰੀ ਵੀ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ ਪਹਾੜਾਂ ਦੀਆਂ ਬੁਲੰਦੀਆਂ ਨੂੰ ਇਕ ਪੈਰ ਨਾਲ ਨਹੀਂ ਚੜਿਆ ਜਾ ਸਕਦਾ। ਧਰਮ ਸੱਜਾ ਪੈਰ ਹੈ। ਧਨ ਖੱਬਾ ਪੈਰ ਹੈ। ਧਰਮ ਦੇ ਆਸਰੇ ਕਰਤਾਰ ਨੂੰ ਪਾਇਆ ਜਾ ਸਕਦਾ ਹੈ ਅਤੇ ਧਨ ਦੇ ਆਸਰੇ ਸੰਸਾਰ ਨੂੰ ਪਾਇਆ ਜਾ ਸਕਦਾ ਹੈ।

ਗੁਰਬਾਣੀ ਦਾ ਉਪਦੇਸ਼ ਹੈ ਕਿ ਐ ਇਨਸਾਨ ਤੂੰ ਧਨ ਕਮਾਉਣ ਵਾਸਤੇ ਉੱਦਮ ਕਰ ਅਤੇ ਧਰਮ ਕਮਾਉਣ ਵਾਸਤੇ ਧਿਆਨ ਕਰ। ਤਾਂਕਿ ਸੰਸਾਰ ਦੀ ਯਾਤਰਾ ਸਫਲਤਾ ਪੂਰਵਕ ਕੀਤੀ ਜਾ ਸਕੇ।

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥

(ਪੰਨਾ ੫੨੨)

ਇਕ ਅਸੂਲ ਨੂੰ ਨਜ਼ਰ ਵਿਚ ਰੱਖਣਾ ਪਵੇਗਾ ਕਿ ਧਨ ਨੂੰ ਧਰਮ ਪ੍ਰਾਪਤੀ ਵਾਸਤੇ ਵਰਤਿਆ ਜਾ ਸਕਦਾ। ਅਸਲੀ ਦੌਲਤ ਧਰਮ ਹੈ। ਭਾਈ ਨੰਦ ਲਾਲ ਜੀ ਮਹਾਰਾਜ ਜ਼ਿਕਰ ਕਰਦੇ ਹਨ ਕਿ:-

ਦੌਲਤਿ ਸਰਮਾਇਆ-ਏ-ਇਮਾਂ-ਬਵਦ॥
ਹਰ ਗਦਾ ਅਜ ਯਾਦਊ ਇ ਸੁਲਤਾਂ ਬਵਦ॥

ਧਰਮ ਦਾ ਧਨ ਇਕ ਐਸਾ ਸਰਮਾਇਆ ਹੈ ਜਿਸ ਨੂੰ ਪਾ ਕੇ ਇਕ ਫ਼ਕੀਰ ਵੀ ਅਮੀਰ ਹੈ। ਅਮੀਰ ਹੀ ਨਹੀਂ ਬਲਕਿ ਪਾਤਸ਼ਾਹਾਂ ਦਾ ਪਾਤਸ਼ਾਹ ਹੈ:-

"ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥"

(ਜਪੁ ਜੀ)

ਇਸ ਮੁਕਾਬਲੇ ਤੇ ਪਾਤਸ਼ਾਹ ਕਹਿੰਦੇ ਹਨ:-

ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥
ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥

(ਜਪੁ ਜੀ)

ਕੋਈ ਬੰਦਾ ਇੰਨਾ ਵੱਡਾ ਸੁਲਤਾਨ ਹੋਵੇ, ਇਨੀ ਧਰਤੀ ਦਾ ਮਾਲਕ ਹੋਵੇ ਜਿੰਨਾ ਕਿ ਪਾਣੀ ਹੈ। ਹੁਣ ਏਨਾ ਤਾਂ ਸਪੱਸ਼ਟ ਹੈ ਕਿ ਧਰਤੀ ਨਾਲੋਂ ਪਾਣੀ ਜ਼ਿਆਦਾ ਹੈ। ਸਮੁੰਦਰ ਜ਼ਿਆਦਾ ਹੈ। ਕਹਿੰਦੇ ਨੇ ਤਿੰਨੇ ਹਿੱਸੇ ਪਾਣੀ ਹੈ ਅਤੇ ਇਕ ਹਿੱਸਾ ਜ਼ਮੀਨ ਹੈ। ਜਿੰਨਾ ਪਾਣੀ ਫੈਲਿਆ ਹੋਇਆ ਹੈ, ਕਿਸੇ ਦਾ ਰਾਜ ਪਾਟ ਏਨਾ ਫੈਲਿਆ ਹੋਇਆ ਹੋਵੇ-

ਸਮੁੰਦ ਸਾਹ ਸੁਲਤਾਨ, ਗਿਰਹਾ ਸੇਤੀ..............

ਉਸ ਦੇ ਘਰ ਮਾਲ ਧਨ, ਸੋਨਾ ਚਾਂਦੀ ਦੌਲਤ ਇਨੀ ਹੋਵੇ ਕਿ ਜਿੰਨੇ ਜ਼ਮੀਨ ਉੱਪਰ ਪਹਾੜ ਹਨ। ਗਿਰਹਾ ਕਹਿੰਦੇ ਨੇ ਪਹਾੜ ਨੂੰ। ਪਹਾੜਾਂ ਜਿੰਨਾ ਉਸ ਦੇ ਘਰ ਸੋਨਾ ਚਾਂਦੀ ਹੋਵੇ ਪਰ.......

ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥

ਕੀੜੀ ਯਾਨੀ, ਉਹ ਬੰਦਾ ਜੋ ਸਮਾਜ ਵਿਚ ਕੀੜੀ ਦੇ ਬਰਾਬਰ ਗਿਣਿਆ ਜਾਂਦਾ ਹੈ। ਜਿਨੂੰ ਕੋਈ ਜਾਣਦਾ ਮੰਨਦਾ ਵੀ ਨਹੀਂ। ਕੋਲ ਬੈਠਾ ਹੋਵੇ:-

ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ॥

ਕੋਈ ਨ ਜਾਣਦਾ ਹੈ ਨ ਮੰਨਦਾ ਹੈ। ਉਸ ਨੂੰ ਕੀੜੀ ਦੇ ਸਮਾਨ ਸਮਾਜ ਵਿਚ ਰੁਤਬਾ ਹੋਵੇ। ਕੋਈ ਉਸ ਨੂੰ ਸਨਮਾਨ ਦੇਣ ਲਈ ਵੀ ਤਿਆਰ ਨ ਹੋਵੇ। ਸਾਹਿਬ ਕਹਿੰਦੇ ਹਨ ਕਿ ਅਗਰ ਉਸ ਦੇ ਹਿਰਦੇ ਵਿਚ ਪ੍ਰਮਾਤਮਾ ਦਾ ਨਾਮ ਹੈ, ਤਾਂ ਇਨ੍ਹਾਂ ਵੱਡਾ

ਜੋ ਸੁਲਤਾਨ ਹੈ, ਉਹ ਵੀ ਉਸ ਦੇ ਪੈਰਾਂ ਦੀ ਖਾਕ ਹੈ-

ਜਿਸਨੋ ਬਖਸੇ ਸਿਫਤਿ ਸਾਲਾਹ ॥ ਨਾਨਕ...............

ਇਹ ਵੀ ਇਕ ਧਨ ਹੈ। ਬੰਦਗੀ ਵੀ ਇਕ ਦੌਲਤ ਹੈ। ਪਰ ਇਸ ਦੌਲਤ ਨੂੰ ਆਪ ਹੀ ਕਮਾਉਣਾ ਪੈਂਦਾ ਹੈ। ਧਨ ਦੂਜੇ ਦਾ ਕਮਾਇਆ ਹੋਇਆ ਮਿਲ ਸਕਦਾ ਹੈ। ਪਰ ਧਰਮ ਖੁਦ ਕਮਾਉਣਾ ਪੈਂਦਾ ਹੈ। ਕਦੇ ਜਪਿਆ ਜਪਾਇਆ ਨਾਮ ਨਹੀਂ ਮਿਲ ਸਕਦਾ। ਇਸ ਵਾਸਤੇ ਸੰਸਾਰ ਵਿਚ ਧਨ ਵਧਦਾ ਜਾ ਰਿਹਾ ਹੈ। ਧਰਮ ਘਟਦਾ ਜਾ ਰਿਹਾ ਹੈ। ਕਿਉਂਕਿ ਧਨ ਵਧਣ ਦੇ ਉਪਰਾਲੇ ਹੈਨ। ਪਿਉ ਨੇ ਕਮਾਇਆ ਸੀ, ਪੁੱਤਰ ਨੂੰ ਮਿਲ ਗਿਆ ਹੈ। ਪੁੱਤਰ ਜੰਮਦਿਆਂ ਹੀ ਧਨਵਾਨ ਹੋ ਗਿਆ ਹੈ। ਪਰ ਜੰਮਦਿਆਂ ਹੀ ਕੋਈ ਧਰਮੀ ਨਹੀਂ ਹੋ ਸਕਦਾ। ਇਥੇ ਸਾਹਿਬ ਗੁਰੂ ਰਾਜਦਾਸ ਜੀ ਦੇ ਘਰ ਜਨਮ ਲੈਂਦਿਆਂ ਹੋਇਆਂ ਵੀ ਪ੍ਰਿਥੀ ਚੰਦ ਧਰਮੀ ਨਹੀਂ ਹੋ ਸਕਿਆ। ਪ੍ਰਹਿਲਾਦ ਦਾ ਪਿਤਾ ਹਰਨਾਖਸ਼ ਧਰਮੀ ਨਹੀਂ ਪਰ ਪੁੱਤਰ ਪ੍ਰਹਿਲਾਦ ਨਾਮ ਦੀ ਦੌਲਤ ਨਾਲ ਮਾਲਾ ਮਾਲ ਹੈ। ਪਰ ਪਿਤਾ ਕੰਗਾਲ ਹੀ ਰਹਿ ਗਿਆ। ਗੁਰੂ ਰਾਮਦਾਸ ਜੀ ਨਾਮ ਦੌਲਤ ਦੇ ਖਜ਼ਾਨੇ ਹਨ। ਬਹੁਤ ਵੱਡਾ ਖਜ਼ਾਨਾ ਹੈ ਆਪ ਕੋਲ। ਪਰ ਪ੍ਰਿਥੀ ਚੰਦ ਕੰਗਾਲ ਰਹਿ ਗਿਆ ਹੈ। ਕੁਝ ਵੀ ਨਹੀਂ ਉਸ ਕੋਲ। ਜਹਾਂਗੀਰ ਦੇ ਕੰਨ ਪਿਆ ਭਰਦਾ ਹੈ। ਗੁਰੂ ਅਰਜਨ ਦੇਵ ਜੀ ਉੱਪਰ ਤਰ੍ਹਾਂ ਤਰ੍ਹਾਂ ਦੀਆਂ ਸੈਨਾਵਾਂ ਚੜ੍ਹਾ ਕੇ ਲਿਆਉਂਦਾ ਹੈ। ਝਗੜੇ ਕੀਤੇ, ਅਨੇਕਾਂ ਹੀ ਉਸਨੇ ਫਸਾਦ ਦੰਗੇ ਕੀਤੇ। ਧਰਮ ਇਸ ਤਰ੍ਹਾਂ ਹੈ ਕਿ ਜੇਕਰ ਦੇਣ ਲੈਣ ਦੀ ਚੀਜ਼ ਹੁੰਦੀ ਤਾਂ ਪਿਤਾ ਪੁੱਤਰ ਨੂੰ ਦੇ ਦੇਂਦਾ। ਜਾਂ ਪੁੱਤਰ ਪਿਤਾ ਨੂੰ ਦੇਂਦਾ। ਇਤਿਹਾਸ ਵਿਚ ਇਸ ਘਟਨਾ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ, ਪਈ ਧਰਮ ਖੁਦ ਕਮਾਉਣਾ ਪੈਂਦਾ ਹੈ। ਨਾਮ ਜਪਣ ਦੀ ਪ੍ਰੇਰਨਾ ਤਾਂ ਸਤਸੰਗੀਆਂ ਤੋਂ ਮਿਲ ਸਕਦੀ ਹੈ, ਗੁਰੂ ਚਰਨਾਂ ਵਿਚ ਬੈਠ ਕੇ ਮਿਲ ਸਕਦੀ ਹੈ। ਪਰ ਧਰਮ ਦੀ ਕਮਾਈ ਆਪ ਖੁਦ ਕਰਨੀ ਪੈਂਦੀ ਹੈ। ਅਗਰ ਧਰਮ ਵੀ ਇਸ ਤਰ੍ਹਾਂ ਮਿਲ ਜਾਂਦਾ, ਜਿਸ ਤਰ੍ਹਾਂ ਕਿ ਧਨ ਮਿਲ ਜਾਂਦਾ ਹੈ, ਫਿਰ ਸੰਸਾਰ ਵਿਚ ਸ਼ਾਇਦ ਸਾਰਿਆਂ ਕੋਲ ਨਾਮ ਦੀ ਦੌਲਤ ਹੁੰਦੀ। ਫਿਰ ਧਰਮ ਨੂੰ ਵੀ ਧਨ ਦੀ ਤਰ੍ਹਾਂ ਲੋਕਾਂ ਨੇ ਤਿਜੌਰੀਆਂ ਵਿਚ ਬੰਦ ਕਰ ਲੈਣਾ ਸੀ। ਬੈਂਕਾਂ ਵਿਚ ਅਕਾਉਂਟ ਖੁਲ੍ਹਵਾ ਲੈਣੇ ਸਨ।

ਪਰ ਧਰਮ ਨੂੰ ਆਪ ਹੀ ਕਮਾਉਣਾ ਪੈਂਦਾ ਹੈ। ਧਰਮ ਆਪਣੇ ਅੰਦਰੋਂ ਪੈਦਾ ਕਰਨਾ ਪੈਂਦਾ ਹੈ। ਬਾਹਰੋਂ ਤਾਂ ਪ੍ਰੇਰਨਾ ਮਿਲ ਸਕਦੀ ਹੈ। ਪਰ ਨਾਮ ਧਰਮ ਦੀ ਸਮਝ ਜਿਨ੍ਹਾਂ ਨੂੰ ਲੱਗ ਜਾਂਦੀ ਹੈ, ਉਹ ਮਜ਼ਬੂਰ ਹੁੰਦੇ ਹਨ। ਕਿਸੇ ਨੂੰ ਦੇ ਤਾਂ ਨਹੀਂ ਸਕਦੇ ਪਰ ਅਗਲੇ ਨੂੰ ਪ੍ਰੇਰਦੇ ਹਨ ਪਈ ਤੁਸੀਂ ਵੀ ਜਾਣੋ। ਸ਼ਾਇਦ ਤੁਹਾਨੂੰ ਵੀ ਇਹ ਦੌਲਤ ਮਿਲੇ। ਇਸੇ ਵਾਸਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਨੌਂ ਖੰਡ ਪ੍ਰਿਥਵੀ ਦਾ ਭਰਮਣ ਕੀਤਾ

ਪਈ ਜਿਹੜੀ ਦੌਲਤ ਮੈਨੂੰ ਮਿਲੀ ਹੈ, ਬਾਕੀਆਂ ਨੂੰ ਵੀ ਉਹ ਦੌਲਤ ਮਿਲੇ। ਇਹ ਦੌਲਤ ਅੰਦਰੋਂ ਮਿਲਦੀ ਹੈ।

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥
ਦੇਹੀ ਮਹਿ ਇਸ ਕਾ ਬਿਸ੍ਰਾਮ॥
(ਪੰਨਾ ੨੯੩)

ਇਹ ਨਉ ਨਿਧ ਨਾਮ ਹਰੇਕ ਦੀ ਦੇਹੀ ਵਿਚ ਪਿਆ ਹੈ। ਇਸ ਦੌਲਤ ਤੋਂ ਨੌਂ ਤਰ੍ਹਾਂ ਦੇ ਖਜ਼ਾਨੇ ਕੁਰਬਾਨ ਕੀਤੇ ਜਾ ਸਕਦੇ ਹਨ। ਇਕ ਦੌਲਤ ਮਨੁੱਖ ਦੇ ਅੰਦਰ ਪਈ ਹੋਈ ਹੈ। ਪਰ ਜੇ ਬੰਦਾ ਆਪ ਹੀ ਅੰਦਰੋਂ ਲੱਭਣ ਨੂੰ ਰਾਜ਼ੀ ਨਹੀਂ ਤਾਂ ਮੁਸ਼ਕਲ ਹੈ ਉਸ ਨੂੰ ਧਨਵਾਨ (ਧਰਮੀ) ਬਣਾਉਣਾ। ਹਾਂ ਅੰਦਰ ਜਾਣ ਦੀ ਪ੍ਰੇਰਣਾ ਉਸ ਨੂੰ ਦਿੱਤੀ ਜਾ ਸਕਦੀ ਹੈ। ਇਸੇ ਵਾਸਤੇ ਹੀ ਸਤਿਸੰਗ ਦਾ ਜਨਮ ਹੈ ਕਿ ਮਨੁੱਖ ਪ੍ਰੇਰਣਾ ਲੈ ਸਕੇ। ਤੂੰ ਧਨ ਕਮਾਇਆ ਹੈ ਪੁਰਖਾ ਤੂੰ ਧਰਮ ਵੀ ਕਮਾ।

ਧਰਮ ਸੰਸਾਰ ਵਿਚੋਂ ਘਟ ਰਿਹਾ ਹੈ। ਇਸ ਦਾ ਕਾਰਨ ਹੈ ਕਿ ਬੰਦਾ ਇੰਨਾ ਸਖਿਆਰਾ ਹੋ ਗਿਆ ਹੈ ਕਿ ਕਹਿੰਦਾ ਹੈ ਦੂਜਾ ਜਪੇ ਤੇ ਮਿਲ ਜਾਏ। ਕਿਉਂਕਿ ਅੱਜ ਦਾ ਯੁਗ ਹੈ। ਬੰਦੇ ਦੇ ਕੱਪੜੇ ਤਾਂ ਮਸ਼ੀਨਾਂ ਧੋ ਛੱਡਦੀਆਂ ਹਨ। ਭਾਂਡੇ ਮਾਂਜਣ ਦੀਆਂ ਮਸ਼ੀਨਾਂ ਆ ਗਈਆਂ ਹਨ। ਫਰਸ਼ ਕਲੀਨ (ਸਾਫ਼) ਕਰਨ ਦੀਆਂ ਮਸ਼ੀਨਾਂ ਆ ਗਈਆਂ ਹਨ। ਹੁਣ ਬੰਦਾ ਸੋਚਦਾ ਹੈ ਕੋਈ ਅਜਿਹੀ ਮਸ਼ੀਨ ਵੀ ਹੋਵੇ, ਜਿਹੜੀ ਸਾਡਾ ਹਿਰਦਾ ਵੀ ਸਾਫ਼ ਕਰ ਦਏ। ਮਨ ਵੀ ਧੋ ਛਡੇ। ਨਹੀਂ ਇਹ ਤਾਂ ਆਪ ਹੀ (ਖ਼ੁਦ) ਕਰਨਾ ਪੈਣਾ। ਭਾਵੇਂ ਮਸ਼ੀਨੀ ਯੁਗ ਹੈ। ਭਾਵੇਂ ਸਾਇੰਸ ਦਾ ਯੁਗ ਹੈ ਭਾਵੇਂ ਬਹੁਤ ਸਾਰੇ ਕੰਮ ਤੂੰ ਦੂਜਿਆਂ ਤੋਂ ਕਰਵਾ ਸਕਦਾ ਹੈ। ਲੇਕਿਨ ਮਨ ਤਾਂ ਆਪ ਹੀ ਧੋਣਾ ਪਏਗਾ। ਕੋਈ ਨੌਕਰ ਨਹੀਂ ਧੋ ਸਕਦਾ। ਭਾਵੇਂ ਵੱਡੇ ਤੋਂ ਵੱਡਾ ਰਾਜਾ ਹੈ। ਉਸ ਨੂੰ ਵੀ ਨਾਮ ਤਾਂ ਖ਼ੁਦ ਹੀ ਜਪਣਾ ਪਏਗਾ। ਜੇਕਰ ਨਾਮ (ਧਰਮ) ਵੀ ਦੂਜਿਆਂ ਤੋਂ ਕਮਾਈ ਕੀਤਾ ਕਰਾਇਆ ਮਿਲ ਜਾਂਦਾ ਤਾਂ ਕਮ ਸੁ ਕਮ ਰਾਜੇ ਮਹਾਰਾਜੇ ਤਾਂ ਦੂਜਿਆਂ ਤੋਂ ਲੈ ਸਕਦੇ ਸਨ।

ਭਗਤ ਕਬੀਰ ਸਾਹਿਬ ਦੇ ਚਰਨਾਂ ਵਿੱਚ ਇਕ ਬਹੁਤ ਵੱਡਾ ਮਾਰਵਾੜੀ ਸੇਠ ਆਇਆ। ਉਸ ਨੇ ਕਬੀਰ ਸਾਹਿਬ ਦੇ ਚਰਨਾਂ ਤੇ ਇਕ ਸੋਨੇ ਦੀਆਂ ਮੋਹਰਾਂ ਦੀ ਥੈਲੀ ਰੱਖੀ। ਹੁਣ ਕਬੀਰ ਵਰਗਾ ਮਹਾਪੁਰਸ਼ ਮਨੋ ਵਿਗਿਆਨੀ ਵੀ ਹੁੰਦਾ ਹੈ। ਉਹ ਅਗਲੇ ਦਾ ਮਨ ਵੀ ਪੜ੍ਹ ਲੈਂਦਾ ਹੈ। ਕਬੀਰ ਸਾਹਿਬ ਉਸ ਮਾਰਵਾੜੀ ਨੂੰ ਕਹਿਣ ਲੱਗੇ ਪਈ ਤੂੰ ਮਿੱਤਰਾ ਵਪਾਰੀ ਬੰਦਾ ਹੈਂ। ਮੇਰੇ ਕਦਮਾਂ ਵਿਚ ਤੂੰ ਸੋਨੇ ਦੀਆਂ ਮੋਹਰਾਂ ਰੱਖੀਆਂ ਹਨ। ਇਹ ਐਵੇਂ ਨਹੀਂ ਰੱਖੀਆਂ। ਇਸ ਦੇ ਬਦਲੇ ਤੇਰੀ ਕੋਈ ਮੰਗ ਵੀ ਜ਼ਰੂਰ ਹੋਵੇਗੀ? ਬਿਨਾਂ

ਮੰਗ ਤੋਂ ਤੂੰ ਰਖ ਨਹੀਂ ਸਕਦਾ। ਕਿਉਂਕਿ ਵਪਾਰੀ ਤਬੀਅਤ ਦਾ ਤੂੰ ਬੰਦਾ ਹੈਂ। ਬਿਰਤੀ ਤੇਰੀ ਵਪਾਰੀਆਂ ਵਾਲੀ ਹੈ ਤੇ ਵਪਾਰ ਵਿਚ ਕੀ ਹੁੰਦੈ?, ਕਿ ਕੁਝ ਦੇਣਾ ਤੇ ਕੁਝ ਲੈਣਾ। ਧਨ ਦੇ ਕੇ ਸੌਦਾ ਅਤੇ ਸੌਦਾ ਦੇ ਕੇ ਧਨ। ਜਿਥੇ ਲੈਣ ਦੇਣ ਦੋਵੇਂ ਹੋਣ, ਉਥੇ ਵਪਾਰ ਹੁੰਦਾ ਹੈ। ਜਿਥੇ ਸਿਰਫ ਦੇਣਾ ਹੈ, ਲੈਣਾ ਕੁਝ ਨਹੀਂ ਉਸਨੂੰ ਕਹਿੰਦੇ ਹਨ ਦਾਨ। ਦਾਨ ਦੇਣ ਵਾਲਾ ਦਾਤਾ ਹੈ। ਭਗਤ ਕੇਵਲ ਦਾਤਾ ਪ੍ਰਮਾਤਮਾ ਨੂੰ ਮੰਨਦੇ ਹਨ:-

ਵਡਾ ਦਾਤਾ ਤਿਲੁ ਨ ਤਮਾਇ॥

ਪ੍ਰਮਾਤਮਾ ਸਿਰਫ ਦਾਨ ਦੇਂਦਾ ਹੈ। ਲੈਂਦਾ ਨਹੀਂ। ਤਾਂ ਉਸ ਸੇਠ ਨੇ ਮੋਹਰਾਂ ਦੀ ਥੈਲੀ ਜਦੋਂ ਕਬੀਰ ਜੀ ਅੱਗੇ ਰੱਖੀ ਤਾਂ ਕਬੀਰ ਕਹਿਣ ਲੱਗੇ ਪਈ ਤੂੰ ਵਪਾਰੀ ਤਬੀਅਤ . ਦਾ ਬੰਦਾ ਹੈਂ। ਤੇ ਦੇਣ ਲੈਣ ਦੀ ਬਿਰਤੀ ਹੈ ਤੇਰੀ। ਤੂੰ ਕੁਝ ਦਿਤੈ ਤੇ ਹੁਣ ਕੁਝ ਮੰਗੇਂਗਾ ਵੀ ਜ਼ਰੂਰ। ਪਹਿਲਾਂ ਦੱਸ ਕਿ ਇਸ ਧਨ ਦੇ ਬਦਲੇ ਮੈਥੋਂ ਮੰਗੇਂਗਾ ਕੀ?

ਤਾਂ ਉਹ ਮਾਰਵਾੜੀ ਵਪਾਰੀ ਕਹਿਣ ਲੱਗਾ ਪਈ ਹੇ ਕਬੀਰ ਜਿਹੜੀ ਮਸਤੀ ਤੇਰੇ ਕੋਲ ਹੈ। ਜਿਹੜਾ ਅਨੰਦ ਤੇਰੇ ਕੋਲ ਹੈ ਉਹ ਮੈਨੂੰ ਵੀ ਦੇ ਦੇ। ਜੇ ਤੂੰ ਆਖੇਂ ਤਾਂ ਦੋ ਥੈਲੀਆਂ ਮੋਹਰਾਂ ਦੀਆਂ ਮੈਂ ਹੋਰ ਵੀ ਦੇ ਦੇਂਦਾ ਹਾਂ। ਪਰ ਇਹ ਰੰਗ ਇਹ ਮਸਤੀ ਮੈਨੂੰ ਵੀ ਦੇਹ। ਜਿਹੜੀ ਤੇਰੇ ਕੋਲ ਹੈ। ਹੁਣ ਕਬੀਰ ਬੜੇ ਦਾਰਸ਼ਨਕ ਹਨ। ਕਬੀਰ ਸਾਹਿਬ ਕਹਿਣ ਲੱਗੇ, ਐ ਸੇਠ! ਇਕ ਗੱਲ ਚੇਤੇ ਰੱਖ ਕਿ ਮੈਂ ਇਸ ਬਨਾਰਸ ਦਾ ਸਭ ਤੋਂ ਗ਼ਰੀਬ ਬੰਦਾ ਹਾਂ। ਉਸ ਗ਼ਰੀਬੀ ਦਾ ਕਬੀਰ ਸਾਹਿਬ ਦੀ ਬਾਣੀ ਵਿਚ ਵੀ ਜ਼ਿਕਰ ਹੈ।

ਮੁਸਿ ਮੁਸਿ ਰੋਵੈ ਕਬੀਰ ਕੀ ਮਾਈ॥
ਏ ਬਾਰਿਕ ਕੈਸੇ ਜੀਵਹਿ ਰਘੁਰਾਈ॥੧॥
ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ॥
ਹਰਿ ਕਾ ਨਾਮੁ ਲਿਖਿ ਲੀਓ ਸਰੀਰ॥

(ਪੰਨਾ ੫੨੪)

ਕਬੀਰ ਸਾਹਿਬ ਦੀ ਮਾਤਾ ਜ਼ਾਰੋ ਜ਼ਾਰ ਰੋਂਦੀ ਹੈ। ਪਈ ਬੱਚੇ ਕਿਵੇਂ ਪਲਣਗੇ। ਇਹ ਤਾਂ ਸਾਰਾ ਦਿਨ ਰਾਮ ਦੀ ਧੁਨ ਵਿਚ ਮਸਤ ਰਹਿੰਦਾ ਹੈ। ਕੰਮ ਘਟ ਕਰਦਾ ਹੈ। ਕੰਮ ਥੋੜ੍ਹਾ ਕਰਦਾ ਹੈ ਤੇ ਭਜਨ ਬੰਦਗੀ ਜ਼ਿਆਦਾ। ਧਨ ਕਮਾਉਣ ਵਿਚ ਸਮਾਂ ਘਟ ਖਰਚ ਕਰਦਾ ਹੈ ਅਤੇ ਧਰਮ ਕਮਾਉਣ ਵਿਚ ਜ਼ਿਆਦਾ। ਅਸੀਂ ਧਨ ਕਰਕੇ ਪਛੜ ਗਏ ਹਾਂ। ਮਾਂ ਰੋਂਦੀ ਹੈ। ਸੋ ਘਰ ਦੀ ਮੁਫਲਸੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਸ਼ਬਦਾਂ ਵਿਚ ਜ਼ਿਕਰ ਹੈ।

ਕਬੀਰ ਉਸ ਮਾਰਵਾੜੀ ਸੇਠ ਨੂੰ ਕਹਿਣ ਲੱਗੇ ਪਈ ਤੂੰ ਸਿਆਣਾ ਹੈਂ। ਇੰਨੀ ਗੱਲ

ਤਾਂ ਸਪੱਸ਼ਟ ਹੈ, ਪਈ ਜਿਹੜਾ ਅਨੰਦ, ਜਿਹੜਾ ਰਸ ਮੇਰੇ ਕੋਲ ਹੈ ਇਹ ਮੈਂ ਧਨ ਕਰਕੇ ਨਹੀਂ ਕਮਾਇਆ। ਕਿਉਂਕਿ ਧਨ ਤਾਂ ਮੇਰੇ ਕੋਲ ਹੈ ਹੀ ਨਹੀਂ। ਤਾਂ ਉਹ ਸੇਠ ਕਹਿਣ ਲੱਗਾ ਇਹ ਗੱਲ ਤਾਂ ਸਪੱਸ਼ਟ ਹੈ। ਫਿਰ ਕਬੀਰ ਕਹਿਣ ਲੱਗੇ ਜਿਸ ਤਰ੍ਹਾਂ ਮੈਂ ਪ੍ਰਾਪਤ ਕੀਤਾ ਹੈ ਉਸੀ ਤਰ੍ਹਾਂ ਹੀ ਤੂੰ ਵੀ ਪ੍ਰਾਪਤ ਕਰ:-

ਕੰਚਨ ਸਿਉ ਪਾਈਐ ਨਹੀ ਤੋਲਿ॥
ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥

(ਪੰਨਾ ੩੨੭)

ਮੈਂ ਤਾਂ ਮਨ ਦੇ ਕੇ ਲਿਆ ਹੈ। ਤੂੰ ਧਨ ਦੇ ਕੇ ਮੰਗਦਾ ਹੈਂ। ਮੇਰੇ ਕੋਲ ਤਾਂ ਧਨ ਹੈ ਹੀ ਨਹੀਂ ਸੀ। ਮਨ ਹੀ ਮਨ ਸੀ ਉਹ ਮੈਂ ਗੁਰੂ ਚਰਨਾਂ ਵਿਚ ਦੇ ਦਿੱਤਾ ਹੈ। ਧਰਮ ਕਮਾਉਣ ਲਈ ਸਭ ਤੋਂ ਵੱਡੀ ਖੇਡ ਹੈ ਕਿ ਗੁਰੂ ਚਰਨਾਂ ਵਿਚ ਮਨ ਰੱਖਣਾ ਹੈ। ਧਨ ਰੱਖ ਦੇਣਾ ਤਾਂ ਬਹੁਤ ਅਸਾਨ ਹੈ। ਬਸਤਰ ਸੋਨਾ ਰੱਖ ਦੇਣਾ ਬਹੁਤ ਅਸਾਨ ਹੈ। ਪਰ ਮਨ ਰੱਖਣਾ ਬਹੁਤ ਔਖਾ ਹੈ। ਪਤਾ ਹੈ ਕਿਉਂ ਨਹੀਂ ਰੱਖਿਆ ਜਾਂਦਾ ਮਨ? ਜਿਹੜਾ ਹੁਣ ਮਨ ਹੀ ਰੱਖ ਦਏਗਾ। ਉਹ ਸ਼ਰਾਬ ਕਿਸ ਤਰ੍ਹਾਂ ਪੀਏਗਾ। ਪੀ ਨਹੀਂ ਸਕਦਾ। ਬਸ ਗੱਲ ਖਤਮ। ਮਨ ਨੇ ਹੀ ਕਹਿਣਾ ਸੀ ਸ਼ਰਾਬ ਪੀ। ਉਹ ਗੁਰੂ ਦਾ ਹੋ ਗਿਆ ਹੈ। ਉਹ ਤਾਂ ਅਰਪਣ ਹੋ ਗਿਆ ਹੈ। ਜਿਨ੍ਹਾਂ ਪੀਣੀ ਹੁੰਦੀ ਹੈ, ਉਹ ਕਹਿੰਦੇ ਹਨ ਹੇ ਗੁਰਦੇਵ ਤੂੰ ਧਨ ਲੈ ਲੈ। ਮਨ ਨਹੀਂ ਦੇਣਾ। ਬੰਦਾ ਮਨ ਅਰਪਣ ਨਹੀਂ ਕਰਦਾ। ਮਨ ਅਰਪਣ ਕੀਤੇ ਬਿਨਾਂ ਧਰਮ ਦੀ ਕਮਾਈ ਨਹੀਂ ਹੋ ਸਕਦੀ। ਜਦ ਵੀ ਕਿਸੇ ਨੇ ਧਰਮ ਕਮਾਇਆ ਹੈ। ਮਨ ਗੁਰੂ ਨੂੰ ਅਰਪਣ ਕਰਕੇ ਕਮਾਇਆ ਹੈ।

ਚਉਬੋਲੇ ਨਾਮ ਬਾਣੀ ਵਿਚ ਗੁਰੂ ਅਰਜਨ ਦੇਵ ਜੀ ਨੇ ਇਕ ਬੜਾ ਕ੍ਰਾਂਤੀਕਾਰੀ ਸਲੋਕ ਆਖਿਆ ਹੈ ਕਿ ਜੇਕਰ ਧਨ ਦੇ ਕੇ ਧਰਮ ਕਮਾਇਆ ਜਾ ਸਕਦਾ ਤਾਂ ਰਾਵਣ ਕੋਈ ਰੰਕ ਨਹੀਂ ਸੀ। ਜਿਸ ਦੇ ਮਹਿਲ ਸੋਨੇ ਦੇ ਬਣੇ ਹੋਏ ਸਨ। ਉਸ ਕੋਲ ਸੋਨਾ ਥੋੜ੍ਹਾ ਨਹੀਂ ਸੀ। ਪਰ ਉਸ ਨੇ ਆਪਣੇ ਗੁਰੂ ਦੇ ਅੱਗੇ ਆਪਣਾ ਸਿਰ ਕਟ ਕੇ ਰੱਖਿਆ:-

ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥
ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ॥

(ਪੰਨਾ ੧੩੬੩)

ਬੜਾ ਕੀਮਤੀ ਸਲੋਕ ਹੈ। ਕ੍ਰਾਂਤੀਕਾਰ ਬਚਨ ਹਨ। ਗੁਰੂ ਅਰਜਨ ਦੇਵ ਜੀ ਮਹਾਰਾਜ ਦੇ। ਪਾਤਸ਼ਾਹ ਕਹਿੰਦੇ ਨੇ ਨਾਮ ਧਰਮ ਦੀ ਦੌਲਤ, ਪ੍ਰੇਮ, ਗਿਆਨ ਦੀ ਦੌਲਤ, ਜੇਕਰ ਮਾਇਆ (ਸੋਨੇ) ਦੇ ਦਮੜਿਆਂ ਨਾਲ ਮਿਲਦੀ ਤਾਂ ਰਾਵਣ ਕੋਈ

ਭਿਖਾਰੀ ਨਹੀਂ ਸੀ........ਰਾਵਣ ਹੁਤੇ ਸੁ ਰੰਕ।

ਜਿੰਨੇ ਆਪਣੇ ਗੁਰੂ ਸ਼ਿਵਜੀ ਦੀ ਪ੍ਰਸੰਨਤਾ ਲੈਣ ਵਾਸਤੇ ਆਪਣਾ ਸਿਰ ਕੱਟਕੇ ਸ਼ਿਵਜੀ ਦੇ ਅੱਗੇ ਰੱਖਿਆ। ਬੜੀ ਲੰਬੀ ਚੌੜੀ ਇਹ ਕਥਾ ਹੈ ਪਰ ਮੁਕਤਸਰ ਇਸ ਤਰ੍ਹਾਂ ਹੈ ਕਿ ਭਾਰਤ ਵਿਚ ਬੜੀ ਨਿੰਦਾ ਹੈ ਰਾਵਣ ਦੀ। ਅੱਜ ਵੀ ਰਾਵਣ ਦਾ ਪ੍ਰਮਾਣ ਬੜਾ ਅਪਮਾਨ ਜਨਕ ਤਰੀਕੇ ਨਾਲ ਦਿੱਤਾ ਜਾਂਦਾ ਹੈ। ਅੱਜ ਵੀ ਬੜੀ ਨਿੰਦਾ ਹੁੰਦੀ ਹੈ ਰਾਵਨ ਦੀ। ਦੈਂਤ ਆਖਿਆ ਜਾਂਦਾ ਹੈ ਰਾਵਣ ਨੂੰ। ਕਿਸੇ ਨੇ ਵੀ ਰਾਵਣ ਦੀ ਖੂਬੀ ਜਗਤ ਦੇ ਸਾਹਮਣੇ ਨਹੀਂ ਰੱਖੀ। ਰਾਵਣ ਦੀ ਖੂਬੀ ਦਾ ਵਰਨਣ ਕੀਤਾ ਹੈ ਗੁਰੂ ਅਰਜਨ ਦੇਵ ਜੀ ਨੇ। ਸਾਰੇ ਜਗਤ ਨੂੰ ਦਸਿਆ ਹੈ ਕਿ ਰਾਵਣ ਇਕ ਬੜਾ ਵੱਡਾ ਤਪੀਸ਼ਵਰ ਸੀ। ਚੰਗਾ ਜਪੀਸ਼ਵਰ ਸੀ। ਰਾਵਣ ਨੇ ਸ਼ਿਵਜੀ ਦੇ ਅੱਗੇ ਆਪਣਾ ਸਿਰ (ਸੀਸ) ਕੱਟ ਕੇ ਰੱਖ ਦਿੱਤਾ। ਧਰਮ ਸਿਰ ਦਿੱਤੇ ਤੋਂ ਬਿਨਾਂ ਕਮਾਇਆ ਹੀ ਨਹੀਂ ਜਾ ਸਕਦਾ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਦੋਂ ੧੭੫੬ ਬਿ: ਦੀ ਵਿਸਾਖੀ ਵਾਲੇ ਦਿਨ ਪੰਜ ਸਿਰਾਂ ਦੀ ਮੰਗ ਕੀਤੀ ਸੀ ਤਾਂ ਬਹੁਤ ਦੁਨੀਆਂ ਭਜ ਗਈ ਸੀ। ਅੱਧੀ ਦੁਨੀਆਂ ਨਸ ਗਈ ਸੀ। ਆਖ਼ਰ ਰੰਗ ਰਤੜੇ ਪੰਜ ਹੀ ਨਿਕਲੇ ਸਨ। ਉਨ੍ਹਾਂ ਕਿਹਾ ਸੀ ਕਿ ਪਾਤਸ਼ਾਹ ਜਦੋਂ ਦਾ ਆਪ ਜੀ ਨੂੰ ਮੱਥਾ ਟੇਕਿਆ ਹੈ। ਆਪ ਅੱਗੇ ਸਿਰ ਧਰਿਆ ਹੈ। ਸੀਸ ਤਾਂ ਉਦੋਂ ਦਾ ਹੈ ਹੀ ਤੁਹਾਡਾ। ਤੁਸੀਂ ਅੱਜ ਮੰਗ ਲਿਆ ਹੈ ਤਾਂ ਬਿਹਤਰ। ਵਰਨਾ ਸਿਰ ਤਾਂ ਹੈ ਹੀ ਤੁਹਾਡਾ। ਪੰਜਾਂ ਨੇ ਆਪਣਾ ਸਿਰ ਅਰਪਣਾ ਕੀਤਾ।

ਅਕਸਰ ਬਹੁਤ ਭੀੜ ਹੋਵੇ ਤਾਂ ਸਾਰੇ ਧਰਮ ਦੇ ਚਾਹਵਾਨ ਨਹੀਂ ਹੁੰਦੇ। ਧਰਮ ਦੇ ਚਾਹਵਾਨ ਤਾਂ ਹਜ਼ਾਰਾਂ ਲੱਖਾਂ ਵਿਚੋਂ ਕੋਈ ਹੁੰਦਾ ਹੈ। ਕਿਉਂਕਿ ਇਹ ਸਿਰ ਦਾ ਸੌਦਾ ਹੈ। ਧਰਮ ਨੂੰ ਪਾਉਣ ਦਾ ਚਾਹਵਾਨ ਆਪਣਾ ਸਿਰ ਪਹਿਲਾਂ ਹੀ ਤਲੀ ਤੇ ਧਰ ਕੇ ਇਸ ਗਲੀ ਵਲ ਆਉਂਦਾ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪਵਿੱਤਰ ਫੁਰਮਾਣ ਹੈ:-

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ ੨੦॥

(ਪੰਨਾ ੧੪੧੨)

ਸੋ ਰਾਵਣ ਕੋਲੋਂ ਸ਼ਿਵਜੀ ਨੇ ਮੰਗ ਕੀਤੀ ਸਿਰ ਦੀ ਤਾਂ ਰਾਵਣ ਨੇ ਗੁਰੂ ਦੀ ਪ੍ਰਸੰਨਤਾ ਲੈਣ ਵਾਸਤੇ ਸਿਰ ਕੱਟ ਕੇ ਅੱਗੇ ਰੱਖ ਦਿੱਤਾ। ਇਨਾ ਪ੍ਰੇਮ ਹੈ। ਇਨਾ ਸਿਦਕ ਤੇ ਵਿਸ਼ਵਾਸ। ਰਾਵਣ ਚਾਹੁੰਦਾ ਤਾਂ ਧਨ ਵੀ ਬਹੁਤ ਰੱਖ ਸਕਦਾ ਸੀ ਸ਼ਿਵਜੀ ਦੇ ਅੱਗੇ।

ਹੁਣ ਮਿਥਿਹਾਸ ਹੈ ਇਹ ਪਈ ਉਹ ਸਿਰ ਸ਼ਿਵਜੀ ਨੇ ਦੁਬਾਰਾ ਨਾਲ ਜੋੜਿਆ ਅਤੇ ਆਖਿਆ ਰਾਵਣ, ਇੰਝ ਨ ਕਰ, ਇਹ ਸਿਰ, ਮੇਰਾ ਹੀ ਤਾਂ ਸਿਰ ਹੈ ਤਾਂ ਰਾਵਣ ਕਹਿਣ ਲੱਗਾ ਮੈਨੂੰ ਬੰਦਗੀ ਦਾ ਖੈਰ ਪਾਓ। ਮੈਨੂੰ ਧਰਮ ਦਾਨ ਦਿਓ। ਮੈਨੂੰ ਨਾਮ ਰਸ ਦਿਓ। ਨਹੀਂ ਤਾਂ ਇਹ ਸਿਰ ਮੈਂ ਨਹੀਂ ਲੈਣਾ। ਨਹੀਂ ਤਾਂ ਇਸ ਜੀਵਨ ਦੀ ਮੈਨੂੰ ਲੋੜ ਨਹੀਂ।

ਜਿਨ੍ਹਾਂ ਨੇ ਕਦੀ ਰਮਾਇਣ ਦਾ ਅਧਿਐਨ ਕੀਤਾ ਹੈ। ਉਨ੍ਹਾਂ ਨੂੰ ਪਤਾ ਹੋਵੇਗਾ ਕਿ ਰਾਮ ਚੰਦਰ ਖੁਦ ਮੰਨਦੇ ਸਨ ਪਈ ਰਾਵਣ ਇਕ ਮਹਾਂ ਪੰਡਤ ਹੈ। ਤਾਮਲਨਾਡੂ, ਕੇਰਲਾ ਤੇ ਆਂਧਰਾ ਪ੍ਰਦੇਸ਼ ਆਦਿ ਵਿਚ ਆਵਾਜ਼ ਉੱਠੀ ਹੈ ਪਈ ਦੁਸਹਿਰੇ ਵਾਲੇ ਦਿਨ, ਅਗਰ ਰਾਵਣ ਦਾ ਪੁਤਲਾ ਜਲਾਇਆ ਤਾਂ ਅਸੀਂ ਰਾਮ ਚੰਦਰ ਦਾ ਪੁਤਲਾ ਜਲਾਵਾਂਗੇ। ਇਹ ਅਖਬਾਰਾਂ ਵਿਚ ਵੀ ਰੌਲਾ ਪਿਆ ਸੀ। ਇਹ ਬਗਾਵਤ ਹੋਈ ਸੀ। ਇਸ ਗੱਲ ਦੀ। ਇਹ ਆਵਾਜ਼ ਪਾਰਲੀਮੈਂਟ ਵਿਚ ਵੀ ਉੱਠੀ ਸੀ। ਕੇਰਲਾ, ਕਰਨਾਟਕ, ਤਾਮਲਨਾਡੂ, ਆਂਧਰਾ ਪ੍ਰਦੇਸ਼ ਵਿਚ ਕਈ ਜਗ੍ਹਾ ਅੱਜ ਵੀ ਰਾਵਣ ਨੂੰ ਸਨਮਾਨ ਨਾਲ ਪੂਜਿਆ ਜਾਂਦਾ ਹੈ। ਅੱਜ ਵੀ ਉਸ ਦੀ ਬੜੀ ਪ੍ਰਤੀਸ਼ਠਾ ਹੈ। ਉਨ੍ਹਾਂ ਇਲਾਕਿਆਂ ਤੋਂ ਇਹ ਆਵਾਜ਼ ਬੁਲੰਦ ਕੀਤੀ ਗਈ ਕਿ ਪਈ ਇਹ ਨਿਰਾਦਰੀ ਜੋ ਸਾਲ ਦੇ ਸਾਲ ਕੀਤੀ ਜਾਂਦੀ ਹੈ ਅਸੀਂ ਨਹੀਂ ਸਹਿਨ ਕਰਾਂਗੇ।

ਸੂਝਵਾਨ ਲੋਕ ਜੋ ਹਨ। ਉਹ ਸੱਚ ਦੀ ਗੱਲ ਕਰਦੇ ਹਨ। ਜਿੰਨੀ ਕਿਸੇ ਦੀ ਗਲਤੀ ਹੋਵੇ ਉਨੀ ਹੀ ਕਹਿਣੀ ਤਾਂ ਵਾਜਬ ਹੈ। ਪਰ ਗੱਲ ਵਧਾ ਕੇ ਕਿਸੇ ਫਿਰਕੇ ਦਾ ਅਪਮਾਨ ਕਰਨਾ ਠੀਕ ਨਹੀਂ। ਜੇਕਰ ਇਕ ਅਪਮਾਨ ਕਰਨ ਦਾ ਜਤਨ ਕਰੇਗਾ ਤਾਂ ਦੂਜਾ ਵੀ ਕਰੇਗਾ। ਉਪੱਦਰ ਵਧੇਗਾ। ਧਰਮ ਦੇ ਪ੍ਰਚਾਰ ਹੇਠ ਲਾਭ ਘਟ ਹੁੰਦਾ ਹੈ ਅਤੇ ਉਪੱਦਰ ਜ਼ਿਆਦਾ ਹੋ ਜਾਂਦਾ ਹੈ। ਅਕਸਰ ਲੋਕਾਂ ਨੂੰ ਇਹ ਭਰਮ ਰਹਿੰਦਾ ਹੈ ਕਿ ਧਰਮ ਦੇ ਨਾਮ ਤੇ ਜੋ ਅੱਜ ਉਪੱਦਰ ਹੁੰਦਾ ਹੈ ਇਹ ਪਹਿਲਾਂ ਨਹੀਂ ਸਨ। ਪਰ ਇਹ ਉਪੱਦਰ ਧਰਮ ਦੇ ਨਾਮ ਤੇ ਸਦਾ ਤੋਂ ਹੀ ਹੁੰਦੇ ਆਏ ਹਨ। ਇਹ ਅੱਜ ਕਲ ਨਵਾਂ ਨਹੀਂ। ਅੱਜ ਕਲ ਦਾ ਕੋਈ ਕਸੂਰ ਨਹੀਂ ਹੈ। ਫਿਰ ਅੱਜ ਦਾ ਧਾਰਮਿਕ ਬੰਦਾ ਇੰਝ ਵੀ ਆਪਣੇ ਮਨ ਨੂੰ ਤਸੱਲੀ ਦੇਂਦਾ ਹੈ ਕਿ ਹੁਣ ਕਲਯੁਗ ਹੈ। ਕਲਯੁਗ ਵਿਚ ਤਾਂ ਇਸ ਤਰ੍ਹਾਂ ਹੁੰਦਾ ਹੀ ਹੈ। ਜਿਵੇਂ ਕਿ ਸਤਯੁਗ ਵਿਚ ਇਹ ਨਹੀਂ ਸੀ ਹੁੰਦਾ। ਯੁਗਾਂ ਨਾਲ ਧਰਮ ਤੇ ਅਧਰਮ ਦਾ ਕੋਈ ਵਾਸਤਾ ਨਹੀਂ। ਧਰਮ ਦਾ ਵਾਸਤਾ ਸਿਰਫ ਇਨਸਾਨ ਨਾਲ ਹੈ। ਜਿਸ ਤਰ੍ਹਾਂ ਦਾ ਪੁਰਾਣੇ ਯੁਗਾਂ ਦਾ ਇਤਿਹਾਸ, ਮਿਥਿਹਾਸ, ਮਿਲਦਾ ਹੈ। ਉਸ ਅਨੁਸਾਰ ਸਤਯੁਗ ਵਿਚ ਹਾਲਤ ਅੱਜ ਤੋਂ ਵੀ ਜ਼ਿਆਦਾ ਬੱਦਤਰ (ਬੁਰੀ) ਸੀ ਅੱਜ ਕਲ ਤਾਂ ਲੋਕ ਇਕੱਠੇ ਹੋ ਕੇ

ਪੁੱਛ ਸਕਦੇ ਹਨ ਉਦੋਂ ਤਾਂ ਕੋਈ ਪੁੱਛ ਵੀ ਨਹੀਂ ਸੀ ਸਕਦਾ। ਅੱਜ ਕਲ ਤਾਂ ਕੁਝ ਲੋਕ ਹਨ ਜੋ ਘਿਰਾਉ ਕਰ ਸਕਦੇ ਹਨ। ਹੜਤਾਲ ਕਰ ਸਕਦੇ ਹਨ ਪਰ ਸਤਯੁਗ ਵਿਚ ਤਾਂ ਬੋਲਣ ਦੀ ਮਨਾਹੀ ਸੀ। ਸਤਯੁਗ ਵਿਚ ਤਾਂ ਜ਼ਬਾਨ ਕੱਟ ਦਿੱਤੀ ਜਾਂਦੀ ਸੀ। ਕੰਨਾਂ ਵਿਚ ਸ਼ੀਸ਼ਾ ਪਿਘਲਾ ਕੇ ਪਵਾ ਦਿੱਤਾ ਜਾਂਦਾ ਸੀ। ਇਹ ਕੁਝ ਰਾਮ ਰਾਜ ਵਿਚ ਵੀ ਹੁੰਦਾ ਰਿਹਾ ਹੈ। ਹਾਲਾਂਕਿ ਰਾਮ ਚੰਦਰ ਜੀ ਮਰਿਆਦਾ ਪ੍ਰਸ਼ੋਤਮ ਮੰਨੇ ਜਾਂਦੇ ਹਨ।

ਧਰਮ ਦੇ ਨਾਮ ਤੇ ਮੂੜ ਮੂਰਖਤਾ ਸਦਾ ਤੋਂ ਹੁੰਦੀ ਆਈ ਹੈ। ਫ਼ਰਕ ਸਿਰਫ਼ ਏਨਾ ਪਿਆ ਹੈ ਕਿ ਅੱਜ ਦਾ ਬੰਦਾ ਸੋਚਣ ਲੱਗ ਪਿਆ ਹੈ ਕਿ ਇਹ ਕਿਉਂ ਹੁੰਦਾ ਹੈ। ਪਰ ਉਸ ਸਮੇਂ ਲੋਕ ਸੋਚਦੇ ਵੀ ਨਹੀਂ ਸ੍ਨ। ਸਭ ਕੁਝ ਸਹਿਜ ਸਵੀਕਾਰ ਕਰ ਲੈਂਦੇ ਸਨ।

ਜੈਨ ਕਹਿੰਦੇ ਹਨ ਕਿ ਇਹ ਪੰਚਮ ਕਾਲ ਹੈ। (ਕਲਯੁਗ) ਹੈ। ਤੇ ਪੰਚਮ ਕਾਲ (ਕਲਯੁਗ) ਵਿਚ ਤਾਂ ਇਹ ਸਭ ਉਪੱਦਰ ਹੋਏਗਾ ਹੀ। ਤਾਂ ਫਿਰ ਮਹਾਂਵੀਰ ਜੈਨ ਦੇ ਕੰਨਾਂ ਵਿਚ ਕਿੱਲ ਕਿਸ ਨੇ ਠੋਕ ਦਿੱਤੇ ਸਨ? ਉਹ ਤਾਂ ਪੰਚਮ ਕਾਲ ਨਹੀਂ ਸੀ। ਮਹਾਂਵੀਰ ਇਕ ਬ੍ਰਹਮ ਗਿਆਨੀ ਮਹਾਂਪੁਰਸ਼ ਸਨ। ਜੈਨ ਕਹਿੰਦੇ ਹਨ ਕਿ ਜਿਥੇ ਰਹਿਬਰੀ ਪੁਰਸ਼ (ਬ੍ਰਹਮ ਗਿਆਨੀ) ਪੁਰਸ਼ ਮੌਜੂਦ ਹੁੰਦਾ ਹੈ, ਉਥੇ ਬਾਰਾਂ ਕੋਹ ਦੀ ਧਰਤੀ ਤੇ ਫੁੱਲ ਖਿੜ ਜਾਂਦੇ ਹਨ । ਜ਼ਰੂਰ ਖਿੜ ਜਾਂਦੇ ਹਨ। ਕਿਉਂਕਿ ਜਿਥੇ ਕੋਈ ਜੀਵਨ ਵਾਲਾ ਪੁਰਸ਼ ਹੁੰਦਾ ਹੈ, ਉਥੇ ਮੁਰਝਾਏ ਹਿਰਦੇ ਵੀ ਖਿੜਦੇ ਹਨ ਅਤੇ ਸੁਖ ਦਾ ਸਾਹ ਲੈਂਦੇ ਹਨ। ਪਰ ਜਿਥੇ ਫੁੱਲ ਖਿੜਦੇ ਹਨ ਉਥੇ ਕੰਡੇ ਵੀ ਨਾਲ ਹੀ ਉਤਪੰਨ ਹੁੰਦੇ ਹਨ। ਮਹਾਂਵੀਰ ਵਰਗਾ ਰੋਸ਼ਨ ਮਹਾਂਪੁਰਸ਼ ਜਿਥੇ ਹੋਵੇ ਉਥੇ ਇਹ ਕੰਡੇ ਹੀ ਮਹਾਂਵੀਰ ਨੂੰ ਪਿੰਡ ਪਿੰਡ ਨਸ਼ਰ ਕਰਦੇ ਹਨ। ਜੰਗਲੀ ਕੁੱਤੇ ਮਹਾਂਵੀਰ ਜੈਨ ਦੇ ਪਿਛੇ ਛਡੇ ਗਏ। ਉਨ੍ਹਾਂ ਦਾ ਕੀ ਕਸੂਰ ਸੀ?

ਕੁਝ ਫ਼ਰਕ ਨਹੀਂ ਪਿਆ, ਉਹੀ ਮੂਰਖਪਨ ਅੱਜ ਵੀ ਹੈ। ਧਰਮ ਦੇ ਨਾਮ ਤੇ ਸਭ ਤਰ੍ਹਾਂ ਦਾ ਜ਼ੁਲਮ ਤੇ ਅਨਿਆ ਹੁੰਦਾ ਆਇਆ ਹੈ। ਜੀਸ਼ਸ ਨੂੰ ਸੂਲੀ ਦਿੱਤੀ ਗਈ। ਧਰਮ ਦੇ ਨਾਮ ਤੇ ਹੀ ਸੂਲੀ ਤੇ ਚੜ੍ਹਾ ਦਿੱਤਾ ਗਿਆ। ਸੁਕਰਾਤ ਨੂੰ ਜ਼ਹਿਰ ਪਿਲਾਇਆ ਗਿਆ। ਕੱਟੜ ਪੰਥੀਆਂ ਵਲੋਂ ਪਿਲਾਇਆ ਗਿਆ। ਧਰਮ ਦੇ ਨਾਮ ਤੇ ਇਹ ਸਾਰਾ ਹੋਇਆ। ਧਰਮੀ ਅਖਵਾਉਣ ਵਾਲੇ ਲੋਕਾਂ ਨੇ ਹੀ ਧਰਮ ਦੇ ਨਾਮ ਤੇ "ਅਲਹਿਲਾਜ ਮਨਸੂਰ" ਨੂੰ ਮਾਰਿਆ। ਧਰਮ ਦਾ ਫਤਵਾ ਲਾ ਕੇ 'ਸਰਮਦ' ਦੀ ਗਰਦਨ ਕਟ ਦਿੱਤੀ ਗਈ। ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬਿਠਾਇਆ ਗਿਆ। ਗੁਰੂ ਤੇਗ ਬਹਾਦਰ ਸਾਹਿਬ ਨੂੰ ਚਾਂਦਨੀ ਚੌਕ ਵਿਚ ਕਤਲ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਦੇ ਦੋ ਮਾਸੂਮ ਬੱਚਿਆਂ ਨੂੰ ਕੰਧਾਂ ਵਿਚ ਚਿਣ ਦਿੱਤਾ ਗਿਆ। ਅੱਜ ਕਲ ਵੀ ਧਰਮ ਦੇ

ਨਾਮ ਤੇ ਸਭ ਪਾਪ ਜ਼ੁਲਮ ਹੋ ਰਹੇ ਹਨ। ਪਰ ਸਾਨੂੰ ਭਰਮ ਹੈ ਕਿ ਅੱਜ ਹੋ ਰਹੇ ਹਨ, ਕੀ ਸਤਯੁਗ, ਤ੍ਰੇਤਾ, ਦੁਆਪੁਰ ਵਿਚ ਨਹੀਂ ਹੁੰਦੇ ਸਨ? ਇਹ ਸਦਾ ਤੋਂ ਹੀ ਹੋ ਰਹੇ ਹਨ। ਹੋ ਸਕਦਾ ਹੈ ਉਦੋਂ ਦੇ ਹਲਾਤ ਅੱਜ ਨਾਲੋਂ ਵੀ ਬੱਦਤਰ (ਬੁਰੇ) ਹੋਣ।

ਜਿਸ ਦਿਨ ਇਕ ਸ਼ੂਦਰ ਦੇ ਕੰਨਾਂ ਵਿਚ ਸ਼ੀਸ਼ਾ ਢਾਲ ਕੇ ਪਾਇਆ ਗਿਆ, ਭਾਰਤ ਵਿਚ ਕਰੋੜਾਂ ਸ਼ੂਦਰ ਉਦੋਂ ਵੀ ਵਸਦੇ ਸਨ। ਪਰ ਕਿਸੇ ਦੀ ਹਿੰਮਤ ਨਹੀਂ ਪਈ ਕਿ ਰਾਮ ਚੰਦਰ ਤੋਂ ਇਨਸਾਫ ਮੰਗੇ। ਮੋਰਚਾ ਲਾਵੇ। ਨਾ ਕੋਈ ਕਿਸੇ ਨੇ ਹੜਤਾਲ ਹੀ ਕੀਤੀ। ਘਟ ਤੋਂ ਘਟ ਸ਼ੂਦਰ ਇਨਾ ਤਾਂ ਕਰ ਸਕਦੇ ਸਨ ਕਿ ਮਲਮੂਤਰ ਦੀ ਸਫਾਈ ਕਰਨਾ ਬੰਦ ਕਰ ਦੇਂਦੇ। ਜਿਸ ਤਰ੍ਹਾਂ ਕਿ ਅੱਜ ਕਲ ਕਰਦੇ ਹਨ। ਪਰ ਉਦੋਂ ਕੁਝ ਨ ਹੋਇਆ ਸ਼ੂਦਰਾਂ ਨੇ ਵੀ ਸਵੀਕਾਰ ਕਰ ਲਿਆ ਕਿ ਠੀਕ ਹੀ ਤਾਂ ਹੋਵੇਗਾ। ਰਾਮ ਕੁਝ ਗ਼ਲਤ ਥੋੜ੍ਹਾ ਕਰਨਗੇ। ਉਸ ਸ਼ੂਦਰ ਦਾ ਕਸੂਰ ਸਿਰਫ ਇਨਾ ਸੀ ਕਿ ਉਸ ਨੇ ਕਿਸੇ ਮੰਦਰ ਵਿਚ ਜਾ ਕੇ ਵੇਦ ਮੰਤਰ ਸੁਣ ਲਿਆ। ਕਿਉਂ ਸੁਣਿਆ ਇਸ ਸ਼ੂਦਰ ਨੇ? ਰਾਮ ਕੋਈ ਗ਼ਲਤ ਥੋੜ੍ਹਾ ਹਨ। ਸ਼ੂਦਰ ਵਾਸਤੇ ਵੇਦ ਮੰਤਰ ਪੜ੍ਹਨਾ ਸੁਣਨਾ ਮਨ੍ਹਾ ਸੀ। ਇਸ ਕਰਕੇ ਸਜ਼ਾ ਇਹ ਕਿ ਜਿੰਨ੍ਹਾਂ ਕੰਨਾਂ ਨਾਲ ਵੇਦ ਮੰਤਰ ਸੁਣਿਆ ਹੈ ਉਨ੍ਹਾਂ ਕੰਨਾਂ ਵਿਚ ਸ਼ੀਸ਼ਾ ਢਾਲ ਦਿਉ।

ਮਨੂੰ, ਪੰਜ ਹਜ਼ਾਰ ਸਾਲ ਪਹਿਲਾਂ ਇਹ ਮਨ੍ਹਾ ਕਰ ਗਏ ਸਨ ਕਿ ਕੋਈ ਸ਼ੂਦਰ ਵਦ ਨੂੰ ਨਹੀਂ ਪੜ੍ਹ ਸਕਦਾ। ਕੋਈ ਇਸਤਰੀ ਵੇਦ ਨਹੀਂ ਪੜ੍ਹ ਸਕਦੀ। ਕੀ ਗਜ਼ਬ ਦਾ ਸਤਯੁਗ ਸੀ। ਇਹਨਾਂ ਨੂੰ ਸਵਰਨ ਯੁਗ ਕਿਹਾ ਜਾਂਦਾ ਹੈ ਜਦੋਂ ਵੇਦ ਮੰਤਰ ਹੈ ਤਾਂ ਸ਼ੂਦਰ ਅਤੇ ਇਸਤਰੀ ਨੂੰ ਧਰਮ ਦਾ ਅਧਿਕਾਰ ਹੀ ਨਹੀਂ ਦਿੱਤਾ ਗਿਆ। ਜੇਕਰ ਵੇਦ ਸੱਚ ਹੈ ਤਾਂ ਕੀ ਸ਼ੂਦਰ ਤੇ ਇਸਤਰੀ ਨੂੰ ਸੱਚ ਦਾ ਅਧਿਕਾਰ ਹੀ ਨਹੀਂ ?

ਰਾਮ ਵਰਗਾ ਮਰਿਆਦਾ ਪ੍ਰਸ਼ੋਤਮ ਵਿਅਕਤੀ ਭੀ ਸਜ਼ਾ ਦੇਵੇ, ਫਿਰ ਵੀ ਰਾਮ ਦੀ ਪੂਜਾ ਹੁੰਦੀ ਹੈ। ਅਤੇ ਰਾਵਣ ਦਾ ਪੁਤਲਾ ਜਲਾਇਆ ਜਾਂਦਾ ਹੈ। ਘਟ ਤੋਂ ਘਟ ਹੁਣ ਤਾਂ ਇਹ ਨਹੀਂ ਹੋਣਾ ਚਾਹੀਦਾ ਕੁਝ ਤਬਦੀਲੀ ਹੋਣੀ ਚਾਹੀਦੀ ਹੈ।

ਰਾਵਣ ਦਾ ਏਡਾ ਵੱਡਾ ਕਸੂਰ ਨਹੀਂ ਸੀ ਜਿੰਨੀ ਵੱਡੀ ਕਿ ਉਸ ਨੂੰ ਸਜ਼ਾ ਦਿੱਤੀ ਜਾ ਰਹੀ ਹੈ। ਗੁਰਮਤਿ ਵਿਚ ਰਾਵਣ ਦੀ ਗ਼ਲਤੀ ਨੂੰ ਗ਼ਲਤੀ ਕਰਕੇ ਹੀ ਬਿਆਨਿਆ ਗਿਆ ਹੈ ਪਰ ਖੂਬੀਆਂ ਨੂੰ ਵੀ ਬੜੀ ਖੂਬਸੂਰਤੀ ਨਾਲ ਆਖਿਆ ਹੈ। ਰਾਵਣ ਦੀਆਂ ਇਹ ਗ਼ਲਤੀਆਂ ਕਿ ਇਕ ਬਹੁਤਾ ਸੋਨਾ ਵੱਡਾ ਪ੍ਰਵਾਰ ਹੋਣ ਦਾ ਹੰਕਾਰ, ਦੂਜਾ ਪਰਾਈ ਇਸਤਰੀ ਨੂੰ ਉਧਾਲ ਕੇ ਲੈ ਆਉਣਾ। ਇਹ ਦੋਵੇਂ ਗ਼ਲਤੀਆਂ ਰਾਵਣ ਨੂੰ ਏਨਾ ਪੰਡਤ ਹੁੰਦਿਆਂ ਹੋਇਆਂ ਵੀ ਮੂਰਖ ਸਿੱਧ ਕਰ ਗਈਆਂ। ਗੁਰਬਾਣੀ ਦਾ ਫੁਰਮਾਣ:

ਲੰਕਾ ਗੜੁ ਸੋਨੇ ਕਾ ਭਇਆ॥

ਮੂਰਖੁ ਰਾਵਨੁ ਕਿਆ ਲੈ ਗਇਆ॥੩॥ (ਪੰਨਾ ੧੧੫੮)

....

ਇਕੁ ਲਖੁ ਪੂਤ ਸਵਾ ਲਖੁ ਨਾਤੀ॥
ਤਿਹ ਰਾਵਨੁ ਘਰ ਦੀਆ ਨ ਬਾਤੀ॥੨॥ (ਪੰਨਾ ੪੮੧)

ਗੁਰਮਤਿ ਨੇ ਰਾਵਣ ਦੀ ਗ਼ਲਤੀ ਨੂੰ ਲੁਕਾਇਆ ਨਹੀਂ ਪਰ ਜਿੰਨੀ ਗ਼ਲਤੀ ਹੋਵੇ ਉਨੀ ਹੀ ਸਜ਼ਾ ਚਾਹੀਦੀ ਹੈ ਜਿੰਨਾ ਚੰਗਾ ਸਲੂਕ ਰਾਵਣ ਨੇ ਸੀਤਾ ਨਾਲ ਕੀਤਾ, ਉਨਾਂ ਚੰਗਾ ਸਲੂਕ ਰਾਮ ਤੇ ਲਛਮਣ ਨੇ ਰਾਵਣ ਦੀ ਭੈਣ ਸਰੂਪਨਖਾ ਨਾਲ ਨਹੀਂ ਕੀਤਾ।

ਆਖਰ ਸਰੂਪਨਖਾ ਦਾ ਕੀ ਕਸੂਰ ਸੀ? ਸਿਰਫ ਇਹ ਕਸੂਰ ਕਿ ਉਹ ਰਾਮ ਚੰਦਰ ਉੱਪਰ ਮੋਹਤ ਹੋ ਗਈ ਤੇ ਰਾਮ ਕੋਲ ਸਰੂਪਨਖਾ ਨੇ ਆਪਣੀ ਸ਼ਾਦੀ ਦੀ ਤਜ਼ਵੀਜ ਰੱਖੀ। ਪਰ ਰਾਮ ਕਹਿਣ ਲੱਗੇ ਕਿ ਮੈਂ ਤਾਂ ਸ਼ਾਦੀ ਸ਼ੁਦਾ ਹਾਂ ਅਤੇ ਮੇਰੀ ਧਰਮ ਪਤਨੀ ਵੀ ਮੇਰੇ ਨਾਲ ਹੈ। ਰਮਾਇਣ ਕਹਿੰਦੀ ਹੈ ਕਿ ਰਾਮ ਨੇ ਸਰੂਪਨਖਾ ਨੂੰ ਲਛਮਣ ਨਾਲ ਸ਼ਾਦੀ ਕਰਨ ਦੀ ਸਲਾਹ ਦਿੱਤੀ। ਸਰੂਪਨਖਾ ਨੇ ਲਛਮਣ ਨਾਲ ਸ਼ਾਦੀ ਲਈ ਬਿਨਤੀ ਕੀਤੀ। ਇਹ ਤਾਂ ਕੋਈ ਕਸੂਰ ਨਹੀਂ। ਇਹ ਅਧਿਕਾਰ ਤਾਂ ਅੱਜ ਵੀ ਹਰੇਕ ਇਸਤਰੀ ਨੂੰ ਹੈ ਕਿ ਉਹ ਆਪਣਾ ਜੀਵਨ ਸਾਥੀ ਮਰਜ਼ੀ ਅਨੁਸਾਰ ਚੁਣ ਸਕਦੀ ਹੈ, ਜੇਕਰ ਇਹ ਕਸੂਰ ਹੈ ਤਾਂ ਇਹ ਕਸੂਰ ਪਹਿਲਾ ਰਾਮ ਚੰਦਰ ਤੇ ਲਛਮਣ ਦੋਵੇਂ ਕਰ ਚੁਕੇ ਸਨ। ਆਖਰ ਇਹ ਦੋਵੇਂ ਵੀ ਤਾਂ ਸੀਤਾ ਉੱਪਰ ਮੋਹਤ ਹੋ ਗਏ ਸਨ। ਸੀਤਾ ਫੁੱਲ ਚੁਣਨ ਆਈ ਸੀ ਬਗੀਚੀ ਵਿਚ। ਦੋਵੇਂ ਭਾਈ ਜਾ ਰਹੇ ਸਨ ਨੇੜਿਓਂ ਲੰਘ ਕੇ। ਬਾਲਮੀਕੀ ਰਮਾਇਣ ਵਿਚ ਬਾਲਮੀਕ ਨੇ ਬੜਾ ਰਸ ਭਰਿਆ ਵਰਨਣ ਕੀਤਾ ਹੈ। ਦੋਵੇਂ ਭਾਈ ਸੀਤਾ ਨੂੰ ਵੇਖ ਕੇ ਮੋਹਤ ਹੋਏ। ਮਸਤਾਨੇ ਹੋਏ, ਦੀਵਾਨੇ ਹੋਏ।

ਸੁਅੰਬਰ ਰਚਿਆ ਗਿਆ ਤਾਂ ਉਸ ਵਿਚ ਸ਼ਰਤ ਸੀ ਕਿ ਜਿਹੜਾ ਧਨੁੱਖ ਦਾ ਚਿਲਾ ਚੜਾਵੇਗਾ, ਉਸ ਨਾਲ ਸੀਤਾ ਦੀ ਸ਼ਾਦੀ ਕਰ ਦਿੱਤੀ ਜਾਵੇਗੀ। ਬਹੁਤ ਲੋਕ ਸਨ ਜੋ ਜ਼ੋਰ ਲਗਾ ਰਹੇ ਸਨ ਕਿ ਚਿਲਾ ਚੜਾ ਲਿਆ ਜਾਵੇ। ਲਛਮਣ ਵੀ ਵਿਚ ਵਿਚ ਜੋਸ਼ ਵਿਚ ਆ ਜਾਂਦੇ ਸਨ ਕਿ ਮੈਂ ਧਨੁੱਸ਼ ਤੋੜ ਦੇਣਾ ਹੈ। ਰਾਮ ਚੰਦਰ ਨੇੜੇ ਬੈਠੇ ਬਾਂਹ ਪਕੜ ਕੇ ਰੋਕ ਕੇ ਬਿਠਾ ਦੇਂਦੇ ਸਨ। ਲਛਮਣ ਨੂੰ ਆਗਿਆਕਾਰ ਭਰਾ ਹੋਣ ਦੀ ਵਜ੍ਹਾ ਕਰਕੇ ਬੈਠਣਾ ਪੈਂਦਾ ਸੀ। ਨਹੀਂ ਤਾਂ ਕਈ ਦਫਾ ਖੜੇ ਹੋਏ ਕਿ ਮੈਂ ਹੁਣੇ ਧਨੁੱਖ ਤੋੜ ਦੇਂਦਾ ਹਾਂ।

ਹੁਣ ਜੇਕਰ ਰਾਮ ਲਛਮਣ ਨੂੰ ਪ੍ਰੇਮ ਆ ਗਿਆ ਸੀ ਸੀਤਾ ਉੱਪਰ, ਤਾਂ ਕੋਈ ਕਸੂਰ ਨਹੀਂ ਸੀ। ਪਰ ਸਰੂਪਨਖਾ ਨੂੰ ਪ੍ਰੇਮ ਆ ਗਿਆ ਲਛਮਣ ਉਤੇ, ਤਾਂ ਇਹ ਗੁਨਾਹ ਹੋ ਗਿਆ। ਇਕ ਹੋਰ ਕਿ ਇਹ ਰਾਮ ਲੀਲ੍ਹਾ ਕਰਨ ਵਾਲਿਆਂ ਨੇ ਸਾਰੇ ਮੁਲਕ ਵਿਚ ਪ੍ਰਚਾਰ

ਕਰ ਰਖਿਆ ਹੈ ਕਿ ਸਰੂਪਨਖਾ ਬਦਸ਼ਕਲ ਇਸਤਰੀ ਸੀ। ਪਰ ਹੋ ਨਹੀਂ ਸਕਦਾ। ਉਹ ਇਕ ਅਤਿ ਸੁੰਦਰ ਇਸਤਰੀ ਸੀ। ਰਾਜਕੁਮਾਰੀ ਸੀ। ਅਗਰ ਉਸ ਦਾ ਕੋਈ ਕਸੂਰ ਸੀ ਤਾਂ ਉਹ ਇਹ ਕਿ ਉਸਨੇ ਪ੍ਰੇਮ ਦਾ ਸੱਦਾ ਦਿੱਤਾ। ਸ਼ਾਸਤਰ ਅਨੁਸਾਰ ਇਹ ਕੋਈ ਕਸੂਰ ਨਹੀਂ ਇਹ ਉਹਦਾ ਹੱਕ ਸੀ। ਸ਼ਾਸਤਰ ਇਸ ਦੀ ਮਨਾਹੀ ਨਹੀਂ ਕਰਦੇ। ਜੇਕਰ ਉਸ ਨੇ ਬੇਨਤੀ ਕੀਤੀ ਤਾਂ ਲਛਮਣ ਨੂੰ ਪਸੰਦ ਨਹੀਂ ਸੀ ਤਾਂ ਨਾ ਸਹੀ, ਪਰ ਉਹ ਕਹਿ ਸਕਦਾ ਸੀ ਕਿ ਮੁਆਫ ਕਰੋ, ਮੈਂ ਸ਼ਾਦੀ ਨਹੀਂ ਕਰ ਸਕਦਾ। ਏਨਾ ਕਹਿ ਦੇਣ ਨਾਲ ਕੰਮ ਪੂਰਾ ਹੋ ਜਾਣਾ ਸੀ। ਪਰ ਲਛਮਣ ਨੇ ਨਾ ਆਉ ਦੇਖਿਆ ਤੇ ਨ ਤਾਉ ਦੇਖਿਆ ਆਪਣੇ ਖੰਜਰ ਨਾਲ ਸਰੂਪਨਖਾ ਦਾ ਨੱਕ ਕਟ ਦਿੱਤਾ। ਰਾਮ ਚੰਦਰ ਦੀਆਂ ਅੱਖਾਂ ਦੇ ਸਾਹਮਣੇ ਇਹ ਨੱਕ ਕੱਟਣ ਦੀ ਰਸਮ (ਸਮਾਰੋਹ) ਸਪੰਨ ਹੋਈ। ਹੁਣ ਇਹੁ ਤਾਂ ਸਪੱਸ਼ਟ ਹੈ ਕਿ ਜਿਸ ਭਾਈ ਦੀ ਭੈਣ ਦਾ ਇਨਾ ਅਪਮਾਨ ਕੀਤਾ ਜਾਵੇ ਉਹ ਟਿਕ ਕੇ ਨਹੀਂ ਬੈਠਦਾ। ਸ਼ਾਇਦ ਰਾਵਣ ਬਦਲੇ ਦੀ ਭਾਵਨਾ ਨਾਲ ਸੀਤਾ ਨੂੰ ਉਠਾ ਕੇ ਲੈ ਗਿਆ।

ਪਰ ਰਮਾਇਣ ਕਹਿੰਦੀ ਹੈ ਕਿ ਜਿੰਨੀ ਰਾਮ ਤੇ ਲਛਮਣ ਨੇ ਰਾਵਣ ਦੀ ਭੈਣ ਨਾਲ ਬਦਸਲੂਕੀ ਕੀਤੀ। ਉਨੀ ਰਾਵਣ ਨੇ ਸੀਤਾ ਨਾਲ ਨਹੀਂ ਕੀਤੀ। ਸੀਤਾ ਨੂੰ ਰਾਵਣ ਨੇ ਬੜੇ ਸਨਮਾਨ ਨਾਲ ਰਖਿਆ ਉਸ ਨੂੰ ਛੂਹਿਆ ਤੱਕ ਨਹੀਂ ਹੱਥ ਤਕ ਨਹੀਂ ਲਾਇਆ। ਸਨਮਾਨ (ਇੱਜ਼ਤ) ਨਾਲ ਰਖਿਆ। ਅਲੱਗ ਰਖਿਆ। 'ਅਸ਼ੋਕ ਵਾਟਿਕਾ' ਨਾਮ ਦੀ ਇਕ ਬਗੀਚੀ ਵਿਚ ਆਪਣੀਆਂ ਦੂਸਰੀਆਂ ਪਤਨੀਆਂ ਦੀ ਨਿਗਰਾਨੀ ਵਿਚ ਰਖਿਆ। ਇਕ ਮਹਿਮਾਨ ਦੀ ਤਰ੍ਹਾਂ ਰਖਿਆ। ਪਰ ਵਿਚਾਰੇ ਰਾਵਣ ਦੀ ਮੂਰਤੀ ਹਰ ਸਾਲ ਸਾੜੀ ਜਲਾਈ ਜਾਂਦੀ ਹੈ। ਪਰ ਰਾਮ ਅਜੇ ਵੀ ਮਰਿਆਦਾ ਪ੍ਰਸ਼ੋਤਮ ਹਨ। ਧਰਮ ਦੇ ਨਾਮ ਤੇ ਬਹੁਤ ਜਾਲ ਚਲਦੇ ਹਨ ਅਤੇ ਚਲਦੇ ਹੀ ਰਹੇ ਹਨ। ਇਸ ਵਿਚ ਛੋਟੇ ਮੋਟੇ ਲੋਕਾਂ ਦੇ ਹੀ ਹੱਥ ਨਹੀਂ ਸਗੋਂ ਮਰਿਆਦਾ ਪ੍ਰਸ਼ੋਤਮ ਲੋਕਾਂ ਦੇ ਵੀ ਹੱਥ ਹਨ। ਧਰਮ ਦੇ ਨਾਮ ਤੇ ਨਿਰੰਤਰ ਉਪੱਦਰ ਹੋਏ ਹਨ। ਅਸਲ ਵਿਚ ਉਪੱਦਰ ਹੁੰਦਾ ਹੀ ਧਰਮ ਦੇ ਨਾਮ ਤੇ ਹੈ।

ਧਰਮ ਕਦੇ ਕਦੇ ਪ੍ਰਕਾਸ਼ਮਾਨ ਹੁੰਦਾ ਹੈ। ਜਦੋਂ ਕੋਈ ਇਨਸਾਨ ਧਰਮ ਨੂੰ ਉਪਲੱਬਧ ਹੁੰਦਾ ਹੈ ਤਾਂ ਉਸ ਵਿਅਕਤੀ ਤੋਂ ਹੀ ਧਰਮ ਪ੍ਰਗਟ ਹੁੰਦਾ ਹੈ। ਪਰ ਐਸੇ ਬ੍ਰਹਮਗਿਆਨੀ ਪ੍ਰਗਟ ਹੁੰਦੇ ਰਹੇ ਪਰ ਇਨ੍ਹਾਂ ਦੀ ਪਛਾਣ ਲੋਕ ਆਪੋ ਆਪਣੇ ਢੰਗ ਨਾਲ ਹੀ ਕਰਦੇ ਹਨ। ਬੁਧ ਪੈਦਾ ਹੋਏ ਤਾਂ ਹਿੰਦੂਆਂ ਨੇ ਨਹੀਂ ਪਛਾਣਿਆ। ਗੁਰੂ ਨਾਨਕ ਪੈਦਾ ਹੋਏ ਤਾਂ ਬੁਧੂਆਂ ਨੇ ਨਹੀਂ ਪਛਾਣਿਆ, ਮੁਹੰਮਦ ਸਾਹਿਬ ਪ੍ਰਗਟ ਹੋਏ ਤਾਂ ਯਹੂਦੀਆਂ ਨਹੀਂ ਪ੍ਰਵਾਨ ਕੀਤਾ। ਫਿਰ ਜੀਸ਼ਸ ਪੈਦਾ ਹੋਏ। ਇਹ ਲੋਕ ਪ੍ਰਗਟ ਹੁੰਦੇ ਰਹੇ ਪਰ ਇਹ ਲੋਕ ਆਪਣੇ ਆਪਣੇ ਰਹਿਬਰ ਦੀ ਹੀ ਪੂਜਾ ਕਰਦੇ ਹਨ। ਦੂਜੇ ਦਾ ਰਹਿਬਰੀ ਪੁਰਸ਼

ਵੀ ਨਹੀਂ ਚੰਗਾ ਲੱਗਦਾ। ਜੀਜ਼ਸ ਨੂੰ ਕਿਸ ਨੇ ਸੂਲੀ ਚੜ੍ਹਾਇਆ ਸੀ? ਉਨ੍ਹਾਂ ਲੋਕਾਂ ਨੇ ਜਿਹੜੇ ਮੂਸਾ ਨੂੰ ਪੂਜਦੇ ਸਨ। ਪਰ ਜੇਕਰ ਮੂਸਾ ਤੋਂ ਪੁਛਿਆ ਜਾਂਦਾ ਤਾਂ ਉਹ ਜ਼ਰੂਰ ਜਵਾਬ ਦੇਂਦੇ ਕਿ ਇਹ ਜੀਜ਼ਸ ਵਿਚ ਵੀ ਮੈਂ ਹੀ ਬੈਠਾ ਹਾਂ। ਇਤਿਹਾਸ ਗਵਾਹ ਹੈ ਕਿ ਇਹ ਮਸਜਿਦ, ਗਿਰਜਾ ਘਰ, ਗੁਰਦੁਆਰੇ, ਵਸੀਅਤਨਾਮੇ ਹਨ। ਮੁਲਾਂ, ਪੰਡਤ, ਪੋਪ ਪੁਜਾਰੀਆਂ ਦੇ ਨਾਮ। ਮਜ਼੍ਹਬ ਦੇ ਠੇਕੇਦਾਰਾਂ ਨੇ ਇਨ੍ਹਾਂ ਨੂੰ ਵੇਚ ਤਕ ਦਿੱਤਾ ਹੈ।

ਧਰਮ ਰਹੇ ਕਰਮ ਰਹੇ, ਆਦਮੀ ਭਾਵੇਂ ਬੇਸ਼ਰਮ ਰਹੇ,
ਮਜ਼੍ਹਬ ਦੇ ਠੇਕੇਦਾਰ ਦੀ, ਬਸ ਜੇਬ ਗਰਮ ਰਹੇ।

ਧਰਮ ਨੂੰ ਜਾਣ ਲੈਣ ਵਾਲੇ ਪੁਰਸ਼ ਬੜੇ ਗ਼ਰੀਬੀ ਦੇ ਆਲਮ ਹੁੰਦੇ ਹਨ। ਉਨ੍ਹਾਂ ਵਿਚ ਬੜੀ ਗ਼ੈਰਤ ਹੁੰਦੀ ਹੈ। ਉਹ ਕੱਟ ਸਕਦੇ ਹਨ ਝੁਕਦੇ ਨਹੀਂ। ਦਰਅਸਲ ਧਰਮੀ ਪੁਰਖ ਬਹੁਤ ਗੈਰਤਵਾਨ ਹੁੰਦਾ ਹੈ। ਬਿਨਾਂ ਹਥਿਆਰਾਂ ਤੋਂ ਮੁਕਾਬਲਾ ਕਰਦਾ ਹੈ। ਉਸ ਕੋਲ ਆਤਮਕ ਬਲ ਇਨਾ ਹੁੰਦਾ ਹੈ ਕਿ ਬਲਦੀ ਹੋਈ ਅੱਗ ਵਿਚ ਵੜ ਕੇ ਖਲੋ ਜਾਏ ਤਾਂ ਵੀ ਪ੍ਰਵਾਹ ਨਹੀਂ ਕਰਦਾ। ਇਹ ਧਰਮ ਦੀ ਦੌਲਤ ਰਖਣ ਵਾਲਿਆਂ ਨਾਲ ਬੜੇ ਬੜੇ ਦੌਲਤਮੰਦ ਈਰਖਾ ਕਰਦੇ ਰਹੇ।

ਔਰੰਗਜ਼ੇਬ ਨੂੰ ਸਰਮਦ ਨਾਲ ਈਰਖਾ ਹੋ ਗਈ ਸੀ, ਸਰਮਦ ਦਾ ਕੋਈ ਦੋਸ਼ ਨਹੀਂ ਸੀ। ਪਰ ਕਟੜ ਸ਼ਰਈ ਔਰੰਗਜ਼ੇਬ ਚਾਹੁੰਦਾ ਸੀ ਕਿ ਸਰਮਦ ਵਰਗਾ ਨਗਨ ਫ਼ਕੀਰ ਮੈਨੂੰ ਸਯੱਦਾ ਕਿਉਂ ਨਹੀਂ ਕਰਦਾ। ਸਰਮਦ ਵਰਗੇ ਧਰਮੀ ਪੁਰਸ਼ ਦਾ ਕੋਈ ਮਜ਼੍ਹਬ ਨਹੀਂ ਹੁੰਦਾ। ਕੋਈ ਮਜ਼੍ਹਬ ਨ ਹੁੰਦਿਆਂ ਵੀ ਸਾਰੇ ਮਜ਼੍ਹਬ ਉਸੇ ਦੇ ਹੁੰਦੇ ਹਨ ਇਹ ਗੱਲ ਸਰਮਦ ਆਪ ਮੰਨਦਾ ਹੈ:-

ਹਮ ਮਤੀਆ ਏ ਫਰਕਾਨਮ = ਮੈਂ ਕੁਰਾਨ ਦਾ ਆਗਿਆਕਾਰ ਹਾਂ।
ਹਮ ਕੇਸ਼ਿ ਰਹਬਾਨਮ = ਮੈਂ ਈਸਾਈ ਦਾ ਵੀ ਹਮ ਮਜ਼੍ਹਬ ਹਾਂ।
ਰੱਬੀ ਏ ਯਹੂਦਾ ਨਮ = ਮੈਂ ਯਹੂਦੀਆਂ ਦਾ ਵੀ ਪ੍ਰਚਾਰਕ ਹਾਂ।
ਕਾਫਰਮ ਮੁਸਲਮਾਨਮ = ਮੈਂ ਕਾਫਰ ਵੀ ਹਾਂ ਤੇ ਮੁਸਲਮਾਨ ਹਾਂ।

ਸਰਮਦ, ਯਹੂਦੀ ਘਰਾਣੇ ਦਾ ਨੌ ਨਿਹਾਲ ਸੀ ਜੋ ਪਿਛੋਂ ਜਾ ਕੇ ਮੁਸਲਮਾਨ ਬਣ ਗਿਆ। ਇਸ ਦਾ ਵੀ ਜ਼ਿਕਰ ਸਰਮਦ ਨੇ ਆਪ ਕੀਤਾ ਹੈ:-

ਸਰਮਦ ਬ ਜਹਾਨ ਬਸੇ ਨੇਕ ਨਾਮ ਸ਼ੁਦੀ = ਐ ਸਰਮਦ ਤੂੰ ਜਹਾਨ ਵਿਚ ਬੜਾ ਨੇਕ ਨਾਮ ਹੈ।

ਅਜ਼ ਮਜ਼ਹਬਿ- ਕੁਫਰ ਸੂਏ ਇਸਲਾਮ ਸ਼ੁਦੀ = ਕਿ ਯਹੂਦੀਆਂ ਦਾ ਕੁਫਰ ਦਾ ਮਜ਼੍ਹਬ ਛਡ ਕੇ ਇਸਲਾਮ ਵਿਚ ਆ ਗਿਆ ਹੈ।

ਏਨਾ ਹੀ ਨਹੀਂ ਇਸਲਾਮ ਤੇ ਰਸੂਲ ਨੂੰ ਛਡ ਕੇ ਉਹ ਰਾਮ ਲਛਮਣ ਦਾ ਪੁਜਾਰੀ ਵੀ ਹੋ ਗਿਆ ਹੈ। ਕਿਸੇ ਪੁਛਿਆ:-

ਆਖਿਰ ਚਿਹ ਖ਼ਤਾ ਦੀਦੀ ਜਿ-ਅਲੂ ਓ ਰਸੂਲ = ਆਖਿਰ ਤੂੰ ਅੱਲਾ ਤੇ ਉਸ ਦੇ ਰਸੂਲ (ਹਜ਼ਰਤ ਮੁਹੰਮਦ) ਵਿਚ ਕੀ ਦੋਸ਼ ਦੇਖਿਆ ਕਿ ਉਨ੍ਹਾਂ ਨੂੰ ਛੱਡ ਕੇ ਤੂੰ.......

ਬਰਗਸ਼ਤਹ, ਮੁਰੀਦ- ਲਛਮਨ-ਓ-ਰਾਮ-ਸ਼ੁਦੀ = ਰਾਮ ਤੇ ਲਛਮਣ ਦਾ ਪੁਜਾਰੀ ਹੋ ਗਿਆ ਹੈਂ।

ਦਰਅਸਲ ਇਸ ਤਰ੍ਹਾਂ ਦੇ ਬੰਦਿਆਂ ਦਾ ਕੋਈ ਸੰਸਾਰੀ ਮਜ਼ਬ ਨਹੀਂ ਹੁੰਦਾ। ਮਜ਼ਬ ਤਾਂ ਇਕ ਫਿਰਕੇ ਤੱਕ ਸੀਮਤ ਹੁੰਦਾ ਹੈ। ਅਤੇ ਧਰਮ ਦਾ ਦਾਇਰਾ ਅਸਮਾਨ ਵਰਗਾ ਵਿਸ਼ਾਲ ਹੁੰਦਾ ਹੈ। ਧਰਮ ਸਭ ਸੰਸਾਰ ਨੂੰ ਆਪਣੇ ਵਿਚ ਜੀ ਆਇਆਂ ਆਖਦਾ ਹੈ ਅਤੇ ਮਜ਼ਬ ਵਿਚ ਕੁਝ ਲੋਕ ਹੀ ਆ ਸਕਦੇ ਹਨ। ਜੇਕਰ ਮਜ਼ਬ ਵਿਚ ਹਿੰਦੂ ਆ ਗਿਆ ਤਾਂ ਮੁਸਲਮਾਨ ਲਈ ਉਸ ਮਜ਼ਬ ਵਿਚ ਆਉਣਾ ਮੁਸ਼ਕਲ ਹੈ। ਮੁਸਲਮਾਨ ਦਾ ਵੱਖਰਾ ਮਜ਼ਬ ਹੋਵੇਗਾ। ਪਰ ਸਰਮਦ ਵਰਗੇ ਇਨਸਾਨਾਂ ਦਾ ਇਕੋ ਧਰਮ ਹੁੰਦਾ ਹੈ ਉਹ ਰੱਬੀ ਧਰਮ। ਰੱਬ ਦਾ ਇਸ਼ਕ। ਉਨ੍ਹਾਂ ਲਈ ਰੱਬ ਦਾ ਇਸ਼ਕ ਹੀ ਸੱਚਾ ਧਰਮ ਹੈ। ਇਸ ਤਰ੍ਹਾਂ ਦੇ ਲੋਕਾਂ ਦਾ ਧਰਮ ਭੇਖੀ ਧਰਮ ਨਹੀਂ ਹੁੰਦਾ। ਮੁਸਲਮਾਨ ਨ ਹੁੰਦੇ ਹੋਏ ਵੀ ਉਹ ਮਸਜਿਦ ਵਲ ਜਾਂਦੇ ਹਨ। ਹਿੰਦੂ ਨਾ ਹੁੰਦੇ ਹੋਏ ਵੀ ਉਹ ਮੰਦਰ ਵੱਲ ਜਾਂਦੇ(ਬੁੱਤਕਾਨੇ) ਉਨ੍ਹਾਂ ਵਾਸਤੇ ਕਾਅਬੇ ਦੇ ਬੁੱਤਕਾਨੇ ਵਿਚ ਪਿਆ ਕਾਲਾ ਪੱਥਰ। ਕਾਲਾ ਪੱਥਰ (ਜੋ ਕਾਅਬੇ ਦੇ ਸਿਹਨ ਵਿਚ ਹੈ) ਮੰਦਰ ਵਿਚ ਥਾਪੀ ਹੋਈ ਰਾਮ ਕ੍ਰਿਸ਼ਨ ਦੀ ਮੂਰਤੀ ਵੀ ਉਸੇ ਕਾਲੇ ਪੱਥਰ ਦਾ ਹੀ ਹਿੱਸਾ ਹੈ। ਉਨ੍ਹਾਂ ਨੂੰ ਮੁਸਲਮਾਨ ਤੇ ਹਿੰਦੂ, ਈਸਾਈ ਵਿਚ ਇਕੋ ਪ੍ਰਮਾਤਮਾ ਦੀ ਅੰਸ਼ ਦਿਸਦੀ ਹੈ। ਹੁਣ ਇਸ ਤਰ੍ਹਾਂ ਦੇ ਦਰਵੇਸ਼ਾਂ, ਦਾ ਕੋਈ ਭੇਖੀ ਧਰਮ ਨਹੀਂ ਹੁੰਦਾ। ਉਹ ਅਜ਼ਾਦ, ਮਸਤ ਮਲੰਗ ਹੁੰਦੇ ਹਨ। ਬੜੇ ਬੇਬਾਕ ਪੁਰਸ਼ ਹੁੰਦੇ ਹਨ। ਕਿਸੇ ਨਾਲ ਕੋਈ ਗਰਜ਼ ਨਹੀਂ ਰੱਖਦੇ ਭਾਵੇਂ ਰਾਜਾ ਹੋਵੇ ਭਾਵੇਂ ਰੰਕ।

ਸਰਮਦ ਦੇ ਜੀਵਨ ਵਿਚ ਇਕ ਕਹਾਣੀ ਹੈ ਕਿ ਇਕ ਦਿਨ ਔਰੰਗਜ਼ੇਬ ਘੁੰਮਦਾ ਘੁੰਮਾਉਂਦਾ ਸਰਮਦ ਦੀ ਝੋਪੜੀ ਤੇ ਆ ਗਿਆ। ਸਰਮਦ ਦੀ ਝੋਪੜੀ ਤੋਂ ਬਾਹਰ ਇਕ ਕੁੱਤਾ ਫਿਰਦਾ ਸੀ ਉਹ ਔਰੰਗਜ਼ੇਬ ਨੂੰ ਦੇਖ ਦੇ ਭੌਂਕਿਆ। ਔਰੰਗਜ਼ੇਬ ਨੇ ਇਕ ਬਚਨ ਕੀਤਾ ਕਿ:-

ਦਰੇ ਦਰਵੇਸ਼ਾਂ ਦਰਬਾਂ- ਨਾ ਬਾਇਦ- ਭਾਵ ਦਰਵੇਸ਼ਾਂ ਦੇ ਦਰ ਤੇ ਦਰਬਾਨ ਨਹੀਂ ਚਾਹੀਦਾ-

ਬੁਬਾਇਦ! = ਸਰਮਦ ਕਹਿਣ ਲੱਗੇ ਚਾਹੀਦਾ ਹੈ ਜ਼ਰੂਰ ਚਾਹੀਦਾ ਹੈ, "ਤਾਂਕਿ

ਸਗੋ ਦੁਨੀਆਂ ਨਾ ਆਇਦ'' ॥ = ਸਾਧੂ ਬੜਾ ਬੇ-ਪ੍ਰਵਾਹ ਸੀ। ਕਹਿਣ ਲੱਗਾ ਤਾਂਕਿ ਕੋਈ ਤੇਰੇ ਵਰਗੇ ਦੁਨੀਆਂ ਦੇ ਖਾਹਸ਼ਮੰਦ ਕੁੱਤੇ ਨਾ ਆਉਣ। ਇਹ ਸੱਚ ਹੈ ਕਿ ਜਿਵੇਂ ਕੁੱਤਾ ਕਟਣਾ ਜਾਣਦਾ ਹੈ। ਐ ਔਰੰਗਜ਼ੇਬ ਤੂੰ ਵੀ ਤਾਂ ਕਟਣਾ ਹੀ ਜਾਣਦਾ ਹੈਂ।

ਔਰੰਗਜ਼ੇਬ ਔਖਾ ਸੀ ਕਿ ਸਰਮਦ ਵਰਗਾ ਨਚੀਜ਼ ਬੰਦਾ ਮੇਰੇ ਅਗੇ ਝੁਕਦਾ ਨਹੀਂ। ਮੈਂ ਰਾਜਾ ਹੁੰਦਿਆਂ ਵੀ ਦੁਨੀਆਂ ਮੇਰਾ ਦਿਲੋਂ ਸਨਮਾਨ ਨਹੀਂ ਕਰਦੀ ਜਦੋਂ ਕਿ ਸਰਮਦ ਵਰਗੇ ਬੰਦੇ ਨੂੰ ਦੁਨੀਆਂ ਦਿਲੋਂ ਚਾਹੁੰਦੀ ਹੈ। ਦਿਲੋਂ ਅਦਾਬ ਕਰਦੀ ਹੈ। ਲਗਦਾ ਹੈ ਕਿ ਮੈਂ ਤਾਂ ਐਵੇਂ ਨਾਮ ਦਾ ਹੀ ਬਾਦਸ਼ਾਹ। ਅਸਲੀ ਬਾਦਸ਼ਾਹ ਤਾਂ ਸਰਮਦ ਹੈ।

ਸਰਮਦ ਦਾ ਇਸ ਤਰ੍ਹਾਂ ਦਾ ਜਲਵਾ (ਜਲਾਲ) ਦੇਖਕੇ ਇਕ ਦਿਨ ਔਰੰਗਜ਼ੇਬ ਸਰਮਦ ਦੇ ਕੋਲ ਆਇਆ। ਪੁੱਛਣ ਲੱਗਾ ਕਿ ਮੈਂ ਬੜੀ ਕੋਸ਼ਿਸ਼ ਕਰਦਾ ਹਾਂ ਤਾਂ ਅੱਧੀ ਰਾਤ ਤੋਂ ਬਾਅਦ ਕਿਧਰੇ ਮੈਨੂੰ ਨੀਂਦ ਪੈਂਦੀ ਹੈ। ਪਰ ਮੈਂ ਤੈਨੂੰ ਦੇਖਦਾ ਹਾਂ ਕਿ ਤੂੰ ਦਰੱਖਤ ਹੇਠਾਂ ਹੀ ਸੌਂ ਜਾਂਦਾ ਹੈਂ। ਤੇਰੇ ਚਿਹਰੇ ਤੇ ਕੁਝ ਅਜੀਬ ਮਸਤੀ ਦਿਸਦੀ ਹੈ। ਤੇਰੇ ਅੰਦਰ ਤੇਰਾ ਦਿਲ ਨਿਰਤ ਕਰਦਾ ਹੋਇਆ ਪ੍ਰਤੀਤ ਹੁੰਦਾ ਹੈ। ਇਹ ਦਸ ਕਿ ਇਸ ਤਰ੍ਹਾਂ ਦੀ ਪ੍ਰਸੰਨਤਾ ਕੀ ਮੈਨੂੰ ਨਹੀਂ ਮਿਲ ਸਕਦੀ। ਜਿਹੜੀ ਪ੍ਰਸੰਨਤਾ ਤੇਰੇ ਕੋਲ ਹੈ?

ਫਕੀਰ ਬੜਾ ਬੇ-ਪ੍ਰਵਾਹ ਸੀ। ਸਰਮਦ ਦੀ ਇਕ ਕਿਤਾਬ ਵੀ ਹੈ ''ਨਗਮੇ ਸਰਮਦ'' ਉਸ ਵਿਚ ਉਨੇ ਕੁਝ ਸ਼ਿਅਰ ਲਿਖੇ ਨੇ, ਜਿਹੜੇ ਉਸਨੇ ਔਰੰਗਜ਼ੇਬ ਨੂੰ ਸੁਣਾਏ।

ਸਰਮਦ ਗਮੇ ਇਸ਼ਕ, ਬੁਲ ਹਵਸ ਰਾਹੁ ਨ ਦਿਹੰਦ॥
ਸੁਹਜੇ ਦਿਲ ਪਰਵਾਨਾ ਮਗਜ ਰਾਹ ਨ ਦਿਹੰਦ॥

ਐ ਔਰੰਗਜ਼ੇਬ, ਪ੍ਰੇਮ ਦਾ ਭਰਿਆ ਦਿਲ ਪ੍ਰਮਾਤਮਾ ਨੇ ਪ੍ਰਵਾਨੇ ਨੂੰ ਦਿੱਤਾ ਹੈ। ਮੁਹੱਬਤ ਦੀ ਕਸ਼ਸ਼ ਨਾਲ ਭਰਿਆ 'ਦਿਲ ਖੁਦਾ ਨੇ ਪ੍ਰਵਾਨੇ ਨੂੰ ਬਖਸ਼ਿਆ ਹੈ।' ਮੱਖੀ ਨੂੰ ਨਹੀਂ ਦਿੱਤਾ। ਤੂੰ ਇਕ ਗੰਦਗੀ ਦੀ ਮੱਖੀ ਹੈਂ। ਤੈਨੂੰ ਕੀ ਪਤਾ ਹੈ ਪਈ ਸ਼ਮਾਂ ਉਤੇ ਜਲ ਜਾਣ ਦਾ ਕੀ ਅਨੰਦ ਹੈ। ਇਹ ਦੌਲਤ ਅੱਲ੍ਹਾ ਪਾਕ ਨੇ ਪ੍ਰਵਾਨਿਆਂ ਨੂੰ ਤਾਂ ਦਿੱਤੀ ਹੈ ਪਰ ਮੱਖੀਆਂ ਨੂੰ ਨਹੀਂ ਦਿੱਤੀ। ਤੂੰ ਕੀ ਜਾਣੇ ਇਸ ਅਨੰਦ ਨੂੰ। ਤੂੰ ਮੱਖੀ ਹੈਂ। ਮੈਂ ਇਕ ਪ੍ਰਵਾਨਾ ਹਾਂ ਜਿਹੜੀ ਚੀਜ਼ ਤੇਰੇ ਕੋਲ ਹੈ, ਉਹ ਮੇਰੇ ਕੋਲ ਨਹੀਂ। ਜੋ ਮੇਰੇ ਕੋਲ ਹੈ ਉਹ ਤੇਰੇ ਕੋਲ ਨਹੀਂ। ਤੂੰ ਭਾਵੇਂ ਸਿੰਘਾਸਣ ਤੇ ਵੀ ਬੈਠ ਜਾਵੇਂ ਤਾਂ ਕੀ ਹੈ? ਸਿੰਘਾਸਣ ਤੇ ਮੱਖੀ ਵੀ ਉੱਡ ਕੇ ਬੈਠ ਸਕਦੀ ਹੈ, ਤਾਂ ਕੀ ਮੱਖੀ ਦੀ ਅਹਿਮੀਅਤ ਵਧ ਜਾਏਗੀ? ਕੋਈ ਉਸ ਦੀ ਅਸਮਤ ਵਧ ਜਾਂਦੀ ਹੈ। ਹੁਣ ਏਨੀ ਗੱਲ ਇਕ ਫਕੀਰ ਨੇ ਕਹਿ ਦਿੱਤੀ। ਤੈਨੂੰ ਇਹ ਦੌਲਤ ਨਹੀਂ ਮਿਲ ਸਕਦੀ। ਤੈਨੂੰ ਇਹ ਅਨੰਦ ਨਹੀਂ ਮਿਲ ਸਕਦਾ, ਇਹ ਅਨੰਦ ਲਈ ਕੁਝ ਸਾਧਨਾ ਕਰਨੀ ਪੈਂਦੀ ਹੈ। ਇਸ ਵਾਸਤੇ ਤਾਂ ਬੜੇ ਬੜੇ ਸ਼ਹਿਨਸ਼ਾਹ ਵੀ ਤਰਸਦੇ ਰਹੇ ਹਨ।

ਗੁਰੂ ਨਾਨਕ ਸਾਹਿਬ ਜੀ ਕਹਿੰਦੇ ਹਨ ਕਿ ਸੈਂਕੜੇ ਬਾਦਸ਼ਾਹ ਵੀ ਇਕੱਠੇ ਕਰੀਏ, ਉਹ ਉਸ ਦੀ ਬ੍ਰਾਬਰੀ ਨਹੀਂ ਕਰ ਸਕਦੇ ਜਿਸ ਨੇ ਕਿ ਈਮਾਨ (ਧਰਮ) ਦੀ ਦੌਲਤ ਨੂੰ ਪ੍ਰਾਪਤ ਕੀਤਾ ਹੈ।

ਜਿਸ ਨੋ ਬਖਸੇ ਸਿਫਤਿ ਸਾਲਾਹ॥
ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥

(ਜਪੁ ਜੀ)

ਆਪਣੇ ਬੇਪ੍ਰਵਾਹ ਜੀਵਨ ਦੀ ਸਾਖੀ ''ਸਰਮਦ'' ਆਪ ਵੀ ਭਰਦੇ ਹਨ। ਸਰਮਦ ਕਹਿੰਦੇ ਹਨ:-

ਸ਼ਾਹ-ਓ-ਦਰਵੇਸ਼-ਓ ਕਲੰਦਰ ਦੀਦਾ ਈ॥

ਕੀ ਤੂੰ ਬਾਦਸ਼ਾਹ ਦਰਵੇਸ਼ ਤੇ ਕਲੰਦਰ ਨੂੰ ਕਦੀ ਵੇਖਿਆ ਹੈ?

ਸਰਮਦਿ-ਸਰਮਸਤ-ਓਰਸਵਾ ਰ ਬ. ਬੀ॥=

ਜੇ ਨਹੀਂ ਵੇਖਿਆ ਤਾਂ ਆ ਮਦ ਮਸਤ ਤੇ ਬਦਨਾਮ ਸਰਮਦ ਨੂੰ ਵੇਖ ਲੈ।

ਜਿੰਦਹ--ਏ-ਕਸ਼ ਜਾਨ ਨ ਬਾਸ਼ਦ, ਦੀਦਹ ਈ?=

ਕੀ ਤੂੰ ਕਿਸੇ ਨੂੰ ਬਿਨਾਂ ਜਾਨ (ਸਿਰ) ਤੋਂ ਜਿਊਂਦੇ ਵੇਖਿਆ ਏ?

ਹਾਰ ਨ ਦੀਦਸਤੀ, ਬ-ਯਾ ਮਾ ਰਾ ਬ- ਬੀ=

ਜੇ ਨਹੀਂ ਵੇਖਿਆ ਤਾਂ ਆ ਤੂੰ ਸਾਨੂੰ ਵੇਖ ਲੈ। ਵਾਕਿਆ ਈ ਬੜਾ ਜਿੰਦਾ ਦਿਲ ਤੇ ਬਿਨਾਂ ਸਿਰ ਤੋਂ ਜਿਊਣ ਵਾਲਾ ਬੰਦਾ ਸੀ ਸਰਮਦ। ਇਕ ਕਥਾ ਹੈ ਕਿ ਔਰੰਗਜ਼ੇਬ ਨੇ ਸਰਮਦ ਨੂੰ ਨੰਗਿਆਂ ਬੈਠਾ ਦੇਖ ਕੇ ਕਿਹਾ ਕਿ ਐ ਨੇਕ ਤੇ ਸਿਆਣੇ ਬੰਦੇ ਤੂੰ ਆਪਣੇ ਸਰਮਦ ਨੂੰ ਨੰਗਿਆਂ ਬੈਠਾ ਦੇਖਕੇ ਕਿਹਾ ਕਿ ਐ ਨੇਕ ਤੇ ਸਿਆਣੇ ਬੰਦੇ! ਤੂੰ ਆਪਣ ਸਰੀਰ ਨੂੰ ਢਕ ਕੇ ਰੱਖ। ਨੰਗਾ ਬੰਦਾ ਸ਼ੋਭਦਾ ਨਹੀਂ। ਔਰੰਗਜ਼ੇਬ ਨੂੰ ਉੱਤਰ ਦੇਂਦਿਆਂ ਸਰਮਦ ਨੇ ਕਿਹਾ ਕਿ :-

ਪੋਸ਼ਾਨਦ ਲਿਬਾਸ ਹਰਕਿ ਹਾ ਐਬੇਦੀਦ=

ਪੋਸ਼ਾਕ ਤੇ ਲਿਬਾਸ ਤਾਂ ਉਹ ਉਸ ਨੂੰ ਦੇਂਦਾ ਹੈ, ਜਿਸ ਵਿਚ ਉਹ ਐਬ (ਔਗੁਣ) ਵੇਖਦਾ ਹੈ। ਗੁਨਾਹਗਾਰਾਂ ਨੂੰ ਗੁਨਾਹ ਢੱਕਣ ਲਈ ਉਹ ਪੋਸ਼ਾਕ ਦੇਂਦਾ ਹੈ।

ਬੇ ਐਬਾਂ ਰਾ ਲਿਬਾਸੇ ਉਰਯਾਨੀ ਦੀਦ= ਸਾਨੂੰ ਬੇਗੁਨਾਹਾਂ ਨੂੰ ਉਸ ਨੇ ਨੰਗੇਜ਼ ਦੀ ਪੋਸ਼ਾਕ ਦਿੱਤੀ ਹੈ (ਬਖਸ਼ੀ ਹੈ)। ਬਹੁਤ ਬੇਖੌਫ ਹੁੰਦੇ ਹਨ ਇਹ ਸਰਮਦ। ਕਿਉਂਕਿ ਪਾਰਦਰਸ਼ੀ ਨਿਗਾਹ ਨਾਲ ਹਕੀਕਤ ਨੂੰ ਤੱਕਦੇ ਹਨ। ਸੋ ਧਰਮ ਕੋਈ ਮਜ਼੍ਹਬ ਨਹੀਂ, ਬਲਕਿ ਧਰਮ ਨੂੰ ਇਸ਼ਕ ਦੀ ਨਿਗਾਹ ਦੇਣੀ ਚਾਹੀਦੀ ਹੈ। ਉਸ ਪ੍ਰਮਾਤਮਾ ਨੂੰ ਵੱਖ ਵੱਖ

ਢੰਗ ਨਾਲ ਵੱਖ ਵੱਖ ਮਹਾਂਪੁਰਸ਼ਾਂ ਨੇ ਪਾਇਆ ਹੈ। ਵੱਖ ਵੱਖ ਢੰਗ ਨਾਲ ਪਾਇਆ ਹੋਣ ਕਰਕੇ ਵੱਖ ਵੱਖ ਮਜ਼ਬ ਤਿਆਰ ਹੋ ਗਏ ਹਨ। ਵੱਖ ਵੱਖ ਸੰਪਰਦਾਵਾਂ ਪੈਦਾ ਹੋ ਗਈਆਂ ਹਨ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ਼ਾਰਾ ਕੀਤਾ ਹੈ:-

ਛਿਅ ਘਰ ਛਿਅ ਗੁਰ ਛਿਅ ਉਪਦੇਸ॥
ਗੁਰੁ ਗੁਰੁ ਏਕੋ ਵੇਸ ਅਨੇਕ॥

(ਸੋਹਿਲਾ)

ਪਈ ਛੇ ਸ਼ਾਸਤਰ ਨੇ। ਛੇ ਸ਼ਾਸਤਰਾਂ ਦੇ ਕਰਤਾ (ਗੁਰੂ) ਵੀ ਛੇ ਹਨ। ਛੇ ਗੁਰੂਆਂ (ਕਰਤਿਆਂ) ਦਾ ਉਪਦੇਸ਼ ਵੀ ਛੇ ਤਰ੍ਹਾਂ ਦਾ ਹੈ। ਉਪਦੇਸ਼ ਛੇ ਤਰ੍ਹਾਂ ਦਾ ਹੈ। ਪਰ ਉਪਦਸ਼ ਇਕੋ ਪ੍ਰਮਾਤਮਾ ਨੂੰ ਪਾਉਣ ਵਾਸਤੇ ਹੈ। ਇਸ ਕਰਕੇ ਛੇ ਗੁਰੂ (ਕਰਤਿਆਂ) ਦਾ ਗੁਰੂ (ਪ੍ਰਮਾਤਮਾ) ਵੀ ਇਕੋ ਹੈ। ਪਰ ਛੇ ਸ਼ਾਸਤਰਾਂ ਦਾ ਉਪਦੇਸ਼ ਆਪਸ ਵਿਚ ਨਹੀਂ ਮਿਲਦਾ। ਅਚਾਰੀਯਾ ਰਿਸ਼ੀ ਵੇਦ ਵਿਆਸ ਦਾ ਕਹਿਣਾ ਕੁਝ ਹੋਰ ਹੈ। ਨਿਆਇ ਸ਼ਾਸਤਰ ਦਾ ਕਰਤਾ ਰਿਖੀ ਗੌਤਮ ਦਾ ਕਹਿਣਾ ਕੁਝ ਹੋਰ ਹੈ। ਪਤੰਜਲੀ ਦੀ ਵੀਚਾਰ ਕੁਝ ਹੋਰ ਹੈ। ਜੈਮਨੀ ਦੀ ਕੁਝ ਹੋਰ ਹੈ। ਗਰਜ਼ ਕੇ ਜਿੰਨ੍ਹਾ ਨੇ ਵੀ ਗਹਿਰੇ ਰੂਪ ਵਿਚ ਸ਼ਾਸਤਰਾਂ ਦਾ ਅਧਿਐਨ ਕੀਤਾ ਹੈ, ਉਹ ਦਸਦੇ ਹਨ ਕਿ ਜਿੰਨੇ ਵੀ ਮੱਤ ਮਤਾਂਤਰ ਪੈਦਾ ਹੋਏ ਹਨ, ਇਹ ਸਾਰੇ ਸ਼ਾਸਤਰਾਂ ਦੇ ਅਧਾਰ ਤੇ ਹੋਏ ਹਨ। ਕਿਉਂਕਿ ਇਕ ਸ਼ਾਸਤਰ ਦੂਜੇ ਨਾਲ ਮੇਲ ਨਹੀਂ ਖਾਂਦਾ। ਦੂਜਾ ਤੀਜੇ ਨਾਲ ਤੇ ਤੀਜਾ ਚੌਥੇ ਨਾਲ ਮੇਲ ਨਹੀਂ ਖਾਂਦਾ। ਗਲਤ ਇਨ੍ਹਾਂ ਸ਼ਾਸਤਰਾਂ ਵਿਚੋਂ ਕੋਈ ਵੀ ਨਹੀਂ। ਸਾਰੇ ਸ਼ਾਸਤਰ ਸਹੀ ਹਨ। ਪਰ ਰਸਤੇ ਸਾਰਿਆਂ ਦੇ ਵੱਖ ਵੱਖ ਹਨ। ਹੁਣ ਸਾਰੀਆਂ ਨਦੀਆਂ ਇਕੋ ਰਸਤੇ ਤੋਂ ਸਮੁੰਦਰ ਤੱਕ ਨਹੀਂ ਪਹੁੰਚਦੀਆਂ। ਹੂ-ਬ-ਹੂ ਪ੍ਰਮਾਤਮਾ ਤੱਕ ਜਿਹੜਾ ਮਨੁੱਖ ਪਹੁੰਚਿਆ ਹੈ ਵੱਖ ਵੱਖ ਰਸਤਿਆਂ ਤੋਂ ਪਹੁੰਚਿਆ ਹੈ। ਜਿਹੜਾ ਰਸਤਾ ਕਿਸੇ ਨੂੰ ਚੰਗਾ ਲੱਗਾ ਉਹੀ ਰਸਤਾ ਉਸ ਨੇ ਚੁਣ ਲਿਆ। ਜਿਹੜਾ ਰਸਤਾ ਉਸ ਦੀ ਰੁਚੀ ਦੇ ਮੁਤਾਬਕ ਸੀ। ਉਹ ਦੇ ਸੁਭਾਅ ਦੇ ਮੁਤਾਬਕ ਸੀ, ਉਸ ਰਸਤੇ ਉਹ ਚਲ ਕੇ ਪ੍ਰਮਾਤਮਾ ਤੱਕ ਪਹੁੰਚਿਆ ਹੈ। ਰਸਤੇ ਚੂੰਕਿ ਅਲੱਗ ਅਲੱਗ ਹਨ, ਇਸ ਕਰਕੇ ਮੱਤ, ਮਤਾਂਤਰ, ਸੰਪਰਦਾਵਾਂ ਅਤੇ ਮਜ਼ਬ ਵੀ ਅਲੱਗ ਅਲੱਗ ਹਨ। ਧਰਮ ਹਮੇਸ਼ਾਂ ਤੋਂ ਇਕ ਹੀ ਹੈ। ਮਜ਼ਬ ਸੰਪਰਦਾਵਾਂ ਤੇ ਮੱਤ ਮਤਾਂਤਰ ਅਲੱਗ ਅਲੱਗ ਹਨ। ਇਸ ਕਰਕੇ ਇਨ੍ਹਾਂ ਮੱਤਾਂ ਤੇ ਮਜ਼ਬਾਂ ਦੀ ਦੁਨੀਆਂ ਵਿਚ ਝਗੜਾ ਹੈ। ਹਰ ਬੰਦਾ ਦਾਅਵਾ ਕਰਦਾ ਹੈ ਕਿ ਜਿਸ ਮਜ਼ਬ ਵਿਚ ਮੈਂ ਜਿਉ ਰਿਹਾ ਹਾਂ, ਉਹੀ ਮਜ਼ਬ ਵੱਡਾ ਤੇ ਚੰਗਾ ਹੈ। ਦਰਅਸਲ ਇਸ ਤਰ੍ਹਾਂ ਦੀ ਵਡਿਆਈ ਤੇ ਲੜਾਈ ਕਰਨ ਵਾਲੇ ਮਨੁੱਖਾਂ ਨੂੰ ਧਰਮ ਦੀ ਪੂਰਨ ਸਮਝ (ਸੂਝ) ਨਹੀਂ। ਉਹ ਮਜ਼ਬਾਂ, ਸੰਪਰਦਾਵਾਂ ਅਤੇ

ਮੱਤ ਮਤਾਂਤਰਾਂ ਦੇ ਸੌੜੇ ਦਾਇਰਿਆਂ ਵਿਚ ਬੱਝੇ ਹੋਏ ਹਨ। ਧਰਮ ਦਾ ਕੋਈ ਦਾਇਰਾ ਨਹੀਂ ਹੈ। ਧਰਮ ਪੂਰਨ ਸਵਤੰਤਰ ਹੈ। ਧਰਮ ਦਾ ਵਿਹੜਾ ਅਕਾਸ਼ ਜਿੰਨਾ ਵਿਸ਼ਾਲ ਹੈ। ਧਰਮ ਵਿਚ ਕੋਈ ਵੀ ਦਾਖ਼ਲ ਹੋ ਸਕਦਾ ਹੈ। ਗੁਰੂ ਨਾਨਕ ਦਾ ਧਰਮ, ਮਜ਼ਬ ਜਾਂ ਸੰਪਰਦਾ ਨਹੀਂ ਹੈ। ਗੁਰੂ ਨਾਨਕ ਸਾਹਿਬ ਜੀ ਮਹਾਰਾਜ ਜਦੋਂ ਇਸ ਰੂਹੇ ਜ਼ਮੀਨ ਤੇ ਆਏ ਤਾਂ ਆਪ ਸਾਰਿਆਂ ਨੂੰ ਨਾਲ ਲੈ ਕੇ ਚਲੇ ਤੇ ਸਾਰਿਆਂ ਦੇ ਨਾਲ ਚਲੇ। ਬੜੀ ਕੀਮਤੀ ਵਿਚਾਰ ਹੈ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਕਿ:-

ਵੱਖ ਵੱਖ ਜੋ ਇਹ ਮਜ਼ਬ ਹਨ, ਭੇਸ ਹਨ, ਸੰਪਰਦਾਵਾਂ ਹਨ। ਸਾਹਿਬ ਕਹਿੰਦੇ ਹਨ, ਸਾਰਿਆਂ ਵਿਚ ਇਕੋ ਹੀ ਜੋਤ ਹੈ। ਇਸ ਵਾਸਤੇ ਅਸੀਂ ਸਾਰਿਆਂ ਨੂੰ ਨਾਲ ਲੈ ਕੇ ਚਲਣਾ ਹੈ। ਸਾਰਿਆਂ ਦੇ ਨਾਲ ਚਲਣਾ ਹੈ। ਇਸ ਵਾਸਤੇ ਗੁਰੂ ਨਾਨਕ ਦੇ ਘਰ ਵਿਚ ਵੱਡੇ ਛੋਟੇ ਦਾ ਝਗੜਾ ਨਹੀਂ। ਅਮੀਰ ਗ਼ਰੀਬ ਊਚ ਨੀਚ ਸਭ ਝਗੜਾ ਖਤਮ ਕਰ ਦਿੱਤਾ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸ਼ੁਰੂਆਤ ਹੀ ਇਥੋਂ ਕੀਤੀ ਕਿ ਆਪਣੇ ਨਾਲ ਇਕ ਮੁਸਲਮਾਨ ਮਿਰਾਸੀ ਮਰਦਾਨਾ ਬਿਠਾ ਲਿਆ। ਇਕ ਹਿੰਦੂ ਬਾਲਾ ਬਿਠਾ ਲਿਆ। ਬਹੁਤ ਵੱਡੀ ਮਰਿਆਦਾ ਤਿਆਰ ਕੀਤੀ ਗੁਰੂ ਪਾਤਸ਼ਾਹ ਨੇ। ਮਜ਼ਬ ਦਾ ਭੇਦ ਭਾਵ ਹੀ ਮਿਟਾ ਦਿੱਤਾ।

ਦਰਅਸਲ ਧਰਮ ਦੀ ਪੂਰਨ ਸੋਝੀ ਨਾ ਹੋਣ ਕਰਕੇ ਧਰਮ ਦੇ ਨਾਮ ਤੇ ਬੜਾ ਖ਼ੂਨ ਖਰਾਬਾ ਹੋਇਆ ਹੈ। ਹੋ ਰਿਹਾ ਹੈ। ਜਰ ਜੋਰੂ ਜ਼ਮੀਨ ਦੇ ਨਾਮ ਤੇ ਇਨਾ ਖ਼ੂਨ ਨਹੀਂ ਡੁਲ੍ਹਿਆ ਜਿੰਨਾ ਕਿ ਧਰਮ ਦੇ ਨਾਮ ਤੇ ਜ਼ਮੀਨ ਤੇ ਖ਼ੂਨ ਡੁਲ੍ਹਿਆ ਹੈ।

ਯਹੂਦੀ ਮੁਸਲਮਾਨਾਂ ਨਾਲ ਲੜਦੇ ਰਹੇ ਹਨ। ਮੁਸਲਮਾਨ ਯਹੂਦੀਆਂ ਨਾਲ ਲੜਦੇ ਰਹੇ ਹਨ। ਸਦੀਆਂ ਤੋਂ ਲੜਦੇ ਆ ਰਹੇ ਹਨ। ਲੜਾਈ ਅਜੇ ਵੀ ਕੋਈ ਖ਼ਤਮ ਨਹੀਂ ਹੋਈ। ਅਸਰਾਈਲ ਅਤੇ ਅਰਬ ਦਾ ਝਗੜਾ ਅਜੇ ਵੀ ਕੋਈ ਝਗੜੇ ਖ਼ਤਮ ਨਹੀਂ ਹੋਇਆ। ਅਸਰਾਈਲ ਅਤੇ ਅਰਬ ਦਾ ਅਜੇ ਵੀ ਝਗੜਾ ਹੈ। ਦਰਅਸਲ ਅਰਬ ਅਸਰਾਈਲ ਦਾ ਝਗੜਾ ਨਹੀਂ ਬਲਕਿ ਯਹੂਦੀ ਮੁਸਲਮਾਨ ਦਾ ਝਗੜਾ ਹੈ। ਸ਼ੀਆ ਸੁੰਨੀ ਵੀ ਲੜਦੇ ਰਹੇ ਹਨ। ਈਸਾਈ ਯਹੂਦੀ ਵੀ ਲੜਦੇ ਰਹੇ ਹਨ। ਯਹੂਦੀਆਂ ਨੇ ਹੀ ਹਜ਼ਰਤ ਈਸਾ ਨੂੰ ਸਲੀਬ ਤੇ ਚੜ੍ਹਾਇਆ ਸੀ। ਜਿੰਨ੍ਹਾ ਨੇ ਈਸਾ ਨੂੰ ਸਜ਼ਾ ਦਿੱਤੀ, ਉਹ ਯਹੂਦੀ ਸਨ। ਯਹੂਦੀ ਘਰਾਣੇ ਵਿਚ ਹੀ ਈਸਾ ਨੇ ਜਨਮ ਲਿਆ ਸੀ। ਪਰ ਵਿਚਾਰ, ਯਹੂਦੀਆਂ ਨਾਲ ਮੇਲ ਨਹੀਂ ਖਾਂਦੇ ਸਨ। ਜਦੋਂ ਉਲਟ ਸਿਲਸਿਲਾ ਦੇਖਿਆ ਯਹੂਦੀਆਂ ਨੇ ਤਾਂ ਸੂਲੀ ਤੇ ਚਾੜ੍ਹ ਦਿੱਤਾ। ਇਸੇ ਹੀ ਤਰੀਕੇ ਨਾਲ ਮੁਸਲਮਾਨ ਹਿੰਦੁਸਤਾਨ ਵਿਚ ਹਿੰਦੂਆਂ ਉੱਪਰ ਜੋ ਜ਼ੁਲਮ ਕਰਦੇ ਰਹੇ, ਬੜਾ ਭਾਰੀ ਖ਼ੂਨ ਖਰਾਬਾ ਹੋਇਆ। ਇਹ

ਮਜ਼ੁਬ ਦੇ ਨਾਮ ਤੇ ਹੋਇਆ ਹੈ। ਇਹ ਧਰਮ ਦੀ ਸੂਝ ਨਾ ਹੋਣ ਕਾਰਨ ਹੋਇਆ ਹੈ।

ਬੜੀ ਦੂਰ ਦ੍ਰਿਸ਼ਟੀ ਨਾਲ ਗੁਰੂ ਨਾਨਕ ਦੇਵ ਜੀ ਨੇ ਦੇਖਿਆ ਪਈ ਧਰਮ ਤੇ ਮਜ਼ੁਬ ਨਾਲ ਜੋੜਨ ਵਾਸਤੇ। ਮਨ ਦੀ ਸ਼ਾਂਤੀ ਵਾਸਤੇ। ਪਰ ਧਰਮ ਦੇ ਨਾਮ ਤੇ ਬੜਾ ਖ਼ੂਨ ਖਰਾਬਾ ਹੋਇਆ ਹੈ। ਲਿਹਾਜਾ ਸਾਹਿਬਾਂ ਨੇ ਇਕ ਐਸੇ ਮਾਰਗ ਨੂੰ ਜਨਮ ਦਿੱਤਾ ਜਿਥੇ ਸਾਰੇ ਹੀ ਚਲ ਸਕਣ। ਤੇ ਸਾਰਿਆਂ ਨੂੰ ਨਾਲ ਲੈ ਕੇ ਚਲਿਆ ਜਾ ਸਕੇ। ਤਾਂਕਿ ਧਰਮ ਦੇ ਨਾਮ ਤੇ ਝਗੜਾ ਨਾ ਹੋਵੇ। ਸਭ ਤੋਂ ਵੱਡਾ ਸਬੂਤ ਹੈ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ! ਇਸ ਵਿਚ ਇਕ ਮੱਤ ਦੀ ਬਾਣੀ ਨਹੀਂ। ਸਗੋਂ ਮਜ਼ੁਬਾਂ ਤੇ ਮੱਤਾਂ ਦੀ ਕੋਈ ਮਹਾਨਤਾ ਹੀ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਕੋਈ ਇਕ ਮੱਤ ਦੇ ਭਗਤ ਨਹੀਂ ਬੈਠੇ- ਸੁਆਮੀ ਰਾਮਾ ਨੰਦ ਬੈਰਾਗੀ ਦੀ ਬਾਣੀ ਹੈ। ਭਗਤ ਜੈ ਦੇਵ ਜੀ ਦੀ ਬਾਣੀ ਹੈ ਜਿਹੜੇ ਵੈਸ਼ਨੌਂ ਸੰਪਰਦਾ ਨਾਲ ਤੁਅੱਲਕ ਰੱਖਦੇ ਸਨ। ਤ੍ਰਿਲੋਚਨ ਵੀ ਵੈਸ਼ਨੌਂ ਸਨ, ਸਧਨਾ, ਭੀਖਣ, ਬਾਬਾ ਫਰੀਦ ਇਹ ਸੂਫ਼ੀ ਸੰਪਰਦਾ (ਜੋ ਇਸਲਾਮ ਤੋਂ ਪੈਦਾ ਹੋਈ) ਨਾਲ ਸੰਬਧ ਰੱਖਦੇ ਸਨ।

ਸੋ ਇਹ ਬਹੁਤ ਵੱਡਾ ਸਬੂਤ ਹੈ ਕਿ ਗੁਰੂ ਨਾਨਕ ਦੇ ਘਰ ਦਾ ਪਹਿਲਾ ਨਿਯਮ ਹੈ ਕਿ ਸਾਰਿਆਂ ਦੇ ਨਾਲ ਚਲਣਾ ਹੈ ਤੇ ਸਾਰਿਆਂ ਨੂੰ ਨਾਲ ਲੈ ਕੇ ਚਲਣਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਵਾਲਾ ਇਹ ਨਹੀਂ ਕਹਿ ਸਕਦਾ ਕਿ ਮੈਂ ਗੁਰੂ ਨਾਨਕ ਨੂੰ ਮੱਥਾ ਟੇਕਣਾ ਹੈ ਤੇ ਮੁਸਲਮਾਨ ਸੂਫ਼ੀ ਬਾਬਾ ਫਰੀਦ ਕਿਉਂ ਨਾਲ ਬੈਠਾ ਹੈ।

ਸੋ ਧਰਮ ਦਾ ਜਨਮ ਹੀ ਇਸ ਵਾਸਤੇ ਹੈ ਕਿ ਬੰਦਾ ਰੱਬ ਨਾਲ ਜੁੜ ਸਕੇ। ਧਨ ਸੰਸਾਰ ਨਾਲ ਜੋੜਦਾ ਹੈ ਅਤੇ ਧਰਮ ਕਰਤਾਰ ਨਾਲ ਜੋੜਦਾ ਹੈ। ਧਨ ਦੇ ਸਹਾਰੇ ਬਾਹਰ ਦੇ ਸਰੀਰਕ ਜੀਵਨ ਵਿਚ ਤਬਦੀਲੀ ਆਉਂਦੀ ਹੈ। ਧਰਮ ਬੰਦੇ ਨੂੰ ਆਤਮਕ ਤੌਰ ਤੇ ਤਬਦੀਲ ਕਰਦਾ ਹੈ। ਧਰਮ ਇਕ ਅਨੁਭਵ ਪ੍ਰਕਾਸ਼ ਹੈ। ਧਰਮ ਅਨੁਸਾਰ ਜੀਉਣਾ ਆਪਣੀ ਅੱਖ ਨਾਲ ਦੇਖ ਕੇ ਜੀਊਣਾ ਹੈ। ਅੱਖ ਨਾ ਹੋਵੇ ਤਾਂ ਬੰਦਾ ਦੂਜਿਆਂ ਦੇ ਦਸੇ ਮਾਰਗ ਤੇ ਚਲਦਾ ਹੈ। ਦੂਜਿਆਂ ਤੇ ਹੀ ਵਿਸ਼ਵਾਸ ਕਰਦਾ ਹੈ। ਜੀਵਨ ਵਿਚ ਧਰਮ ਨਾ ਹੋਵੇ ਤਾਂ ਬੰਦਾ ਅੰਧ-ਵਿਸ਼ਵਾਸੀ ਹੋ ਜਾਂਦਾ ਹੈ। ਜਿਥੇ ਸਾਰਿਆਂ ਪਾਸਿਆਂ ਤੋਂ ਅੰਧੇ ਆ ਜਾ ਰਹੇ ਹੋਣ, ਉਥੇ ਆਪਸ ਵਿਚ ਟਕਰਾ ਵੀ ਹੋ ਸਕਦਾ ਹੈ। ਜਿਥੇ ਧਰਮ ਦੀ ਅੱਖ ਨਾ ਹੋਵੇ ਉਥੇ ਬਹੁਤ ਟਕਰਾਉ ਹੈ। ਜ਼ਿੰਦਗੀ ਟੁਟ ਰਹੀ ਹੈ।

ਕਿਸੇ ਸਮੇਂ ਬੰਦਾ ਕੁਦਰਤ ਦੇ ਅਸੂਲਾਂ ਵਿਚ ਜੀਊਂਦਾ ਸੀ। ਉਦੋਂ ਬੰਦੇ ਕੋਲ ਸੱਤ ਬਹੁਤ ਸੀ। ਸਤਵਾਦੀ ਸੀ। ਦਰਅਸਲ ਕੁਦਰਤ ਦੇ ਨਿਯਮ ਨੂੰ ਮੰਨਣਾ ਹੀ ਧਰਮ ਹੈ। ਪਰ ਸਹਿਜੇ ਸਹਿਜੇ ਬੰਦਾ ਕੁਦਰਤ ਦੇ ਉਲਟ ਚਲਣ ਲੱਗ ਪਿਆ। ਪਰ ਸਾਰੀ ਕੁਦਰਤ

ਨਿਯਮ ਵਿਚ ਹੀ ਚਲਦੀ ਹੈ। ਬੰਦਾ ਉਸ ਨਿਯਮ ਨੂੰ ਮੰਨਦਾ ਨਹੀਂ ਹੈ ਜਿਸ ਕਰਕੇ ਕੁਦਰਤ ਦੇ ਨਿਯਮ ਵਿਚ ਵਿਘਨ ਪਿਆ ਹੈ। ਜਦੋਂ ਵੇਦਾਂਤ ਦਾ ਜਨਮ ਹੋਇਆ ਉਦੋਂ ਕੁਦਰਤ ਦੇ ਨਿਯਮ ਬਿਲਕੁਲ ਨਿਸ਼ਚਿਤ ਸਨ। ਹਰ ਸਾਲ ਬਸੰਤ ਉਸੇ ਦਿਨ ਆਉਂਦੀ ਸੀ। ਜਿਸ ਦਿਨ ਸਦਾ ਆਉਂਦਾ ਸੀ। ਹਰ ਸਾਲ ਵਰਖਾ ਉਸੇ ਦਿਨ ਸ਼ੁਰੂ ਹੁੰਦੀ ਸੀ। ਜਿਸ ਦਿਨ ਸਦਾ ਹੁੰਦੀ ਰਹੀ ਸੀ। ਆਦਮੀ ਨੇ ਕੁਦਰਤ ਦੇ ਨਿਯਮ ਨੂੰ ਵਿਗਾੜ ਦਿੱਤਾ ਹੈ। ਇਸ ਲਈ ਹੁਣ ਰੁੱਤਾਂ ਵੀ, ਰੁੱਤਾਂ ਅਨੁਸਾਰ ਰੁੱਤਾਂ- ਨਹੀਂ ਰਹਿ ਗਈਆਂ। ਰਿੱਤ (ਰੁੱਤ) ਸ਼ਬਦ ਦਾ ਮਤਲਬ ਹੀ ਇਹ ਹੈ ਕਿ ਜੋ ਬਿਨਾਂ ਕਿਸੇ ਬਦਲਾਹਟ ਤੋਂ ਨਿਯਮ ਅਨੁਸਾਰ ਚਲਦੀਆਂ ਹਨ। ਇਕ ਅਨੁਸ਼ਾਸਨ ਸੀ। ਆਦਮੀ ਦੀ ਦਖਲ-ਅੰਦਾਜ਼ੀ ਦੇ ਕਾਰਨ ਸਭ ਅਸਤ-ਵਿਅਸਤ ਹੋ ਗਿਆ ਹੈ। ਰੁੱਤਾਂ (ਕੁਦਰਤ) ਨੇ ਆਪਣੀ ਪਗਡੰਡੀ ਛਡ ਦਿੱਤੀ ਹੈ ਹੁਣ ਪਛਮ ਵਿਚ ਇਸ ਉਤੇ ਬੜੀ ਚਿੰਤਾ ਪੈਦਾ ਹੋਈ ਹੈ। ਇਕ ਨਵਾਂ ਅੰਦੋਲਨ ਸ਼ੁਰੂ ਹੋਇਆ, "ਇਕੋਲਾਜੀ, ਉਹ ਕਹਿੰਦੇ ਹਨ ਕਿ ਕੁਦਰਤ ਨੂੰ ਕੁਦਰਤ ਉਤੇ ਹੀ ਛਡ ਦਿਓ। ਉਸ ਵਿਚ ਕਿਸੇ ਤਰ੍ਹਾਂ ਦੀ ਵੀ ਮਨੁੱਖੀ ਦਖਲ-ਅੰਦਾਜ਼ੀ ਖ਼ਤਰਨਾਕ ਹੈ। ਉਸ ਨਾਲ ਨਾ-ਕੇਵਲ ਕੁਦਰਤ ਦਾ ਨੁਕਸਾਨ ਹੋਵੇਗਾ ਬਲਕਿ ਮਨੁੱਖ ਦਾ ਅੰਤ ਵੀ ਨੇੜੇ ਹੈ।

ਵੇਦ ਨੇ ਜਦ ਮੌਸਮ ਦੇ ਪਰਿਵਰਤਨ ਨੂੰ ਰਿਤੂ ਕਿਹਾ, ਤਾਂ ਰਿੱਤੂ ਸ਼ਬਦ ਦੇ ਕਾਰਨ ਕਿਹਾ। ਰਿਤੂ ਦਾ ਅਰਥ ਹੁੰਦਾ ਹੈ ਨਾ ਬਦਲਿਆ ਹੋਇਆ ਨਿਯਮ। ਅਨਚੇਜਿੰਗ ਲਾ। ਜਿਸ ਨੂੰ ਲਾਉਤਸੇ ਨੇ ਭਾਓ ਕਿਹਾ ਹੈ।

ਕੁਦਰਤ ਦੇ ਨਿਯਮ ਨੂੰ ਜਾਨਣ ਦੀ ਜੋ ਵਿਧੀ ਹੈ, ਉਹ ਧਰਮ ਹੈ। ਕੁਦਰਤ ਦਾ ਜਿਹੜਾ ਗਹਿਰਾ ਅਨੁਸ਼ਾਸਨ ਹੈ (ਡਿਸਿਪਲਿਨ) ਹੈ, ਉਸ ਨੂੰ ਪਛਾਣ ਲੈਣ ਦੀ ਕਲਾ ਦਾ ਨਾਮ ਧਰਮ ਹੈ। ਬੋਧੀ ਲੋਕ ਧਰਮ ਸ਼ਬਦ ਨੂੰ ਧੱਮਮ ਕਹਿੰਦੇ ਹਨ। ਉਨ੍ਹਾਂ ਦਾ ਇਕ ਮੰਤਰ ਹੈ:-

"ਧੱਮਮ ਸਰਣਮ ਗੱਛਾਮੀ"

ਭਾਵ ਕਿ ਕੁਦਰਤ ਦੇ ਨਿਯਮ ਦੀ ਸ਼ਰਣ ਵਿਚ ਰਹੋ। ਆਪਣੇ ਆਪ ਨੂੰ ਛੱਡੋ ਅਤੇ ਉਸ ਧਰਮ ਦੀ ਸ਼ਰਣ ਵਿਚ ਰਹੋ। ਜਿਥੋਂ ਅਸੀਂ ਪੈਦਾ ਹੋਏ ਹਾਂ ਅਤੇ ਜਿਸ ਵਿਚ ਲੀਨ ਹੋ ਜਾਵਾਂਗੇ ਹੁਣ ਉਸ ਦੇ ਸਹਾਰੇ ਚੱਲੋ। ਸੱਚ ਨੂੰ ਜਾਨਣਾ ਹੀ ਉਹ ਨਿਯਮ (ਧਰਮ) ਹੈ। ਜੀਵਨ ਦੇ ਮੂਲ ਆਧਾਰ ਨੂੰ ਪਛਾਣ ਲੈਣਾ ਹੀ ਗੁਰੂ ਨਾਨਕ ਕਹਿੰਦੇ ਹਨ 'ਧਰਮ ਖੰਡ' ਹੈ। ਉਸ ਦਾ ਨਿਯਮ ਹੀ ਧਰਮ ਹੈ।

ਧਰਮ ਖੰਡ ਦਾ ਏਹੋ ਧਰਮੁ॥ (ਜਪੁ ਜੀ)

ਧਰਮ ਦੇ ਕਾਨੂੰਨ ਦੀ ਇਹੀ ਮਰਿਆਦਾ ਹੈ ਕਿ ਜੋ ਕੁਝ ਉਸ ਦੇ ਨਿਯਮ ਵਿਚ ਹੋ ਰਿਹਾ ਹੈ। ਉਹ ਉਹੀ ਕਰ ਸਕਦਾ ਹੈ। ਅਸੀਂ ਸੋਚ ਵੀ ਨਹੀਂ ਸਕਦੇ। ਉਸ ਦੇ ਨਿਯਮ ਵਿਚ ਦਖਲ-ਅੰਦਾਜ਼ੀ ਹੀ ਉਲੰਘਣਾ ਹੈ। ਬੰਦਾ ਖਾਣਾ ਖਾਂਦਾ ਹੈ ਫਿਰ ਉਸ ਨੂੰ ਪਚਾਉਣ ਲਈ ਤਾਂ ਬੰਦਾ ਨਹੀਂ ਸੋਚਦਾ। ਉਹ ਖਾਣਾ ਤਾਂ ਉਸ ਦੀ ਮਰਿਆਦਾ ਅਨੁਸਾਰ ਆਪੇ ਹੀ ਪਚ ਜਾਂਦਾ ਹੈ। ਕਿਸੇ ਦਿਨ ਬੰਦਾ ਕੋਸ਼ਿਸ਼ ਕਰਕੇ ਵੇਖ ਲਵੇ। ਭੋਜਨ ਕਰ ਲਿਆ ਹੈ। ਫਿਰ ਬੰਦਾ ਸੋਚੇ ਕਿ ਹੁਣ ਸਰੀਰ ਕਿਵੇਂ ਪਚਾਵੇਗਾ। ਫਿਰ ਚੌਵੀ ਘੰਟੇ ਪੇਟ ਦਾ ਖ਼ਿਆਲ ਰੱਖੇ ਕਿ ਪਚ ਰਿਹਾ ਹੈ ਕਿ ਨਹੀਂ ਪਚ ਰਿਹਾ ਹੈ? ਉਸੇ ਦਿਨ ਹੀ ਬਦਹਜ਼ਮੀ ਹੋ ਜਾਏਗੀ। ਜਿਉਂ ਜਿਉਂ ਹੀ ਵੀਚਾਰ ਅਚੇਤਨ ਨਿਯਮ ਵਿਚ ਰੁਕਾਵਟ ਪਾਉਂਦੇ ਹਨ, ਉਦੋਂ ਹੀ ਉਪੱਦਰ ਮਚ ਜਾਂਦਾ ਹੈ। ਬੰਦਾ ਰੋਜ਼ ਸ਼ਾਮ ਨੂੰ ਸੌਂਦਾ ਹੈ। ਇਕ ਦਿਨ ਸੌਣ ਵੇਲੇ ਸੋਚ ਕੇ ਸੌਂਵੇਂ ਕਿ ਮੈਂ ਕਿਵੇਂ ਸੌਂਦਾ ਹਾਂ। ਕਿਸ ਤਰ੍ਹਾਂ ਨੀਂਦ ਆਉਂਦੀ ਹੈ? ਵਿਚਾਰ ਕਰੋ ਉਸ ਦਿਨ ਨੀਂਦ ਉਡ ਜਾਏਗੀ। ਇਸ ਲਈ ਜ਼ਿਆਦਾ ਸੋਚਣ ਵਾਲਿਆਂ ਬੰਦਿਆਂ ਨੂੰ ਅਨੀਂਦੇ ਦੀ ਬੀਮਾਰੀ ਹੁੰਦੀ ਹੈ। ਜੀਵਨ ਤਾਂ ਚਲ ਹੀ ਰਿਹਾ। ਦਰਖ਼ਤ ਫੁੱਲ ਨੂੰ ਖਿੜਾਉਂਦੇ ਸਮੇਂ ਸੋਚਦਾ ਥੋੜ੍ਹੀ ਹੈ, ਕਿ ਕਦੋਂ ਖਿੜਾਵਾਂ। ਨਦੀਆਂ ਸਾਗਰ ਵਲ ਵਗਦੀਆਂ ਹਨ। ਉਨ੍ਹਾਂ ਨੂੰ ਕੋਈ ਦਿਸ਼ਾ ਬੋਧ ਨਹੀਂ? ਉਨ੍ਹਾਂ ਦੇ ਕੋਲ ਕੋਈ ਨਕਸ਼ਾ ਨਹੀਂ ਕਿ ਮਾਰਗ ਕਿਥੇ ਹੈ? ਪਰ ਇਕ ਸੈਭੰ ਨਿਯਮ ਉਨ੍ਹਾਂ ਨੂੰ ਸਾਗਰ ਵਲ ਲਈ ਜਾਂਦਾ ਹੈ।

ਇਹ ਇੰਨਾ ਵਿਰਾਟ ਜਗਤ ਚਲ ਰਿਹਾ ਹੈ। ਆਪਣੇ ਆਪ ਚਲ ਰਿਹੈ ਸੈਭੰ॥ ਇਸ ਵਿਰਾਟ ਜਗਤ ਵਿਚ ਕਿਤੇ ਵੀ ਕੋਈ ਗ਼ਲਤੀ ਨਹੀਂ ਹੋ ਰਹੀ। ਕੋਈ ਭੁਲ ਚੁਕ ਨਹੀਂ ਸਭ ਬਿਲਕੁਲ ਠੀਕ ਹੈ। ਸਿਰਫ਼ ਆਦਮੀ ਗ਼ਲਤ ਹੈ। ਕਿਉਂਕਿ ਆਦਮੀ ਨਿਯਮ ਨਾਲ ਨਹੀਂ ਚਲਦਾ। ਆਦਮੀ ਆਪਣੀ ਵਿਚਾਰ ਨਾਲ ਚਲਦਾ ਹੈ। ਇਨ੍ਹਾਂ ਵਿਚਾਰਾਂ ਦੇ ਰਾਹ ਵਿਚ ਹੀ ਜੀਵਨ ਦੇ ਨਿਯਮ (ਧਰਮ) ਦੀ ਸਿਧੀ ਲਕੀਰ ਉਲਝ ਜਾਂਦੀ ਹੈ। ਗੁਆਚ ਜਾਂਦੀ ਹੈ। ਨਿਰ ਵਿਚਾਰ ਨਾਲ ਚਲਣਾ ਠੀਕ ਹੈ। ਨਿਰ ਵਿਚਾਰ ਨਾਲ ਜਿਹੜਾ ਜਿਊਣ ਲੱਗਾ, ਉਹ ਹੀ ਧਰਮ ਵਿਚ ਰਹੇਗਾ।

ਧਰਮ ਕੋਈ ਬੁਧੀ ਦਾ ਗਿਆਨ ਨਹੀਂ। ਧਰਮ ਦੀ ਖੋਜ ਤਾਂ ਬੁੱਧੀ ਤੋਂ ਥੱਕ ਗਏ ਹੋਏ ਇਨਸਾਨ ਦੀ ਹੈ, ਜਿਹੜਾ ਬੁੱਧੀ ਤੋਂ ਪ੍ਰੇਸ਼ਾਨ ਹੋ ਗਿਆ ਹੈ। ਜਿਸ ਨੇ ਆਪਣੇ ਵਲੋਂ ਸਾਰੇ ਹੱਥ ਪੈਰ ਮਾਰ ਲਏ ਅਤੇ ਨਤੀਜਾ ਕੁਝ ਵੀ ਨਾ ਨਿਕਲਿਆ। ਉਸ ਆਦਮੀ ਦੀ ਖੋਜ ਹੈ; ਧਰਮ।

ਡਾ. ਸਰ ਮੁਹੰਮਦ ਇਕਬਾਲ ਦਾ ਕਹਿਣਾ ਹੈ ਕਿ ਜੀਵਨ ਵਿਚ ਧਰਮ ਦਾ ਪ੍ਰਕਾਸ਼ ਹੋਣਾ ਹੋਰ ਗੱਲ ਹੈ। ਜੋ ਆਤਮਾ ਦੀ ਤੜਪ ਹੈ ਉਹ ਧਰਮ ਪ੍ਰਾਪਤੀ ਦੀ ਤੜਪ

ਹੈ ਪਰ ਜੋ ਦਿਮਾਗ ਜਾਂ ਬੁੱਧੀ ਦੀ ਭੁਖ ਹੈ ਉਹ ਇਲਮ ਹੈ। (ਵਿਦਿਆ) ਨਾਲ ਦੌਲਤ ਪ੍ਰਾਪਤ ਕਰ ਸਕਦਾ ਹੈ ਬੰਦਾ। ਬੁਧੀ (ਵਿਦਿਆ) ਨਾਲ ਸ਼ਕਤੀ ਵੀ ਹਾਸਲ ਹੁੰਦੀ ਹੈ। ਅਕਸਰ ਇਕ ਵਕੀਲ ਕੋਲ, ਡਾਕਟਰ ਕੋਲ, ਫਿਲਾਸਫਰ ਕੋਲ ਤੇ ਹੋਰ ਵਿਦਵਾਨਾਂ ਕੋਲ ਜਿਹੜੀ ਸ਼ਕਤੀ ਹੈ ਉਹ ਬੋਧਕ ਹੈ। ਇਲਮ ਦੀ ਸ਼ਕਤੀ ਹੈ। ਇਹ ਤਾਕਤ ਇਕ ਅਨਪੜ੍ਹ ਬੰਦੇ ਕੋਲ ਨਹੀਂ ਹੋ ਸਕਦੀ। ਇਸ ਸ਼ਕਤੀ ਕਰਕੇ ਹੀ, ਵਕੀਲ, ਡਾਕਟਰ ਫਿਲਾਸਫਰ ਅਤੇ ਵਿਦਵਾਨ ਦੀ ਦੁਨੀਆਂ ਕਦਰ ਕਰਦੀ ਹੈ। ਬੁਧੀਮਾਨਾਂ ਕੋਲ ਧਨ, ਸ਼ਕਤੀ ਅਤੇ ਇੱਜ਼ਤ ਹੈ ਪਰ ਧਰਮ ਇਕ ਖੁਸ਼ੀ ਹੈ। ਇਹ ਜੀਵਨ ਹੋਰ ਹੈ:-

ਜ਼ਿੰਦਗੀ ਔਰ ਸ਼ੈਅ ਹੈ, ਇਲਮ ਹੈ ਔਰ ਸ਼ੈ॥
ਜ਼ਿੰਦਗੀ ਸੋਹਜੇ ਜਿਗਰ ਹੈ॥

ਧਰਮ ਆਤਮਾ ਦਾ ਸੁਹੱਪਣ ਹੈ। ਆਤਮਾ ਦਾ ਅਨੰਦ ਹੈ। ਪਰ ਇਲਮ ਸੋਹਜੇ ਦਿਮਾਗ਼= ਬੁੱਧੀ (ਵਿਦਿਆ) ਦਿਮਾਗ਼ ਦਾ ਸੁਹੱਪਣ ਹੈ। ਦਿਮਾਗ਼ (ਬੁੱਧੀ) ਦੀ ਸ਼ਕਤੀ ਹੈ।

ਇਲਮ ਮੇਂ ਦੌਲਤ ਭੀ ਹੈ, ਕੁਦਰਤ ਭੀ ਹੈ, ਲਜ਼ਤ ਭੀ ਹੈ,
ਏਕ ਮੁਸ਼ਕਲ ਹੈ ਕਿ ਹਾਥ ਆਤਾ ਨਹੀਂ ਅਪਨਾ ਸੁਰਾਗ॥

(ਬੁੱਧੀ) ਦੇ ਇਲਮ ਧਨ, ਸ਼ਕਤੀ ਤੇ ਮਾਣ ਪ੍ਰਤਿਸ਼ਠਤਾ ਸਭ ਕੁਝ ਹੈ ਪਰ ਇਹ ਮੁਸ਼ਕਲ ਹੈ ਕਿ ਇਕ ਬੜੀ ਤੇਜ਼ ਬੁੱਧੀ ਰੱਖਣ ਵਾਲਾ ਆਪਣੇ ਮੂਲ ਦਾ ਸੁਰਾਗ ਵੀ ਜਾਣਦਾ ਹੋਵੇ। ਜੇ ਜਾਣਦਾ ਹੈ ਤਾਂ ਉਹ ਬੁੱਧੀ ਤੋਂ ਅੱਗੇ ਨਿਕਲ ਗਿਆ ਹੋਵੇਗਾ।

ਅਹਿਲਿ ਦਾਨਿਸ਼ ਆਮ ਹੈ, ਕਾਮਯਾਬ ਹੈ ਅਹਿਲਿ ਯਕੀਂ॥

ਬਹੁਤ ਬੁਧੀਮਾਨ ਦਾਨਸ਼ਮੰਦ ਪੁਰਸ਼ ਆਮ ਹਨ। ਧਰਮ ਪ੍ਰਾਪਤੀ ਤਾਂ ਵਿਸ਼ਵਾਸ (ਯਕੀਨ ਪਾਤਰ) ਨੂੰ ਹੁੰਦੀ ਹੈ।

(ਫਿਰ) ਕਿਆ ਤਾਅਜ਼ਬ ਹੈ ਕਿ ਖਾਲੀ ਰਹਿ ਗਿਆ ਡੇਰਾ ਅੱਯਾਗ।

ਫਿਰ ਇਕਬਾਲ ਸਾਹਿਬ ਸਵਾਲ ਕਰਕੇ ਪੁੱਛ ਰਹੇ ਹਨ ਕਿ ਫਿਰ ਭੀ ਕੀ ਕਾਰਨ ਹੈ ਕਿ ਇਨੀ ਵਿਦਿਆ ਪ੍ਰਾਪਤ ਕਰਕੇ ਵੀ ਮੇਰਾ ਦਿਮਾਗ਼ ਦਾ ਕਟੋਰਾ ਅੰਮ੍ਰਿਤ (ਧਰਮ) ਤੋਂ ਖਾਲੀ ਰਹਿ ਗਿਆ ਹੈ। ਆਪਣੇ ਸਵਾਲ ਦਾ ਉੱਤਰ ਵੀ ਆਪ ਹੀ ਕਰ ਰਹੇ ਹਨ ਕਿ:-

ਇਲਮ ਕੀ ਹੱਦ ਸੇ ਪਰੇ ਬੰਦਾ ਇ ਮੋਮਨਾ ਕੇ ਲਿਏ॥
ਲਜ਼ਤ ਸ਼ੌਕ ਭੀ ਹੈ, ਨੇਮਤਿ ਦੀਦਾਰ ਭੀ ਹੈ॥

ਬੁੱਧੀ (ਵਿਦਿਆ) ਦੀ ਹੱਦ ਤੋਂ ਅੱਗੇ ਬੰਦਾ ਰੱਬੀ ਬੰਦਾ ਹੈ। ਜਿਥੇ ਪ੍ਰੇਮ ਰਸ ਵੀ

ਹੈ। ਅਤੇ ਪੂਰਨ ਬ੍ਰਹਮ ਦੇ ਦਰਸ਼ਨ ਵੀ ਹਨ। ਧਰਮ ਦਰਸ਼ਨ ਵੀ ਹਨ।

ਬੰਦਾ ਜਦੋਂ ਧਰਮ ਦੇ ਘੇਰੇ ਵਿਚ ਰਹਿੰਦਾ ਹੈ ਤਾਂ ਬੰਦੇ ਕੋਲੋਂ ਵੀ ਕੁਝ ਗ਼ਲਤ ਹੋ ਜਾਂਦਾ ਹੈ। ਕਿਉਕਿ ਧਰਮ ਇਕ ਨਿਯਮ ਹੈ ਤੇ ਗ਼ਲਤ ਕਰਨਾ ਜਾਣਦਾ ਹੀ ਨਹੀਂ ਜਦ ਬੰਦੇ ਕੋਲੋਂ ਸਭ ਠੀਕ ਠੀਕ ਹੋਣ ਲੱਗਦਾ ਹੈ ਤਾਂ ਪਰਮ ਸੁਖ ਅਨੁਭਵ ਹੁੰਦਾ ਹੈ। ਠੀਕ ਦੇ ਅਰਥ ਹੀ ਇਹੋ ਹਨ ਕਿ ਜਦ ਬੰਦੇ ਕੋਲੋਂ ਸਭ ਠੀਕ ਹੋਵੇਗਾ ਤਾਂ ਬੰਦੇ ਦੇ ਚਾਰੇ ਪਾਸੇ ਸੁਖ ਦੀ ਸੁਗੰਧ ਹੋਵੇਗੀ। ਮਨੁੱਖ ਦਾ ਸੁਖੀ ਹੋਣਾ ਉਸ ਦੇ ਸ਼ੁਭ ਹੋਣ ਦੀ ਖ਼ਬਰ ਹੈ। ਜਦੋਂ ਹੀ ਕੁਝ ਗ਼ਲਤ ਹੋਵੇਗਾ ਤਾਂ ਬੰਦੇ ਉੱਪਰ ਦੁਖ ਦੀ ਪ੍ਰਛਾਇਆ ਹੋਵੇਗੀ। ਦੁਖ ਨੂੰ ਸਜ਼ਾ ਨਹੀਂ ਸਮਝਣਾ ਚਾਹੀਦਾ। ਪ੍ਰਭੂ ਕੋਈ ਸਜ਼ਾ ਨਹੀਂ ਦੇ ਰਿਹਾ, ਦੁਖ ਮਰਿਆਦਾ (ਧਰਮ) ਤੋਂ ਖਿਡ਼ਕੇ ਹੋਏ ਹੋਣ ਦੀ ਖ਼ਬਰ ਹੈ। ਜਿੰਨੇ ਧਰਮ ਤੋਂ ਗ਼ਲਤ ਹੁੰਦੇ ਜਾਵਾਂਗੇ, ਉਨੀ ਹੀ ਪੀੜਾ ਵਧਦੀ ਜਾਵੇਗੀ। ਜਿਵੇਂ ਕੋਈ ਸਿੱਧੇ ਰਸਤੇ ਤੋਂ ਖਿਡ਼ਕ ਕੇ ਜੰਗਲ ਦੇ ਰਸਤੇ ਪੈ ਜਾਏ। ਕੰਡੇ ਚੁੱਭਣ ਲੱਗਣ ਤਾਂ ਇਹ ਪੀੜਾ ਸਮਝ ਲੈਣਾ ਕਿ ਮਾਰਗ ਤੋਂ ਭਟਕਣ ਦੀ ਹੈ। ਕੰਡੇ ਕੋਈ ਸਜ਼ਾ ਨਹੀਂ ਹੈ ਬਲਕਿ ਜਿਥੋਂ ਮਨੁੱਖ ਤੁਰਨਾ ਸ਼ੁਰੂ ਹੋ ਗਿਆ ਹੈ ਉਹ ਰਸਤਾ ਹੀ ਨਹੀਂ ਹੈ। ਬਸ ਧਰਮ ਮਾਰਗ ਤੇ ਠੀਕ ਤਰ੍ਹਾਂ ਨਾਲ ਆ ਜਾਂਦਾ ਹੈ ਤਾਂ ਕੰਡੇ ਚੁਭਣੇ ਆਪਣੇ ਆਪ ਬੰਦ ਹੋ ਜਾਂਦੇ ਹਨ। ਕੰਡੇ ਤਾਂ ਗ਼ਲਤ ਰਸਤੇ ਵਿਚ ਸਨ।

ਜਦੋਂ ਕੋਈ ਕੰਧ ਵਿਚ ਟਕਰਾ ਜਾਏ ਤਾਂ ਸੱਟ ਲੱਗਣਾ ਸੁਭਾਵਕ ਹੈ। ਪਰ ਕੰਧ ਕਿਸੇ ਨੂੰ ਸਜ਼ਾ ਨਹੀਂ ਦੇ ਰਹੀ। ਕੰਧ ਨੂੰ ਕਿਸੇ ਨਾਲ ਕੀ ਮਤਲਬ ਹੈ? ਜਦੋਂ ਕੋਈ ਦਰਵਾਜ਼ਾ ਲਭ ਲੈਂਦਾ ਹੈ ਤਾਂ ਸੱਟ ਕੋਈ ਬਾਹਰ ਨਹੀਂ ਨਿਕਲ ਜਾਂਦੀ ਬਲਕਿ ਬੰਦਾ ਹੀ ਬਾਹਰ ਨਿਕਲ ਜਾਂਦਾ ਹੈ।

ਬਸ ਇਸੇ ਤਰ੍ਹਾਂ ਹੀ ਹੈ। ਜਿੰਨੀ ਦੇਰ ਤਕ ਬੰਦਾ ਧਰਮ (ਨਿਯਮ) ਨੂੰ ਪਛਾਣ ਨਹੀਂ ਲੈਂਦਾ ਤਦ ਤਕ ਕੰਧਾਂ ਨਾਲ ਹੀ ਟਕਰਾਓ ਹੁੰਦਾ ਹੈ। ਅੱਜ ਦੀ ਮਨੁੱਖਤਾ ਕਿੰਨੀ ਦੁਖੀ ਹੈ। ਕਿੰਨੇ ਜ਼ਖ਼ਮ ਹਨ ਮਨੁੱਖਤਾ ਨੂੰ। ਇਨਸਾਨ ਦੁਖੀ ਹੋਇਆ ਬੈਠਾ ਹੈ। ਇਹ ਨਹੀਂ ਕਿ ਮਨੁੱਖ ਕੋਲ ਸੁਖ ਦੇ ਸਾਧਨ ਨਹੀਂ ਹਨ? ਬਲਕਿ ਸੁਖਾਂ ਦੇ ਸਾਧਨਾਂ ਨਾਲ ਘਰ ਭਰੇ ਪਏ ਹਨ। ਬੰਦਾ ਹੀ ਸੁਖੀ ਨਹੀਂ ਹੋ ਰਿਹਾ। ਕਾਰਨ ਕਿ ਬੰਦਾ ਮਾਰਗ (ਧਰਮ) ਛਡ ਕੇ ਚਲ ਰਿਹਾ ਹੈ। ਦੁਖ ਕੋਈ ਸਜ਼ਾ ਨਹੀਂ ਹੈ ਸਗੋਂ ਬੰਦਾ ਆਪਣਾ ਕੀਤਾ ਹੀ ਪਾ ਰਿਹਾ ਹੈ। ਬੰਦਾ ਦੁਖੀ ਹੋਵੇ ਤਾਂ ਸਮਝ ਲੈਣਾ ਕਿ ਕੁਦਰਤ ਨਾਲੋਂ ਕਿਤੇ ਟੁਟ ਗਿਆ ਹੈ। ਜਦ ਵੀ ਕੋਈ ਬੀਮਾਰੀ ਪਕੜਦੀ ਹੈ ਤਾਂ ਉਸ ਦਾ ਅਰਥ ਹੈ ਕਿ ਬੰਦਾ ਪ੍ਰਕ੍ਰਿਤੀ ਤੋਂ ਇਧਰ ਉਧਰ ਗਿਆ ਹੈ। ਬੀਮਾਰੀ ਕੇਵਲ ਖ਼ਬਰ ਦੇਂਦੀ ਹੈ, ਖ਼ਬਰ ਹੋਣਾ ਲਾਭ ਵਿਚ ਹੈ, ਵਰਨਾ ਬੰਦਾ ਕਦੇ ਮਾਰਗ ਤੇ ਆ ਹੀ ਨਹੀਂ ਸਕਦਾ ਭਟਕਦਾ ਹੀ ਚਲਾ ਜਾਏਗਾ। ਦੁਖ ਤੋਂ ਬਿਨਾਂ

ਜਾਣਿਆ ਹੀ ਨਹੀਂ ਜਾ ਸਕਦਾ ਕਿ ਅਸੀਂ ਮਾਰਗ ਤੋਂ ਹਟੇ ਹਾਂ। ਦੁਖ ਮਾਰਗ ਵਲ ਨੂੰ ਪਰਤਾਉਂਦਾ ਹੈ। ਦੁਖ ਵਿਚ ਪ੍ਰਮਾਤਮਾ ਦੀ ਯਾਦ ਆਉਂਦੀ ਹੈ। ਸੁਖ ਵਿਚ ਹੰਕਾਰ ਵਸ ਹੋ ਸਕੀਦਾ ਹੈ। ਸੁਖ ਵੇਲੇ ਬੰਦਾ ਭੁਲਦਾ ਹੈ। ਦੁਖ ਦਾ ਇਕੋ ਹੀ ਅਰਥ ਹੈ ਕਿ ਧਰਮ ਤੋਂ ਕਿਤੇ ਡਗਮਗਾ ਗਏ ਹਾਂ, ਦੁਖ ਵੇਲੇ ਕੋਈ ਦੋਸ਼ੀ ਨਹੀਂ ਹੈ ਅਤੇ ਨਾ ਹੀ ਪ੍ਰਮਾਤਮਾ ਤੇ ਸ਼ਿਕਾਇਤ ਹੋ ਸਕਦੀ ਹੈ। ਇਸ ਨੂੰ ਇਕ ਖਬਰ ਹੀ ਸਮਝ ਲੈਣਾ ਚਾਹੀਦਾ ਹੈ। ਫਿਰ ਖੋਜ ਕਰਨੀ ਚਾਹੀਦੀ ਹੈ ਕਿ ਕੁਦਰਤ ਨਾਲੋਂ ਕਿਥੋਂ ਵਿਪਰੀਤ (ਵਿਰੁੱਧ) ਚਲੇ ਹਾਂ। ਕੁਦਰਤ ਦੇ ਅਨਕੂਲ ਹੋਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕੁਦਰਤ ਦੇ ਅਨੁਸਾਰ ਚਲਣਾ ਹੀ ਧਰਮ ਹੈ।

ਧਰਮ ਖੰਡ ਕਾ ਏਹੋ ਧਰਮੁ॥
ਧਰਮ ਦੀ ਪਛਾਣ ਹੀ ਗਿਆਨ ਹੈ॥

(ਜਪੁਜੀ)

ਧਰਮ ਮੌਜੂਦ ਹੈ, ਪਰ ਅੱਖਾਂ ਬੰਦ ਹਨ। ਸੂਰਜ ਤਾਂ ਨਿਕਲਿਆ ਹੈ ਪਰ ਅੱਖ ਬੰਦ ਹੋਣ ਕਾਰਨ ਹੀ ਦਿਸਦਾ ਨਹੀਂ। ਪ੍ਰਕਾਸ਼ ਤਾਂ ਅੱਖ ਦਾ ਵਿਸ਼ਾ ਹੈ ਧਰਮ ਤਾਂ ਪਹਿਲਾਂ ਤੋਂ ਚਲ ਰਿਹਾ ਹੈ। ਬੰਦਾ ਹੀ ਦੂਰ ਹਟਿਆ ਹੋਇਆ ਹੈ। ਵਾਪਸ ਪਰਤ ਆਉਣ ਦਾ ਨਾਮ ਗਿਆਨ ਹੈ। ਹਰ ਮਨੁੱਖ ਨੂੰ ਮਾਰਗ (ਧਰਮ) ਦੀ ਤਰਫ ਪਰਤਣਾ ਚਾਹੀਦਾ ਹੈ। ਕਿਉਂਕਿ ਮਨੁੱਖ ਵਿਚ ਇਹ ਯੋਗਤਾ ਹੈ ਕਿ ਜੇਕਰ ਉਹ ਦੂਰ ਜਾ ਸਕਦਾ ਹੈ ਤਾਂ ਨੜੇ ਵੀ ਉਹ ਆ ਸਕਦਾ ਹੈ। ਬਲਕਿ ਬੰਦੇ ਅੰਦਰ ਤਾਂ ਇੰਨੀ ਸੰਭਾਵਨਾ ਹੈ ਕਿ ਧਰਮ ਤੇ ਚਲ ਕੇ ਬੰਦਾ ਹੀ ਰੱਬ ਹੋ ਸਕਦਾ ਹੈ। ਪਰ ਪਸ਼ੂਆਂ ਕੋਲ ਧਰਮ ਲਈ ਕੋਈ ਯੋਗਤਾ ਨਹੀਂ ਹੈ। ਪੌਦਿਆਂ ਤੇ ਪੰਛੀਆਂ ਵਿਚ ਕੋਈ ਧਰਮ ਨਹੀਂ ਹੈ। ਕਿਉਂਕਿ ਉਹ ਦੂਰ ਨਹੀਂ ਜਾ ਸਕਦੇ। ਜੋ ਦੂਰ ਜਾ ਰਿਹਾ ਹੈ ਉਹੀ ਨੇੜੇ ਆ ਸਕਦਾ ਹੈ। ਪਸ਼ੂ-ਪੰਛੀਆਂ ਵਿਚ ਇਹ ਬੋਧ ਹੀ ਨਹੀਂ ਕਿ ਉਹ ਭਟਕ ਸਕਣ। ਉਹ ਜੋ ਕੁਝ ਜੀਵਨ ਜੀਉ ਰਹੇ ਹਨ, ਉਹ ਕੁਦਰਤੀ ਜਿਉ ਰਹੇ ਹਨ। ਇਕ ਗਊ ਘਾਸ ਹੀ ਖਾ ਸਕਦੀ ਹੈ। ਭੁਖੀ ਵੀ ਮਰ ਜਾਏ ਤਾਂ ਮਾਸ ਨਹੀਂ ਖਾ ਸਕਦੀ। ਇਕ ਸ਼ੇਰ ਮਾਸ ਹੀ ਖਾ ਸਕਦਾ ਹੈ। ਭੁਖਾ ਵੀ ਮਰ ਜਾਏ ਤਾਂ ਵੀ ਘਾਸ ਨੂੰ ਮੂੰਹ ਨਹੀਂ ਲਾਵੇਗਾ। ਉਸ ਵਿਚ ਇਹ ਬੋਧ ਹੀ ਨਹੀਂ ਹੈ। ਪਰ ਬੰਦਾ ਹੈ, ਇਹ ਕੁਦਰਤੀ ਨਹੀਂ ਜੀਉਂਦਾ ਬਲਕਿ ਬੋਧ ਰੱਖਦਾ ਹੈ। ਇਹ ਮਾਸ ਘਾਸ ਸਭ ਕੁਝ ਖਾਂਦਾ ਹੈ, ਬੰਦੇ ਵਿਚ ਇਹ ਬੋਧ ਹੈ ਕਿ ਉਹ ਕੁਦਰਤ ਤੋਂ ਦੂਰ ਵੀ ਜਾ ਸਕਦਾ ਹੈ ਤੇ ਨੇੜੇ ਵੀ ਆ ਸਕਦਾ ਹੈ। ਪਸ਼ੂ ਪੰਛੀ ਨਾ ਹੀ ਭਟਕਦੇ ਹਨ ਅਤੇ ਨਾ ਹੀ ਇਹ ਯੋਗਤਾ ਰੱਖਦੇ ਹਨ ਕਿ ਉਹ ਕੁਦਰਤ ਵਿਚ ਲੀਨ ਹੀ ਹੋ ਸਕਣ। ਉਨ੍ਹਾਂ ਕੋਲ ਬੋਧ ਹੀ ਨਹੀਂ ਹੈ।

ਸੋ ਪਸ਼ੂ ਹਨ, ਉਹ ਭਟਕ ਨਹੀਂ ਸਕਦੇ। ਇਹ ਕੋਈ ਸੋਭਾ ਵਾਲੀ ਗੱਲ ਨਹੀਂ ਕਿ ਉਹ ਭਟਕਦੇ ਨਹੀਂ ਹਨ। ਇਹ ਮਜ਼ਬੂਰੀ ਹੈ ਕਿ ਉਹ ਬੋਧ ਹੀ ਨਹੀਂ ਰੱਖਦੇ, ਭਟਕ ਸਕਣ ਦਾ। ਸਧਾਰਨ ਮਨੁੱਖ ਕੋਲ ਕੁਝ ਬੋਧ ਹੈ, ਉਸ ਬੋਧ ਦੇ ਕਰਕੇ ਹੀ ਕੁਦਰਤੀ ਨਿਯਮਾਂ ਦੀ ਉਲੰਘਣਾ ਕਰਦਾ ਹੈ। ਪਰ ਕੁਝ ਐਸੇ ਵੀ ਬੁਧ ਪੁਰਸ਼ ਹਨ, ਗੁਰੂ ਨਾਨਕ, ਕਬੀਰ, ਫਰੀਦ, ਨਾਮਦੇਵ, ਰਵਿਦਾਸ ਆਦਿ। ਉਨ੍ਹਾਂ ਕੋਲ ਪਰਮਹੋਸ਼ ਹੈ। ਉਹ ਕੁਦਰਤ ਨੂੰ ਅਨੁਭਵ ਦੀ ਅੱਖ ਨਾਲ ਦੇਖਦੇ ਹਨ। ਉਹ ਨਿਰਾ ਕੁਦਰਤ ਦੇ ਨਿਯਮਾਂ ਦੀ ਪਾਲਣਾ ਹੀ ਨਹੀਂ ਕਰਕੇ ਬਲਕਿ ਪੂਰੀ ਮਨੁੱਖਤਾ ਨੂੰ ਕੁਦਰਤ ਦੇ ਨਿਯਮਾਂ (ਯਾਨੀ ਧਰਮ ਅਨੁਸਾਰ ਜੀਊਣ ਦੀ ਪ੍ਰੇਰਨਾ ਦੇਂਦੇ ਹਨ)। ਕੁਦਰਤ ਦੇ ਸੁਭਾਅ ਅਨੁਸਾਰ ਜੀਊਣਾ ਹੀ ਅਨੰਦ ਦਾ ਜੀਵਣ ਹੈ ਜਿਸ ਦਿਨ ਬੰਦਾ ਇਸ ਕੁਦਰਤੀ ਅਨੰਦ ਨੂੰ ਵੇਖਦਾ ਹੈ ਤਾਂ ਗਿਆਨ ਹੁੰਦਾ ਹੈ, ਗਿਆਨ ਖੰਡ ਮਨੁੱਖ ਦੀ ਪ੍ਰਾਪਤੀ ਹੈ।

ਗਿਆਨ ਖੰਡ ਕਾ ਆਖਹੁ ਕਰਮੁ ॥ *(ਜਪੁ ਜੀ)*

ਨਿਯਮ (ਧਰਮ) ਤਾਂ ਵੀ ਚਲੇਗਾ। ਪਰ ਇਸ ਨਿਯਮ ਦਾ ਗਿਆਨ ਮਨੁੱਖ ਹੀ ਕਰ ਸਕਦਾ ਹੈ। ਕਾਇਨਾਤ ਧਰਮ ਨਾਲ ਚਲਦੀ ਹੈ। ਲੇਕਿਨ ਇਸ ਧਰਮ ਦਾ ਗਿਆਨ ਨਹੀਂ ਹੈ। ਮਨੁੱਖ ਨੂੰ ਪਤਾ ਹੀ ਨਹੀਂ ਕਿ ਉਹ ਕਿੰਨੀ ਆਤਮਕ ਸ਼ਕਤੀ ਦਾ ਮਾਲਕ ਹੈ। ਜਿਵੇਂ ਕਿਸੇ ਦੀ ਜੇਬ ਵਿਚ ਹੀਰਾ ਹੋਵੇ ਤਾਂ ਉਸ ਨੂੰ ਪਤਾ ਹੀ ਨਾ ਹੋਵੇ ਕਿ ਉਸ ਕੋਲ ਹੀਰਾ ਹੈ। ਹੀਰੇ ਦਾ ਗਿਆਨ ਹੋਣਾ ਹੀ ਹੀਰੇ ਦੀ ਕੀਮਤ ਹੈ। ਵਰਨਾ ਪੱਥਰ ਹੈ। ਮਨੁੱਖ ਦੇ ਅੰਦਰ ਇੰਨੀ ਸ਼ਕਤੀ ਹੈ, ਉਸ ਨੂੰ ਇਹ ਗਿਆਨ ਹੋਣਾ ਚਾਹੀਦਾ ਹੈ ਵਰਨਾ ਮਨੁੱਖ ਵੀ ਪਸ਼ੂ ਹੀ ਹੈ। ਇਸ ਪ੍ਰਾਪਤੀ ਕਰਕੇ ਹੀ ਮਨੁੱਖ ਸਿੱਖਰ ਉੱਤੇ ਹੈ।

ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥
(ਪੰਨਾ ੩੭੪)

ਸੋ ਧਰਮ ਖੰਡ ਤੋਂ ਯਾਤਰਾ ਸ਼ੁਰੂ ਕਰਨੀ ਹੈ ਅਤੇ ਸੱਚਖੰਡ ਤੱਕ ਪਹੁੰਚਣਾ ਹੈ। ਪਹਿਲਾ ਕਦਮ ਹੈ ਧਰਮ ਖੰਡ। ਧਰਮ ਇਕ ਮਰਿਆਦਾ ਦਾ ਨਾਮ ਹੈ। ਨਿਯਮ ਤੇ ਤਰਤੀਬ ਦਾ ਨਾਮ ਧਰਮ ਹੈ। ਪਾਊਣ, ਪਾਣੀ ਵਗਦੇ ਹੋਏ ਦਰਿਆ, ਸੂਰਜ ਚੰਦ ਤਾਰੇ, ਸਾਰੇ ਕਿਸੇ ਮਰਿਆਦਾ ਵਿਚ ਹਨ। ਧਰਮ ਵਿਚ ਹਨ। ਕਿਸੇ ਵਿਧਾਨ ਵਿਚ ਹਨ। ਨਿਯਮ ਦੀ ਅਗਰ ਸੂਰਜ ਉਲੰਘਣਾ ਕਰ ਦਏ ਤਾਂ ਤਬਾਹੀ ਹੋ ਜਾਏਗੀ। ਪੌਣ ਹੈ, ਪਾਣੀ ਹੈ ਅਗਰ ਇਹ ਨਿਯਮ ਤੋਂ ਉਲਟ ਚਲਣ ਤਾਂ ਸਾਰਾ ਜੀਵਨ ਹੀ ਤਬਾਹ ਹੋ ਸਕਦਾ ਹੈ। ਫਿਰ ਐ ਬੰਦੇ ਜਦ ਸੂਰਜ ਕਿਸੇ ਨਿਯਮ ਵਿਚ ਚਲ ਰਿਹਾ ਹੈ ਪੌਣ ਪਾਣੀ,

ਸੂਰਜ, ਚੰਦ, ਤਾਰੇ ਧਰਤੀ ਸਭ ਕਿਸੇ ਅਸੂਲ (ਨਿਯਮ, ਧਰਮ) ਵਿਚ ਚਲ ਰਹੇ ਹਨ। ਜਦ ਇਹ ਨਿਯਮ ਵਿਚ ਚਲ ਰਹੇ ਹਨ ਤਾਂ ਤੂੰ ਬੇ-ਨਿਯਮਾਂ ਹੋਵੇਂ ਤਾਂ ਕੋਈ ਗੱਲ ਸਮਝ ਵਿਚ ਨਹੀ ਆਉਂਦੀ। ਗੁਰਦੇਵ ਕਹਿੰਦੇ ਹਨ ਕਿ ਜੇ ਧਰਮ ਵਿਚ ਹੋਣਾ ਹੈ। ਧਰਮ (ਮਰਿਆਦਾ) ਸਰੀਰ ਦੇ ਸਭ ਇੰਦਰਿਆਂ ਨੂੰ ਦੇਣੀ ਹੈ। ਵੇਖਣਾ ਸੰਜਮ ਨਾਲ ਹੈ। ਬੋਲਣਾ ਸੰਜਮ ਨਾਲ ਸੁਣਨਾ ਸੰਜਮ ਨਾਲ ਅਤੇ ਪੈਰਾਂ ਨੂੰ ਸੰਜਮ ਦੇਣਾ ਪਈ ਗ਼ਲਤ ਪਾਸੇ ਨਾ ਜਾਣ। ਹੱਥਾਂ ਨੂੰ ਸੰਜਮ ਦੇਣਾ ਹੈ, ਇਨ੍ਹਾਂ ਤੋਂ ਗ਼ਲਤ ਨਾ ਹੋਵੇ। ਜ਼ਬਾਨ ਨੂੰ ਸੰਜਮ ਦੇਣਾ ਹੈ ਕਿ ਗ਼ਲਤ ਬਿਆਨੀ ਨਾ ਕਰੇ, ਹਰ ਇੰਦਰੇ ਦੀ ਵਰਤੋ ਨਿਯਮ ਮੁਤਾਬਕ ਹੋਵੇ। ਫਿਰ ਖਾਣਾ ਪੀਣਾ ਤੇ ਹੱਸਣਾ ਸੌਣਾ ਵੀ ਸੰਜਮ ਵਿਚ (ਮਰਿਆਦਾ) ਵਿਚ ਹੋਵੇ।

ਬੇ-ਮਰਿਆਦਾ ਖਾਂਦੇ ਪੀਂਦੇ ਤੇ ਸੌਂਦੇ ਹਨ ਪਸ਼ੂ। ਜੇ ਬੰਦਾ ਵੀ ਇੰਝ ਸੌਵੇਂ ਜਿਵੇਂ ਪਸ਼ੂ ਸੌਂਦੇ ਹਨ। ਮਨੁੱਖ ਵੀ ਇੰਝ ਖਾਵੇ ਜਿਵੇਂ ਪਸ਼ੂ ਖਾਂਦੇ ਹਨ। ਗੁਰਦੇਵ ਕਹਿੰਦੇ ਹਨ ਕਿ ਪਸ਼ੂਆਂ ਦੀ ਤਰ੍ਹਾਂ ਨਹੀ ਜੀਊਣਾ।

ਪੇਟੁ ਭਰਿਓ ਪਸੂਆ ਜਿਉ ਸੋਇਓ ਮਾਨੁਖ ਜਨਮੁ ਹੈ ਹਾਰਿਓ॥

(ਪੰਨਾ ੧੧੦੫)

ਮਨੁੱਖਾ ਜਨਮ ਹਾਰ ਜਾਏਗਾ। ਬਸ ਧਰਮ ਖੰਡੀ ਦੀ ਇਹੋ ਪਹਿਚਾਣ ਹੈ ਕਿ ਖਾਣਾ ਪੀਣਾ। ਹੱਸਣਾ ਸੌਣਾ, ਜਾਗਣਾ ਤੇ ਰੋਣਾ ਵੀ ਕਿਸੇ ਮਰਿਆਦਾ (ਧਰਮ) ਵਿਚ ਹੁੰਦੇ ਹਨ।

ਰੰਗਿ ਹਸਹਿ ਰੰਗਿ ਰੋਵਹਿ, ਚੁਪ ਭੀ ਕਰਿ ਜਾਹਿ॥
ਪਰਵਾਹ ਨਾਹੀ ਕਿਸੈ ਕੇਰੀ, ਬਾਝੁ ਸਚੇ ਨਾਹ॥

(ਪੰਨਾ ੪੭੨)

ਹੱਸਦੇ ਹਨ ਕਿਸੇ ਰੰਗ ਵਿਚ। ਰੋਂਦੇ ਹਨ ਤਾਂ ਵੀ ਕਿਸੇ ਰੰਗ ਵਿਚ ਜੇ ਖਾਮੋਸ਼ ਵੀ ਹਨ ਤਾਂ ਵੀ ਕਿਸੇ ਰੰਗ ਵਿਚ. ਯਾਦ ਰਖੀਏ ਧਰਮੀ ਪੁਰਸ਼ ਦੀ ਚੁਪ ਵੀ ਬਹੁਤ ਕੁਝ ਕਹਿ ਜਾਂਦੀ ਹੈ। ਧਰਮੀ ਪੁਰਸ਼ ਦਾ ਹੱਸਣਾ ਰੋਣਾ ਤੇ ਖਾਮੋਸ਼ੀ ਕਿਸੇ ਰੰਗ ਵਿਚ ਹੋਵੇਗੀ ਮਰਿਆਦਾ ਪੂਰਵਕ ਹੋਵੇਗੀ।

ਅਜ ਦੇ ਮਨੁੱਖ ਦਾ ਹਾਸਾ ਦੂਜਿਆਂ ਦੇ ਰੋਣੇ ਤੇ ਖੜਾ ਹੈ। ਮਨੁੱਖ ਹੱਸਦਾ ਹੈ ਦੂਜਿਆਂ ਤੇ। ਚਲਦਿਆਂ ਕਿਸੇ ਦੀ ਪੱਗ ਲਹਿ ਗਈ, ਬੰਦਾ ਹੱਸ ਪਏਗਾ। ਕੋਈ ਸਾਇਕਲ ਤੋਂ ਗਿਰ ਗਿਆ ਹੈ ਬੰਦਾ ਹੱਸ ਪਏਗਾ। ਕਿਸੇ ਦੇ ਘਰ ਨੂੰ ਕੋਈ ਕਲੰਕ ਲੱਗ ਗਿਆ ਹੈ ਫਿਰ ਲੋਕ ਹੱਸਦੇ ਹਨ। ਮਨੁੱਖ ਦਾ ਹਾਸਾ ਖੜਾ ਹੈ ਦੂਜਿਆਂ ਦੇ ਰੋਣੇ ਤੇ।

ਦੂਜਿਆਂ ਦੇ ਦੁਖ ਤੇ ਸੰਤਾਪ ਉੱਪਰ। ਸ਼ੀਰਾਜ ਦਾ ਪ੍ਰਸਿੱਧ ਸੰਤ ਹਾਫ਼ਿਜ਼ ਕਹਿੰਦਾ ਹੈ-

ਗਰ ਇਨਸਾਫ਼ ਪੁਰਸ਼ੀ ਬਵਦ, ਅਖਤਰ ਕਸ ਅਸਤ॥

ਇਨਸਾਫ ਦੀ ਗੱਲ ਮੈਥੋਂ ਜੇ ਪੁਛੋ ਤਾਂ ਦੁਨੀਆਂ ਵਿਚ ਬਦਬਖਤ ਬੰਦਾ ਕੌਣ ਹੈ ਕਿ—

ਗਰ ਗਹਤਸੇ ਰੰਜ ਦੀਗਰ ਕਸ ਅਸਤ॥

ਉਹ ਬੰਦਾ ਬੜਾ ਬਦਬਖਤ ਹੈ, ਜਿਸ ਦਾ ਹਾਸਾ ਦੂਜਿਆਂ ਦੇ ਰੋਣੇ ਤੇ ਖੜਾ ਹੈ। ਜਿਸਦੀਆਂ ਖੁਸ਼ੀਆਂ ਦੂਜਿਆਂ ਦੇ ਗ਼ਮ ਤੇ ਖੜੀਆਂ ਹਨ। ਜਿਸ ਦੀ ਜ਼ਿੰਦਗੀ ਦੂਜਿਆਂ ਦੀ ਮੌਤ ਤੇ ਖੜੀ ਹੈ। ਜਿਸ ਦੀ ਇੱਜ਼ਤ ਦੂਜਿਆਂ ਦੀ ਬੇਇੱਜ਼ਤੀ ਤੇ ਖੜੀ ਹੈ। ਦੂਜੇ ਬੇ-ਇੱਜ਼ਤ ਹੋਣ ਤਾਂ ਇਸ ਦੀ ਇੱਜ਼ਤ ਹੈ। ਦੂਜੇ ਰੋਣ ਤੇ ਇਹ ਹੱਸ ਸਕਦਾ ਹੈ। ਦੂਜਿਆਂ ਨੂੰ ਨੁਕਸਾਨ ਹੋਵੇ ਤਾਂ ਇਸ ਦਾ ਨਫ਼ਾ ਹੈ। ਹਾਫ਼ਿਜ਼ ਕਹਿੰਦੇ ਹਨ, ਬੜਾ ਬਦਕਿਸਮਤ ਹੈ, ਇਸ ਤਰ੍ਹਾਂ ਦਾ ਬੰਦਾ। ਬੜਾ ਅਭਾਗਾ ਬੰਦਾ ਹੈ, ਇਕ ਜ਼ਿੰਦਗੀ ਵਾਸਤੇ ਕਿੰਨੇ ਕੰਡੇ ਬੀਜ ਰਿਹਾ ਹੈ। ਇਸ ਨੂੰ ਪਤਾ ਹੀ ਨਹੀਂ ਕਿ ਇਹ ਜ਼ਿੰਦਗੀ ਬੇ ਨਿਯਮੀ ਜ਼ਿੰਦਗੀ ਹੈ। ਇਹ ਹਾਸਾ, ਇਹ ਜੀਵਨ ਬੇ-ਮਰਿਆਦਾ ਜੀਵਨ ਹੈ।

ਫਰਾਈਡ ਇਸ ਤਰ੍ਹਾਂ ਵੀ ਕਹਿੰਦੇ ਹਨ ਕਿ ਮਨੁੱਖ ਜਿਹੜੀ ਗੱਲ ਸਿਧੀ ਨਹੀਂ ਕਹਿ ਸਕਦਾ। ਸਿਧੀ ਚੋਟ ਨਹੀਂ ਪਹੁੰਚਾ ਸਕਦਾ ਉਹ ਹੱਸ ਕੇ ਚੋਟ ਪਹੁੰਚਾਉਂਦਾ ਹੈ। ਵਿਅੰਗ ਕਸਦਾ ਹੈ। ਆਮ ਦੇਖੋ ਕਿ ਜਿਹੜੀ ਗੱਲ ਸਿਧੀ ਨਹੀਂ ਕਹਿ ਸਕਦਾ, ਮਜ਼ਾਕ ਵਿਚ ਕਹਿੰਦਾ ਹੈ। ਮਜ਼ਾਕ ਵਿਚ ਬੜੀ ਚੋਟ ਪੁੱਜਦੀ ਹੈ। ਇਹਦਾ ਇਹ ਹਾਸਾ ਹੈ। ਹੱਦ ਹੋ ਗਈ, ਦੂਜੇ ਦਾ ਹਿਰਦਾ ਵਿਝ ਗਿਆ ਹੈ, ਤੇਰਾ ਹਾਸਾ ਹੈ (ਮਜ਼ਾਕ ਹੈ)। ਅਗਰ ਇਹ ਹਾਸਾ ਹੈ ਤਾਂ ਦੁਸ਼ਮਣੀ ਕੀ ਹੋ ਸਕਦੀ ਹੈ। ਆਮ ਹੀ ਬੰਦਾ ਕਹਿੰਦਾ ਹੈ ਕਿ ਫਲਾਂ ਗੱਲ ਮੈਂ ਹਾਸੇ ਵਿਚ ਕਹੀ ਸੀ। ਇਹ ਹਾਸਾ ਨਾ ਹੋਇਆ, ਇਹ ਤਾਂ ਅਣਦਿਸੀ ਤਲਵਾਰ ਹੈ। ਜਿਸ ਦਾ ਫਟ ਵੀ ਨਜ਼ਰ ਨਹੀਂ ਆਉਂਦਾ। ਇਹ ਹਾਸਾ ਵੀ ਟੁਕੜੇ-ਟੁਕੜੇ ਕਰ ਗਿਆ ਹੈ। ਗੁਰੂ ਰਾਮਦਾਸ ਪਾਤਸ਼ਾਹ ਕਹਿੰਦੇ ਹਨ ਕਿ ਸੰਤ ਵੀ ਹੱਸਦੇ ਹਨ ਤੇ ਭਗਤ ਵੀ ਹੱਸਦੇ ਹਨ। ਮਗਰ ਧਰਮ ਵਿਚ ਹੱਸਦੇ ਹਨ। ਮਰਿਆਦਾ ਅਨੁਸਾਰ ਹੱਸਦੇ ਹਨ। ਗੁਰੂ ਰਾਮਦਾਸ ਜੀ ਦਾ ਕਹਿਣਾ ਹੈ ਕਿ :-

ਹਰਿ ਜਨੁ ਗੁਨ ਗਾਵਤ ਹਸਿਆ॥ (ਪੰਨਾ ੧੩੧੯)

ਪ੍ਰਭੂ ਦਾ ਸਿਮਰਨ ਕਰਦਿਆਂ ਕਰਦਿਆਂ ਜਦੋਂ ਧਿਆਨ ਸ਼ਬਦ ਵਿਚ ਉਤਰਿਆ ਤਾਂ ਅੰਤਰੀਵ ਪਏ ਹੋਏ ਆਪਣੇ ਅਵਗੁਣ ਦਿਸ ਪਏ। ਗਲਤੀਆਂ ਦਿਸ ਪਈਆਂ। ਆਪਣੀਆਂ ਭੁਲਾਂ ਦਿਸ ਪਈਆਂ। ਭੁਲਾਂ ਦਾ ਸੁਧਾਰ ਵੀ ਕਰ ਲਿਆ। ਪਰ ਦਿਸ

ਪਈਆਂ ਤਾਂ ਹੱਸ ਪਿਆ ਹੈ। ਆਪਣੀਆਂ ਗ਼ਲਤੀਆਂ ਤੇ ਹਸਿਆ ਹੈ। ਜਗਤ ਹੱਸਦਾ ਹੈ ਦੂਜਿਆਂ ਦੀ ਗ਼ਲਤੀ ਤੇ। ਭਗਤ ਹੱਸਦਾ ਹੈ ਆਪਣੀ ਭੁਲ ਗ਼ਲਤੀ ਤੇ। ਬੰਦਾ ਦੂਜਿਆਂ ਦੀ ਭੁਲ ਗ਼ਲਤੀ ਉੱਪਰ ਹੱਸਦਾ ਹੈ, ਇਸ ਕਰਕੇ ਬੜਾ ਕਰੂਰ ਹਾਸਾ ਹੈ ਬੰਦੇ ਦਾ। ਰੋਣਾ ਵੀ ਠੀਕ ਨਹੀਂ ਹੈ। ਬੰਦੇ ਦਾ ਰੋਣਾ ਵੀ ਕੋਈ ਬਹੁਤ ਕੀਮਤੀ ਨਹੀਂ ਹੈ। ਪੁੱਤਰ, ਮਿੱਤਰ, ਮਾਂ ਬਾਪ ਪਤੀ ਪਤਨੀ ਤੇ ਧਨ ਸੰਪਦਾ ਦੇ ਵਿਛੋੜੇ ਵਿਚ ਬੰਦਾ ਰੋ ਪੈਂਦਾ ਹੈ। ਸਤਿਗੁਰ ਕਹਿੰਦੇ ਹਨ ਸੰਤ ਤੇ ਭਗਤ ਵੀ ਰੋਂਦੇ ਹਨ:-

ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ
ਮੈ ਨੀਰੁ ਵਹੇ ਵਹਿ ਚਲੈ ਜੀਉ ॥ ੩ ॥

(ਪੰਨਾ ੬੪)

ਧਰਮੀ ਪੁਰਖ ਦੀ ਇਹ ਪਹਿਚਾਣ ਹੈ ਕਿ ਉਸ ਦਾ ਸਾਰਾ ਜੀਵਨ ਧਰਮ ਵਿਚ (ਮਰਿਆਦਾ) ਵਿਚ ਹੋਵੇਗਾ। ਜਿੰਨੇ ਕਰਮ ਵੀ ਕਰਨੇ ਹਨ ਉਹ ਮਰਿਆਦਾ ਵਿਚ ਕਰਨੇ ਹਨ। ਹਰ ਇਕ ਕਰਮ ਨੂੰ ਮਰਿਅਦਾ (ਧਰਮ) ਦੇਣੀ ਹੈ। ਜਦੋਂ ਕੋਈ ਇਕ ਕਰਮ ਵੀ ਬੇ-ਮਰਿਆਦਾ ਹੁੰਦਾ ਹੈ ਤਾਂ ਉਨਾਂ ਹੀ ਬੰਦਾ ਧਰਮ ਤੋਂ ਦੂਰ ਜਾਂਦਾ ਹੈ। ਸਾਰੇ ਜੀਵਨ ਨੂੰ ਹੀ ਧਰਮ ਵਿਚ ਲਿਆਉਣਾ ਹੈ, ਤਾਂ ਹੀ ਅਸੀਂ ਧਰਮ ਖੰਡੀ ਬਣ ਸਕਦੇ ਹਾਂ।

ਧਰਮ ਖੰਡ ਕਾ ਏਹੋ ਧਰਮੁ ॥

(ਜਪੁ ਜੀ)

ੴ

ਸੰਤਰੇਨ ਸੰਪਰਦਾ ਦਾ ਇਤਿਹਾਸ

ਸੰਤਰੇਨ ਉਹ ਇਤਿਹਾਸਕ ਸੰਸਥਾ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਆਸ਼ੀਰਵਾਦ ਪ੍ਰਾਪਤ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸੰਸਾਰ ਆਗਮਨ ਤੋਂ ਪਹਿਲਾਂ ਭਾਰਤ ਦੀ ਹਾਲਤ ਬੜੀ ਤਰਸਯੋਗ ਸੀ। ਇਸ ਤਰਸਯੋਗ ਹਾਲਤ ਦਾ ਕਾਰਨ, ਵਿਦੇਸ਼ੀ ਹੁਕਮਰਾਨ ਸਨ। ਇਸ ਦੇਸ਼ ਉੱਪਰ ਭੇਡਾਂ ਬਕਰੀਆਂ ਚਾਰਨ ਵਾਲੇ ਵੀ ਹਮਲਾਵਰ ਹੋ ਕੇ ਆਏ ਤੇ ਰਾਜ ਕਰਦੇ ਰਹੇ, ਨਾਲੇ ਇਸ ਦੇਸ਼ ਨੂੰ ਲੁੱਟਦੇ ਰਹੇ। ਕਾਬਲ ਵਲੋਂ ਆਉਂਦੇ ਪਠਾਣਾਂ ਦੇ ਹਮਲਿਆਂ ਨੇ ਭਾਰਤ ਵਿੱਚ ਕਈ ਤਰ੍ਹਾਂ ਦੇ ਹਾਲਾਤ ਪੈਦਾ ਕੀਤੇ ਹੋਏ ਸਨ। ਗਿਆਰ੍ਹਵੀ ਸਦੀ ਵਿੱਚ ਮਹਿਮੂਦ ਗ਼ਜ਼ਨਵੀ ਨੇ ਪੰਜਾਬ ਅਤੇ ਪੰਜਾਬ ਦੇ ਰਸਤੇ ਭਾਰਤ ਦੇ ਹੋਰ ਹਿੱਸਿਆਂ ਉੱਤੇ ਬੜੇ ਹਮਲੇ ਕੀਤੇ। ਇਹਨਾਂ ਹਮਲਿਆਂ ਨਾਲ ਹਿੰਦੂ ਰਾਜਿਆਂ ਦਾ ਲੱਕ ਟੁੱਟ ਗਿਆ। ਮਹਿਮੂਦ ਤੋਂ ਪਿਛੋਂ ਭਾਰਤ ਉੱਤੇ ਮੁਸਲਮਾਨਾਂ ਲਈ ਹਮਲੇ ਕਰਨ ਦਾ ਰਾਹ ਖੁਲ੍ਹ ਗਿਆ। ਦੋ ਸਦੀਆਂ ਵਿੱਚ ਹੀ ਹਿੰਦੂ ਤਾਕਤ ਕੇਵਲ ਨਾਂ-ਮਾਤਰ ਹੀ ਰਹਿ ਗਈ। ਤੇਰ੍ਹਵੀ ਸਦੀ ਦੇ ਸ਼ੁਰੂ ਵਿੱਚ ਹੀ ਮੁਸਲਿਮ ਰਾਜ ਭਾਰਤ ਵਿੱਚ ਪੱਕੇ ਪੈਰੀਂ ਸਥਾਪਿਤ ਹੋ ਗਿਆ ਸੀ। ਸੰਨ ੧੨੦੬ ਤੋਂ ਲੈ ਕੇ ੧੫੨੬ ਤੱਕ, ਯਾਨੀ ਕਿ ੩੨੦ ਸਾਲ ਲਗਾਤਾਰ ਪਠਾਣਾਂ ਦੇ ਪੰਜ ਖਾਨਦਾਨਾਂ ਨੇ ਭਾਰਤ ਤੇ ਰੱਜ ਕੇ ਰਾਜ ਕੀਤਾ। ਜਦੋਂ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ੧੪੬੯ ਈਸਵੀ ਵਿੱਚ ਅਵਤਾਰ ਹੋਇਆ, ਉਸ ਵੇਲੇ ਅਖੀਰਲਾ ਲੋਧੀ ਖਾਨਦਾਨ ਦਾ ਪਹਿਲਾ ਬਾਦਸ਼ਾਹ ਬਹਿਲੋਲ ਲੋਧੀ ਦਿੱਲੀ ਦੇ ਤਖ਼ਤ ਉੱਤੇ ਕਾਬਜ਼ ਸੀ।

ਇਹਨਾਂ ਪਠਾਣ ਰਾਜਿਆਂ ਨੇ ਪ੍ਰਿਥਵੀ ਰਾਜ ਵਰਗੇ ਸੂਰਮੇ ਰਾਜਪੂਤਾਂ ਦਾ ਘਾਣ ਕਰਕੇ ਰੱਖ ਦਿੱਤਾ ਸੀ। ਜਿਥੇ ਪ੍ਰਿਥਵੀ ਰਾਜ ਵਰਗੇ ਸੂਰਮਿਆਂ ਦਾ ਘਾਣ ਹੋ ਗਿਆ ਸੀ, ਉਥੇ ਗ਼ਰੀਬ ਪਰਜਾ ਦਾ ਕੀ ਹਾਲ ਹੋਵੇਗਾ ਇਹ ਅੰਦਾਜ਼ਾ ਲਾਉਣਾ ਔਖਾ ਸੀ?

ਭਾਰਤ ਵਿੱਚ ਪੈਰ ਪੱਕੇ ਕਰਦਿਆਂ ਹੀ ਇਹਨਾਂ ਮੁਸਲਮਾਨ ਰਾਜਿਆਂ ਨੇ ਪਹਿਲਾ ਕੰਮ ਇਹ ਕੀਤਾ ਕਿ ਭਾਰਤ ਦੀ ਜਿੰਨੀ ਉਪਜਾਊ (ਜਰਖੇਜ਼) ਜ਼ਮੀਨ ਸੀ। ਉਹ ਸਾਰੀ ਦੀ ਸਾਰੀ ਵੱਡੇ-ਵੱਡੇ ਮੁਸਲਮਾਨਾਂ ਨੂੰ ਜਗੀਰ ਦੇ ਤੌਰ ਤੇ ਦੇ ਦਿੱਤੀ ਸੀ। ਰਾਜਪੂਤਾਂ ਤੇ ਹੋਰ ਭਾਰਤ ਦੇ ਸ਼ੁਭਚਿੰਤਕਾਂ ਕੋਲੋਂ ਜ਼ਮੀਨਾਂ ਖੋਹ ਲਈਆਂ ਗਈਆਂ ਸਨ। ਏਸੇ ਸਕੀਮ ਦੇ ਸ਼ਿਕਾਰ ਰਾਇਬੁਲਾਰ ਦੇ ਪਿਤਾ ਰਾਇ ਭੋਇ ਭੱਟੀ ਹੋਏ ਸਨ। ਭੱਟੀ ਇਕ ਰਾਜਪੂਤ ਗੋਤ ਹੈ। ਮੁਸਲਮਾਨਾਂ ਦੇ ਰਾਜ ਵੇਲੇ ਬਹੁਤ ਸਾਰੇ ਰਾਜਪੂਤਾਂ ਨੂੰ ਮਜ਼ਬੂਰਨ ਮੁਸਲਮਾਨ ਹੋਣਾ

ਪਿਆ ਸੀ। ਏਹੀ ਮਜਬੂਰੀ ਸਰਦਾਰ ਰਾਇ ਭੋਇ ਭੱਟੀ ਨਾਲ ਵਾਪਰੀ। ਸਮੇਂ ਦੀ ਹਕੂਮਤ ਨੇ ਭੱਟੀ ਸਾਹਿਬ ਅੱਗੇ ਇਹ ਮਸਲਾ ਰੱਖਿਆ ਕਿ ਜਾਂ ਤਾਂ ਤੁਹਾਡੀ ਸਾਰੀ ਜ਼ਮੀਨ ਜ਼ਬਤ ਕਰ ਲਈ ਜਾਏਗੀ। ਜੇ ਤੁਸੀਂ ਆਪਣੀ ਜ਼ਮੀਨ ਬਚਾਉਣੀ ਚਾਹੁੰਦੇ ਹੋ ਤਾਂ ਤੁਸੀਂ ਕਲਮਾ ਪੜ੍ਹ ਕੇ ਮੁਸਲਮਾਨ ਹੋ ਜਾਉ। ਏਹੀ ਜ਼ਮੀਨ ਤੁਹਾਨੂੰ ਜਗੀਰ ਵਜੋਂ ਬਖ਼ਸ਼ ਦਿੱਤੀ ਜਾਵੇਗੀ। ਸੋ ਰਾਇ ਭੋਇ ਭੱਟੀ ਨੇ ਮੁਸਲਮਾਨ ਹੋਣਾ ਮਨਜ਼ੂਰ ਕਰ ਲਿਆ। ਮੁਸਲਮਾਨ ਹੋ ਜਾਣ ਤੋਂ ਉਪਰੰਤ ਰਾਇ ਭੋਇ ਭੱਟੀ ਨੂੰ ਤਲਵੰਡੀ ਪਿੰਡ ਦੇ ਆਸ-ਪਾਸ ਦੇ ਪਿੰਡਾਂ ਦੀ ਜ਼ਮੀਨ ਜਗੀਰ ਵਜੋਂ ਦਿੱਤੀ ਗਈ। ਰਾਇ ਭੋਇ ਇਹਨਾਂ ਸਾਰੇ ਪਿੰਡਾਂ ਦੇ ਮਾਲਕ ਬਣ ਗਏ। ਤਲਵੰਡੀ ਦਾ ਪਹਿਲਾ ਨਾਮ ਰਾਇਪੁਰ ਤਲਵੰਡੀ ਸੀ। ਰਾਇ ਭੋਇ ਦੇ ਇਸ ਪਿੰਡ ਨੂੰ ਆਪਣਾ ਕੇਂਦਰੀ ਅਸਥਾਨ ਬਨਾਉਣ ਨਾਲ ਇਹ ਪਿੰਡ ਰਾਇ ਭੋਇ ਦੀ ਤਲਵੰਡੀ ਪ੍ਰਸਿੱਧ ਹੋ ਗਿਆ। ਗੁਰੂ ਨਾਨਕ ਸਾਹਿਬ ਜੀ ਦਾ ਏਥੇ ਅਵਤਾਰ ਹੋਣ ਨਾਲ ਇਸ ਦਾ ਨਾਮ "ਨਨਕਾਣਾ ਸਾਹਿਬ" ਪ੍ਰਸਿੱਧ ਹੋ ਗਿਆ।

ਰਾਇ ਭੋਇ ਭੱਟੀ ਸਰਦਾਰ ਦੀ ਤਰ੍ਹਾਂ ਪਤਾ ਨਹੀਂ ਕਿੰਨੇ ਰਾਜਪੂਤ ਸਰਦਾਰਾਂ ਨੂੰ ਮੁਸਲਮਾਨ ਬਣਨਾ ਪਿਆ ਹੋਵੇਗਾ। ਕਈਆਂ ਦੇ ਨਾਮ ਇਤਿਹਾਸ ਵਿੱਚ ਬੜੇ ਪ੍ਰਸਿੱਧ ਹਨ। ਪਿੰਡ ਭੱਟੀਆਂ, ਜ਼ਿਲ੍ਹਾ ਗੁਜਰਾਤ ਦਾ ਦੁੱਲਾ ਭੱਟੀ ਅਤੇ ਉਸ ਦਾ ਪੁੱਤਰ ਕਮਾਲ ਖਾਨ ਦਾ ਨਾਮ ਬੜਾ ਮਸ਼ਹੂਰ ਹੈ।

ਏਸੇ ਤਰ੍ਹਾਂ ਹੀ ਪਠਾਣ ਸੈਨਿਕਾਂ ਨੂੰ ਹਰੇਕ ਭਾਰਤ ਵਾਸੀ ਨਾਲ ਆਪ ਹੁਦਰੀ ਤੇ ਮਨਮਾਨੀ ਕਰਨ ਦੀ ਖੁਲ੍ਹ ਸੀ। ਏਸ ਖੁਲ੍ਹ ਦੇ ਕਾਰਨ ਬਹੁਤ ਸਾਰੇ ਪਠਾਣਾਂ ਨੇ ਰਾਜਪੂਤ ਔਰਤਾਂ ਦੀ ਇੱਜ਼ਤ ਨਾਲ ਖੇਲਿਆ। ਏਸ ਤਰ੍ਹਾਂ ਨਾਲ ਆਮ ਗ਼ਰੀਬ ਬੰਦੇ ਦੀ ਕੋਈ ਪੁੱਛ-ਪੜਤਾਲ ਨਹੀਂ ਸੀ ਰਹਿ ਗਈ। ਗ਼ਰੀਬ ਆਦਮੀ ਕੋਲ ਦੋ ਹੀ ਰਸਤੇ ਸਨ। ਇਕ ਤਾਂ ਇਹ ਕਿ ਜਿਸ ਗ਼ਰੀਬ ਰਾਜਪੂਤ ਦੀ ਧੀ-ਭੈਣ ਤੇ ਪਤਨੀ ਦੀ ਇੱਜ਼ਤ ਖ਼ਰਾਬ ਹੁੰਦੀ ਸੀ। ਉਹ ਜਾਂ ਤਾਂ ਖੁਦਕਸ਼ੀ ਕਰਕੇ ਮਰ ਜਾਏ। ਜਾਂ ਫਿਰ ਤਲਵਾਰ ਚੁੱਕ ਕੇ ਬਾਗ਼ੀ ਹੋ ਜਾਏ। ਏਸ ਤਰ੍ਹਾਂ ਬਹੁਤ ਸਾਰੇ ਰਾਜਪੂਤਾਂ ਨੇ ਤਾਂ ਖੁਦਕਸ਼ੀ ਕਰਕੇ ਆਪਣੀਆਂ ਜਾਨਾਂ ਵੀ ਗਵਾਈਆਂ। ਪਰ ਕਈ ਏਸ ਤਰ੍ਹਾਂ ਦੀ ਗ਼ੈਰਤ ਅਣਖ ਵਾਲੇ ਰਾਜਪੂਤ ਨਿਤਰੇ, ਜਿਨ੍ਹਾਂ ਨੇ ਤਲਵਾਰ ਚੁੱਕੀ ਤੇ ਹਕੂਮਤ ਦੇ ਖਿਲਾਫ਼ ਬਗਾਵਤਾਂ ਵੀ ਕਰਦੇ ਰਹੇ। ਜਿਵੇਂ ਕਿ ਅਕਬਰ ਵੇਲੇ ਜੈਮਲ ਤੇ ਫੱਤਾ ਚਿਤੌੜ ਦੇ ਕਿਲ੍ਹੇ ਵਿਚ ਆਪਣੀਆਂ ਧਰਮ ਪਤਨੀਆਂ ਤੇ ਬੱਚੇ-ਬੱਚੀਆਂ ਸਮੇਤ ਲੜਦੇ ਰਹੇ। ਪਰ ਆਪਣੀਆਂ ਧੀਆਂ-ਭੈਣਾਂ ਦੇ ਡੋਲੇ ਅਕਬਰ ਵਰਗਿਆਂ ਨੂੰ ਵੀ ਦੇਣੋਂ ਨਾਂਹ ਕਰ ਦਿੱਤੀ ਸੀ। ਜਦੋਂ ਚਿਤੌੜ ਦੇ ਕਿਲ੍ਹੇ ਵਿੱਚ ਸਾਰੇ ਮਰਦ ਸ਼ਹਾਦਤਾਂ ਪਾ ਗਏ ਤਾਂ ਸਾਰੀਆਂ ਔਰਤਾਂ ਨੇ ਆਪਣੇ ਆਪ ਨੂੰ ਮੁਗ਼ਲਾਂ ਦੇ ਹੱਥੀਂ ਆਉਣ

ਤੋਂ ਬਚਾਉਣ ਲਈ ਕਟਾਰਾਂ ਮਾਰ-ਮਾਰ ਕੇ ਮਾਰ ਲਿਆ ਸੀ।

ਸੋ ਇਹ ਸਾਰਾ ਵਿਸਥਾਰ ਦੱਸਣ ਤੋਂ ਮੁਰਾਦ ਹੈ ਕਿ ਜਿਨ੍ਹਾਂ ਰਾਜਪੂਤਾਂ ਦੀ ਪਠਾਣਾਂ ਦੇ ਰਾਜ ਵੇਲੇ ਏਸ ਤਰ੍ਹਾਂ ਦੀ ਦਸ਼ਾ ਸੀ ਉਹ ਕੁਝ ਤਾਂ ਆਪਣੇ ਆਪ ਖੁਦਕਸ਼ੀ ਕਰਦੇ ਰਹੇ। ਪਰ ਜਿਹੜੇ ਗ਼ੈਰਤ ਅਣਖ ਵਾਲੇ ਸਨ ਉਹ ਬਗਾਵਤਾਂ ਕਰਦੇ ਰਹੇ। ਪਰ ਤੀਜੀ ਕਿਸਮ ਦੇ ਕੁਝ ਐਸੇ ਵੀ ਲੋਕ ਸਨ, ਜਿਹੜੇ ਬੜੇ ਵਿਦਵਾਨ ਤੇ ਦੂਰ ਅੰਦੇਸ਼ ਸਨ। ਉਹਨਾਂ ਨਾਲ ਵੀ ਪਠਾਣਾਂ ਵਲੋਂ ਏਸੇ ਤਰ੍ਹਾਂ ਦੀਆਂ ਧੱਕੇ-ਸ਼ਾਹੀਆਂ ਹੋਈਆਂ। ਪਰ ਉਹ ਲੋਕ ਖੁਦਕੁਸ਼ੀ ਕਰਨ ਨੂੰ ਕਾਇਰਤਾ ਮੰਨਦੇ ਸਨ। ਪਰ ਉਹ ਤਲਵਾਰ ਵੀ ਉਠਾ ਕੇ ਲੜਨ ਦੇ ਯੋਗ ਨਹੀਂ ਸਨ। ਉਹਨਾਂ ਨੇ ਆਪਣੀ ਦੂਰ-ਅੰਦੇਸ਼ੀ ਨਾਲ ਕੰਮ ਕਰਨਾ ਆਰੰਭ ਕੀਤਾ। ਉਹਨਾਂ ਦੂਰ ਅੰਦੇਸ਼ ਮਹਾਂਪੁਰਖਾਂ ਵਿਚੋਂ ਬਹੁਤ ਸਾਰਿਆਂ ਨੇ ਉਸ ਸਮੇਂ ਦਾ ਪ੍ਰਚਾਰਕ ਬਾਣਾ ਯਾਨੀ ਕਿ ਉਦਾਸੀ ਬਾਣਾ ਪਾ ਲਿਆ। ਜਿਥੇ ਉਹਨਾਂ ਨੇ ਧਰਮ ਪ੍ਰਚਾਰ ਆਰੰਭ ਕੀਤਾ ਉਥੇ ਉਹਨਾਂ ਨੇ ਦੇਸ਼ ਦੇ ਲੋਕਾਂ ਨੂੰ ਵਿਦੇਸ਼ੀਆਂ ਦੇ ਚੁੰਗਲ ਚੋਂ ਬਚਾਉਣ ਲਈ ਕੁਝ ਨਿਯਮ ਵੀ ਤਿਆਰ ਕੀਤੇ। ਉਹਨਾਂ ਨਿਯਮਾਂ ਦਾ ਹੀ ਸੁਧਾਰ ਕਰਕੇ, ਪਿਛੋਂ ਗੁਰਮਤਿ ਵਿੱਚ ਪ੍ਰਚਲਤ ਕੀਤੇ ਗਏ। ਏਸ ਤਰ੍ਹਾਂ ਦੀ ਇਕ ਪ੍ਰਚਾਰਕ ਤੇ ਸੁਧਾਰਕ ਮੰਡਲੀ ਦੇਸ਼ ਵਿਦੇਸ਼ ਵਿੱਚ ਉਹਨਾਂ ਦਿਨਾਂ ਵਿੱਚ ਪ੍ਰਚਾਰ ਕਰਦੀ ਸੀ। ਉਸ ਮੰਡਲੀ ਨੂੰ "ਸੰਤਰੇਨ ਮੰਡਲੀ" ਕਿਹਾ ਜਾਂਦਾ ਸੀ। ਏਸ ਮੰਡਲੀ ਨੇ ਉਸ ਸਮੇਂ ਦੀ ਨਜ਼ਾਕਤ ਨੂੰ ਤਕ ਕੇ ਕੁਝ ਨਿਯਮ ਤਿਆਰ ਕੀਤੇ ਸਨ।

ਜਿਵੇਂ ਕੁੜੀ ਮਾਰ ਰਸਮ ਪ੍ਰਚਲਤ ਰਹੀ ਹੈ। ਏਸ ਰਸਮ ਨੂੰ ਤਾਂ ਉਸ ਵਕਤ ਮਜ਼ਬੂਰ ਲੋਕਾਂ ਨੇ ਮਜ਼ਬੂਰੀ ਵਸ ਪ੍ਰਚਲਤ ਕੀਤਾ ਸੀ। ਪਰ ਬਾਅਦ ਵਿਚ ਇਹ ਨਿਯਮ ਬੜਾ ਘਾਤਕ ਸਿੱਧ ਹੋਇਆ ਸੀ। ਇਸ ਦਾ ਮਤਲਬ ਤਾਂ ਏਨਾ ਹੀ ਸੀ ਕਿ ਐ ਰਾਜਪੂਤ ਲੋਕੋ ਆਪਣੀ ਜੰਮਦੀ ਬੱਚੀ ਦਾ ਗਲਾ ਘੁੱਟ ਕੇ ਮਾਰ ਦਿਉ। ਨਹੀਂ ਤਾਂ ਜੁਆਨ ਹੋਈ ਧੀ ਨੂੰ ਕੋਈ ਪਠਾਣ ਚੁੱਕ ਕੇ ਲੈ ਜਾਵੇਗਾ ਤੇ ਉਹ ਦੁੱਖ ਫਿਰ ਨਹੀਂ ਜਰਿਆ ਜਾਵੇਗਾ। ਇਸ ਕਰਕੇ ਇਸ ਨੂੰ ਜੰਮਦੀ ਨੂੰ ਮਾਰ ਦਿਉ। ਕਹਿੰਦੇ ਹਨ ਕਿ ਇਹ ਰਸਮ ਏਨੀ ਜ਼ਿਆਦਾ ਜ਼ੋਰ ਫੜ ਗਈ ਕਿ ਧੀਆਂ ਦਾ ਹਰੇਕ ਕੋਈ ਦੁਸ਼ਮਣ ਹੋ ਗਿਆ। ਇਸ ਰਸਮ ਦਾ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸੁਧਾਰ ਕੀਤਾ ਤੇ ਆਖਿਆ ਕਿ "**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**" *(ਆਸਾ ਵਾਰ)*

ਸੰਤਰੇਨ ਪ੍ਰਚਾਰਕ ਮੰਡਲੀ ਵਲੋਂ ਇਹ ਨਿਯਮ ਵੀ ਬਣਾਇਆ ਗਿਆ ਕਿ ਇਹ ਪਠਾਣ ਲੋਕ ਅਰਬੀ, ਫ਼ਾਰਸੀ ਬੋਲਦੇ ਸਨ। ਆਪਣੀ ਪਸ਼ਤੋ ਭਾਸ਼ਾ ਨੂੰ ਭਾਰਤ ਵਿੱਚ ਪ੍ਰਚਲਤ ਕਰ ਰਹੇ ਸਨ। ਸਾਰੇ ਪੰਜਾਬੀਆਂ ਵਿੱਚ ਇਸ ਸੰਤਰੇਨ ਮੰਡਲੀ ਵਲੋਂ ਪ੍ਰਚਾਰ

ਕੀਤਾ ਗਿਆ ਕਿ ਤੁਸੀਂ ਆਪਣੀ ਬੋਲੀ ਵਿਚ ਹੀ ਗੱਲਬਾਤ ਕਰਨੀ ਹੈ। ਵਿਦੇਸ਼ੀ ਬੋਲੀ ਅਰਬੀ, ਪਸ਼ਤੋ ਆਦਿ ਦਾ ਬਾਈਕਾਟ ਕਰੋ। ਇਸ ਨਿਯਮ ਨੂੰ ਗੁਰਮਤਿ ਨੇ ਹੂ-ਬ-ਹੂ ਅਪਨਾਇਆ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਹ ਬਚਨ ਏਸੇ ਸੰਦਰਭ ਵਿਚ ਕਹੇ ਹਨ ਕਿ—

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥ ੬॥

ਤੀਸਰਾ ਨਿਯਮ ਏਹ ਵੀ ਬਣਾਇਆ ਕਿ ਕੁੱਠਾ ਨਹੀਂ ਖਾਣਾ। ਕਿਉਂਕਿ ਸਾਰੇ ਦੇਸ਼ ਨੂੰ ਤਾਂ ਮਾਸ ਖਾਣੋਂ ਵਰਜਿਤ ਨਹੀਂ ਸੀ ਕੀਤਾ ਜਾ ਸਕਦਾ। ਪਰ ਕੁੱਠਾ ਖਾਣ ਤੋਂ ਵਰਜਿਤ ਕੀਤਾ ਜਾ ਸਕਦਾ ਸੀ। 'ਕੁੱਠਾ' ਯਾਨੀ ਇਸਲਾਮੀ ਢੰਗ ਨਾਲ ਬਣਿਆ ਹੋਇਆ 'ਮਾਸ'। ਭਾਵ ਕਿ ਜਿਸ ਨੇ ਵੀ ਮਾਸ ਖਾਣਾ ਹੈ, ਉਹ ਇਸਲਾਮੀ ਢੰਗ ਨਾਲ ਬਣਿਆ ਹੋਇਆ ਮਾਸ, ਯਾਨੀ ਕਿ ਕੁੱਠਾ ਨਾ ਖਾਵੇ। ਕਹਿੰਦੇ ਹਨ ਕਿ ਇਸ ਢੰਗ ਨਾਲ ਝਟਕੇ ਦੀ ਕਿਰਿਆ ਸ਼ੁਰੂ ਹੋ ਗਈ। ਮੁਸਲਮਾਨ ਪਠਾਣ ਝਟਕੇ ਨੂੰ ਪਸੰਦ ਨਹੀਂ ਸਨ ਕਰਦੇ ਤੇ ਰਾਜਪੂਤ ਲੋਕ ਕੁੱਠੇ ਨੂੰ ਨਫ਼ਰਤ ਕਰਨ ਲੱਗ ਗਏ। ਏਸ ਨਾਲ ਇਹ ਹੋਇਆ ਕਿ ਇਕ ਦੂਸਰੇ ਨਾਲੋਂ ਸਬੰਧ ਟੁੱਟ ਗਏ। ਜਦੋਂ ਖਾਣ-ਪੀਣ, ਬੋਲਚਾਲ ਦੀ ਸਾਂਝ ਨਾ ਰਹੇ ਤਾਂ ਫਿਰ ਇਕੱਠੇ ਰਹਿਣਾ ਵੀ ਔਖਾ ਹੋ ਜਾਂਦਾ ਹੈ।

ਇਹ ਸਾਰੇ ਨਿਯਮ ਉਹਨਾਂ ਦੂਰ-ਅੰਦੇਸ਼ ਸੰਤਰੇਨ ਸਾਧੂਆਂ ਨੇ ਬਣਾਏ ਸਨ। ਜਿਨ੍ਹਾਂ ਨੇ ਮਹਿਸੂਸ ਕੀਤਾ ਕਿ ਦੇਸ਼ ਨੂੰ ਬਚਾਉਣ ਦਾ ਹੋਰ ਕੋਈ ਢੰਗ ਨਹੀਂ। ਇਹਨਾਂ ਮਹਾਂਪੁਰਸ਼ਾਂ ਵਿਚ ਬਹੁਤ ਸਾਰੇ ਸਾਧੂ ਉਹੀ ਸਨ, ਜਿਨ੍ਹਾਂ ਦੀਆਂ ਧੀਆਂ, ਭੈਣਾਂ, ਪਤਨੀਆਂ ਤੇ ਜਾਇਦਾਦਾਂ ਨੂੰ ਪਠਾਣਾਂ ਵਲੋਂ ਲੁੱਟਿਆ ਗਿਆ ਸੀ। ਮਜ਼ਬੂਰਨ ਇਹ ਲੋਕ ਧਾਰਮਕ ਬਾਣਾ ਪਾ ਕੇ, ਆਪਣੇ ਘਰ ਬਾਹਰ ਛੱਡ ਕੇ, ਸ਼ਹਿਰੋਂ ਸ਼ਹਿਰ ਤੇ ਪਿੰਡੋਂ ਪਿੰਡ ਫਿਰ ਕੇ ਲੋਕਾਂ ਨੂੰ ਉਜਾਗਰ ਕਰਨ ਲੱਗੇ। ਇਹਨਾਂ ਸਾਧੂਆਂ ਦਾ ਆਪਣਾ ਨਿੱਜੀ ਸੁਆਰਥ ਕੋਈ ਨਹੀਂ ਸੀ। ਇਕੋ ਇਕ ਨਿਸ਼ਾਨਾ ਸੀ ਕਿ ਲੋਕ ਸੇਵਾ ਤੇ ਦੇਸ਼ ਸੇਵਾ। ਜਦੋਂ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਅਜੇ ਬਹੁਤ ਛੋਟੀ ਉਮਰ ਵਿਚ ਅਕਸਰ ਆਪਣੇ ਖੇਤਾਂ ਵਿਚ ਗਊਆਂ ਮੱਝੀਆਂ ਚਰਾਇਆ ਕਰਦੇ ਸਨ ਤਾਂ ਉਸ ਵਕਤ ਵੀ ਕਈ ਏਸ ਤਰ੍ਹਾਂ ਦੇ ਸੰਤਰੇਨ ਸਾਧੂ ਫਿਰਦਿਆਂ ਫਿਰਦਿਆਂ ਉਹਨਾਂ ਨੂੰ ਮਿਲ ਜਾਇਆ ਕਰਦੇ ਸਨ। ਏਨਾਂ ਸਾਧੂਆਂ ਦੇ ਮਿਲਣ ਤੋਂ ਗੁਰੂ ਨਾਨਕ ਦੇਵ ਜੀ ਬਹੁਤ ਖੁਸ਼ ਸਨ। ਅਕਸਰ ਏਹਨਾਂ ਸਾਧੂਆਂ ਦੀ ਸੇਵਾ, ਗੁਰਦੇਵ, ਮਾਤਾ-ਪਿਤਾ ਤੋਂ ਬਿਨਾਂ ਪੁੱਛਿਆਂ ਹੀ ਕਰ ਦਿਆ ਕਰਦੇ ਸਨ। ਜਦੋਂ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਉਮਰ ੧੮ ਸਾਲ ਦੀ ਹੋਈ ਤਾਂ, ਪਿਤਾ ਮਹਿਤਾ ਕਾਲੂ ਜੀ ਨੇ ਇਸ ਵਿਚਾਰ ਨਾਲ ੨੦ ਰੁਪਇਆਂ ਦੀ ਰਕਮ ਗੁਰਦੇਵ ਨੂੰ ਦਿੱਤੀ ਕਿ ਕੋਈ

ਨਫੇ ਵਾਲਾ ਸੱਚਾ-ਸੁੱਚਾ ਸੌਦਾ ਕਰਨਗੇ। ਉਸ ਵਕਤ ਦੇ ੨੦ ਰੁਪਏ ਬਹੁਤ ਵੱਡੀ ਰਕਮ ਸੀ ਕਿਉਂਕਿ ਅੱਜ ਵਰਗਾ ਜ਼ਮਾਨਾ ਨਹੀਂ ਸੀ ਉਸ ਵਕਤ ਚੂਹੜਕਾਣਾ ਇਲਾਕੇ ਦਾ ਪ੍ਰਸਿੱਧ ਵਪਾਰਕ ਕੇਂਦਰ ਸੀ। ਗੁਰੂ ਨਾਨਕ ਦੇਵ ਜੀ ਵੀ ਵਪਾਰ ਦੇ ਸਬੰਧ ਵਿਚ ਚੂਹੜਕਾਣੇ ਗਏ। ਉਹਨਾਂ ਨੂੰ ਸੰਤਰੇਨ ਸਾਧੂਆਂ ਦੀ ਇਕ ਪ੍ਰਚਾਰਕ ਮੰਡਲੀ ਚੂਹੜਕਾਣੇ ਤੋਂ ਬਾਹਰਵਾਰ ਹੀ ਕੁਝ ਦਰੱਖਤਾਂ ਦੇ ਝੁੰਡ ਵਿੱਚ ਬੈਠੀ ਮਿਲ ਗਈ। ਉਸ ਮੰਡਲੀ ਵਿਚ ਕਈ ਸਾਧੂ ਤਾਂ ਗੁਰਦੇਵ ਦੇ ਪਹਿਲਾਂ ਹੀ ਜਾਣੂ ਸਨ। ਗੁਰਦੇਵ ਨੇ ਉਹਨਾਂ ਸਾਧੂਆਂ ਨਾਲ ਮਿਲ ਕੇ ਸਤਸੰਗ ਦਾ ਲਾਭ ਉਠਾਉਣਾ ਚਾਹਿਆ। ਗੁਰੂ ਨਾਨਕ ਦੇਵ ਜੀ ਜਦੋਂ ਇਸ ਪ੍ਰਚਾਰਕ ਮੰਡਲੀ ਵਿਚ ਪਹੁੰਚੇ ਤਾਂ ਗੁਰਦੇਵ ਨੇ ਮਹਿਸੂਸ ਕੀਤਾ ਕਿ ਜਿਵੇਂ ਇਹਨਾਂ ਸਾਧੂਆਂ ਨੇ ਦੋ ਤਿੰਨ ਦਿਨ ਤੋਂ ਭੋਜਨ ਨਹੀਂ ਕੀਤਾ ਹੁੰਦਾ। ਦਰਅਸਲ ਇਹ ਸਾਧੂ ਮੰਗ ਖਾਣੇ ਤਾਂ ਹੈ ਨਹੀਂ ਸਨ। ਇਹ ਤਾਂ ਉਹੀ ਗੈਰਤ ਅਣਖ ਵਾਲੇ ਲੋਕ ਸਨ, ਜਿਨ੍ਹਾਂ ਨੂੰ ਪਠਾਣਾਂ ਨੇ ਮਜ਼ਬੂਰਨ ਘਰ ਬਾਹਰ ਛੱਡਵਾ ਦਿੱਤੇ ਸਨ। ਇਹ ਕਿਸੇ ਅੱਗੇ ਹੱਥ ਕਰਨ ਨਾਲੋਂ ਭੁੱਖੇ ਮਰ ਜਾਣ ਨੂੰ ਪਹਿਲ ਦੇਣ ਵਾਲੇ ਮਹਾਂਪੁਰਖ ਸਨ।

ਦਰਅਸਲ ਹੋਇਆ ਇਸ ਤਰ੍ਹਾਂ ਕਿ ਜਿਸ ਵਕਤ ਦੀ ਇਹ ਘਟਨਾ ਹੈ। ਉਨ੍ਹਾਂ ਦਿਨਾਂ ਵਿਚ ਮੀਂਹ ਬਹੁਤ ਘੱਟ ਪਏ ਸਨ। ਖੇਤੀ ਦਾ ਕੰਮ ਸਾਰਾ ਹੀ ਵਰਖਾ ਉੱਪਰ ਨਿਰਭਰ ਕਰਦਾ ਸੀ। ਅੱਜ ਵਾਂਗ ਬਿਜਲੀ ਤੇ ਹੋਰ ਸਾਧਨ ਨਹੀਂ ਸਨ। ਸਿਰਫ਼ ਵਰਖਾ ਉੱਪਰ ਹੀ ਖੇਤੀ ਨਿਰਭਰ ਹੁੰਦੀ ਸੀ। ਜਦੋਂ ਖੇਤੀ ਨਾ ਹੋਈ ਤਾਂ ਇਲਾਕੇ ਵਿਚ ਕਾਲ ਪੈ ਗਿਆ। ਲੋਕਾਂ ਦੇ ਆਪਣੇ ਘਰਾਂ ਵਿਚ ਖਾਣ ਵਾਸਤੇ ਦਾਣੇ ਨਹੀਂ ਸਨ ਆਏ ਤਾਂ ਇਹਨਾਂ ਸਾਧੂਆਂ ਨੂੰ ਕਿਸੇ ਨੇ ਕੀ ਦੇਣਾ ਸੀ। ਆ-ਜਾ ਕੇ ਇਨ੍ਹਾਂ ਸੰਤਰੇਨ ਸਾਧੂਆਂ ਦਾ ਕੰਮ ਹੁੰਦਾ ਸੀ ਕਿ ਲੋਕਾਂ ਨੂੰ ਦਵਾਈ ਬੂਟੀ ਦੇ ਕੇ ਰੋਗ ਠੀਕ ਕਰਨਾ ਤੇ ਲੋਕਾਂ ਦੇ ਆਤਮਕ ਜੀਵਨ ਨੂੰ ਉੱਚਾ ਚੁੱਕਣ ਲਈ ਕਥਾ ਕੀਰਤਨ ਰਾਹੀਂ ਉਪਦੇਸ਼ ਦੇਣਾ। ਪ੍ਰੇਮ ਭੇਟਾ ਵਜੋਂ ਜੋ ਕੁਝ ਵੀ ਲੋਕਾਂ ਵਲੋਂ ਇਹਨਾਂ ਨੂੰ ਮਿਲਦਾ, ਉਸ ਨਾਲ ਆਪਣਾ ਭੋਜਨ ਪਾਣੀ ਦਾ ਪ੍ਰਬੰਧ ਕਰਦੇ ਸਨ। ਹੁਣ ਅੱਜ ਕਲ੍ਹ ਕਾਲ ਪਿਆ ਹੋਣ ਦੀ ਹਾਲਤ ਵਿਚ ਇਹਨਾਂ ਸੰਤਰੇਨ ਸਾਧੂਆਂ ਨੂੰ ਕਈ ਦਿਨਾਂ ਤੋਂ ਕਿਸੇ ਨੇ ਕੁਝ ਨਹੀਂ ਸੀ ਦਿੱਤਾ। ਜੋ ਕੁਝ ਕੋਲ ਨਕਦੀ ਆਦਿ ਸੀ, ਉਹ ਵੀ ਖਤਮ ਹੋ ਗਿਆ ਸੀ। ਗ਼ੈਰਤ ਤੇ ਅਣਖ ਵਾਲੇ ਹੋਣ ਕਰਕੇ ਕਿਸੇ ਕੋਲੋਂ ਮੰਗਣ ਵੀ ਨਹੀਂ ਸਨ ਜਾ ਸਕਦੇ। ਪ੍ਰਭੂ ਤੇ ਭਰੋਸਾ ਰੱਖ ਕੇ ਏਥੇ ਹੀ ਬੈਠੇ ਰਹੇ। ਸਾਰੀ ਮੰਡਲੀ ਦੇ ਮੁਖੀ ਨੂੰ ਸੰਤਰੇਨ ਕਿਹਾ ਜਾਂਦਾ ਸੀ। ਵੈਸੇ ਵੀ ਸਭ ਤੋਂ ਪਹਿਲੀ ਏਸ ਮੰਡਲੀ ਦੇ ਮੁਖੀ ਦਾ ਨਾਮ "ਸੰਤਰੇਨ" ਸੀ। ਜਦੋਂ ਗੁਰਦੇਵ ਨੇ ਮੁਖੀ ਤੋਂ ਪੁੱਛਿਆ ਤੁਹਾਡਾ ਨਾਮ ਕੀ ਹੈ ਤਾਂ ਉਹਨਾਂ ਨੇ ਕਿਹਾ—

ਸੰਤਰੇਨ ਹੈ ਨਾਮ ਹਮਾਰਾ॥ ਸ੍ਰੀ ਗੁਰ ਬਚ ਸੋਂ ਧਰਯੋ ਸੁਧਾਰਾ॥
ਦੀਨ ਗਰੀਬੀ ਕੋ ਸਿਰ ਪਾਉ॥ ਸੁਜਸ ਜਾਸੁ ਬਹੁ ਵਧਤਿ ਪ੍ਰਭਾਉ॥

(ਪੰਨਾ ੨੩੭ ਸ੍ਰੀ ਗੁਰੂ ਨਾਨਕ ਪ੍ਰਕਾਸ਼)

ਜਦੋਂ ਗੁਰੂ ਨਾਨਕ ਦੇਵ ਜੀ, ਇਸ ਮੰਡਲੀ ਦੇ ਮੁਖੀ ਸੰਤਰੇਨ ਜੀ ਨੂੰ ਮਿਲੇ ਤਾਂ ਪੁੱਛਿਆ ਕਿ ਮਹਾਤਮਾ ਜੀ! ਭੋਜਨ ਪਾਣੀ ਛਕਿਆ ਹੈ ਕਿ ਨਹੀਂ। ਸੰਤਰੇਨ ਜੀ ਨੇ ਬੜੇ ਸਬਰ ਤੇ ਸੰਤੋਖ ਨਾਲ ਉੱਤਰ ਦਿੱਤਾ ਕਿ ਤਿੰਨ ਕੁ ਦਿਨ ਹੋਏ ਹਨ, ਛਕਿਆ ਸੀ। ਗੁਰਦੇਵ ਦਾ ਮਨ ਭਰ ਆਇਆ ਕਿ ਏਨੇ ਚੰਗੇ ਮਿਸ਼ਨ ਦੇ ਪ੍ਰਚਾਰਕ ਹਨ, ਇਹ ਲੋਕ। ਪਰ ਤਿੰਨ ਦਿਨਾਂ ਤੋਂ ਕੁਝ ਛਕਣ ਵਾਸਤੇ ਪ੍ਰਾਪਤ ਨਹੀਂ ਹੋਇਆ। ਜਿਵੇਂ ਪ੍ਰਚਲਤ ਹੋਇਆ ਹੈ ਕਿ ਗੁਰਦੇਵ ਨੇ ਭੁੱਖੇ ਸਾਧੂਆਂ ਨੂੰ ਤਰਸ ਕਰਕੇ ਭੋਜਨ ਛਕਾਇਆ। ਦਰਅਸਲ ਇਹ ਸਾਧੂ ਕੋਈ ਭਿਖਮੰਗੇ ਜਾਂ ਪਾਖੰਡੀ ਲੋਕ ਨਹੀਂ ਸਨ। ਇਹ ਇਕ ਉੱਚੇ ਕਿਰਦਾਰ ਦੇ ਬ੍ਰਹਮ ਗਿਆਨੀ ਸੰਤ ਸਨ। ਜੋ ਕਿ ਬੜੀ ਗੈਰਤ ਰੱਖਣ ਵਾਲੇ ਮਹਾਤਮਾ ਸਨ। ਜੋ ਕਿ ਕਾਲ ਪੈ ਜਾਣ ਦੇ ਵਕਤ ਵੀ, ਕਿਸੇ ਅੱਗੇ ਹੱਥ ਕਰਕੇ ਮੰਗਣ ਨਾਲੋਂ ਭੁੱਖੇ ਮਰ ਜਾਣ ਨੂੰ ਚੰਗਾ ਸਮਝਦੇ ਸਨ। ਪਰ ਸੱਚ ਦੇ ਪੁਜਾਰੀ ਸਨ। ਗੁਰੂ ਨਾਨਕ ਦੇਵ ਜੀ ਨੇ ਦੂਰ ਅੰਦੇਸ਼ੀ ਨਾਲ ਵਿਚਾਰ ਕੀਤੀ ਤੇ ਆਪਣੇ ਕੋਲ ਜੋ ਕਾਰੋਬਾਰ ਆਰੰਭ ਕਰਨ ਲਈ ਪਿਤਾ ਵਲੋਂ ੨੦ ਰੁਪਏ ਦੀ ਰਕਮ ਦਿੱਤੀ ਗਈ ਸੀ। ਉਹ ਸਾਰੀ ਰਕਮ, ਉਹਨਾਂ ਸੰਤਰੇਨ ਸਾਧੂਆਂ ਨੂੰ ਅਰਪਣ ਕਰ ਦਿੱਤੀ। ਦਰਅਸਲ ਉਹ ਰਕਮ ਗੁਰਦੇਵ ਨੇ ਦਾਨ ਨਹੀਂ ਸੀ ਦਿੱਤੀ। ਉਹ ਰਕਮ ਤਾਂ ਸੱਚ ਦਾ ਪ੍ਰਚਾਰ ਕਰਨ ਲਈ, ਇਕ ਸਹਿਯੋਗ ਦਿੱਤਾ ਗਿਆ ਸੀ। ਉਹ ਸੰਤਰੇਨ ਸਾਧੂ ਵੀ ਬੜੇ ਦੂਰਅੰਦੇਸ਼ ਮਹਾਤਮਾ ਸਨ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਰੂਹਾਨੀ ਗੁਰੂ ਮੰਨ ਲਿਆ। ਉਸ ਦਿਨ ਤੋਂ ਉਪਰੰਤ ਰੂਹਾਨੀ ਤੌਰ ਤੇ ਉਹ ਮੰਡਲੀ ਗੁਰੂ ਨਾਨਕ ਨਾਮ ਦੀ ਪ੍ਰਚਾਰਕ ਮੰਡਲੀ ਬਣ ਗਈ। ਉਹ ਮੰਡਲੀ ਦੇ ਸੰਤਰੇਨ ਸਾਧੂ ਜਿਥੇ ਵੀ ਜਾਂਦੇ। ਉਹ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਗੁਰੂ ਮੰਨ ਕੇ ਹਰੇਕ ਪ੍ਰਾਣੀ ਨੂੰ ਗੁਰੂ ਨਾਨਕ ਦੇਵ ਜੀ ਦੀ ਅਗਵਾਈ ਵਿਚ ਚਲਣ ਦੀ ਪ੍ਰੇਰਣਾ ਦਿੰਦੇ ਸਨ। ਉਸ ਤੋਂ ਪਿਛੋਂ ਏਨਾ ਸਾਧੂਆਂ ਨੇ, ਜੋ ਨਿਯਮ ਗੁਰੂ ਨਾਨਕ ਦੇਵ ਜੀ ਦੇ ਬਣਾਏ ਹੋਏ ਸਨ, ਉਨ੍ਹਾ ਨਿਯਮਾਂ ਨੂੰ ਆਮ ਦੁਨੀਆਂ ਵਿਚ ਲਾਗੂ ਕਰਨ ਲਈ ਵਿਸ਼ੇਸ਼ ਉਪਰਾਲਾ ਕੀਤਾ। ਜਿਵੇਂ ਕਿ ਉੱਪਰ ਦਰਸਾਇਆ ਜਾ ਚੁੱਕਾ ਹੈ ਕਿ ਕੁਝ ਨਿਯਮ ਇਹਨਾਂ ਸਾਧੂਆਂ ਨੇ ਪਹਿਲਾਂ ਹੀ ਪ੍ਰਚਲਤ ਕੀਤੇ ਹੋਏ ਸਨ। ਪਰ ਉਹ ਨਿਯਮ ਐਸੇ ਸਨ ਕਿ ਉਹਨਾਂ ਵਿਚੋਂ ਕੁਝ ਨਿਯਮ ਮਨੁੱਖਤਾ ਲਈ ਘਾਤਕ ਸਿੱਧ ਹੋਏ। ਜਿਵੇਂ ਕਿ "ਕੁੜੀ ਮਾਰ" ਰਸਮ ਬਹੁਤ ਜਿਆਦਾ ਘਾਤਕ ਸਿੱਧ ਹੋਈ। ਤਾਂ ਗੁਰੂ ਨਾਨਕ ਦੇਵ ਜੀ ਨੇ ਇਸ

ਨਿਯਮ ਨੂੰ ਨਿਖੇਧ ਕਰ ਦਿੱਤਾ।

ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ ਆਦਿ ਗੁਰਦੇਵ ਦੇ ਮੁਢਲੇ ਨਿਯਮ ਸਨ। ਸੋ ਇਹ ਸੰਤਰੇਨ ਸਾਧੂ ਪ੍ਰਚਾਰਕ ਟੋਲੀ ਦੇ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਅਗਵਾਈ ਵਿਚ ਪਹਿਲੇ ਪ੍ਰਚਾਰਕਾਂ ਵਿਚ ਆ ਗਏ। ਇਸ ਤਰ੍ਹਾਂ ਹੀ ਇਹ ਸੰਤਰੇਨ ਸੰਪਰਦਾ ਦੇ ਰੂਪ ਵਿਚ ਇਹ ਸਾਧੂ ਗੁਰਬਾਣੀ ਲਿਖਣ ਤੇ ਪ੍ਰਚਾਰ ਦੀ ਸੇਵਾ ਕਰਦੇ ਰਹੇ। ਗੁਰੂ ਨਾਨਕ ਦੇਵ ਜੀ ਤੋਂ ਉਪਰੰਤ ਏਹ ਸਾਧੂ ਗੁਰੂ ਅੰਗਦ ਦੇਵ ਜੀ ਦੇ ਪ੍ਰਚਾਰਕ ਬਣ ਕੇ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਨ ਦਾ ਕੰਮ ਕਰਦੇ ਰਹੇ। ਇਹਨਾਂ ਸਾਧੂਆਂ ਦਾ ਨਿੱਜੀ ਆਪਣਾ ਵੱਖਰਾ ਕੋਈ ਮਿਸ਼ਨ ਨਹੀਂ ਸੀ। ਨਾ ਹੀ ਕੋਈ ਕੇਂਦਰੀ ਅਸਥਾਨ ਸੀ। ਸਿਰਫ ਰਮਤੇ ਸਾਧੂਆਂ ਦੇ ਰੂਪ ਵਿਚ ਵਿਚਰਦੇ ਤੇ ਪ੍ਰਚਾਰ ਕਰਦੇ ਸਨ। ਦਵਾਈ ਬੂਟੀ ਨਾਲ ਦੀਨ, ਦੁਖੀ ਤੇ ਰੋਗੀਆਂ ਦੀ ਸੇਵਾ ਕਰਦੇ ਸਨ। ਗੁਰਬਾਣੀ ਲਿਖ ਤੇ ਗਾ ਕੇ ਲੋਕਾਂ ਨੂੰ ਉਪਦੇਸ਼ ਦਿੰਦੇ ਸਨ। ਆਪਣਾ ਕੇਂਦਰ ਗੁਰੂ ਘਰ ਨੂੰ ਹੀ ਮੰਨਦੇ ਸਨ। ਇਹਨਾਂ ਸਾਧੂਆਂ ਦੀ ਸੰਗਤ ਵਿਚ ਰਲ ਕੇ ਹੀ ਭਾਈ ਗੁਰਦਾਸ ਵਰਗੇ ਬ੍ਰਹਮ ਗਿਆਨੀ ਮਹਾਂਪੁਰਖ, ਗੁਰੂ ਅਰਜਨ ਦੇਵ ਜੀ ਦੇ ਵੇਲੇ, ਬਨਾਰਸ ਵਿਚ ਜਾ ਕੇ ਸੰਸਕ੍ਰਿਤ ਪੜ੍ਹਦੇ ਰਹੇ ਸਨ। ਇਹਨਾਂ ਸਾਧੂਆਂ ਨੇ ਆਪਣਾ ਮੁੱਖ ਮਿਸ਼ਨ, ਗੁਰੂ ਨਾਨਕ ਮਿਸ਼ਨ ਹੀ ਰੱਖਿਆ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦੇ ਵੇਲੇ ਜਦੋਂ ਧੀਰਮਲ ਨੇ ਗੁਰੂ ਸਾਹਿਬ ਦੀ ਬੀੜ ਦੇਣ ਤੋਂ ਨਾਂਹ ਕਰ ਦਿੱਤੀ ਸੀ। ਦਰਅਸਲ ਹਕੀਕਤ ਇਸ ਤਰ੍ਹਾਂ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਆਨੰਦਪੁਰ ਸਾਹਿਬ ਵਿਚ ਰਹਿੰਦੇ ਸਨ ਇਕ ਦਿਨ ਦੀ ਘਟਨਾ ਹੈ ਕਿ ਇਕ ਸਿੱਖ ਪੁਰਾਤਨ ਪੰਜ ਬਾਣੀਆਂ ਦਾ ਪਾਠ ਉੱਚੀ ਅਵਾਜ਼ ਵਿਚ ਬੋਲ ਕੇ ਕਰ ਰਿਹਾ ਸੀ। ਪੁਰਾਤਨ ਪੰਜ ਬਾਣੀਆਂ ਇਹ ਸਨ— ਬਾਵਨ ਅਖਰੀ, ਸੁਖਮਨੀ ਸਾਹਿਬ, ਪੂਰਾ ਆਨੰਦ ਸਾਹਿਬ, ਦੱਖਣੀ ਓਅੰਕਾਰ, ਸਿੱਧ ਗੋਸ਼ਟਿ ਗ੍ਰੰਥ। ਜਦੋਂ ਉਹ "ਦੱਖਣੀ ਓਅੰਕਾਰ" ਦੀ ਬਾਣੀ ਦਾ ਪਾਠ ਕਰ ਰਿਹਾ ਸੀ ਤਾਂ ਤੀਜੀ ਪਉੜੀ ਵਿਚ ਪਾਠ ਆਇਆ—

ਧਧੈ ਧਰਮੁ ਧਰੇ ਧਰਮਾ ਪੁਰਿ ਗੁਣਕਾਰੀ ਮਨੁ ਧੀਰਾ॥
ਧਧੈ ਧੂਲਿ ਪੜੈ ਮੁਖਿ ਮਸਤਕਿ ਕੰਚਨ ਭਏ ਮਨੂਰਾ॥
ਧਨੁ ਧਰਣੀਧਰੁ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ॥
ਕਰਤੇ ਕੀ ਮਿਤਿ ਕਰਤਾ ਜਾਣੈ "ਕੈ" ਜਾਣੈ ਗੁਰੁ ਸੂਰਾ॥੩॥

ਉਸ ਗੁਰਸਿੱਖ ਨੇ ਪਾਠ ਕਰਦੇ ਸਮੇਂ ਇਸ ਤੀਜੀ ਪਉੜੀ ਦੀ ਆਖਰੀ ਪੰਕਤੀ ਦਾ ਜਦੋਂ ਪਾਠ ਕੀਤਾ ਤਾਂ ਜਿਥੇ "ਕੈ" ਪਾਠ ਆਉਂਦਾ ਹੈ ਉਸ "ਕੈ" ਦੀ ਥਾਂ "ਕੇ" ਪਾਠ

ਕੀਤਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੂੰ ਉਸ ਸਿੱਖ ਦੀ ਆਵਾਜ਼ ਬੜੀ ਸਾਫ਼ ਸੁਣਾਈ ਦੇ ਰਹੀ ਸੀ। ਜਦੋਂ ਗੁਰਦੇਵ ਨੇ ਇਹ ਪਾਠ ਸੁਣਿਆ ਤਾਂ ਉੱਚੀ ਆਵਾਜ਼ ਦੇ ਕੇ ਕਿਹਾ ਗੁਰਸਿੱਖਾ! ਪਾਠ ਸ਼ੁੱਧ ਕਰ। ਪਰ ਉਸ ਗੁਰਸਿੱਖ ਨੂੰ ਸਮਝ ਨਾ ਲੱਗੀ ਤਾਂ ਉਸ ਨੇ ਫਿਰ ਉਸੇ ਤਰ੍ਹਾਂ ਹੀ ਪਾਠ ਕੀਤਾ। ਗੁਰਦੇਵ ਨੇ ਫਿਰ ਕਿਹਾ ਕਿ ਪਾਠ ਦੇਖ ਕੇ, ਸ਼ੁੱਧ ਕਰ। ਉਸ ਸਿੱਖ ਨੂੰ ਫਿਰ ਸਮਝ ਨਾ ਲੱਗੀ ਤੇ ਉਸ ਨੇ ਫਿਰ ਉਸੇ ਤਰ੍ਹਾਂ ਅਸ਼ੁੱਧ ਪਾਠ ਹੀ ਕੀਤਾ। ਤੀਸਰੀ ਵਾਰ ਕਹਿਣ ਤੇ ਵੀ ਉਸ ਸਿੱਖ ਨੂੰ ਸਮਝ ਨਾ ਲੱਗੀ। ਅਖੀਰ ਗੁਰਦੇਵ ਨੇ ਆਪਣੇ ਕੋਲ ਬੁਲਵਾ ਲਿਆ ਤੇ ਕੁਝ ਝਾਂਟ ਕੇ ਕਿਹਾ ਕਿ ਤੂੰ ਸਮਝ ਕੇ ਪਾਠ ਕਿਉਂ ਨਹੀਂ ਕਰਦਾ? ਉਸ ਸਿੱਖ ਨੇ ਕਿਹਾ, "ਗੁਰਦੇਵ! ਮੇਰੀ ਅਲਪ ਬੁੱਧ ਹੈ। ਆਪ ਜੀ ਕ੍ਰਿਪਾ ਕਰੋ, ਮੇਰੀ ਸਮਝ ਵਿਚ ਆਵੇ।" ਗੁਰਦੇਵ ਨੇ ਆਖਿਆ ਕਿ "ਕੈ" ਪਾਠ ਦੀ ਜਗ੍ਹਾ ਏਸ ਸਿੱਖ ਨੇ "ਕੈ" ਪਾਠ ਕੀਤਾ ਹੈ। ਏਸ ਦਾ ਕਾਰਨ ਏਹ ਨਹੀਂ ਕਿ ਸਿੱਖ ਨੇ ਜਾਣ ਬੁਝ ਕੇ ਅਸ਼ੁੱਧ ਪਾਠ ਕੀਤਾ ਹੈ। ਏਸ ਸਿੱਖ ਨੂੰ ਸਮਝ ਹੀ ਨਹੀਂ ਸੀ ਕਿ ਉਹ ਪਾਠ ਕੀ ਕਰ ਰਿਹਾ ਹੈ। ਸਮਝ ਨਾ ਹੋਣ ਕਰਕੇ ਪਾਠ ਦੇ ਅਰਥ ਦਾ ਅਨਰਥ ਹੋ ਜਾਂਦਾ ਹੈ। ਏਨੇ ਨੁਕਤੇ ਨਾਲ ਹੀ ਅਰਥ ਬਦਲ ਜਾਂਦਾ ਹੈ। ਏਸ ਪਾਠ ਦਾ ਅਰਥ ਹੈ ਕਿ—

ਕਰਤੇ ਕੀ ਮਿਤਿ ਕਰਤਾ ਜਾਣੈ, "ਕੈ" ਜਾਣੈ ਗੁਰੁ ਸੂਰਾ॥

ਭਾਵ ਕਿ ਪ੍ਰਮਾਤਮਾ ਬਾਰੇ ਪ੍ਰਮਾਤਮਾ ਹੀ ਜਾਣਦਾ ਹੈ ਜਾਂ ਫਿਰ ਕੋਈ ਪੂਰਾ ਗੁਰੂ ਸੂਰਮਾ ਜਾਣਦਾ ਹੈ। ਜੇਕਰ ਇਹ ਪਾਠ ਕੀਤਾ ਜਾਵੇ ਕਿ "ਕੇ" ਜਾਣੈ ਗੁਰੁ ਸੂਰਾ॥" ਤਾਂ ਭਾਵ ਅਰਥ ਇਹ ਹੋਇਆ ਪਰਮਾਤਮਾ ਦੇ ਬਾਰੇ ਪਰਮਾਤਮਾ ਨੂੰ ਪਤਾ ਹੈ। ਗੁਰੂ ਨੂੰ ਕੀ ਪਤਾ ਹੈ? ਭਾਵ ਕਿ ਕੁਝ ਵੀ ਪਤਾ ਨਹੀਂ ਹੈ। ਹੁਣ ਇਹ ਤਾਂ ਬੜੀ ਭਾਰੀ ਭੁੱਲ ਹੈ।

ਗੁਰਦੇਵ ਕੋਲੋਂ ਇਹ ਪ੍ਰਵਚਨ ਸੁਣ ਕੇ ਬਹੁਤ ਸਾਰੇ ਸਿੱਖਾਂ ਨੇ ਬੇਨਤੀ ਕੀਤੀ ਕਿ ਗੁਰਦੇਵ! ਸਾਰੀ ਬਾਣੀ ਦੇ ਅਰਥ ਸੁਣੇ ਸਮਝੇ ਬਿਨਾਂ ਬਾਣੀ ਦੀ ਸ਼ੁੱਧੀ ਨਹੀਂ ਹੋ ਸਕਦੀ। ਇਹ ਤਾਂ ਇਕ ਪੰਕਤੀ ਏਸ ਸਿੱਖ ਨੇ ਅਸ਼ੁੱਧ ਪੜ੍ਹੀ ਹੈ। ਪਰ ਬਹੁਤ ਸਿੱਖ ਹਨ ਜੋ ਏਸ ਤਰ੍ਹਾਂ ਪਤਾ ਨਹੀਂ ਕਿੰਨੀ ਬਾਣੀ ਅਸ਼ੁੱਧ ਪੜ੍ਹਦੇ ਹੋਣਗੇ। ਕ੍ਰਿਪਾ ਕਰਕੇ ਸਾਰੇ ਸਿੱਖਾਂ ਨੂੰ ਸ਼ੁੱਧ ਬਾਣੀ ਪੜ੍ਹਨ ਲਈ ਗੁਰਬਾਣੀ ਦੇ ਅਰਥ ਸੁਣਾਓ। ਏਸ ਵਕਤ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਜੋ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪ ਤਿਆਰ ਕਰਵਾਈ ਸੀ। ਉਸ ਦੀ ਲੋੜ ਪੈ ਗਈ। ਇਹ ਬੀੜ ਉਸ ਵੇਲੇ ਧੀਰਮਲ ਕੋਲ ਕਰਤਾਰਪੁਰ ਜੋ ਜਲੰਧਰ ਦੇ ਨੇੜੇ ਹੈ ਉਥੇ ਸੀ। ਗੁਰਦੇਵ ਨੇ ਆਪਣੇ ਕੁਝ ਸਿੰਘਾਂ ਨੂੰ ਭੇਜਿਆ ਕਿ ਧੀਰਮਲ ਦੇ ਕੋਲ ਜਾਉ ਤੇ ਬੀੜ ਲੈ ਕੇ ਆਉ। ਸਿੰਘ ਗਏ ਪਰ ਧੀਰਮਲ ਨੇ ਬੀੜ ਦੇਣ ਤੋਂ ਇਨਕਾਰ ਕਰ ਦਿੱਤਾ। ਅੱਗੋਂ ਧੀਰਮਲ ਨੇ ਕਿਹਾ ਕਿ ਜੇ ਆਪਣੇ ਆਪ

ਨੂੰ ਦਸਵਾਂ ਗੁਰੂ ਨਾਨਕ ਸਦਵਾਉਂਦੇ ਹਨ ਤਾਂ ਆਪਣੇ ਆਪ ਬੀੜ ਰਚ ਲੈਣ। ਜਦੋਂ ਦਸ਼ਮੇਸ਼ ਨੇ ਇਹ ਸੁਣਿਆ ਤਾਂ ਕਿਹਾ ਕੋਈ ਨਹੀਂ। ਅਸੀਂ ਆਪ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕਰਵਾ ਲਵਾਂਗੇ। ਉਸ ਵੇਲੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਹੋਰ ਭੀ ਲਿਖੀਆਂ ਹੋਈਆਂ ਸਨ। ਮਾਂਗਟ ਵਾਲੇ ਭਾਈ ਬੰਨੋ ਜੀ ਨੇ ਗੁਰੂ ਅਰਜਨ ਸਾਹਿਬ ਵਾਲੀ ਬੀੜ ਦਾ ਉਤਾਰਾ ਕਰਵਾ ਲਿਆ ਹੋਇਆ ਸੀ। ਇਕ ਬੀੜ ਸੰਤਰੇਨ ਸਾਧੂਆਂ ਨੇ ਵੀ ਲਿਖੀ ਹੋਈ ਸੀ।

ਜਿਵੇਂ ਕਿ ਮੈਂ ਆਪ ਨੂੰ ਪਹਿਲਾਂ ਵੀ ਦਰਸਾ ਚੁੱਕਾ ਹਾਂ ਕਿ ਸੰਤਰੇਨ ਸਾਧੂਆਂ ਦਾ ਮੁਖ ਮਿਸ਼ਨ "ਗੁਰੂ ਨਾਨਕ ਮਿਸ਼ਨ ਸੀ"। ਸੰਤਰੇਨ ਤਾਂ ਕੇਵਲ ਗੁਰੂ ਨਾਨਕ ਮਿਸ਼ਨ ਦੇ ਪ੍ਰਚਾਰਕ ਸਨ। ਆਦਿ ਤੋਂ ਹੀ ਗੁਰਬਾਣੀ ਨੂੰ ਸੰਭਾਲਣਾ, ਪੋਥੀਆਂ ਬਣਾ ਕੇ ਸੰਗਤਾਂ ਵਿਚ ਭੇਟ ਕਰਨੀਆਂ, ਗੁਰਬਾਣੀ ਦੀ ਵਿਆਖਿਆ ਦੁਆਰਾ ਸੰਗਤਾਂ ਨੂੰ ਉਪਦੇਸ਼ ਕਰਨਾ। ਪਰ ਸੰਤਰੇਨ ਸਾਧੂ ਭਾਵੇਂ ਪ੍ਰਚਾਰ ਤਾਂ ਗੁਰੂ ਨਾਨਕ ਦੇ ਘਰ ਦਾ ਕਰਦੇ ਸਨ। ਪਰ ਆਪਣੀ ਪਛਾਣ ਲਈ ਇਹ ਸੰਤਰੇਨ ਸ਼ਬਦ ਦੀ ਵਰਤੋਂ ਕਰਦੇ ਸਨ। ਸੰਤਰੇਨ ਸਾਧੂਆਂ ਨੂੰ ਗੁਰੂ ਘਰ ਵਲੋਂ ਪ੍ਰਚਾਰ ਦੇ ਵਿਸ਼ੇਸ਼ ਅਧਿਕਾਰ ਦਿੱਤੇ ਗਏ ਸਨ। ਏਸ ਤਰ੍ਹਾਂ ਇਹ ਸਾਧੂ ਆਪਣੀ ਜਥੇਬੰਦੀ ਦੁਆਰਾ ਗੁਰਮਤਿ ਦਾ ਵੱਧ ਤੋਂ ਵੱਧ ਪ੍ਰਸਾਰ ਤੇ ਪ੍ਰਚਾਰ ਕਰਦੇ ਸਨ। ਏਸੇ ਹੀ ਪ੍ਰਸਾਰ ਤੇ ਪ੍ਰਚਾਰ ਦੇ ਮਿਸ਼ਨ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੇ ਇਹਨਾਂ ਸੰਤਰੇਨ ਸਾਧੂਆਂ ਦੀ ਡਿਊਟੀ ਲਾਈ ਕਿ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੀੜ ਤਿਆਰ ਕਰਨੀ ਹੈ। ਏਸ ਵਾਸਤੇ ਜੋ ਗੁਰਬਾਣੀ ਦੀਆਂ ਪੋਥੀਆਂ ਤੁਸੀਂ ਸੰਗਤਾਂ ਵਿਚ ਲਿਖ ਕੇ ਪ੍ਰਸਾਰ ਕਰਦੇ ਹੋ। ਉਨ੍ਹਾਂ ਦੇ ਮੂਲ, ਆਨੰਦਪੁਰ ਲੈ ਕੇ ਆਉ। ਇਹਨਾਂ ਸੰਤਰੇਨ ਸਾਧੂਆਂ ਦੀ ਮੰਡਲੀ ਆਨੰਦਪੁਰ ਤੋਂ ਬਾਹਰ ਪਹਾੜਾਂ ਵਾਲੇ ਪਾਸੇ ਆ ਕੇ ਟਿਕ ਗਈ। ਇਹਨਾਂ ਸਾਧੂਆਂ ਦਾ ਜੰਗਾਂ-ਯੁੱਧਾਂ ਨਾਲ ਕੋਈ ਵਾਸਤਾ ਨਹੀਂ ਸੀ। ਇਹ ਕੇਵਲ ਗੁਰਮਤਿ ਵਿਦਿਆ ਪ੍ਰਚਾਰ ਹੀ ਕਰਦੇ ਸਨ। ਇਨ੍ਹਾਂ ਨੇ ਆਨੰਦਪੁਰ ਤੋਂ ਬਾਹਰਲੇ ਪਾਸੇ, ਪਹਾੜੀਆਂ ਦੀ ਓਟ ਵਿੱਚ ਆਪਣੇ ਆਸਣ ਲਾ ਲਏ ਤੇ ਗੁਰਬਾਣੀ ਲਿਖਣੀ ਆਰੰਭ ਕਰ ਲਈ। ਗੁਰੂ ਨਾਨਕ ਦੇਵ ਦੇ ਵੇਲੇ ਤੇ ਪ੍ਰਸਾਰ, ਪ੍ਰਚਾਰ ਤੇ ਲਿਖਣ ਦਾ ਕੰਮ ਕਰਦੇ ਆ ਰਹੇ ਸਨ। ਏਸ ਕਰਕੇ ਲਿਖਾਈ ਬੜੀ ਸੁੰਦਰ ਸੀ। ਇਹਨਾਂ ਸਾਧੂਆਂ ਨੇ ਆਪਣੇ ਪਾਸ ਪਹਿਲੇ ਮੂਲ ਸਰੋਤਾਂ ਤੋਂ ਇਕ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰ ਲਈ। ਇਹਨਾਂ ਸਾਧੂਆਂ ਨੂੰ ਏਹ ਤਾਂ ਮਾਣ ਸੀ ਕਿ ਏਸ ਬੀੜ ਵਿਚ ਜਿੰਨੀ ਬਾਣੀ ਦਰਜ ਕੀਤੀ ਗਈ ਹੈ ਉਹ ਸਾਰੀ ਗੁਰਮਤਿ ਦੇ ਅਨੁਕੂਲ ਹੀ ਹੈ। ਪਰ ਫਿਰ ਵੀ ਓਨੀ ਦੇਰ ਕਿਵੇਂ ਇਹ ਪ੍ਰਮਾਣਤ ਮੰਨੀ ਜਾਵੇ, ਜਿੰਨੀ ਦੇਰ ਏਸ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪ

ਪੜ੍ਹ ਕੇ ਦੇਖ ਨਾ ਲੈਣ। ਉਨ੍ਹਾਂ ਦਿਨਾਂ ਵਿਚ ਧੀਰਮਲ ਨੇ ਵੀ ਇਹ ਦਾਅਵਾ ਕੀਤਾ ਹੋਇਆ ਸੀ ਕਿ ਅਸਲੀ ਗੁਰੂ ਉਹੀ ਹੋ ਸਕਦਾ ਹੈ, ਜਿਸ ਦੇ ਕੋਲ ਗੁਰੂ ਗ੍ਰੰਥ ਸਾਹਿਬ ਦੀ ਬੀੜ ਹੋਵੇ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਵੀ ਵਿਸ਼ੇਸ਼ ਹੁਕਮ ਕੀਤਾ ਹੋਇਆ ਸੀ ਕਿ ਜਿਸ ਦੇ ਕੋਲ ਜਿੰਨੀ ਵੀ ਬਾਣੀ ਹੈ। ਉਹ ਗੁਰੂ ਘਰ ਲੈ ਕੇ ਆਵੇ। ਇਹਨਾਂ ਸੰਤਰੇਨ ਸਾਧੂਆਂ ਨੇ ਜੋ ਬੀੜ ਤਿਆਰ ਕੀਤੀ ਸੀ, ਉਸ ਬਾਰੇ ਆਪਸ ਵਿਚ ਵਿਚਾਰ ਕੀਤੀ ਕਿ ਇਹ ਬੀੜ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਪੇਸ਼ ਕੀਤੀ ਜਾਵੇ। ਗੁਰਦੇਵ ਨੂੰ ਮਨਜ਼ੂਰ ਹੋਇਆ ਤਾਂ ਪ੍ਰਵਾਨ ਕਰ ਲੈਣਗੇ। ਨਹੀਂ ਤਾਂ ਏਸ ਦੀ ਸੁਧਾਈ ਕਰਵਾ ਲੈਣਗੇ। ਸਾਡਾ ਕੰਮ ਤਾਂ ਲਿਖਣਾ ਤੇ ਪ੍ਰਚਾਰ ਕਰਨਾ ਹੀ ਹੈ। ਇਹਨਾਂ ਸੰਤਰੇਨ ਸਾਧੂਆਂ ਦੇ ਮੁਖੀ ਨੇ ਪੰਜ ਚਾਰ ਸੰਤ ਹੋਰ ਭੇਜੇ ਤੇ ਨਾਲੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੈ ਕੇ ਗੁਰੂ ਦਰਬਾਰ ਵਿਚ ਆਏ। ਅੱਗੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਕਿਸੇ ਹੋਰ ਕਾਰਜ ਵਾਸਤੇ ਤਿਆਰ ਸਨ। ਏਸ ਵਾਸਤੇ ਸਮਾਂ ਨਾ ਮਿਲਿਆ। ਏਸ ਤਰ੍ਹਾਂ ਉਹ ਸੰਤਰੇਨ ਸਾਧੂ ਬੀੜ ਨੂੰ ਪ੍ਰਮਾਣਿਤ ਕਰਾਉਣ ਲਈ, ਕਈ ਵਾਰ ਦਰਬਾਰ ਵਿਚ ਆਏ। ਪਰ ਖੁਦਾ-ਨੁਖਾਸਤਾ ਗੁਰਦੇਵ ਨਾਲ ਮੇਲ ਹੀ ਨਾ ਹੋ ਸਕਿਆ। ਅਕਸਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਗੈਰ ਹਾਜ਼ਰੀ ਅਤੇ ਦੂਸਰੀ ਥਾਂ ਤੇ ਉਹਨਾਂ ਦਾ ਮੁਸਾਹਿਬ "ਭਾਈ ਨੰਦ ਚੰਦ" ਕੰਮ ਕਰਦਾ ਸੀ। ਇਕ ਦਿਨ ਭਾਈ ਨੰਦ ਚੰਦ ਨੇ ਉਹਨਾਂ ਸੰਤਰੇਨ ਸਾਧੂਆਂ ਨੂੰ ਕਿਹਾ ਕਿ ਤੁਸੀਂ ਮੈਨੂੰ ਦੱਸੋ ਕੀ ਕੰਮ ਹੈ? ਮੈਂ ਕਰਵਾ ਦਿਆਂਗਾ। ਉਹਨਾਂ ਸਾਧੂਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਭਾਈ ਨੰਦ ਚੰਦ ਨੂੰ ਦੇ ਦਿੱਤੀ ਤੇ ਆਖਿਆ ਕਿ ਇਹ ਬੀੜ ਗੁਰਦੇਵ ਦੇ ਕੋਲ ਪ੍ਰਮਾਣਿਤ ਕਰਵਾਉਣੀ ਹੈ। ਸੁਨ ਸਾਧ ਗ੍ਰੰਥ ਤਿਸ ਦੀਨ॥ ਦਸਖਤ ਕਰਿਦੈ ਹੈ ਚਿਤ ਚੀਤ॥ ਜੇ ਪ੍ਰਮਾਣਿਤ ਨਾ ਹੋਈ ਤਾਂ ਸੁਧਾਈ ਕਰਵਾਉਣੀ ਹੈ। ਭਾਈ ਨੰਦ ਚੰਦ ਨੇ ਕਿਹਾ ਕਿ ਇਹ ਕੰਮ ਤਾਂ ਲੰਮਾ ਹੈ। ਸਾਰੀ ਬੀੜ ਦਾ ਪਾਠ ਕਰਕੇ ਦੇਖਣਾ ਪਵੇਗਾ। ਏਸ ਵਾਸਤੇ ਇਹ ਬੀੜ ਤੁਸੀਂ ਦੇ ਜਾਓ ਤੇ ਤੁਸੀ ਮਹੀਨੇ ਕੁ ਬਾਅਦ ਆਇਓ। ਉਹ ਪਾਵਨ ਬੀੜ ਜਦੋਂ ਭਾਈ ਨੰਦ ਚੰਦ ਨੇ ਪ੍ਰਕਾਸ਼ ਕਰਕੇ ਦੇਖੀ ਤਾਂ ਮੋਤੀਆ ਵਰਗੇ ਅੱਖਰ ਦੇਖ ਦੇ ਦੰਗ ਰਹਿ ਗਿਆ। ਬੜੇ ਸਾਫ-ਸੁਥਰੇ ਅੱਖਰ ਲਿਖੇ ਹੋਏ ਸਨ। ਸ਼ਾਇਦ ਭਾਈ ਨੰਦ ਚੰਦ ਜੀ ਦੇ ਮਨ ਵਿਚ ਇਹ ਭਰਮ ਆਇਆ ਕਿ ਇਸ ਬੀੜ ਨੂੰ ਪ੍ਰਾਪਤ ਕਰਨ ਵਾਲਾ ਕੋਈ ਵੀ ਗੁਰੂ ਹੋ ਸਕਦਾ ਹੈ ਜਾਂ ਸਦਵਾ ਸਕਦਾ ਹੈ। ਇਹ ਬੀੜ ਆਪਣੇ ਪਾਸ ਰੱਖਣੀ ਚਾਹੀਦੀ ਹੈ। ਉਹਨਾਂ ਸੰਤਰੇਨ ਸਾਧੂਆਂ ਨੂੰ ਇਹ ਆਖ ਕੇ ਭਾਈ ਨੰਦ ਚੰਦ ਨੇ ਵਾਪਸ ਭੇਜ ਦਿੱਤਾ ਕਿ ਇਸ ਬੀੜ ਦਾ ਪਾਠ ਕਰਨ ਲਈ ਗੁਰਦੇਵ ਨੂੰ ਕਾਫੀ ਸਮਾਂ ਲੱਗੇਗਾ। ਤੁਸੀਂ ਇਕ ਮਹੀਨੇ ਬਾਅਦ

ਆਇਓ। ਉਹ ਸੰਤ, ਮਹੀਨੇ ਬਾਅਦ ਆਏ ਤਾਂ ਵੀ ਨੰਦ ਚੰਦ ਜੀ ਨੇ ਟਾਲ ਮਟੋਲ ਕਰ ਦਿੱਤਾ। ਉਹ ਸੰਤਰੇਨ ਸਾਧੂ ਫਿਰ ਤੀਜੀ ਵਾਰ ਆਏ ਤਾਂ ਨੰਦ ਚੰਦ ਜੀ ਕਹਿਣ ਲੱਗੇ, ਮਹਾਤਮਾ ਜੀ! ਮੈਂ ਇਸ ਬੀੜ ਦੇ ਏਨੇ ਪੈਸੇ ਤੇ ਦੌਲਤ ਦੇ ਦੇਂਦਾ ਹਾਂ ਏਨੀ ਦੌਲਤ ਤੁਹਾਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਨਹੀਂ ਦੇਣੀ। ਮੈਂ ਗੁਰੂ ਦਾ ਖਜ਼ਾਨਚੀ ਵੀ ਹਾਂ ਤੇ ਦਰਬਾਰੀ ਵੀ ਹਾਂ। ਦੱਸੋ! ਇਸ ਬੀੜ ਦੀ ਕਿੰਨੀ ਮਾਇਆ ਦਿੱਤੀ ਜਾਵੇ? ਉਹ ਸੰਤਰੇਨ ਸਾਧੂ ਇਹ ਸੁਣ ਕੇ ਰੱਬ-ਰੱਬ ਕਰਨ ਲੱਗੇ। ਕਹਿਣ ਲੱਗੇ ਦੀਵਾਨ ਜੀ! ਅਸੀਂ ਇਹ ਬੀੜ ਵੇਚਣੀ ਨਹੀਂ। ਅਸੀਂ ਤਾਂ ਗੁਰੂ ਦਸ਼ਮੇਸ਼ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ। ਭਾਈ ਨੰਦ ਨੂੰ ਜਦੋਂ ਸੰਤਰੇਨ ਸਾਧੂਆਂ ਨੇ ਕੋਰਾ ਜੁਆਬ ਦੇ ਦਿੱਤਾ ਤਾਂ ਨੰਦ ਚੰਦ ਜੀ ਖਿੱਝ ਖਾ ਗਏ। ਕਹਿਣ ਲੱਗੇ, ਉਹਨਾਂ ਸਾਧੂਆਂ ਨੂੰ ਕਿ ਜਾਓ। ਮੈਂ ਤੁਹਾਡੇ ਕੋਲੋਂ ਕੋਈ ਬੀੜ ਨਹੀਂ ਲਈ। ਜੇ ਤੁਸੀਂ ਬੀੜ ਬਾਰੇ ਕਿਸੇ ਕੋਲ ਗੱਲ ਕੀਤੀ ਤਾਂ ਤੁਹਾਡੀ ਗਰਦਨ ਉਡਾ ਦਿਆਂਗਾ। ਉਹ ਸੰਤਰੇਨ ਸਾਧੂ ਤਾਂ ਕੰਬਣ ਲੱਗ ਗਏ ਕਿ ਜਿਸ ਗੁਰੂ ਘਰ ਲਈ ਅਸੀਂ ਆਪਣਾ ਜੀਵਨ ਨਿਛਾਵਰ ਕਰ ਸਕਦੇ ਹਾਂ। ਉਸ ਗੁਰੂ ਘਰ ਦੇ ਸੇਵਕ ਅੱਜ ਕਿਸ ਤਰ੍ਹਾਂ ਦੀ ਬੋਲੀ ਬੋਲ ਰਹੇ ਹਨ? ਸਾਧ ਗਰੀਬ ਸੁਨਤਿ ਦੁਖ ਪਾਯੋ॥ ਰਿਸੇ ਬਹੁਤ ਪਰ ਬਸ ਨ ਬਸਾਯੋ॥" ਆਖਰ ਉਹ ਸੰਤਰੇਨ ਸਾਧੂ ਮਜ਼ਬੂਰ ਹੋ ਕੇ ਵਾਪਸ ਚਲੇ ਗਏ। ਭਾਈ ਨੰਦ ਚੰਦ ਜੀ ਨੇ ਸਾਰੇ ਦਰਬਾਨਚੀਆਂ ਨੂੰ ਕਹਿ ਦਿੱਤਾ ਕਿ ਇਹ ਸਾਧੂ ਜਦੋਂ ਵੀ ਆਉਣ। ਇਨ੍ਹਾਂ ਨੂੰ ਅੰਦਰ ਨਹੀਂ ਆਉਣ ਦੇਣਾ। ਏਸੇ ਤਰ੍ਹਾਂ ਹੀ ਹੋਇਆ। ਉਹ ਸਾਧੂ ਆਪਣੇ ਆਸ਼ਰਮ ਵਿਚ ਜਾ ਕੇ ਟਿੱਕ ਗਏ। ਸਮੇਂ ਦੀ ਉਡੀਕ ਕਰਨ ਲੱਗੇ। ਅਖੀਰ ਅੰਤਰਜਾਮੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਇਕ ਦਿਨ ਸ਼ਿਕਾਰ ਖੇਡਣ ਦੇ ਸ਼ੌਕ ਨਾਲ ਉਸੇ ਪਾਸੇ ਨਿਕਲ ਆਏ। ਜਿਸ ਥਾਂ ਤੇ ਉਹਨਾਂ ਸੰਤਰੇਨ ਸਾਧੂਆਂ ਦਾ ਆਸ਼ਰਮ ਸੀ। **"ਇਕ ਦਿਨ ਸਾਹਿਬ ਚਢੇ ਅਖੇਰ॥ ਕਰੀ ਪੁਕਾਰ ਹੋਇ ਤਬ ਨੇਰਿ॥"** ਉਹਨਾਂ ਸੰਤਰੇਨ ਸਾਧੂਆਂ ਨੇ ਗੁਰਦੇਵ ਦੇ ਘੋੜੇ ਅੱਗੇ ਖਲੋ ਕੇ ਘੋੜਾ ਰੋਕ ਲਿਆ। ਗੁਰਦੇਵ ਪੁੱਛਣ ਲੱਗੇ, "ਸੰਤ ਜੀ! ਕੀ ਗੱਲ ਹੈ? ਘੋੜਾ ਰੋਕ ਲਿਆ ਹੈ।" ਸਾਰੇ ਸੰਤਰੇਨ ਸਾਧੂ ਗਿੜਗਿੜਾ ਕੇ ਕਹਿਣ ਲੱਗੇ, "ਗੁਰਦੇਵ! ਅਸੀਂ ਆਪ ਦੇ ਹੁਕਮ ਅਨੁਸਾਰ ਗ੍ਰੰਥ ਸਾਹਿਬ ਦੀ ਪਾਵਨ ਬੀੜ ਲਿਖ ਕੇ ਤਿਆਰ ਕੀਤੀ ਸੀ। ਆਪ ਦੀ ਪ੍ਰਵਾਨਗੀ ਲੈਣ ਲਈ ਆਪ ਦੇ ਦਰਬਾਰ ਵਿਚ ਪਹੁੰਚੇ ਸੀ। ਭਾਈ ਨੰਦ ਚੰਦ ਜੀ ਨੇ ਉਹ ਬੀੜ ਇਹ ਕਹਿ ਕੇ ਸਾਥੋਂ ਲੈ ਲਈ ਕਿ ਮੈਂ ਗੁਰਦੇਵ ਕੋਲੋਂ ਆਪੇ ਪਰਵਾਨਗੀ ਲੈ ਦਿਆਂਗਾ। ਪਰ ਸਤਿਗੁਰੂ! ਹੁਣ ਉਹ ਬਿਲਕੁਲ ਹੀ ਮੁਕਰ ਗਿਆ ਹੈ। ਉਹ ਕਹਿੰਦਾ ਹੈ ਕਿ ਤੁਸੀਂ ਜੇ ਧੰਨ ਲੈਣਾ ਹੈ ਤਾਂ ਲੈ ਲਓ, ਪਰ ਬੀੜ ਨਹੀਂ ਮਿਲਣੀ। ਅਸੀਂ ਧਨ ਲੈਣ

ਤੋਂ ਇਨਕਾਰੀ ਹੋਏ ਤਾਂ ਉਸ ਨੇ ਧਮਕੀ ਦਿੱਤੀ ਹੈ ਕਿ ਜੇਕਰ ਤੁਸੀਂ ਕਿਸੇ ਕੋਲ ਗੱਲ ਕੀਤੀ ਤਾਂ ਮੈਂ ਤੁਹਾਡੀ ਗਰਦਨ ਉਡਾ ਦਿਆਂਗਾ। ਹੇ ਗਰੀਬ ਨਿਵਾਜ਼ ਸਤਿਗੁਰੂ! ਜੇ ਆਪ ਦੇ ਦਰਬਾਰ ਵਿਚ ਵੀ ਗ਼ਰੀਬਾਂ ਨਾਲ ਧੱਕਾ ਹੁੰਦਾ ਹੈ ਤਾਂ ਫਿਰ ਗ਼ਰੀਬ ਵਾਸਤੇ ਕਿਹੜੀ ਥਾਂ ਬਚੇਗੀ?" ਗੁਰਦੇਵ ਨੇ ਉਹਨਾਂ ਸੰਤਰੇਨ ਸਾਧੂਆਂ ਦੀ ਅਰਦਾਸ ਸੁਣ ਕੇ ਇਕ ਸਿੰਘ ਨੂੰ ਸਾਧੂਆਂ ਦੇ ਨਾਲ ਭੇਜਿਆ ਤੇ ਆਖਿਆ "ਕਿ ਨੰਦ ਚੰਦ ਨੂੰ ਕਹੋ ਕਿ ਮਸੰਦਾਂ ਵਾਲੇ ਕੰਮ ਨਾ ਕਰ। ਮੈਂ ਜੋ ਹਾਲ ਮਸੰਦਾਂ ਦਾ ਕੀਤਾ ਹੈ ਉਹੀ ਹਾਲ ਤੇਰਾ ਕਰ ਦਿਆਂਗਾ। ਤੂੰ ਭਾਵੇਂ ਮੇਰਾ ਸੈਨਾਪਤੀ ਹੈਂ। ਖਜ਼ਾਨਚੀ ਵੀ ਹੈਂ ਪਰ ਗੁਰਮਰਿਆਦਾ ਤੋਂ ਉਲਟ ਜਾਣ ਵਾਲਾ, ਮੇਰਾ ਕੁਝ ਵੀ ਨਹੀਂ ਹੈ। ਬੰਦਾ ਬਣ ਤੇ ਗੁਰੂ ਗ੍ਰੰਥ ਦੀ ਬੀੜ ਵਾਪਸ ਇਨ੍ਹਾਂ ਸਾਧੂਆਂ ਨੂੰ ਦੇ ਦੇ।" ਇਕ ਸਿੰਘ ਉਹਨਾਂ ਸੰਤਰੇਨ ਸਾਧੂਆਂ ਦੇ ਨਾਲ ਭਾਈ ਨੰਦ ਚੰਦ ਦੇ ਕੋਲ ਪਹੁੰਚਿਆ। ਗੁਰਦੇਵ ਦਾ ਸੁਨੇਹਾ ਸਿੰਘ ਨੇ ਭਾਈ ਨੰਦ ਚੰਦ ਨੂੰ ਦੇ ਦਿੱਤਾ।

ਤਬਿ ਗੁਰ ਇਕ ਨਰ ਸੰਗ ਪਠਾਯੋ॥ ਦੇਹੁ ਦਿਵਾਇ ਪ੍ਰਭੂ ਫੁਰਮਾਯੋ॥
ਨੰਦ ਚੰਦ ਕੇ ਨਿਕਟ ਗਏ ਹੈਂ॥ ਦੇਹੁ ਗ੍ਰੰਥ ਗੁਰ ਕਹਤ ਭਏ ਹੈਂ॥

(ਸ੍ਰੀ ਗੁਰੂ ਨਾਨਕ ਪ੍ਰਕਾਸ਼)

ਜਦੋਂ ਉਸ ਸਿੰਘ ਨੇ ਗੁਰਦੇਵ ਵਲੋਂ ਸੁਨੇਹਾ ਦਿੱਤਾ ਤਾਂ ਭਾਈ ਨੰਦ ਚੰਦ ਕਹਿਣ ਲੱਗਾ ਕਿ ਮੈਂ ਕੋਈ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਬਾ ਕੇ ਥੋੜ੍ਹੀ ਰੱਖੀ ਹੈ। ਮੇਰੀ ਇੱਛਾ ਤਾਂ ਪਹਿਲਾਂ ਹੀ ਸੀ ਕਿ ਗੁਰਦੇਵ ਨੂੰ ਸਮਾਂ ਮਿਲਦਾ ਤਾਂ ਮੈਂ ਏਸ ਬੀੜ ਤੇ ਗੁਰਦੇਵ ਦੇ ਦਸਖਤ ਕਰਵਾ ਕੇ ਵਾਪਸ ਦੇ ਦਿੰਦਾ। ਪਰ ਹੁਣ ਤੁਸੀਂ ਆਏ ਹੋ ਤਾਂ ਮੈਂ ਨਾਂਹ ਨਹੀ ਕਰਦਾ। ਨਾਲ ਗਏ ਹੋਇ ਸਿੰਘ ਨੂੰ ਨੰਦ ਚੰਦ ਨੇ ਕਿਹਾ ਕਿ ਤੁਸੀਂ ਜਾਵੋ। ਮੈਂ ਬੀੜ ਇਨ੍ਹਾਂ ਸੰਤਰੇਨ ਸਾਧੂਆਂ ਨੂੰ ਦੇ ਦਿੰਦਾ ਹਾਂ। ਉਹ ਸਿੰਘ ਤਾਂ ਵਾਪਸ ਆ ਗਿਆ। ਪਰ ਸੰਤਰੇਨ ਸਾਧੂਆਂ ਨੂੰ ਨੰਦ ਚੰਦ ਨੇ ਬੀੜ ਦੇਣ ਦੇ ਬਹਾਨੇ ਅੰਦਰ ਵਾੜ ਕੇ ਡੱਕ ਲਿਆ। ਅੰਦਰ ਬੰਦ ਕਰਕੇ ਭਾਈ ਨੰਦ ਚੰਦ ਨੇ ਐਸੀ ਧਮਕੀ ਦਿੱਤੀ ਕਿ ਸਾਧੂ ਡਰ ਗਏ।

ਭਲਾ ਚਹਹੁ ਪੁਰਿ ਤਿਆਗ ਸਿਧਾਰਹੁ॥ ਜੇ ਅਬਿ ਕੇ ਗੁਰ ਪਾਸ ਪੁਕਾਰਹੁ॥
ਕੈਦ ਪਰਹੁਗੇ ਛੂਟਹੁ ਨਾਹੀ॥ ਕਸ਼ਟ ਸਹਹੁ ਕਾਰਾਗ੍ਰਿਹਿ ਮਾਹੀ॥
ਇਤਆਦਿਕ ਕਹਿ ਤਾੜਨ ਕਰੇ॥ ਦੇਤਿ ਧਕੇਲਾ ਬਹਿਰ ਨਿਕਰੈ॥
ਗਾਰ ਨਿਕਾਰਿਤ ਬਹੁ ਤ੍ਰਿਸਕਾਰੇ॥ ਕਰਹੁ ਪੁਕਾਰ ਤਾਂ ਹੋਵਹਿ ਮਾਰੇ॥
ਦੁਖੀ ਭਏ ਬਹੁ ਛਪਿ ਛਪਿ ਰਹੇ॥ ਜਿਨ ਦੁਖ ਕਿਸਹੂੰ ਪਾਸ ਨ ਕਹੇ॥
ਬੀਤਯੋ ਮਾਸ ਗੁਰ ਤੇ ਅਸਵਾਰਾ॥ ਪਹੁੰਚੇ ਉਚੇ ਕਰਤਿ ਪੁਕਾਰਾ॥

ਨੰਦ ਚੰਦ ਕੁਛ ਤ੍ਰਾਸ ਨ ਮਾਨਯੋ॥ ਫੇਰਯੋ ਹੁਕਮ ਜੋ ਆਪ ਬਖਾਨਯੋ॥
ਕਰਤਿ ਟਾਰਯੋ ਗ੍ਰੰਥ ਨ ਦੇਹ॥ ਤ੍ਰਾਸਿਤ ਹਮੇ ਸੁ ਰਾਖਨ ਹੇਤ॥

(ਪੰਨਾ ੫੧੦੭)

ਨੰਦ ਚੰਦ ਨੇ ਸੰਤਰੇਨ ਸਾਧੂਆਂ ਨੂੰ ਕਿਹਾ ਕਿ ਜੇ ਭਲਾ ਚਾਹੁੰਦੇ ਹੋ ਤਾਂ ਆਨੰਦਪੁਰ ਛੱਡ ਕੇ ਹੁਣੇ ਹੀ ਚਲੇ ਜਾਉ। ਨਹੀਂ ਤਾਂ ਕੈਦ ਵਿਚ ਪਾ ਦਿਆਂਗਾ। ਉਹਨਾਂ ਸਾਧੂਆਂ ਨੂੰ ਏਨਾ ਧਮਕਾਇਆ ਕਿ ਸਾਧੂਆਂ ਨੇ ਦੁਬਾਰਾ ਬੀੜ ਦਾ ਨਾਮ ਲੈਣਾ ਹੀ ਛੱਡ ਦਿੱਤਾ। ਲੁੱਕ-ਛਿਪ ਕੇ ਦਿਨ ਕੱਟਣ ਲੱਗੇ। ਇਕ ਮਹੀਨਾ ਬੀਤਿਆ ਤਾਂ ਇਕ ਦਿਨ ਫਿਰ ਗੁਰਦੇਵ ਸ਼ਿਕਾਰ ਲਈ ਚੜ੍ਹੇ ਹੋਏ ਸੰਤਰੇਨ ਸਾਧੂਆਂ ਦੇ ਆਸ਼ਰਮ ਵੱਲ ਆ ਗਏ। ਉਨ੍ਹਾਂ ਸਾਧੂਆਂ ਨੇ ਫਿਰ ਹਾਲ ਦੁਹਾਈ ਦਿੱਤੀ ਤੇ ਕਿਹਾ ਸਤਿਗੁਰੂ! ਨੰਦ ਚੰਦ ਨੇ ਤੁਹਾਡਾ ਹੁਕਮ ਨਹੀਂ ਮੰਨਿਆ। ਉਸ ਨੇ ਸਾਨੂੰ ਮਾਰਿਆ ਤੇ ਧਮਕਾਇਆ ਹੈ। ਹੁਣ ਤਾਂ ਸਾਡਾ ਆਨੰਦਪੁਰ ਵਿਚ ਰਹਿਣਾ ਹੀ ਮੁਸ਼ਕਿਲ ਹੈ। ਅਸੀਂ ਤਾਂ ਲੁੱਕ ਛਿਪ ਕੇ ਦਿਨ ਕੱਟ ਰਹੇ ਹਾਂ। ਗੁਰਦੇਵ ਨੇ ਉਹਨਾਂ ਸਾਧੂਆਂ ਨੂੰ ਹੌਂਸਲਾ ਦਿੱਤਾ ਤੇ ਕਿਹਾ ਤੁਸੀਂ ਫਿਕਰ ਨਾ ਕਰੋ। ਨੰਦ ਚੰਦ ਦੇ ਵੈਸੇ ਹੀ ਦਿਨ ਬੁਰੇ ਆ ਗਏ ਹਨ। ਗੁਰਦੇਵ ਨੇ ਦੋ ਸਿੰਘਾਂ ਨੂੰ ਭੇਜਿਆ ਤੇ ਕਿਹਾ ਕਿ "ਨੰਦ ਚੰਦ ਨੂੰ ਕਹੋ ਕਿ ਗੁਰਦੇਵ ਕਹਿੰਦੇ ਹਨ ਕਿ ਹੁਣੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਕੇ ਹਾਜ਼ਰ ਹੋ। ਨਹੀਂ ਤਾਂ ਮਸੰਦਾਂ ਵਾਲਾ ਹਾਲ ਚੇਤੇ ਕਰ" ਦੋ ਸਿੰਘ ਤੇ ਸੰਤਰੇਨ ਸਾਧੂ ਨੰਦ ਚੰਦ ਕੋਲ ਗਏ ਤੇ ਗੁਰਦੇਵ ਦਾ ਹੁਕਮ ਸੁਣਾ ਦਿੱਤਾ। ਨੰਦ ਚੰਦ ਤਾਂ ਬੜਾ ਹੰਕਾਰੀ ਹੋ ਗਿਆ ਹੋਇਆ ਸੀ। ਕਰੀਬਨ ਉਸ ਨੂੰ ਏਹ ਵੀ ਭਰਮ ਹੋ ਗਿਆ ਸੀ ਕਿ ਗੁਰਦੇਵ ਦਾ ਕੰਮ ਮੇਰੇ ਕਰਕੇ ਹੀ ਚਲਦਾ ਹੈ। ਜੇ ਮੈਂ ਨਾ ਹੋਵਾਂ ਤਾਂ ਕੰਮ ਹੀ ਰੁਕ ਜਾਵੇਗਾ। ਭਾਈ ਨੰਦ ਚੰਦ ਨੇ ਹੰਕਾਰ ਨਾਲ ਕਿਹਾ ਕਿ ਜਾਉ ਗੁਰੂ ਗੋਬਿੰਦ ਸਿੰਘ ਨੂੰ ਕਹਿ ਦਿਉ, ਕਿ ਮੈਂ ਨਹੀਂ ਉਹਨਾਂ ਨੂੰ ਗੁਰੂ ਮੰਨਦਾ। ਨਾ ਹੀ ਮੈਂ ਗ੍ਰੰਥ ਸਾਹਿਬ ਦੇਣਾ ਹੈ।

ਗਰਬਤਿ ਬੋਲਯੋ ਗ੍ਰੰਥ ਦੇਹੋਂ॥ ਗੁਰ ਬਨਾਇ ਬੇ ਸਮਰਥ ਮੈਂ ਹੌਂ॥

(ਗੁ: ਪ੍ਰ: ਗੁ: ਗ੍ਰੰਥ ਪੰਨਾ ੫੧੦੮)

ਭਾਈ ਨੰਦ ਚੰਦ ਦਾ ਇਹ ਜੁਆਬ ਸੁਣ ਕੇ ਸਿੰਘ ਤਾਂ ਵਾਪਸ ਗੁਰਦੇਵ ਕੋਲ ਆ ਗਏ। ਪਿਛੋਂ ਨੰਦ ਚੰਦ ਘਬਰਾ ਗਿਆ ਕਿ ਹੁਣ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਮੈਨੂੰ ਮੁਆਫ਼ ਨਹੀਂ ਕਰਨਾ।

ਇਹ ਕਹਿ ਸਿਖ ਗਮਨੇ ਨਿਜ਼ ਡੇਰੇ॥ ਪਾਛੇ ਉਪਜਯੋ ਤ੍ਰਾਸ ਘਨੇਰੇ॥

ਭਾਈ ਨੰਦ ਚੰਦ ਨੇ ਡਰਦਿਆਂ ਹੋਇਆਂ ਆਨੰਦਪੁਰ ਛੱਡ ਦੇਣ ਦਾ ਫੈਸਲਾ ਕਰ ਲਿਆ। ਆਪਣੇ ਘੋੜੇ ਤੇ ਕਾਠੀ ਪਾਈ ਤੇ ਆਪਣੇ ਇਕ-ਦੋ ਵਿਸ਼ਵਾਸ਼ ਵਾਲੇ ਸੇਵਕਾਂ

ਨੂੰ ਨਾਲ ਲੈ ਕੇ ਉਹਨਾ ਦੇ ਸਿਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਰਖਵਾਈ। ਖਜ਼ਾਨੇ ਵਿਚੋਂ ਸੋਨਾ ਵੀ ਘੋੜਿਆਂ ਤੇ ਲੱਦ ਲਿਆ। ਗ੍ਰੰਥ ਸਾਹਿਬ ਦੀ ਬੀੜ ਘੋੜੇ ਉੱਪਰ ਰੱਖ ਲਈ। ਸਤਲੁਜ ਦਰਿਆ ਤੋਂ ਬੇੜੀ ਰਾਹੀਂ ਪਾਰ ਹੋ ਗਏ। ਅੱਗੋ ਕਰਤਾਰਪੁਰ ਵੱਲ ਭੱਜ ਗਏ।

ਗਯੋ ਭਾਜ ਕਰਿ ਪੁਰਿ ਕਰਤਾਰਾ॥ ਬਨ ਤੇ ਆਇ ਪ੍ਰਭੂ ਉਦਾਰਾ॥

(ਗੁ: ਪ੍ਰ: ਸੂ: ਪੰਨਾ ੫੧੦੭)

ਨੰਦ ਚੰਦ ਦੌੜ ਕੇ ਕਰਤਾਰਪੁਰ ਚਲਾ ਗਿਆ। ਕਰਤਾਰਪੁਰ ਵਿਚ ਧੀਰਮੱਲ ਰਹਿੰਦਾ ਸੀ। ਧੀਰਮੱਲ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਆਪਣਾ ਦੁਸ਼ਮਣ ਸਮਝਦਾ ਸੀ। ਨੰਦ ਚੰਦ ਨੇ ਆਪਣਾ ਆਦਮੀ ਧੀਰਮੱਲ ਕੋਲ ਭੇਜਿਆ ਤੇ ਧੀਰਮੱਲ ਨੂੰ ਕਹਾਵਾਇਆ ਕਿ ਧੀਰਮਲ ਨੂੰ ਕਹੋ ਕਿ ਲੱਖਾਂ ਦੀ ਗਿਣਤੀ ਵਿਚ ਸੰਗਤ ਮੇਰੇ ਨਾਲ ਜੁੜੀ ਹੈ ਤੇ ਮੈਂ ਗੁਰੂ ਗੋਬਿੰਦ ਸਿੰਘ ਨੂੰ ਛੱਡ ਕੇ ਆ ਗਿਆ ਹਾਂ। ਜੇ ਤੁਸੀ ਮੈਨੂੰ ਆਪਣਾ ਮੁਸਾਹਿਬ ਬਣਾ ਲਉ, ਤਾਂ ਮੈਂ ਗ੍ਰੰਥ ਸਾਹਿਬ ਦੀ ਬੀੜ ਵੀ ਅਤੇ ਬਹੁਤ ਸੰਗਤਾਂ ਨੂੰ ਆਪ ਦੇ ਨਾਲ ਜੋੜ ਸਕਦਾ ਹਾਂ। ਜਦੋਂ ਇਹ ਸੁਨੇਹਾ ਧੀਰਮਲ ਨੂੰ ਮਿਲਿਆ ਤਾਂ ਬਹੁਤ ਸਾਰੇ ਧੀਰਮਲ ਦੇ ਆਪਦੇ ਮਸੰਦ ਵੀ ਕੋਲ ਸੁਣਦੇ ਸਨ। ਉਨ੍ਹਾਂ ਨੇ ਇਹ ਸੁਣ ਕੇ ਆਪਸ ਵਿਚ ਮਸ਼ਵਰਾ ਕਰ ਲਿਆ ਕਿ ਜੇ ਨੰਦ ਚੰਦ ਏਥੇ ਆ ਗਿਆ ਤਾਂ ਉਹ ਬੜਾ ਬਲੀ ਤੇ ਯੋਧਾ ਹੈ। ਉਸ ਦੇ ਆਉਣ ਨਾਲ ਆਪਣੀ ਕੋਈ ਵੁਕਤ ਨਹੀ ਰਹਿ ਜਾਣੀ। ਇਸ ਕਰਕੇ ਹੁਣੇ ਕੋਈ ਉਪਰਾਲਾ ਕਰੋ ਕਿ ਨੰਦ ਚੰਦ ਧੀਰਮਲ ਕੋਲ ਨਾ ਰਹਿ ਸਕੇ। ਇਸ ਤਰ੍ਹਾਂ ਸਲਾਹ ਕਰਕੇ ਸਾਰੇ ਮਸੰਦ ਧੀਰਮੱਲ ਕੋਲ ਗਏ ਤੇ ਕਹਿਣ ਲੱਗੇ—

ਧੀਰਮਲ ਕੇ ਨਿਕਟ ਸਿਧਾਰੇ॥ ਅਨਿਕ ਸਿਆਨਪ ਸਹਿਤ ਉਚਾਰੇ॥
ਤੁਮ ਰਿਪੁ ਸ੍ਰੀ ਗੋਬਿੰਦ ਸਿੰਘ ਸਾਹਿਬ॥ ਤਿਨ ਕੇ ਨਿਕਟ ਇਹ ਬਡੋ ਮੁਸਾਹਿਬ॥
ਰਚਯੋ ਕਪਟ ਆਯੋ ਚਲ ਡੇਰੇ॥ ਕਰਹਿ ਬਿਨਾਸ਼ਨ ਰਹਿ ਤੁਮ ਨੇਰੇ॥
ਕੈ ਕਰਤਾਰਪੁਰਾ ਲੈ ਛੀਨ॥ ਬੈਠਹਿ ਨਿਕਟ ਭੇਟ ਲੈ ਚੀਨ॥

(ਗੁ: ਪ੍ਰ: ਸੂ ਗ੍ਰੰਥ- ਪੰਨਾ ੫੧੦੮)

ਮਸੰਦਾਂ ਨੇ ਧੀਰਮਲ ਨੂੰ ਕਿਹਾ ਕਿ ਤੁਸੀਂ ਤਾਂ ਗੁਰੂ ਗੋਬਿੰਦ ਸਿੰਘ ਦੇ ਦੁਸ਼ਮਣ ਹੋ। ਇਹ ਨੰਦ ਚੰਦ ਜਿਸ ਨੇ ਆਪਣਾ ਆਦਮੀ ਤੁਹਾਡੇ ਨਾਲ ਮਿਲਣ ਲਈ ਭੇਜਿਆ ਹੈ। ਇਹ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਨਿਕਟਵਰਤੀ ਮੁਸਾਹਿਬ ਹੈ। ਹੋਏ ਨਾ ਹੋਏ ਇਹ ਤਾਂ ਤੁਹਾਨੂੰ ਮਾਰ ਦੇਣ ਜਾਂ ਤੁਹਾਡੇ ਕੋਲੋਂ ਕਰਤਾਰਪੁਰ ਖੋਹ ਲੈਣ ਦਾ ਕੋਈ ਸ਼ੜਯੰਤਰ ਗੁਰੂ ਗੋਬਿੰਦ ਸਿੰਘ ਵਲੋਂ ਰਚਿਆ ਗਿਆ ਹੈ। ਜੇ ਤੁਸੀਂ ਆਪਣਾ ਭਲਾ

ਚਾਹੁੰਦੇ ਹੋ ਤਾਂ ਨੰਦ ਚੰਦ ਨੂੰ ਆਪਣੇ ਵਿਚ ਸ਼ਾਮਲ ਨਾ ਹੋਣ ਦੇਣਾ।

ਸੁਨ ਕੇ ਧੀਰਮਲ ਤਬਿ ਕਹਯੋ॥ ਕਿਮ ਇਸ ਹਤਹਿ ਬੀਰ ਬਡ ਲਹਯੋ॥

(ਗੁ: ਪ੍ਰ: ਸੂ ਗ੍ਰੰਥ- ਪੰਨਾ ੫੧੦੮)

ਇਹ ਗੱਲ ਹਕੀਕਤ ਹੈ ਕਿ ਭਾਈ ਨੰਦ ਚੰਦ ਬਡਾ ਹਠੀ ਯੋਧਾ ਸੀ। ਭਾਈ ਨੰਦ ਚੰਦ ਡਰੋਲੀ ਨਿਵਾਸੀ ਉਮਰ ਸ਼ਾਹ ਦਾ ਪੋਤਰਾ ਸੀ। ਉਮਰਸ਼ਾਹ ਡਰੋਲੀ ਦੇ ਇਲਾਕੇ ਦਾ ਮਸੰਦ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਈ ਨੰਦ ਚੰਦ ਨੂੰ ਆਪਣਾ ਦੀਵਾਨ ਅਤੇ ਸੈਨਾਪਤੀ ਥਾਪਿਆ ਹੋਇਆ ਸੀ। ਨੰਦ ਚੰਦ ਨੇ ਭੰਗਾਣੀ ਦੇ ਯੁੱਧ ਵਿਚ ਬੜੀ ਸੂਰਬੀਰਤਾ ਦਿਖਾਈ ਸੀ। ਇਸ ਸੂਰਬੀਰਤਾ ਦਾ ਜ਼ਿਕਰ ਆਪ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਚਿਤਰ ਨਾਟਕ ਵਿਚ ਕੀਤਾ ਹੈ-

ਤਹਾਂ ਨੰਦ ਚੰਦੰ ਕੀਯੋ ਕੋਪ ਭਾਰੋ॥
ਲਗਾਈ ਬਰਛੀ ਕ੍ਰਿਪਾਣੰ ਸੰਭਾਰੋ॥
ਛੁਟੀ ਤੇਗ ਤਿਖੀ ਕਢੇ ਜੰਮ ਦੱਢੰ॥
ਹਠੀ ਰਾਖੀਅੰ ਲੱਜ ਬੰਸ ਸਨੱਢੰ॥

(ਬਚਿਤ੍ਰ ਨਾਟਕ)

ਏਨਾ ਸੂਰਬੀਰ ਯੋਧਾ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਨਿਕਟਵਰਤੀ ਹੈ। ਧੀਰਮਲ ਆਪਣੇ ਮਸੰਦਾਂ ਨੂੰ ਕਹਿਣ ਲੱਗਾ ਕਿ ਇਸ ਨੂੰ ਆਪਣੇ ਵਿਚ ਸ਼ਾਮਲ ਵੀ ਨਾ ਕਰੀਏ ਪਰ ਇਸ ਨੂੰ ਜਿਊਂਦਾ ਛੱਡਣਾ ਵੀ ਆਪਣੇ ਲਈ ਖ਼ਤਰਨਾਕ ਹੈ। ਧੀਰਮਲ ਦੀ ਇਸ ਵਿਚਾਰ ਨਾਲ ਸਾਰੇ ਮਸੰਦਾਂ ਨੇ ਸਲਾਹ ਕੀਤੀ ਕਿ ਭਾਈ ਨੰਦ ਚੰਦ ਨੂੰ ਸੁਨੇਹਾ ਭੇਜੋ ਤੇ ਦਰਬਾਰ ਦੇ ਅੰਦਰ ਹੀ ਗੋਲੀ ਮਾਰ ਕੇ ਮਾਰ ਦਿਉ। ਏਸੇ ਤਰ੍ਹਾਂ ਹੀ ਕੀਤਾ ਕਿ ਅਗਲੇ ਦਿਨ ਭਾਈ ਨੰਦ ਚੰਦ ਨੂੰ ਬੁਲਾਇਆ ਤੇ ਇਕ ਮਸੰਦ ਨੇ ਬੰਦੂਕ ਦੀ ਗੋਲੀ ਚਲਾ ਦਿੱਤੀ। ਭਾਈ ਨੰਦ ਚੰਦ ਨੂੰ ਮੰਦਰ ਦੇ ਅੰਦਰ ਹੀ ਗੋਲੀਆਂ ਮਾਰ ਕੇ ਮਾਰ ਦਿੱਤਾ। ਬਾਅਦ ਵਿਚ ਲਾਸ਼ ਖਿੱਚ ਕੇ ਬਾਹਰ ਸੁੱਟ ਦਿੱਤੀ। ਨੰਦ ਚੰਦ ਦੇ ਜਿਹੜੇ ਸੰਗੀ ਨਾਲ ਸਨ। ਉਹਨਾਂ ਨੇ ਲਾਸ਼ ਦਾ ਸਸਕਾਰ ਕਾਲੇ ਸੰਘਿਆਂ ਲਾਗੇ ਜਾ ਕੇ ਕਰ ਦਿੱਤਾ।

ਖੈਂਚ ਪੌਰ ਤੇ ਵਹਿਰ ਗਿਰਾਯੋ॥ ਭਟ ਸੰਗੀ ਤਤਕਾਲ ਉਠਾਯੋ॥
ਕਾਲੈ ਸੰਘਿਆਂ ਫੂਕਯੋ ਜਾਇ॥ ਮ੍ਰਿਤਕ ਭਯੋ ਇਸ ਧਰਮ ਗਵਾਇ॥

ਜਿਹੜੀ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਬਦਲੇ, ਭਾਈ ਨੰਦ ਚੰਦ ਨੇ ਆਪਣੀ ਜਾਨ ਗਵਾਈ। ਉਹ ਬੀੜ ੧੯੮੪ ਤਕ ਤਾਂ ਭਾਈ ਕੀ ਡਰੋਲੀ ਸੀ। ਭਾਈ ਸੰਤੋਖ ਸਿੰਘ ਜੀ ਨੇ ਇਹ ਜ਼ਿਕਰ ਤਾਂ ਕੀਤਾ ਹੈ ਕਿ ਬੀੜ ਭਾਈ ਕੀ ਡਰੋਲੀ ਹੈ। ਪਰ ਇਹ ਉਥੇ ਕਿਵੇਂ

ਪਹੁੰਚੀ ਇਹ ਜ਼ਿਕਰ ਨਹੀ ਕੀਤਾ।

ਤਿਸੀ ਗ੍ਰੰਥ ਕਹੋ ਪਢਹਿ ਨਾ ਕੋਈ॥ ਗ੍ਰਾਮ ਡਰੋਲੀ ਥਿਰ ਹ੍ਵੈ ਸੋਈ॥

(ਗੁ: ਪ੍ਰ: ਸੂ ਗ੍ਰੰਥ- ਪੰਨਾ ੫੧੦੮)

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਇਨਸਾਫ ਕਿੰਨਾ ਕਮਾਲ ਦਾ ਹੈ ਕਿ ਆਪਣੇ ਦੀਵਾਨ ਤੇ ਸੈਨਾਪਤੀ ਦਾ ਅਨਿਆਇ ਵਾਲਾ ਸਲੂਕ ਦੇਖ ਕੇ ਬਰਦਾਸ਼ਤ ਨਹੀਂ ਕੀਤਾ। ਉਸ ਦੇ ਅਪਰਾਧ ਕਰਨ ਕਰਕੇ ਉਸ ਨਾਲ ਵੀ ਉਹੀ ਸਲੂਕ ਕੀਤਾ ਜੋ ਇਕ ਦੋਸ਼ੀ ਨਾਲ ਕਰਨਾ ਚਾਹੀਦਾ ਹੈ।

ਇਹ ਸਾਰੀ ਕਥਾ ਲਿਖਣ ਦਾ ਭਾਵ ਹੈ ਕਿ ਇਹ ਸਪੱਸ਼ਟ ਹੋ ਸਕੇ ਕਿ ਸੰਤਰੇਨ ਸੰਸਥਾ ਦਾ ਮੁੱਢ ਕਦੀਮ ਤੋਂ ਕੀ ਕੰਮ ਰਿਹਾ ਹੈ। ਜਿਵੇਂ ਪੀੜ੍ਹੀ ਬਦਲੀ ਜਾਂਦੀ ਹੈ ਇਵੇਂ ਹੀ ਸੰਸਥਾਵਾਂ ਦੇ ਪੈਰੋਕਾਰ ਵਿਚ ਅਦਲਾ-ਬਦਲੀ ਤੇ ਸਮੇਂ ਅਨੁਸਾਰ ਉਤਰਾ-ਚੜ੍ਹਾ ਆਉਂਦੇ ਰਹਿੰਦੇ ਹਨ। ਸੰਤਰੇਨ ਸੰਪਰਦਾ ਵਿਚ ਜਿਹੜੇ ਮੁੱਢਲੇ ਨਿਯਮ ਸਨ, ਉਹ ਗੁਰਮਤਿ ਮਿਸ਼ਨ ਵਿਚ ਬਦਲੀ ਹੋ ਗਏ। ਫਿਰ ਇਹ ਸਾਰੀ ਸੰਪਰਦਾ ਉਦਾਸੀ ਭੇਖ ਵਿਚ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਕੰਮ ਕਰਦੀ ਰਹੀ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵੇਲੇ ਇਸ ਸੰਪਰਦਾ ਦੇ ਬਾਨੀਆਂ ਨੇ ਅੰਮ੍ਰਿਤ ਛੱਕ ਕੇ ਆਪਣੇ ਨਾਮ ਸਿੰਘ ਰਖਵਾਏ। ਦੇਸ਼ ਪ੍ਰਦੇਸ਼ ਵਿਚ ਗੁਰਮਤਿ ਦੇ ਪ੍ਰਚਾਰ ਦਾ ਕੰਮ ਜਾਰੀ ਰੱਖਿਆ। ਜਦੋਂ ਮਿਸਲਾਂ ਦਾ ਬੋਲਬਾਲਾ ਸੀ। ਉਸ ਵਕਤ ਵੀ ਇਸ ਸੰਪਰਦਾ ਦੇ ਬਾਨੀ ਕਿਤੇ ਨਾ ਕਿਤੇ ਕੋਈ ਗੁਰਦੁਆਰਾ, ਧਰਮਸ਼ਾਲਾ ਆਦਿ ਦਾ ਨਿਰਮਾਣ ਕਰਦੇ ਹੀ ਰਹਿੰਦੇ ਸਨ। ਮੁਖ ਕਾਰਜ ਇਸ ਸੰਪਰਦਾ ਦਾ ਇਹ ਸੀ ਕਿ ਗਰੀਬ ਤੇ ਯਤੀਮ ਬੱਚਿਆਂ ਨੂੰ ਪੜ੍ਹਾਉਣਾ। ਉਨ੍ਹਾਂ ਨੂੰ ਏਸ ਯੋਗ ਬਣਾਉਣਾ ਕਿ ਉਹ ਜ਼ਮਾਨੇ ਦੇ ਹਾਣੀ ਹੋ ਸਕਣ। ਅੱਜ ਵੀ ਸੰਤਰੇਨ ਸੰਸਥਾ ਵਲੋਂ ਇਹ ਕਾਰਜ ਜਾਰੀ ਹੈ। ਗੁਰੂ ਪੰਥ ਤੇ ਗੁਰੂ ਗ੍ਰੰਥ ਦੀ ਅਗਵਾਈ ਵਿਚ ਰਹਿ ਕੇ ਗੁਰਮਤਿ ਪ੍ਰਚਾਰ ਕਰਨਾ। ਯਤੀਮ, ਗ਼ਰੀਬ ਤੇ ਬੇ-ਸਹਾਰਾ ਬੱਚੇ-ਬੱਚੀਆਂ ਨੂੰ ਪੜ੍ਹਾਉਣਾ, ਪਾਲਣਾ ਤੇ ਉਨ੍ਹਾਂ ਨੂੰ ਚੰਗਾ ਜੀਵਨ ਪ੍ਰਦਾਨ ਕਰਨਾ ਇਸ ਸੰਸਥਾ ਦਾ ਮੁਖ ਕਾਰਜ ਹੈ